ਸਫਲਤਾ ਦਾ ਰਾਜ਼



ਮੌਲਾਨਾ
ਵਹੀਦੁਦੀਨ
ਖਾਨ

ਸਫਲਤਾ ਦਾ ਰਾਜ਼

ਲੇਖਕ

ਮੌਲਾਨਾ ਵਹੀਦੁਦੀਨ ਖਾਨ

ਅਨੁਵਾਦਕ

ਡਾ. ਦਵਿੰਦਰ ਸਿੰਘ

ਡਾ. ਸਤੁਤੀ ਮਲਹੋਤਰਾ

Goodword Books
CPS International

ਪਹਿਲੀ ਵਾਰੀ ਪ੍ਰਕਾਸ਼ਿਤ: 2026
ਇਹ ਕਿਤਾਬ ਉਰਦੂ ਕਿਤਾਬ "ਰਾਜ਼-ਏ-ਹਯਾਤ" ਦਾ ਅਨੁਵਾਦ ਹੈ।

Goodword Books
A-21, Sector 4, Noida-201301, Delhi NCR, India
Mob. +91 8588822672
info@goodwordbooks.com
www.goodwordbooks.com

CPS International
Centre for Peace and Spirituality International
1, Nizamuddin West Market, New Delhi-110 013, India
Mob. +91-9999944119
info@cpsglobal.org
www.cpsglobal.org

Center for Peace and Spirituality USA
391 Totten Pond Road
Suite 402, Waltham MA 02451, USA
Mob. +1 617 960 7156
info@cpsusa.net

ਤਤਕਰਾ

ਭੂਮਿਕਾ 9
ਸ਼ਹਿਦ ਦਾ ਸੁਆਦ...12
ਕੁਦਰਤ ਦੀ ਉਦਾਹਰਨ..13
ਜੀਵਨ ਸ਼ਕਤੀ...14
ਸੌਖਾ ਹੱਲ...17
ਚਿੰਨ੍ਹਾਂ ਨੂੰ ਪੜ੍ਹਨਾ 18
ਸੰਘਰਸ਼ ਰਾਹੀਂ ਤਾਰਿਆਂ ਤਕ...20
ਲਚਕੀਲੇਪਨ ਦੀ ਲੋੜ...21
ਦ੍ਰਿੜ੍ਹਤਾ ਦਾ ਫਲ 23
ਸੁਧਾਰ ਲਈ ਪ੍ਰੇਰਣਾ 24
ਅਧਿਆਪਕਾਂ ਨੂੰ ਸਿਖਲਾਈ...26
ਆਪਣੀਆਂ ਗਲਤੀਆਂ ਤੋਂ ਸਿੱਖਣਾ 27
ਚਾਲ ਅਤੇ ਦਿਸ਼ਾ..29
ਸਿਰਫ ਸਮੇਂ ਦੀ ਗੱਲ...30
ਮੁਸ਼ਕਿਲਾਂ ਤੋਂ ਬਾਅਦ ਆਸਾਨੀ 31
ਇੱਕ ਅਟੱਲ ਬੁਰਾਈ 33
ਅਗਿਆਨਤਾ ਦਾ ਮਾੜਾ ਪ੍ਰਭਾਵ.......................................34
ਲਹਿਰਾਂ ਹੇਠ ਤੈਰਨਾ...36
ਮੌਕਿਆਂ ਦੀ ਘਾਟ ਨਹੀਂ..37
ਪ੍ਰਾਪਤੀ ਤੋਂ ਪਹਿਲਾਂ 38
ਕੁਦਰਤੀ ਨਿਅਮ..40
ਕੁਦਰਤ ਦਾ ਸਿਧਾਂਤ 41
ਜਦੋਂ ਕੋਈ ਟੁੱਟਦਾ ਹੈ 42
ਸੰਸਾਰ ਕੋਈ ਟਾਈਪਰਾਈਟਰ ਨਹੀਂ ਹੈ............................43
ਰੱਬ ਦੀ ਸਿਰਜਣ ਯੋਜਨਾ...45
ਮੌਜੂਦਾ ਸੰਸਾਰ ਅਤੇ ਆਗਾਮੀ ਸੰਸਾਰ............................47
ਮਨੁੱਖ ਦੀ ਪਰੀਖਿਆ ਦਾ ਉਦੇਸ਼ 48
ਰੱਬੀ ਯੋਜਨਾ..50
ਆਤਮਹਤਿਆ ਵਿਕਲਪ ਕਿਉਂ ਨਹੀਂ ਹੈ?.......................51
ਫ਼ਰਜ਼ ਨਿਭਾਉਣਾ...52
ਦੀਰਘਕਾਲੀ ਯੋਜਨਾ 53

ਜਤਨ, ਜਤਨ, ਮੁੜ ਜਤਨ 55
ਇਕ ਯਥਾਰਥਕ ਦ੍ਰਿਸ਼ਟੀਕੋਣ 57
ਦੂਜਾ ਮੌਕਾ ਨਹੀਂ ਮਿਲਦਾ 58
ਝੂਠੀ ਸ਼ਾਨ...60
ਤੁਰੰਤ ਜਵਾਬ...61
ਸਬਰ ਦੀ ਬੁਨਿਆਦ..62
ਬਦਲਾ ਨਹੀਂ...63
ਹੌਲੀ ਚੱਲੋ ਪਰ ਚੱਲਦੇ ਰਹੋ..65
ਜੀਉਣ ਦੀ ਕਲਾ..66
ਅਭਿਮਾਨ ਅਤੇ ਅਹੰਕਾਰ ਬਾਰੇ...67
ਏਕਤਾ ਦੀ ਕੀਮਤ...68
ਏਕਤਾ ਦਾ ਰਾਜ਼ 70
ਇੱਕ ਉਚਿਤ ਜਵਾਬ..71
ਆਪਣੀਆਂ ਗਲਤੀਆਂ ਸਵੀਕਾਰਨਾ...72
ਜੀਵਨ ਦਾ ਸੰਦੇਸ਼ 74
ਵਿਗਿਆਨਕ ਰੁਝਾਨ 75
ਉਹ ਸਕੂਲ ਤੋਂ ਕੱਢਿਆ ਗਿਆ ਸੀ 76
ਗੁੱਸੇ ਦਾ ਇਲਾਜ ਸਿਆਣਪ ਨਾਲ 78
ਜੀਵਨ ਦੀਆਂ ਚੁਣੌਤੀਆਂ...79
ਤੁਸੀਂ ਗਰੀਬ ਨਹੀਂ, ਅਮੀਰ ਹੋ...80
ਕਮੀ ਜੋ ਮਦਦਗਾਰ ਸਾਬਤ ਹੋਈ..82
ਪਛਤਾਵਾ ਨਾ ਕਰੋ...84
ਇਤਿਹਾਸ ਦਾ ਬਣਨਾ ਤੇ ਬਿਖਰਨਾ..85
ਅਤੀਤ ਛੱਡ ਕੇ ਅਗਾਂਹ ਵੱਧਣਾ..86
ਇੱਕ ਇੱਜ਼ਤਦਾਰ ਸਥਾਨ..88
ਦੂਜਿਆਂ ਨੂੰ ਰਾਹ ਦੇਣਾ 89
ਨੈਤਿਕ ਵਿਰਾਸਤ...90
ਅਤੀਤ ਨੂੰ ਸ਼ਰਧਾਂਜਲੀ 92
ਆਪਣੀਆਂ ਸੀਮਾਵਾਂ ਤੋਂ ਪਾਰ ਜਾਣਾ 94
ਧੀਰਜ ਦਾ ਸੁਨੇਹਾ...95
ਪੂਰਵ ਗਿਆਨ ਦਾ ਲਾਭ 97
ਚੀਜ਼ਾਂ ਨੂੰ ਸਕਾਰਾਤਮਕ ਦ੍ਰਿਸ਼ਟੀਕੋਣ ਤੋਂ ਦੇਖਣਾ.......................99
ਮਿਹਨਤ ਕਦੇ ਵਿਅਰਥ ਨਹੀਂ ਜਾਂਦੀ 101
ਨਿਰਾਸ਼ਾ ਨਾਲ ਜੰਗ 102
ਪੈਸੇ ਦਾ ਸਦਉਪਯੋਗ...104

ਹਾਲਾਤਾਂ ਨਾਲ ਸਮਝੌਤਾ ਕਰਨਾ 105
ਸ਼ੁਰੂਆਤ ਤੋਂ ਪਹਿਲਾਂ, ਅੰਤ ਬਾਰੇ ਸੋਚੋ 107
ਖੁਸ਼ੀ ਕਿਵੇਂ ਪ੍ਰਾਪਤ ਕਰੀਏ? 108
ਲੋਕਹਿੱਤ 110
ਕਾਰਵਾਈ ਕਰਨੀ ਹੈ ਜਾਂ ਨਹੀਂ 111
ਨੁਕਸਾਨ ਦੀ ਭਰਪਾਈ ਦਾ ਸਿਆਣਾ ਤਰੀਕਾ 112
ਹਰ ਬੱਦਲ ਪਿੱਛੇ ਉਮੀਦ ਦੀ ਇਕ ਕਿਰਨ ਹੁੰਦੀ ਹੈ 117
ਇਕ ਉਦੇਸ਼ਪੂਰਣ ਜੀਵਨ 118
ਪੂਰੀ ਸ਼ਮੂਲੀਅਤ 119
ਜੀਵਨ ਵਿੱਚ ਉਦੇਸ਼ ਹੋਣਾ 120
ਇਨਸਾਨੀ ਸਰੀਰ ਦਾ ਸਾਰਾ ਖ਼ੂਨ 123
ਦ੍ਰਿੜ੍ਹ ਨਿਸ਼ਚੇ ਨਾਲ ਪ੍ਰਾਪਤੀ 124
ਕ੍ਰੇਮੋਨਾ ਦਾ ਜੈਰਾਰਡ 125
ਇੱਕ ਪਲ ਦੀ ਵੀ ਵਿਹਲ ਨਹੀਂ 127
ਹਾਲੇ ਕੁਝ ਕੰਮ ਬਾਕੀ ਹੈ 128
ਸਾਵਧਾਨੀ ਨਾਲ ਅੱਗੇ ਵੱਧਣਾ 130
ਚਰਿੱਤਰ ਦੀ ਤਾਕਤ 131
ਭਰੋਸਾ ਅਨਮੋਲ ਹੈ 132
ਦ੍ਰਿੜ੍ਹ ਨਿਸ਼ਚੈ ਅਤੇ ਮਿਹਨਤ 134
ਰੁਕਾਵਟਾਂ ਤੋਂ ਪਰੇ 135
ਯੋਗਤਾ ਲਈ ਇਨਾਮ 137
ਪੂਰਨ ਸਮਰਪਣ 138
ਆਲਸਤਾ 139
ਸਮੇਂ ਸਿਰ ਕਦਮ ਚੁੱਕਣਾ 140
ਸਥਿਤੀ ਦਾ ਪੂਰਨ ਉਪਯੋਗ ਕਰਨਾ 142
ਮਿਸ਼ਨ ਚੰਦਰਮਾ 143
ਨਵੀਂ ਸ਼ੁਰੂਆਤ 145
ਲਗਾਤਾਰ ਪ੍ਰਗਤੀ ਵੱਲ 146
ਉੱਚ ਅਹੁਦਾ ਖਾਲੀ ਹੈ 147
ਸੁਪਨੇ ਅਤੇ ਸਫਲਤਾ 150
ਸਫਲਤਾ ਦਾ ਮਨੋਵਿਗਿਆਨ 151
ਦੇਣ ਤੇ ਲੈਣ ਦਾ ਸਿਧਾਂਤ 152
ਨਿਸਵਾਰਥ ਭਗਤੀ ਭਾਵਨਾ 153
ਆਪਣੀ ਯੋਗਤਾ ਸਾਬਤ ਕਰਨੀ 155
ਇਕ ਵਿਲੱਖਣ ਯੋਗਤਾ 158

ਹਰ ਅਵਸਰ ਦਾ ਲਾਭ ਲਵੋ 159
ਉਦਯੋਗਿਕ ਦੁਨੀਆਂ ਵਿੱਚ 160
ਰੋਜ਼ ਨਵੀਂ ਸਵੇਰ 162
ਯਤਨ ਹੀ ਮਹੱਤਵਪੂਰਨ ਹੈ 163
ਕੋਈ ਨਿਰਾਸ਼ਾ ਨਹੀਂ 164
ਅਸਫਲਤਾ: ਇੱਕ ਵਿਸ਼ਲੇਸ਼ਣ 165
ਅਸਫਲਤਾ ਨੂੰ ਸਫਲਤਾ ਵਿੱਚ ਬਦਲਣਾ 166
ਯੁੱਗ ਦੇ ਵਿਰੁੱਧ ਜਾਣਾ 167
ਅੱਗ ਤੇ ਪਾਣੀ ਵਿਚੋਂ ਗੁਜ਼ਰਨਾ 168
ਕਦਮ ਚੁੱਕਣ ਤੋਂ ਪਹਿਲਾਂ ਸੋਚੋ 169
ਆਪਣੇ ਆਪ ਸਿੱਖਣਾ 170
ਸਫਲਤਾ ਦਾ ਸੌਖਾ ਫਾਰਮੂਲਾ 171
ਸਾਂਝ ਤੇ ਸਹਿਯੋਗ 173
ਨਿਰਾਸ਼ਾ ਨਾਲ ਜੰਗ 174
ਆਪਣਾ ਹਿੱਸਾ ਪ੍ਰਾਪਤ ਕਰਨਾ 175
ਮਿਹਨਤ ਰਾਹੀਂ ਸਫਲਤਾ 176
ਕੰਮ ਵਿੱਚ ਰੁਚੀ ਅਤੇ ਸ਼ਮੂਲੀਅਤ 178
ਆਪਣੇ ਸਰੋਤਾਂ ਦੇ ਸਰਵੋਤਮ ਉਪਯੋਗ ਦੀ ਯੋਜਨਾ 179
ਗਲਤੀ ਕਰਨ ਦਾ ਸਾਹਸ ਰੱਖਣਾ 181
“ਪੇਕਾਵੀ” 182
ਇੱਕ ਆਮ ਕਦਮ 183
ਸ਼ੇਰ ਤੋਂ ਸਬਕ 185
ਨੀਂਹ ਦੀ ਮਹੱਤਤਾ 187
ਦੂਜਿਆਂ ਦਾ ਭਰੋਸਾ ਜਿੱਤਣਾ 188
ਆਪਣੀ ਗਲਤੀ ਮੰਨਣਾ 190
ਕਾਰੋਬਾਰ ਦਾ ਰਾਜ਼ 191
ਸ਼ਾਨਦਾਰ ਪ੍ਰਦਰਸ਼ਕ 192
ਉਮੀਦਾਂ ਤੋਂ ਵੱਧ 194
ਸਫਲਤਾ ਦੀ ਕੀਮਤ 195
ਵੱਡੀ ਸਫਲਤਾ ਹਾਸਲ ਕਰਨ ਲਈ 196
ਮੁਸ਼ਕਲ ਹਾਲਾਤਾਂ ’ਤੇ ਕਾਬੂ ਪਾਉਣਾ 197
ਆਪਣੀ ਸ਼ਖ਼ਸੀਅਤ ਨੂੰ ਤਰਾਸ਼ਨਾ 199
ਬਦਲੇ ਦੀ ਅੱਗ 200
ਦੋਹਰੇ ਮਾਪਦੰਡ ਤੋਂ ਗੁਰੇਜ਼ 201
ਸੰਤੁਸ਼ਟੀ ਨਾਲ ਜੀਊਣਾ 202

ਪਿਆਰ ਜਿੱਤਣ ਵਾਲੀ ਖ਼ੂਬੀ 203
ਮੁਢਲੀ ਤਿਆਰੀ 205
ਬੇਸਬਰ ਹੋਣ ਦਾ ਨਤੀਜਾ 206
ਸ਼ਾਂਤ ਰਹਿਣਾ 207
ਔਖੇ ਹਾਲਾਤਾਂ ਵਿੱਚ ਸ਼ਾਂਤ ਰਹਿਣਾ 209
ਆਲੋਚਨਾ ਦਾ ਜਵਾਬ ਦੇਣਾ 210
ਖ਼ਤਰੇ ਅਤੇ ਅਸੁਰੱਖਿਆ ਦਾ ਸਕਾਰਾਤਮਕ ਪੱਖ 212
ਹਾਰ ਨੂੰ ਸਵੀਕਾਰਨਾ 213
ਟੁੱਟਣ ਤੋਂ ਬਾਅਦ 214
ਅਟੱਲ ਸਵੈ-ਤਿਆਗ 215
ਵੱਡੇ-ਵੱਡੇ ਦਾਅਵੇ ਕਰਨਾ 216
ਭਰੋਸੇਯੋਗਤਾ ਦੇ ਗੁਣ 217
ਜਿੰਨਾ ਵੱਡਾ ਉੱਨਾ ਵਧੀਆ 218
ਕੋਈ ਸਵੀਕਾਰਤਾ ਨਹੀਂ 219
ਇਕ ਤੋਂ ਬਾਅਦ ਇਕ ਗਲਤੀ 220
ਸ੍ਰੇਸ਼ਠ ਸਫਲਤਾ 222
ਹੋਰਾਂ ਵਿਰੁੱਧ ਸ਼ਿਕਾਇਤ ਕਰਨੀ 223
ਮਨੁੱਖੀ ਸ਼ਖ਼ਸੀਅਤ 224
ਸਮਾਜਕ ਵਰਤਾਓ 225
ਸਥਿਰ ਚਰਿੱਤਰ 228
ਵਿਅਕਤੀ ’ਤੇ ਕੰਮ ਕਰਨਾ 230
ਆਤਮ-ਮੁਲਾਂਕਣ ਦੀ ਲੋੜ 232
ਆਪਣੀਆਂ ਕਮੀਆਂ ਨੂੰ ਪਛਾਣੋ 233
ਧੀਰਜ, ਅਡੋਲਤਾ ਅਤੇ ਦਇਆ 234
ਸਦਭਾਵਪੂਰਨ ਜੀਵਨ ਦਾ ਰਾਜ 236
ਇਕ ਵਿਹਾਰਕ ਹੱਲ 237
ਸਮਾਜਕ ਏਕਤਾ 238
ਬਦਲਦਾ ਸਮਾਂ 239
ਸੱਚ ਨੂੰ ਨਾ ਮੰਨਣਾ 241
ਮੁਸ਼ਕਲ ਹਾਲਾਤਾਂ ਨਾਲ ਨਜਿੱਠਣਾ 242
ਡੂੰਘਾਈ ਨਾਲ ਜਾਂਚ-ਪੜਤਾਲ 244
ਨੌਜਵਾਨਾਂ ਨੂੰ ਉਤਸ਼ਾਹਿਤ ਕਰਨਾ 245
ਸਮੂਹ ਪ੍ਰਤੀ ਨਿਭਾਓ 247
ਉਲਟਾ ਪਿਰਾਮਿਡ 248
ਸ਼ੱਕ ਦੂਰ ਕਰੋ 249

ਚੰਗੀ ਆਲੋਚਨਾ..250
ਸਮਾਜਿਕ ਸਮੱਸਿਆਵਾਂ ਦੇ ਹੱਲ....................................252
ਹਰ ਕਿਸੇ ਨੂੰ ਆਪਣੀ ਭੂਮਿਕਾ ਨਿਭਾਉਣੀ ਪੈਂਦੀ ਹੈ 253
ਇਕੱਠੇ ਹੋਕੇ ਕੰਮ ਕਰਨਾ 254
ਪੂਰਵ ਗਿਆਨ ਸਮਝ ਵਿੱਚ ਮਦਦ ਕਰਦਾ ਹੈ 255
ਮਤਭੇਦਾਂ ਤੇ ਸ਼ਿਕਾਇਤਾਂ ਨੂੰ ਪਾਸੇ ਰੱਖਣਾ.............................256
ਸਮਾਜ ਨੂੰ ਜੋੜ ਕੇ ਰੱਖਣ ਦੀ ਤਾਕਤ...................................257
ਚਰਿੱਤਰ ਹੀ ਰਾਸ਼ਟਰ ਨਿਰਮਾਣ ਕਰਦਾ ਹੈ 259
ਮਜ਼ਬੂਤ ਰਾਸ਼ਟਰ ਦਾ ਨਿਰਮਾਣ.......................................260
ਰਚਨਾਤਮਕ ਸੁਭਾਅ ਰੱਖਣਾ 262
ਜਪਾਨੀ ਅਨੁਭਵ 263
ਸਾਡੀ ਸਮਰੱਥਾ ਹੀ ਸਾਡੀ ਦੌਲਤ ਹੈ......................................265
ਖੁਦ ਨੂੰ ਨੁਕਸਾਨ ਨਾ ਪਹੁੰਚਾਓ 266
ਫੀਨਿਕਸ ਵਾਂਗ ਉੱਠੋ...268
ਆਰਥਿਕ ਪਰਲ ਹਾਰਬਰ..270
ਸਿੱਖਿਆ: ਜੀਵਨ ਦਾ ਵਿਗਿਆਨ 273
ਲਾਪਰਵਾਹੀ – ਇੱਕ ਨੈਤਿਕ ਕਮੀ 274
ਇੱਕ ਕੌਮ ਦੀ ਸਥਿਰਤਾ 275
ਨੈਤਿਕਤਾ ਅਤੇ ਤਕਨਾਲੋਜੀ 277
ਨੌਜਵਾਨਾਂ ਨਾਲ ਵਿਵਹਾਰ...278
ਮਿਹਨਤ ਨਾਲ ਉੱਚਾ ਮੁਕਾਮ ਪਾਉਣਾ......................................279
ਦ੍ਰਿੜ੍ਹਤਾ ਤੇ ਇੱਛਾ ਸ਼ਕਤੀ 281
ਨੋਬਲ ਪੁਰਸਕਾਰ ਕਿਵੇਂ ਜਿੱਤਿਆ ਜਾ ਸਕਦਾ ਹੈ?..........................282
ਏਕਤਾ ਵਿਚ ਕੰਮ ਕਰਨਾ 283
ਦੇਣ ਵਿਚ ਹੀ ਪ੍ਰਾਪਤੀ ਹੈ...284
ਰਚਨਾਤਮਕ ਆਵੇਗ...285
ਦ੍ਰਿਸ਼ਟੀਕੋਣ ਦੀ ਲਚਕਤਾ 286
ਮਨੁੱਖਤਾ ਲਈ ਸਵੈ ਦਾ ਤਿਆਗ 287
ਰਾਸ਼ਟਰ ਦੀ ਤਰੱਕੀ 288
ਮਹਾਨ ਉਦੇਸ਼ ਪ੍ਰਤੀ ਸਮਰਪਣ 290
ਅਪ੍ਰਤੱਖ ਪਰਿਸਥਿਤੀਆਂ ਨੂੰ ਧਿਆਨ ਵਿਚ ਰੱਖਣਾ..............................291
ਚੇਤਨਾ ਦੀ ਜਾਗ੍ਰਿਤੀ 292
ਰਾਸ਼ਟਰ ਦਾ ਰੁੱਖ ਲਗਾਉਣਾ..293

ਭੂਮਿਕਾ

ਅਲਫਰਡ ਐਡਲਰ (Alfred Adler, 1870–1937), ਜੋ ਇਕ ਪ੍ਰਸਿੱਧ ਮਨੋਵਿਗਿਆਨੀ ਸਨ, ਨੇ ਆਪਣਾ ਜ਼ਿਆਦਾਤਰ ਧਿਆਨ ਵਿਅਕਤੀਗਤ ਮਨੋਵਿਗਿਆਨ ਉੱਤੇ ਕੇਂਦਰਿਤ ਕੀਤਾ। ਉਨ੍ਹਾਂ ਦੇ ਚੁਣੇ ਹੋਏ ਵਿਸ਼ੇ ਬਾਰੇ ਇਕ ਦਰਸ਼ਕ ਨੇ ਇਉਂ ਟਿੱਪਣੀ ਕੀਤੀ:

> "ਸਾਰੀ ਉਮਰ ਲੋਕਾਂ ਅਤੇ ਉਨ੍ਹਾਂ ਦੀਆਂ ਲੁਕੀਆਂ ਸ਼ਕਤੀਆਂ ਦਾ ਅਧਿਐਨ ਕਰਨ ਤੋਂ ਬਾਅਦ, ਮਹਾਨ ਮਨੋਵਿਗਿਆਨੀ ਅਲਫਰਡ ਐਡਲਰ ਨੇ ਘੋਸ਼ਿਤ ਕੀਤਾ ਕਿ ਇਨਸਾਨ ਦੀਆਂ ਅਦਭੁਤ ਖਾਸੀਅਤਾਂ 'ਚੋਂ ਇਕ ਇਹ ਵੀ ਹੈ ਕਿ ਉਹ 'ਮਾਈਨਸ' ਨੂੰ 'ਪਲੱਸ' ਵਿੱਚ ਬਦਲਣ ਦੀ ਤਾਕਤ ਰੱਖਦਾ ਹੈ।"

ਰੱਬ ਨੇ ਇਨਸਾਨ ਨੂੰ ਬੇਅੰਤ ਅਸਾਧਾਰਣ ਗੁਣਾਂ ਨਾਲ ਨਵਾਜਿਆ ਹੈ। ਇਹ ਉਕਤੀ ਮਨੋਵਿਗਿਆਨ ਦੁਆਰਾ ਰੱਬ ਦੀ ਕਲਾ ਦੀ ਪ੍ਰਤੱਖ ਸਵੀਕਾਰਤਾ ਹੈ। ਦਰਅਸਲ, ਇਨਸਾਨ ਦੀਆਂ ਸਭ ਤੋਂ ਵੱਡੀਆਂ ਯੋਗਤਾਵਾਂ ਵਿੱਚੋਂ ਇਕ ਇਹ ਹੈ ਕਿ ਉਹ ਹਨੇਰੇ ਵਿੱਚ ਵੀ ਸਥਿਤੀਆਂ ਦੇ ਸਕਾਰਾਤਮਕ ਪੱਖ ਨੂੰ ਵੇਖਣ ਦੀ ਸਮਰੱਥਾ ਰੱਖਦਾ ਹੈ। ਉਹ ਪ੍ਰਤਿਕੂਲ ਹਾਲਾਤਾਂ ਨੂੰ ਵੀ ਆਪਣੀ ਦਿਮਾਗੀ ਸਮਰੱਥਾ ਨਾਲ ਅਨੁਕੂਲ ਬਣਾ ਲੈਂਦਾ ਹੈ। ਇਨਸਾਨ ਹਾਰ ਵਿਚੋਂ ਵੀ ਕਾਮਯਾਬੀ ਲਈ ਨਵੇਂ ਮੌਕੇ ਲੱਭ ਲੈਂਦਾ ਹੈ।

ਇਹ ਇੱਕ ਤੱਥ ਹੈ ਕਿ ਇਨਸਾਨ ਆਪਣੀਆਂ ਕਮਜ਼ੋਰੀਆਂ ਨੂੰ ਤਾਕਤ ਵਿੱਚ ਬਦਲਣ ਦੀ ਅਦਭੁੱਤ ਯੋਗਤਾ ਰੱਖਦਾ ਹੈ। ਪਰ ਇਹ ਤਾਂ ਹੀ ਸੰਭਵ ਹੁੰਦਾ ਹੈ ਜਦੋਂ ਉਹ ਟਕਰਾਅ ਜਾਂ ਵਿਰੋਧਾਭਾਵ ਨੂੰ ਤਿਆਗ ਕੇ ਸੁਵਿਵਸਥਾ (ਮੈਨੇਜਮੈਂਟ) ਦੇ ਰਾਹ ਨੂੰ ਚੁਣੇ। ਉਸਨੂੰ ਸਭ ਤੋਂ ਪਹਿਲਾਂ ਹਾਲਾਤਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਅਤੇ ਫਿਰ ਉਦੇਸ਼ ਦੀ ਪੂਰਤੀ ਲਈ ਯੋਜਨਾ ਤੈਅ ਕਰਨੀ ਚਾਹੀਦੀ ਹੈ।

ਜੋ ਵਿਅਕਤੀ ਟਕਰਾਅ ਦੀ ਥਾਂ ਪ੍ਰਬੰਧਨ ਦੇ ਅਸੂਲ ਨੂੰ ਅਪਣਾਉਂਦਾ ਹੈ, ਉਹ ਮਨੁੱਖ ਕਾਮਯਾਬ ਹੋ ਜਾਂਦਾ ਹੈ। ਗੈਰ-ਟਕਰਾਊ ਢੰਗ ਸਦਾ ਸਕਾਰਾਤਮਕ ਨਤੀਜੇ ਦਿੰਦੇ ਹਨ, ਜਦਕਿ ਟਕਰਾਅ ਹਾਲਾਤਾਂ ਨੂੰ ਹੋਰ ਵਿਗਾੜ ਦਿੰਦਾ ਹੈ।

ਭੂਮਿਕਾ

ਮਨੁੱਖ ਦੇ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ 'ਇੱਛਾ ਸ਼ਕਤੀ' ਹੁੰਦੀ ਹੈ। ਉਹੀ ਲੋਕ ਆਖ਼ਿਰਕਾਰ ਕਾਮਯਾਬ ਹੁੰਦੇ ਹਨ ਜੋ ਔਖੇ ਹਾਲਾਤਾਂ ਤੋਂ ਨਹੀਂ ਡਰਦੇ, ਜੋ ਘਾਟਿਆਂ 'ਤੇ ਮਾਯੂਸ ਹੋਣ ਦੀ ਥਾਂ, ਆਪਣੇ ਮਨ ਅਤੇ ਤਾਕਤ ਨੂੰ ਉਹਨਾਂ ਘਾਟੇ ਰੂਪੀ ਰੁਕਾਵਟਾਂ ਨੂੰ ਪਾਰ ਕਰਨ ਵਿੱਚ ਲਗਾ ਦਿੰਦੇ ਹਨ।

ਅਸਲ ਕਾਮਯਾਬ ਇਨਸਾਨ ਉਹ ਨਹੀਂ ਜੋ ਕਦੇ ਕਿਸੇ ਮੁਸ਼ਕਲ ਦਾ ਸਾਹਮਣਾ ਨਹੀਂ ਕਰਦਾ, ਸਗੋਂ ਉਹ ਹੈ ਜੋ ਆਪਣੇ ਮਨੋਰਥਾਂ ਨੂੰ ਹਰ ਰੁਕਾਵਟ ਦੇ ਬਾਵਜੂਦ ਪੂਰਾ ਕਰ ਲੈਂਦਾ ਹੈ ਜਾਂ ਹਰ ਅੜਚਣ ਦੇ ਬਾਵਜੂਦ ਆਪਣੀ ਮੰਜ਼ਿਲ ਤੱਕ ਪਹੁੰਚ ਜਾਂਦਾ ਹੈ। ਅਜਿਹਾ ਮਿਹਨਤੀ ਮਨੁੱਖ ਅੱਗ ਅਤੇ ਪਾਣੀ ਵਿੱਚੋਂ ਲੰਘ ਕੇ ਵੀ ਆਪਣੇ ਟੀਚੇ ਤੱਕ ਪਹੁੰਚਣ ਦਾ ਜਜ਼ਬਾ ਰੱਖਦਾ ਹੈ।

ਰੱਬ ਨੇ ਇਹ ਸੰਸਾਰ ਅਣਗਿਣਤ ਮੌਕਿਆਂ ਨਾਲ ਭਰਿਆ ਹੋਇਆ ਬਣਾਇਆ ਹੈ। ਇੱਥੇ ਜਦੋਂ ਕਿਸੇ ਕੋਸ਼ਿਸ਼ ਨੂੰ ਨਾਕਾਮੀ ਮਿਲਦੀ ਹੈ, ਤਾਂ ਹਨੇਰੇ ਵਿੱਚੋਂ ਇਕ ਨਵੀਂ ਰੋਸ਼ਨੀ ਜਨਮ ਲੈਂਦੀ ਹੈ। ਜਦੋਂ ਇਕ ਘਰ ਢਹਿ ਜਾਂਦਾ ਹੈ, ਤਾਂ ਉਸ ਦੀ ਥਾਂ ਇਕ ਨਵੇਂ ਘਰ ਦੇ ਨਿਰਮਾਣ ਦੀ ਉਮੀਦ ਪੈਦਾ ਹੋ ਜਾਂਦੀ ਹੈ। ਮਨੁੱਖੀ ਜੀਵਨ ਵਿੱਚ ਵੀ ਇਹੀ ਅਸੂਲ ਲਾਗੂ ਹੁੰਦਾ ਹੈ। ਇੱਥੇ ਹਰ ਨਾਕਾਮੀ ਦੇ ਨਾਲ, ਕਾਮਯਾਬੀ ਦੀ ਇਕ ਨਵੀਂ ਸੰਭਾਵਨਾ ਉਤਪੰਨ ਹੁੰਦੀ ਹੈ।

ਜਦੋਂ ਦੋ ਰਾਸ਼ਟਰਾਂ ਵਿਚਕਾਰ ਮੁਕਾਬਲਾ ਹੁੰਦਾ ਹੈ ਅਤੇ ਇਕ ਵਿਕਸਿਤ ਹੋ ਜਾਂਦਾ ਹੈ ਜਦਕਿ ਦੂਜਾ ਪਿੱਛੇ ਰਹਿ ਜਾਂਦਾ ਹੈ, ਤਾਂ ਇੱਥੇ ਗੱਲ ਖ਼ਤਮ ਨਹੀਂ ਹੋ ਜਾਂਦੀ। ਫਿਰ ਇਕ ਨਵੀਂ ਪ੍ਰਕਿਰਿਆ ਦੀ ਸ਼ੁਰੂਆਤ ਹੁੰਦੀ ਹੈ, ਜਿੱਥੇ ਵਿਕਸਿਤ ਦੇਸ਼ ਦੇ ਲੋਕ ਆਰਾਮਦਾਇਕ ਜੀਵਨ ਜੀਊਣ ਲੱਗ ਪੈਂਦੇ ਹਨ, ਜਦਕਿ ਪਿੱਛੜੇ ਹੋਏ ਦੇਸ਼ਾਂ ਦੇ ਲੋਕ ਮਿਹਨਤ ਅਤੇ ਸੰਘਰਸ਼ ਦਾ ਰਸਤਾ ਚੁਣ ਲੈਂਦੇ ਹਨ ਅਤੇ ਆਖ਼ਰਕਾਰ ਆਪਣੇ ਵਿਕਾਸ ਦੀ ਦਿਸ਼ਾ ਵੱਲ ਵਧ ਜਾਂਦੇ ਹਨ।

ਇਸਦਾ ਅਰਥ ਇਹ ਹੈ ਕਿ ਰੱਬ ਦੇ ਬਣਾਏ ਹੋਏ ਸੰਸਾਰ ਵਿੱਚ ਨਿਰਾਸ਼ਾ ਜਾਂ ਹਤਾਸ਼ਾ ਲਈ ਕੋਈ ਥਾਂ ਨਹੀਂ। ਹਾਲਾਤ ਜਿੰਨੇ ਵੀ ਨਾਉਮੀਦ ਕਰਨ ਵਾਲੇ ਹੋਣ, ਉਨ੍ਹਾਂ ਦੇ ਨੇੜੇ ਹੀ ਕਾਮਯਾਬੀ ਦਾ ਇਕ ਨਵਾਂ ਮੌਕਾ ਛੁਪਿਆ ਹੋਇਆ ਹੁੰਦਾ ਹੈ। ਕੇਵਲ ਉਸ ਮੌਕੇ ਨੂੰ ਪਛਾਣ ਕੇ, ਉਨ੍ਹਾਂ ਨੂੰ ਗ੍ਰਹਿਣ ਕਰਨਾ ਹੁੰਦਾ ਹੈ ਅਤੇ ਹਾਰ ਨੂੰ ਜਿੱਤ ਵਿੱਚ ਬਦਲਣਾ ਹੁੰਦਾ ਹੈ।

ਇਸ ਸੰਸਾਰ ਵਿੱਚ ਮਿਲੇ ਘਾਟੇ ਵੀ ਕੋਈ ਨਿਰਾਰਥਕ ਨਹੀਂ, ਇਹ ਘਾਟੇ ਤਾਂ ਉੱਦਮ ਦੇ ਜਜ਼ਬੇ ਨੂੰ ਜਨਮ ਦਿੰਦੇ ਹਨ ਅਤੇ ਇਸ ਤਰ੍ਹਾਂ ਇਹ ਘਾਟੇ ਹਰ ਇਨਸਾਨ ਨੂੰ ਦੁਨਿਆਵੀ ਪੱਧਰ 'ਤੇ ਮਜ਼ਬੂਤ ਬਣਾਉਂਦੇ ਹੋਏ ਕਾਮਯਾਬ ਹੋਣ ਦੀ ਸੰਭਾਵਨਾਵਾਂ ਵਿਚ ਸਕਾਰਤਾਮਕਤਾ ਭਰਦੇ ਹੈ।

ਜੋ ਲੋਕ ਇਹ ਚਾਹੁੰਦੇ ਹਨ ਕਿ ਉਹ ਜੀਵਨ ਵਿੱਚ ਕਿਸੇ ਵੀ ਮਿਹਨਤ ਜਾਂ ਜ਼ਰੂਰੀ ਪੜਾਅ ਤੋਂ ਬਿਨਾਂ ਅੱਗੇ ਵਧਣ ਅਤੇ ਕਾਮਯਾਬ ਹੋਣ, ਉਹਨਾਂ ਨੂੰ ਫਿਰ ਆਪਣੇ ਲਈ ਇਕ ਨਵਾਂ ਸੰਸਾਰ ਬਣਾਉਣਾ ਪਵੇਗਾ— ਇੱਕ ਐਸਾ ਸੰਸਾਰ ਜੋ ਉਨ੍ਹਾਂ ਦੀਆਂ ਆਪਣੀਆਂ ਮਰਜ਼ੀਆਂ ਨੂੰ ਪੂਰਾ ਕਰੇ; ਕਿਉਂਕਿ ਰੱਬ ਦੇ ਬਣਾਏ ਹੋਏ ਅਸਲ ਸੰਸਾਰ ਵਿੱਚ ਉਨ੍ਹਾਂ ਦੇ ਅਜਿਹੇ ਸੁਪਨੇ ਕਦੇ ਸਾਕਾਰ ਨਹੀਂ ਹੋ ਸਕਦੇ।

8 ਮਈ, 2019
ਨਵੀਂ ਦਿੱਲੀ

– ਵਹੀਦੁਦੀਨ ਖ਼ਾਨ
www.mwkhan.com

ਸ਼ਹਿਦ ਦਾ ਸੁਆਦ

ਫੁੱਲਾਂ ਤੋਂ ਸ਼ਹਿਦ ਮੱਖੀਆਂ (Bees) ਜੋ ਰਸ ਇਕੱਠਾ ਕਰਦੀਆਂ ਹਨ, ਉਸ ਵਿੱਚੋਂ ਲਗਭਗ ਤੀਹ ਫੀਸਦੀ ਹੀ ਸ਼ਹਿਦ ਵਿੱਚ ਤਬਦੀਲ ਹੁੰਦਾ ਹੈ। ਸਿਰਫ ਇੱਕ ਪੌਂਡ (ਪੌਣਾ ਕਿਲੋ) ਸ਼ਹਿਦ ਤਿਆਰ ਕਰਨ ਲਈ ਮੱਖੀਆਂ ਨੂੰ ਲਗਭਗ 20 ਲੱਖ ਫੁੱਲਾਂ ਤੋਂ ਰਸ ਇਕੱਠਾ ਕਰਨਾ ਪੈਂਦਾ ਹੈ। ਇਹ ਕੰਮ ਕਰਦਿਆਂ ਮੱਖੀਆਂ ਲਗਭਗ 30 ਲੱਖ ਉਡਾਣਾਂ ਭਰਦੀਆਂ ਹਨ ਅਤੇ ਕੁੱਲ 50,000 ਮੀਲ ਦਾ ਸਫ਼ਰ ਤੈਅ ਕਰਦੀਆਂ ਹਨ। ਜਦ ਤੱਕ ਲੋੜੀਂਦੀ ਮਾਤਰਾ ਵਿੱਚ ਰਸ ਇਕੱਠਾ ਨਹੀਂ ਹੋ ਜਾਂਦਾ, ਤਦ ਤੱਕ ਸ਼ਹਿਦ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਨਹੀਂ ਹੁੰਦੀ।

ਰਸ ਆਰੰਭਕ ਅਵਸਥਾ ਵਿੱਚ ਪਾਣੀ ਜਿਹਾ ਤਰਲ ਪਦਾਰਥ ਹੁੰਦਾ ਹੈ। ਸ਼ਹਿਦ ਮੱਖੀਆਂ ਦੇ ਪਰ ਪੱਖਿਆਂ ਵਾਂਗ ਕੰਮ ਕਰਦੇ ਹਨ ਜੋ ਇਸ ਰਸ ਵਿਚੋਂ ਵਾਧੂ ਤਰਲਤਾ ਨੂੰ ਵਾਸ਼ਪ ਬਣਾਕੇ ਉਡਾ ਦਿੰਦੇ ਹਨ। ਜਦ ਇਹ ਤਰਲਤਾ ਦੂਰ ਹੋ ਜਾਂਦੀ ਹੈ ਤਾਂ ਇੱਕ ਮਿਠਾ ਪਦਾਰਥ ਰਹਿ ਜਾਂਦਾ ਹੈ, ਜਿਸ ਨੂੰ ਸ਼ਹਿਦ ਮੱਖੀਆਂ ਚੂਸ ਲੈਂਦੀਆਂ ਹਨ। ਮੱਖੀਆਂ ਦੇ ਮੂੰਹ ਵਿੱਚ ਖਾਸ ਕਿਸਮ ਦੇ ਗਲੈਂਡ ਹੁੰਦੇ ਹਨ, ਜੋ ਇਸ ਮਿੱਠੇ ਪਦਾਰਥ ਨੂੰ ਆਪਣੇ ਆਪ ਹੀ ਸ਼ਹਿਦ ਵਿੱਚ ਬਦਲ ਦਿੰਦੇ ਹਨ। ਤਿਆਰ ਸ਼ਹਿਦ ਨੂੰ ਮੱਖੀਆਂ ਮਧੂਮੋਮ ਨਾਲ ਬਣਾਏ ਗਏ ਖਾਸ ਖਾਨਿਆਂ ਜਾਂ ਛੱਤਿਆਂ ਵਿੱਚ ਸੁਰੱਖਿਅਤ ਢੰਗ ਨਾਲ ਸੰਭਾਲ ਲੈਂਦੀਆਂ ਹਨ। ਇਹ ਸਾਰਾ ਕੰਮ ਮੱਖੀਆਂ ਦੀ ਲੰਮੀ ਅਤੇ ਥਕਾਵਟ ਭਰੀ ਮਿਹਨਤ ਰਾਹੀਂ ਸੰਪੰਨ ਹੁੰਦਾ ਹੈ। ਇਹ ਸੰਭਾਲ ਅਤੇ ਸੁਰੱਖਿਆ ਇਤਨੀ ਪ੍ਰਣਾਲੀਬੱਧ ਅਤੇ ਪੂਰਨ ਹੁੰਦੀ ਹੈ ਕਿ ਮਨੁੱਖ ਵਲੋਂ ਸ਼ਹਿਦ ਦੀ ਪੈਕਿੰਗ ਲਈ ਵਰਤੀ ਜਾਂਦੀ ਕਿਸੇ ਵੀ ਤਕਨੀਕ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਉਹਨਾਂ ਛੱਤਿਆਂ ਵਿਚ ਪਿਆ ਸ਼ਹਿਦ ਕਦੇ ਖਰਾਬ ਨਹੀਂ ਹੁੰਦਾ, ਮਨੁੱਖ ਨੂੰ ਜਦੋਂ ਲੋੜ ਹੁੰਦੀ ਹੈ ਉਹ ਛੱਤਿਆਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ।

ਇਸ ਪ੍ਰਕਿਰਿਆ ਦੀ ਥਾਂ ਹੋਰ ਅਨੇਕ ਤਰੀਕੇ ਵੀ ਨਿਰਧਾਰਤ ਕੀਤੇ ਜਾ ਸਕਦੇ ਸਨ। ਪਰਮਾਤਮਾ ਸਭ ਕੁਝ ਕਰਨ ਦੇ ਸਮਰਥ ਹਨ: ਉਹ ਚਾਹੁੰਦੇ ਤਾਂ ਸਿਰਫ ਇੱਕ ਹੁਕਮ ਦੇ ਕੇ ਸ਼ਹਿਦ ਪੈਦਾ ਕਰ ਦਿੰਦੇ; ਉਹ ਇਸਨੂੰ ਧਰਤੀ ਵਿੱਚੋਂ ਵੀ ਉਗਾ ਸਕਦੇ ਸਨ, ਜਿਵੇਂ ਉਹਨਾਂ ਨੇ ਪਾਣੀ ਨੂੰ ਜ਼ਮੀਨ ਵਿਚੋਂ ਨਿਕਲਣ ਦਾ ਉਪਦੇਸ਼ ਦਿੱਤਾ। ਪਰ ਸ਼ਹਿਦ ਨੂੰ ਪੈਦਾ ਕਰਨ ਲਈ ਲਈ ਉਨ੍ਹਾਂ ਨੇ ਪਰਿਪੱਕ ਅਤੇ ਵਿਗਿਆਨਕ ਢੰਗ ਤੈਅ ਕੀਤਾ ਹੈ। ਇਸ ਢੰਗ ਦਾ ਉਦੇਸ਼ ਇਹ ਹੈ ਕਿ

ਮਨੁੱਖ ਇਨ੍ਹਾਂ ਵਿਧੀਆਂ ਤੋਂ ਸਿੱਖੇ ਅਤੇ ਸਮਝੇ ਕਿ ਪਰਮਾਤਮਾ ਨੇ ਬ੍ਰਹਿਮੰਡ ਨੂੰ ਕਿਵੇਂ ਸੁਚਿੰਤਤ ਢੰਗ ਨਾਲ ਬਣਾਇਆ ਹੈ, ਤਾਂ ਜੋ ਮਨੁੱਖ ਵੀ ਆਪਣੀ ਜ਼ਿੰਦਗੀ ਵਿਚ ਸਫਲ ਹੋਣ ਲਈ ਇਨ੍ਹਾਂ ਹੀ ਨਿਯਮਾਂ ਅਤੇ ਤਰੀਕਿਆਂ ਨੂੰ ਅਪਣਾਵੇ।

ਜੇ ਅਸੀਂ ਮੱਖੀਆਂ ਵਲੋਂ ਸ਼ਹਿਦ ਤਿਆਰ ਕਰਨ ਦੀ ਵਿਧੀ ਦਾ ਸਾਰ ਲੱਭੀਏ ਤਾਂ ਇਹ ਇੱਕ ਯੋਜਨਾਬੱਧ ਅਤੇ ਪ੍ਰਣਾਲੀਬੱਧ ਪ੍ਰਕਿਰਿਆ ਹੈ। ਇਤਿਹਾਸਕ ਤੌਰ ’ਤੇ ਇਹੋ ਹੀ ਰਸਤਾ ਮਨੁੱਖ ਲਈ ਵੀ ਉਪਯੋਗੀ ਹੈ। ਜੀਵਨ ਵਿੱਚ ਕੋਈ ਵੀ ਮਹੱਤਵਪੂਰਨ ਉਪਲਬਧੀ ਹਾਸਲ ਕਰਨ ਲਈ ਮਨੁੱਖ ਨੂੰ ਵੀ ਯੋਜਨਾਬੱਧ ਢੰਗ ਨਾਲ ਅਤੇ ਲਗਾਤਾਰ ਉਪਰਾਲਾ ਕਰਨਾ ਪੈਂਦਾ ਹੈ। ਇਹੀ ਇਕੱਲੀ ਸਫਲਤਾ ਦੀ ਕੁੰਜੀ ਹੈ। ਜੋ ਗੱਲ ਸ਼ਹਿਦ ਮੱਖੀਆਂ ਉੱਤੇ ਲਾਗੂ ਹੁੰਦੀ ਹੈ, ਉਹੀ ਗੱਲ ਮਨੁੱਖੀ ਜੀਵਨ ਉੱਤੇ ਵੀ ਲਾਗੂ ਹੁੰਦੀ ਹੈ।

ਕੁਦਰਤ ਦੀ ਉਦਾਹਰਨ

ਇਕ ਸ਼ਿਕਾਰੀ ਨੇ ਲਿਖਿਆ ਹੈ: “ਵੱਡੀਆਂ ਬਿੱਲੀਆਂ (ਜਿਵੇਂ ਸ਼ੇਰ, ਚੀਤੇ ਆਦਿ) ਆਮ ਤੌਰ ’ਤੇ ਤਦ ਹੀ ਆਦਮਖੋਰ ਬਣਦੀਆਂ ਹਨ ਜਦ ਉਹ ਬੁੱਢੀਆਂ ਹੋ ਜਾਂਦੀਆਂ ਹਨ ਅਤੇ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨ ਯੋਗ ਨਹੀਂ ਰਹਿੰਦੀਆਂ। ਪਰ ਜ਼ਿਆਦਾਤਰ ਮਾਮਲਿਆਂ ਵਿੱਚ ਇਹ ਤਦ ਹੁੰਦਾ ਹੈ ਜਦ ਉਹ ਕਿਸੇ ਸ਼ਿਕਾਰੀ ਵਲੋਂ ਘਾਇਲ ਹੋ ਚੁੱਕੀਆਂ ਹੁੰਦੀਆਂ ਹਨ।” (ਦਿ ਟਾਈਮਜ਼ ਆਫ ਇੰਡੀਆ, 12 ਮਈ 1984)

ਵੱਡੀਆਂ ਬਿੱਲੀਆਂ ਆਪਣੀ ਫਿਤਰਤ ਅਨੁਸਾਰ ਆਦਮਖੋਰ ਨਹੀਂ ਹੁੰਦੀਆਂ। ਪਰ ਉਹ ਸਾਰੇ ਜਾਨਵਰਾਂ ਵਿਚੋਂ ਇਨਸਾਨ ਦਾ ਸ਼ਿਕਾਰ ਕਰਨ ਵਾਲੇ ਸਭ ਤੋਂ ਖਤਰਨਾਕ ਜਾਨਵਰਾਂ ਵਿਚੋਂ ਇਕ ਹੁੰਦੀ ਹੈ। ਜਿਹੜਾ ਵੀ ਉਸਦੇ ਵਿਰੋਧ ਵਿੱਚ ਆ ਜਾਂਦਾ ਹੈ, ਉਹ ਉਸ ਨੂੰ ਬਖਸ਼ਦੀਆਂ ਨਹੀਂ। ਆਮ ਤੌਰ ’ਤੇ ਜਦੋਂ ਵੱਡੀਆਂ ਬਿੱਲੀਆਂ ਕਿਸੇ ਮਨੁੱਖ ਨੂੰ ਵੇਖਦੀਆਂ ਹਨ, ਤਾਂ ਉਹ ਉਸ ਤੋਂ ਦੂਰ ਹੋ ਜਾਂਦੀਆਂ ਹਨ। ਪਰ ਜਿਹੜੇ ਅਣਅਨੁਭਵੀ ਜਾਂ ਅਸਮਰਥ ਸ਼ਿਕਾਰੀ ਛੋਟੇ ਹਥਿਆਰਾਂ ਨਾਲ ਜਾਂ ਖ਼ਰਾਬ ਨਿਸ਼ਾਨੇ ਨਾਲ ਉਸਤੇ ’ਤੇ ਹਮਲਾ ਕਰਦੇ ਹਨ, ਉਹ ਉਸਨੂੰ ਜ਼ਖਮੀ ਤਾਂ ਕਰ ਸਕਦੇ ਹਨ ਪਰ ਉਸਨੂੰ ਮਾਰ-ਮੁਕਾਉਣ ਵਿਚ ਅਸਫਲ ਰਹਿੰਦੇ ਹਨ। ਇਨ੍ਹਾਂ ਜ਼ਖਮੀ ਵੱਡੀਆਂ ਬਿੱਲੀਆਂ ਵਿਚੋਂ ਹੀ ਕੁਝ ਆਦਮਖੋਰ ਬਣਦੀਆਂ

ਹਨ— ਹੁਣ ਮਨੁੱਖ ਉਸਦੇ ਲਈ ਵੈਰੀ ਬਣ ਜਾਂਦੇ ਹਨ, ਅਤੇ ਜਦੋਂ ਵੀ ਉਹ ਕਿਸੇ ਮਨੁੱਖ ਨੂੰ ਵੇਖਦੀਆਂ ਹਨ, ਸਿੱਧਾ ਹਮਲਾ ਕਰ ਦਿੰਦੀਆਂ ਹਨ ਜਦੋਂ ਤਕ ਉਸਨੂੰ ਮਾਰ ਨਾ ਮੁਕਾਉਣ।

ਇਹ ਕੁਦਰਤ ਦਾ ਇੱਕ ਅਟੱਲ ਨਿਅਮ ਹੈ। ਜਿਵੇਂ ਇਹ ਕਾਨੂੰਨ ਵੱਡੀਆਂ ਬਿੱਲੀਆਂ ਅਤੇ ਮਨੁੱਖ ਦੇ ਰਿਸ਼ਤੇ ਉੱਤੇ ਲਾਗੂ ਹੁੰਦਾ ਹੈ, ਉਵੇਂ ਹੀ ਇਹ ਮਨੁੱਖ ਅਤੇ ਮਨੁੱਖ ਦੇ ਪਰਸਪਰ ਸੰਬੰਧਾਂ ਉੱਤੇ ਵੀ ਲਾਗੂ ਹੁੰਦਾ ਹੈ। ਚਾਹੇ ਗੱਲ ਕਿਸੇ ਵਿਅਕਤੀ ਦੀ ਹੋਵੇ ਜਾਂ ਕਿਸੇ ਰਾਸ਼ਟਰ ਦੀ— ਦੋਹਾਂ ਹਾਲਤਾਂ ਵਿੱਚ ਇਹੀ ਸਿਧਾਂਤ ਵਰਤਦਾ ਹੈ: ਜੇਕਰ ਤੁਸੀਂ ਆਪਣੇ ਦੁਸ਼ਮਣ ਉੱਤੇ ਜਿੱਤ ਹਾਸਲ ਕਰਨ ਦੇ ਯੋਗ ਨਹੀਂ ਹੋ, ਤਾਂ ਉੱਤਸਾਹ ਵਿਚ ਆ ਕੇ ਉਸ ਉੱਤੇ ਹਮਲਾ ਨਾ ਕਰੋ। ਕਿਉਂਕਿ ਤੁਸੀਂ ਉਸਨੂੰ ਹੋਰ ਵੀ ਵੱਡਾ ਦੁਸ਼ਮਣ ਬਣਾ ਦੇਵੋਗੇ।

ਜੇ ਤੁਸੀਂ ਵੈਰੀ ਦਾ ਸਾਹਮਣਾ ਪੂਰੀ ਤਿਆਰੀ ਦੇ ਬਿਨਾਂ ਕਰਦੇ ਹੋ, ਤਾਂ ਇਹ ਤੁਹਾਡੀ ਆਪਣੇ ਹੱਥਾਂ ਨਾਲ ਆਪਣੀ ਕਬਰ ਖੋਦਣ ਦੇ ਬਰਾਬਰ ਹੈ। ਜਿਨ੍ਹਾਂ ਕੋਲ ਸਹੀ ਰਣਨੀਤੀ ਨਹੀਂ ਹੁੰਦੀ, ਉਨ੍ਹਾਂ ਲਈ ਉਤਸੁਕਤਾ ਵੀ ਕਿਸੇ ਕੰਮ ਨਹੀਂ ਆਉਂਦੀ। ਉਹ ਆਪਣੇ ਅੰਦਰਲੇ ਸੰਘਰਸ਼ ਰਾਹੀਂ ਦੂਜਿਆਂ ਨੂੰ ਵੈਰੀ ਬਣਾਉਂਦੇ ਹਨ ਅਤੇ ਫਿਰ ਸ਼ਿਕਾਇਤਾਂ ਅਤੇ ਵਿਰੋਧ ਵਿਚ ਫਸੇ ਰਹਿੰਦੇ ਹਨ। ਇਸ ਸੰਸਾਰ ਵਿੱਚ ਨਾ ਤਾ ਬਿਨਾਂ ਤਿਆਰੀ ਦੇ ਚੁੱਕੇ ਕਦਮ ਦੀ ਕੋਈ ਕਦਰ ਹੈ, ਅਤੇ ਨਾ ਹੀ ਬੇਬੁਨਿਆਦ ਸ਼ਿਕਾਇਤਾਂ ਦੀ। ਅਸਲ ਜ਼ਿੰਦਗੀ ਵਿੱਚ ਕਾਮਯਾਬੀ ਲਈ ਚਿੰਤਨ, ਤਿਆਰੀ ਅਤੇ ਸਮਝਦਾਰੀ ਵਾਲੀ ਰਣਨੀਤੀ ਹੀ ਇੱਕਮਾਤ੍ਰ ਰਸਤਾ ਹੈ।

ਜੀਵਨ ਸ਼ਕਤੀ

ਇੱਕ ਵਾਰੀ ਇੱਕ ਵੇਹੜੇ ਵਿੱਚ ਲਪੇਟਦਾਰ ਵੇਲ ਵੱਧ ਰਹੀ ਸੀ। ਘਰ ਦੀ ਮੁਰੰਮਤ ਦੌਰਾਨ ਉਸਦੇ ਤਣਿਆਂ ਅਤੇ ਜੜ੍ਹਾਂ ਨੂੰ ਮਿੱਟੀ ਅਤੇ ਮਲਬੇ ਦੇ ਢੇਰ ਹੇਠ ਦਬਾ ਦਿੱਤਾ ਗਿਆ। ਕੁਝ ਸਮੇਂ ਬਾਅਦ ਜਦ ਵੇਹੜੇ ਦੀ ਸਫ਼ਾਈ ਹੋਈ, ਤਾਂ ਮਾਲਕ ਨੇ ਵੇਲ ਦੇ ਮੁਰਝਾਏ ਹਿੱਸੇ ਕੱਟ ਦਿੱਤੇ ਅਤੇ ਜੜ੍ਹਾਂ ਨੂੰ ਵੀ ਪੱਟ ਦਿੱਤਾ ਤਾਂ ਜੋ ਇਹ ਮੁੜ ਨਾ ਉੱਗ ਸਕਣ। ਫਿਰ ਪੂਰੇ ਵੇਹੜੇ ਨੂੰ ਇੱਟਾਂ ਨਾਲ ਢੱਕ ਕੇ ਉੱਤੇ ਸੀਮੈਂਟ ਦਾ ਫਰਸ਼ ਪਾ ਦਿੱਤਾ।

ਪਰ ਕੁਝ ਹਫ਼ਤੇ ਬਾਅਦ, ਉਸ ਥਾਂ ਜਿੱਥੇ ਵੇਲ ਦੀ ਜੜ੍ਹ ਸੀ, ਇਕ ਅਜੀਬ ਹਲਚਲ ਮਹਿਸੂਸ ਹੋਈ। ਇੱਟਾਂ ਇੱਕ ਥਾਂ ਉੱਪਰ ਉੱਠਣ ਲੱਗ ਪਈਆਂ, ਜਿਵੇਂ ਹੇਠੋਂ ਕੋਈ ਉਹਨਾਂ ਨੂੰ ਉਪਰ ਨੂੰ ਧੱਕ ਰਿਹਾ ਹੋਵੇ। ਪਹਿਲਾਂ ਤਾਂ ਲੋਕਾਂ ਨੇ ਇਸਨੂੰ ਚੂਹਿਆਂ ਦੀ ਖੁਦਾਈ ਸਮਝੀ, ਪਰ ਜਦ ਇੱਟਾਂ ਹਟਾਈਆਂ ਗਈਆਂ, ਤਾਂ ਦੇਖ ਕੇ ਹੈਰਾਨੀ ਹੋਈ ਕਿ ਵੇਲ ਮੁੜ ਉੱਗ ਰਹੀ ਸੀ— ਹਾਲਾਂਕਿ ਹੁਣ ਉਹ ਬਹੁਤ ਬੇਢੰਗੇ ਤਰੀਕੇ ਨਾਲ ਵੱਧ ਰਹੀ ਸੀ। ਦਰਅਸਲ, ਉਸ ਦੀਆਂ ਕੁਝ ਜੜ੍ਹਾਂ ਬਚ ਗਈਆਂ ਸਨ ਅਤੇ ਜਦ ਉੱਗਣ ਦਾ ਮੌਸਮ ਆਇਆ ਤਾਂ ਜੀਵਨ ਦੀ ਲਹਿਰ ਉਹਨਾਂ ਵਿੱਚ ਚਲਣ ਲੱਗੀ ਅਤੇ ਉਨ੍ਹਾਂ ਨੇ ਫਰਸ਼ ਨੂੰ ਚੀਰ ਕੇ ਰੋਸ਼ਨੀ ਵੱਲ ਰਸਤਾ ਬਣਾ ਲਿਆ।

ਇਹ ਕੁਦਰਤ ਦਾ ਇਕ ਅਦਭੁਤ ਚਮਤਕਾਰ ਹੈ ਕਿ ਇਹ ਨਰਮ, ਕੋਮਲ ਪੱਤੇ ਅਤੇ ਕਲੀਆਂ— ਜਿਨ੍ਹਾਂ ਨੂੰ ਉਂਗਲਾਂ ਨਾਲ ਮਸਲ ਕੇ ਸੁੱਟ ਦਿੱਤਾ ਜਾਂਦਾ ਹੈ— ਉਹ ਇੱਟਾਂ ਅਤੇ ਸੀਮੈਂਟ ਨੂੰ ਵੀ ਚੀਰ ਦੇਣ ਦੀ ਤਾਕਤ ਰੱਖਦੀਆਂ ਹਨ।

ਇਹ ਦੇਖ ਘਰ ਦੇ ਮਾਲਕ ਨੂੰ ਬਹੁਤ ਪਛਤਾਵਾ ਹੋਇਆ ਕਿ ਉਹ ਨਾਸਮਝੀ ਵਿਚ ਕੁਦਰਤ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜਦਕਿ, ਉਹ ਵੇਲ ਫਰਸ਼ ਨੂੰ ਚੀਰ ਕੇ ਆਪਣੀ ਹਿੰਮਤ ਦਾ ਪ੍ਰਮਾਣ ਦਿੰਦਿਆਂ ਹੋਇਆ ਜੀਊਣ ਦਾ ਹੱਕ ਮੰਗ ਰਹੀ ਹੈ। ਹੁਣ ਇਸਦੇ ਰਸਤੇ ਵਿੱਚ ਰੁਕਾਵਟ ਬਣਨਾ ਨਾਸਮਝੀ ਹੈ। ਇੱਥੋਂ ਤੱਕ ਕਿ ਉਸ ਨੇ ਆਸੇ ਪਾਸੇ ਤੋਂ ਵੀ ਹੋਰ ਇੱਟਾਂ ਹਟਾ ਦਿੱਤੀਆਂ ਤਾਂ ਜੋ ਵੇਲ ਆਜ਼ਾਦੀ ਨਾਲ ਵੱਧ ਸਕੇ। ਇੱਕ ਸਾਲ ਤੋਂ ਘੱਟ ਸਮੇਂ ਵਿੱਚ, ਉਹੀ ਵੇਲ ਪੰਦਰਾਂ ਫੁੱਟ ਉੱਚੀ ਹੋ ਕੇ ਵੇਹੜੇ ਦੀ ਉਸੇ ਕੰਧ ਨਾਲ ਲਿਪਟ ਗਈ ਸੀ, ਜਿੱਥੋਂ ਉਸਨੂੰ ਕਦੇ ਬੇਰਹਮੀ ਨਾਲ ਉਖਾੜ ਦਿੱਤਾ ਗਿਆ ਸੀ।

ਇੱਕ ਪਹਾੜ ਬਹੁਤ ਵਿਸ਼ਾਲ ਹੋਣ ਦੇ ਬਾਵਜੂਦ ਆਪਣੇ ਉਤੋਂ ਇੱਕ ਰੌੜਾ ਵੀ ਹਿਲਾ ਨਹੀਂ ਸਕਦਾ। ਪਰ ਇਹ ਨਿੱਕੀਆਂ, ਨਰਮ ਕਲੀਆਂ ਸੀਮੈਂਟ ਦੀ ਸਖ਼ਤ ਪਰਤ ਨੂੰ ਵੀ ਚੀਰ ਕੇ ਬਾਹਰ ਆ ਜਾਂਦੀਆਂ ਹਨ। ਇਹ ਤਾਕਤ ਕਿੱਥੋਂ ਆਉਂਦੀ ਹੈ? ਇਸ ਦੀ ਊਰਜਾ ਦਾ ਸਰੋਤ ਹੈ ਜੀਵਨ - ਇਸ ਸੰਸਾਰ ਦਾ ਇੱਕ ਅਦਭੁਤ, ਅਦ੍ਰਿਸ਼ ਅਤੇ ਲਗਾਤਾਰ ਚੱਲਦਾ ਰਹਿਣ ਵਾਲਾ ਪ੍ਰਕਿਰਿਆਤਮਕ ਰਾਜ਼। ਜੀਵਨ ਇਸ ਬ੍ਰਹਮੰਡ ਦੀ ਇੱਕ ਹੈਰਾਨੀਜਨਕ ਅਤੇ ਲਗਾਤਾਰੀ ਪ੍ਰਕਿਰਿਆ ਹੈ— ਇਹ ਇਕ ਐਸੀ ਸ਼ਕਤੀ ਹੈ ਜੋ ਇਸ ਸੰਸਾਰ ’ਚ ਆਪਣੇ ਹੱਕ ਲੈ ਕੇ ਰਹਿੰਦੀ ਹੈ, ਅਤੇ ਜਦੋਂ ਇਹ ਉਖਾੜੀ ਜਾਂਦੀ ਹੈ, ਤਦ

ਵੀ ਇਹ ਕਿਸੇ ਨਾ ਕਿਸੇ ਥਾਂ ਮੌਜੂਦ ਰਹਿੰਦੀ ਹੈ ਅਤੇ ਜਿਵੇਂ ਹੀ ਮੌਕਾ ਮਿਲਦਾ ਹੈ, ਦੁਬਾਰਾ ਉਭਰ ਕੇ ਸਾਹਮਣੇ ਆ ਜਾਂਦੀ ਹੈ। ਜਦੋਂ ਮਨੁੱਖ ਇਹ ਸਮਝ ਲੈਂਦੇ ਹਨ ਕਿ ਹੁਣ ਸਿਰਫ਼ ਖੰਡਰ ਬਚੇ ਹਨ, ਜੀਵਨ ਦਾ ਅੰਤ ਹੋ ਗਿਆ ਹੈ— ਉਹੀ ਵੇਲਾ ਹੁੰਦਾ ਹੈ ਜਦ ਜੀਵਨ ਮਲਬੇ ਵਿਚੋਂ ਮੁੜ ਸਿਰ ਚੁੱਕਦਾ ਹੈ।

ਸਿੱਖਿਆ ਦਿੰਦਾ ਦਰੱਖਤ

ਦਰੱਖਤ ਦੇ ਤਨੇ ਦੀ ਬਣਤਰ ਉਸਦੇ ਅੱਧੇ ਹਿੱਸੇ ਨੂੰ ਦਰਸਾਉਂਦੀ ਹੈ, ਜਦਕਿ ਬਾਕੀ ਅਧਾ ਹਿੱਸਾ ਉਸ ਦੀਆਂ ਜੜ੍ਹਾਂ ਹੁੰਦੀਆਂ ਹਨ। ਬੋਟਨੀ ਵਿਦਵਾਨ ਦੱਸਦੇ ਹਨ ਕਿ ਦਰੱਖਤ ਜਿੰਨਾ ਜ਼ਮੀਨ ਤੋਂ ਉੱਪਰ ਹੁੰਦਾ ਹੈ, ਉੰਨਾ ਹੀ ਜ਼ਮੀਨ ਦੇ ਹੇਠਾਂ ਵੀ ਆਪਣੀਆਂ ਜੜਾਂ ਰਾਹੀਂ ਫੈਲਿਆ ਹੁੰਦਾ ਹੈ। ਦਰਅਸਲ, ਦਰੱਖਤ ਹਰਾ-ਭਰਾ ਅਤੇ ਮਜ਼ਬੂਤੀ ਨਾਲ ਤਦ ਹੀ ਜ਼ਮੀਨ ’ਤੇ ਖੜ੍ਹਾ ਰਹਿ ਸਕਦਾ ਹੈ, ਜਦ ਉਹ ਆਪਣਾ ਅੱਧਾ ਅਸਤੀਤਵ ਭਾਵ ਆਪਣੀਆਂ ਜਣਾਂ ਨੂੰ ਜ਼ਮੀਨ ਵਿੱਚ ਡੂੰਘਾ ਲੈ ਜਾਣ ਦੀ ਸਮਰੱਥਾ ਰੱਖਦਾ ਹੋਵੇ।

ਹਰ ਦਰੱਖਤ ਮਨੁੱਖਤਾ ਲਈ ਇੱਕ ਮਿਸਾਲ ਪੇਸ਼ ਕਰਦਾ ਹੈ— ਕਿ ਔਂਕੜਾਂ ਦੇ ਬਾਵਜੂਦ ਸਬਰ ਨਾਲ ਜੀਵਨ ਜੀਊਣ ਲਈ ਤੁਹਾਡਾ ਆਧਾਰ ਦਰੱਖਤ ਵਾਂਗ ਮਜ਼ਬੂਤ ਹੋਣਾ ਲਾਜ਼ਮੀ ਹੈ। ਇੱਕ ਦਰਸ਼ਨਸ਼ਾਸਤਰੀ ਨੇ ਇਸਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

> “ਜੜ੍ਹਾਂ ਥੱਲੇ ਵਲ, ਫਲ ਉੱਪਰ ਵਲ— ਇਹ ਹੀ ਰੱਬੀ ਨਿਯਮ ਹੈ। ਗੁਲਾਬ ਇੱਕ ਉੱਚੀ ਟਾਹਣੀ ਦੇ ਸਿਰੇ ਉੱਤੇ ਰੰਗ, ਰੂਪਰੇਖਾ ਅਤੇ ਖੁਸ਼ਬੂ ਦੇ ਪੂਰਨ ਮੇਲ ਵਜੋਂ ਉਭਰਦਾ ਹੈ। ਪਰ ਇਹ ਪੂਰਨਤਾ ਤਦ ਮਿਲਦੀ ਹੈ ਜਦੋਂ ਉਸਦੀ ਜੜ੍ਹ ਧਰਤੀ ਦੀ ਗੋਦ ਵਿੱਚ ਥੱਲੇ ਵੱਲ ਜਾਂਦੀ ਹੈ। ਜੋ ਲੋਕ ਖੇਤੀ ਜਾਂ ਬਾਗਬਾਨੀ ਕਰਦੇ ਹਨ, ਉਹ ਇਸ ਸੰਕਲਪ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਅਸੀਂ ਅਕਸਰ ਫਲ ਇਕੱਠਾ ਕਰਨ ਦੀ ਚਿੰਤਾ ’ਚ ਇੰਨਾ ਮਗਨ ਹੋ ਜਾਂਦੇ ਹਾਂ ਕਿ ਜੜ੍ਹ ਦੀ ਸੰਭਾਲ ਹੀ ਵਿਸਰ ਜਾਂਦੀ ਹੈ। ਅਸੀਂ ਉਦੋਂ ਤਕ ਨਾ ਤਾਂ ਸਫਲਤਾ ਪ੍ਰਾਪਤ ਕਰ ਸਕਦੇ ਹਾਂ, ਨਾ ਹੀ ਕੋਈ ਮੁਕਾਮ ਹਾਸਲ ਕਰ ਸਕਦੇ ਹਾਂ ਜਦੋਂ ਤੱਕ ਅਸੀਂ ਸਾਂਝੇ ਜੀਵਨ ਵਿਚ ਆਪਣੀਆਂ ‘ਜੜ੍ਹਾਂ’ ਨੂੰ ਡੂੰਘਾ ਨਹੀਂ ਲੈ ਜਾਂਦੇ। ਸਾਂਝ ਤੋਂ ਬਿਨਾਂ ਭਰਪੂਰਤਾ ਦੀ ਝੋਲੀ ਕਦੇ ਨਹੀਂ ਭਰ ਸਕਦੀ।

ਦਰੱਖਤ ਜ਼ਮੀਨ ਤੋਂ ਉੱਪਰ ਖੜ੍ਹਾ ਹੁੰਦਾ ਹੈ, ਪਰ ਉਹ ਆਪਣੀਆਂ ਜੜ੍ਹਾਂ ਨੂੰ ਗਹਿਰੀ ਤਰ੍ਹਾਂ ਜ਼ਮੀਨ ਵਿੱਚ ਲੈ ਜਾਂਦਾ ਹੈ। ਉਹ ਹਮੇਸ਼ਾ ਹੇਠਾਂ ਤੋਂ ਉੱਤੇ ਵੱਧਦਾ ਹੈ, ਕਦੇ ਵੀ ਉੱਤੇ ਤੋਂ ਹੇਠਾਂ ਵੱਧਣਾ ਸ਼ੁਰੂ ਨਹੀਂ ਕਰਦਾ। ਇਸ ਰਾਹੀਂ ਉਹ ਸਾਨੂੰ ਕੁਦਰਤ ਦਾ ਇੱਕ ਮਹੱਤਵਪੂਰਨ ਪਾਠ ਪੜ੍ਹਾਉਂਦਾ ਹੈ— ਜੇਕਰ ਅਸੀਂ ਬਾਹਰਲੀ ਤਰੱਕੀ ਦੀ ਇੱਛਾ ਰੱਖਦੇ ਹਾਂ ਤਾਂ ਪਹਿਲਾਂ ਅੰਦਰੂਨੀ ਮਜ਼ਬੂਤੀ ਨੂੰ ਵਿਕਸਤ ਕਰਨਾ ਪਵੇਗਾ। ਸਭ ਤੋਂ ਪਹਿਲਾਂ ਸਾਨੂੰ ਆਪਣਾ ਆਧਾਰ ਮਜ਼ਬੂਤ ਕਰਨਾ ਪਵੇਗਾ, ਤਦ ਹੀ ਅਸੀਂ ਸਮਾਜ ਦੇ ਨਵੇਂ ਨਿਰਮਾਣ ਦੀ ਆਸ ਕਰ ਸਕਦੇ ਹਾਂ।

ਸੌਖਾ ਹੱਲ

ਇੱਕ ਵਾਰੀ ਹਕੀਮ ਕੋਲ ਇੱਕ ਵਿਅਕਤੀ ਆਇਆ ਜੋ ਆਪਣੇ ਨਾਲ ਇੱਕ ਡੱਬਾ ਲੈ ਕੇ ਆਇਆ। ਉਸ ਨੇ ਡੱਬੇ ਵਿੱਚੋਂ ਇੱਕ ਗਹਿਣਾ ਕੱਢ ਕੇ ਦਿਖਾਇਆ ਅਤੇ ਕਿਹਾ ਕਿ ਇਹ ਖ਼ਾਲਸ ਸੋਨਾ ਹੈ। ਉਸਨੇ ਦਾਅਵਾ ਕੀਤਾ: "ਇਸ ਦੀ ਕੀਮਤ ਘੱਟੋ-ਘੱਟ ਵੀਹ ਹਜ਼ਾਰ ਰੁਪਏ ਹੈ। ਮੈਂ ਇਹ ਤੁਹਾਡੇ ਕੋਲ ਦੱਸ ਹਜ਼ਾਰ ਰੁਪਏ ਦੇ ਕਰਜ਼ੇ ਦੇ ਬਦਲੇ ਰੱਖਣਾ ਚਾਹੁੰਦਾ ਹਾਂ। ਇੱਕ ਮਹੀਨੇ ਵਿੱਚ ਇਹ ਰਕਮ ਵਾਪਸ ਕਰਕੇ, ਇਹ ਗਹਿਣਾ ਲੈ ਜਾਵਾਂਗਾ।" ਹਕੀਮ ਨੇ ਸਿੱਧਾ ਕਿਹਾ: "ਮੈਂ ਇਸ ਕਿਸਮ ਦਾ ਕੰਮ ਨਹੀਂ ਕਰਦਾ।" ਪਰ ਉਸ ਵਿਅਕਤੀ ਨੇ ਆਪਣੀ ਲਾਚਾਰੀ ਇਸ ਤਰ੍ਹਾਂ ਦਰਸਾਈ ਕਿ ਹਕੀਮ ਨੂੰ ਉਸ ਉੱਤੇ ਦਇਆ ਆ ਗਈ। ਨਤੀਜੇ ਵਜੋਂ, ਹਕੀਮ ਨੇ ਉਸਨੂੰ ਦੱਸ ਹਜ਼ਾਰ ਰੁਪਏ ਕਰਜ਼ੇ ਵਜੋਂ ਦੇ ਦਿੱਤੇ ਅਤੇ ਗਹਿਣੇ ਨੂੰ ਇਕ ਅਲਮਾਰੀ ਵਿੱਚ ਸੁਰੱਖਿਅਤ ਰੱਖ ਦਿੱਤਾ।

ਕਈ ਮਹੀਨੇ ਲੰਘ ਗਏ ਪਰ ਉਹ ਵਿਅਕਤੀ ਮੁੜ ਨਾ ਆਇਆ। ਹੁਣ ਹਕੀਮ ਨੂੰ ਸ਼ੱਕ ਹੋਇਆ। ਆਖ਼ਰ ਇਕ ਦਿਨ ਉਸਨੇ ਉਹ ਗਹਿਣਾ ਇੱਕ ਸੋਨੇ ਦੇ ਕਾਰੀਗਰ ਨੂੰ ਵਿਖਾਇਆ। ਉਸ ਨੇ ਤੁਰੰਤ ਹੀ ਦੱਸ ਦਿੱਤਾ ਕਿ ਇਹ ਗਹਿਣਾ ਸੋਨੇ ਦਾ ਨਹੀਂ, ਬਲਕਿ ਪੀਤਲ ਦਾ ਹੈ।

ਪੈਸੇ ਦੀ ਹਾਨੀ ਕਾਰਣ ਹਕੀਮ ਖੁਦ ਨੂੰ ਪਰੇਸ਼ਾਨ ਜਾਂ ਅਸ਼ਾਂਤ ਨਹੀਂ ਸੀ ਕਰਨਾ ਚਾਹੁੰਦਾ, ਇਸ ਕਰਕੇ ਉਸਨੇ ਫ਼ੈਸਲਾ ਲਿਆ ਕਿ ਉਸਨੂੰ ਇਸ ਬਾਰੇ ਜ਼ਿਆਦਾ ਨਾ ਸੋਚਦੇ ਹੋਏ ਸਭ ਭੁਲਾ ਦੇਣਾ ਚਾਹੀਦਾ ਹੈ। ਇਹ ਸੋਚਣ ਉਪਰੰਤ ਉਸਨੇ ਉਹ ਗਹਿਣਾ ਸਟੀਲ ਦੀ ਸੁਰੱਖਿਅਤ ਅਲਮਾਰੀ ਵਿਚੋਂ ਕੱਢ

ਕੇ ਬਾਹਰ ਖੁੱਲ੍ਹੀ ਅਲਮਾਰੀ, ਜਿੱਥੇ ਪੀਤਲ ਦੀਆਂ ਚੀਜ਼ਾਂ ਪਈਆਂ ਸਨ; ਵਿਚ ਰੱਖ ਦਿੱਤਾ।

ਅਸੀਂ ਵੀ ਅਕਸਰ ਗੁੱਸੇ ਵਿਚ ਆ ਜਾਂਦੇ ਹਾਂ ਜਦੋਂ ਕੋਈ ਵਿਅਕਤੀ ਸਾਡੀਆਂ ਉਮੀਦਾਂ 'ਤੇ ਪੂਰਾ ਨਹੀਂ ਉਤਰਦਾ। ਜਿਨ੍ਹਾਂ ਨੂੰ ਅਸੀਂ ਇਮਾਨਦਾਰ ਮੰਨਦੇ ਹਾਂ, ਜੇਕਰ ਉਹ ਠੱਗ ਨਿਕਲਣ, ਜਾਂ ਜਿਨ੍ਹਾਂ ਨੂੰ ਅਸੀਂ ਆਗਿਆਕਾਰੀ ਸਮਝਦੇ ਹਾਂ, ਜੇਕਰ ਉਹ ਉਲਟ ਵਤੀਰਾ ਦਿਖਾਉਣ ਤਾਂ ਅੰਦਰੋਂ ਝਟਕਾ ਲੱਗਦਾ ਹੈ।

ਇਸ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਸੰਬੰਧਤ ਵਿਅਕਤੀ ਆਪਣਾ ਰਵੱਈਆ ਬਦਲੇ, ਬਿਲਕੁਲ ਉਸੇ ਤਰ੍ਹਾਂ ਜਿਵੇਂ ਹਕੀਮ ਨੇ ਨਕਲੀ ਗਹਿਣਿਆਂ ਦੇ ਮਾਮਲੇ ਵਿੱਚ ਕੀਤਾ ਸੀ। ਉਹ ਗਹਿਣੇ ਜਿਨ੍ਹਾਂ ਨੂੰ ਉਸ ਨੇ ਪਹਿਲਾਂ ਸੋਨਾ ਸਮਝ ਕੇ ਸੁਰੱਖਿਅਤ ਰੱਖਿਆ ਸੀ, ਬਾਅਦ ਵਿੱਚ ਉਸ ਨੇ ਉਹਨਾਂ ਗਹਿਣਿਆਂ ਨੂੰ ਸੁਰੱਖਿਅਤ ਥਾਂ ਤੋਂ ਕਢ ਕੇ ਪਿਤਲ ਦੇ ਬਰਤਨਾਂ ਵਾਲੇ ਸੰਦੂਕ ਵਿੱਚ ਰੱਖ ਦਿੱਤਾ।

ਚਿੰਨ੍ਹਾਂ ਨੂੰ ਪੜ੍ਹਨਾ

ਆਧੁਨਿਕ ਯੁੱਗ ਵਿੱਚ ਟ੍ਰੈਫਿਕ ਵੱਧਣ ਨਾਲ ਸੜਕ ਹਾਦਸਿਆਂ ਦਾ ਖ਼ਤਰਾ ਵੀ ਕਾਫੀ ਵੱਧ ਗਿਆ ਹੈ। ਇਹ ਖ਼ਤਰਾ ਘਟਾਉਣ ਲਈ ਸੜਕਾਂ 'ਤੇ ਵੱਖ-ਵੱਖ ਕਿਸਮ ਦੇ ਚਿੰਨ੍ਹ (ਸਾਈਨਬੋਰਡ) ਲਗਾਏ ਜਾਂਦੇ ਹਨ, ਤਾਂ ਜੋ ਚਾਲਕਾਂ ਨੂੰ ਸਹੀ ਦਿਸ਼ਾ ਨਿਰਦੇਸ਼ ਮਿਲ ਸਕੇ। ਉਨ੍ਹਾਂ ਵਿੱਚੋਂ ਇੱਕ ਬੋਰਡ ਦਰਸਾਉਂਦਾ ਹੈ: "ਲੇਨ ਵਿਚ ਚਲਾਉਣਾ, ਸਿਆਣਪ ਨਾਲ ਚਲਾਉਣਾ ਹੈ।" ਭਾਵ ਆਪਣੀ ਲੇਨ ਵਿੱਚ ਰਹਿ ਕੇ ਵਾਹਨ ਚਲਾਉਣਾ ਸੜਕ ਸੁਰੱਖਿਆ ਲਈ ਬਹੁਤ ਲਾਭਕਾਰੀ ਹੈ। ਇਹ ਨਾਂ ਸਿਰਫ਼ ਹੋਰ ਵਾਹਨਾਂ ਨਾਲ ਟੱਕਰ ਤੋਂ ਬਚਾਉਂਦਾ ਹੈ, ਸਗੋਂ ਯਾਤਰਾ ਨੂੰ ਸੁਰੱਖਿਅਤ ਅਤੇ ਹਾਦਸਾਮੁਕਤ ਬਣਾਉਂਦਾ ਹੈ।

ਬ੍ਰਿਟਿਸ਼ ਮੋਟਰ ਮੈਗਜ਼ੀਨ ਵਿੱਚ ਛਪੇ ਲੇਖ ਵਿੱਚ ਇੱਕ ਡਰਾਈਵਿੰਗ ਮਾਹਰ ਕੁਝ ਅਣਮੁੱਲੇ ਸੁਝਾਅ ਦਿੰਦਾ ਹੈ। ਉਦਾਹਰਨ ਵਜੋਂ, ਜੇਕਰ ਤੁਸੀਂ ਕਿਸੇ ਮੁੱਖ ਸੜਕ 'ਤੇ ਤੇਜ਼ੀ ਨਾਲ ਵਾਹਨ ਚਲਾ ਰਹੇ ਹੋ ਅਤੇ ਅਚਾਨਕ ਸੱਜੇ ਜਾਂ ਖੱਬੇ ਪਾਸੇ

ਤੋਂ ਇੱਕ ਗੇਂਦ ਆਉਂਦੀ ਦਿੱਸੇ, ਤਾਂ ਤੁਹਾਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਸ ਗੇਂਦ ਦੇ ਪਿੱਛੇ ਕੋਈ ਬੱਚਾ ਵੀ ਹੋ ਸਕਦਾ ਹੈ। ਜੇ ਤੁਸੀਂ ਗੇਂਦ ਨੂੰ ਤਾਂ ਵੇਖ ਲਿਆ, ਪਰ ਬੱਚੇ ਦੀ ਕਲਪਨਾ ਨਾ ਕਰ ਸਕੇ, ਤਾਂ ਤੁਸੀਂ ਇੱਕ ਚੰਗੇ ਡਰਾਈਵਰ ਨਹੀਂ ਹੋ। ਚੰਗਾ ਡਰਾਈਵਰ ਉਹ ਹੈ ਜੋ ਗੇਂਦ ਦੇ ਪਿੱਛੇ ਦੌੜਦੇ ਬੱਚੇ ਨੂੰ ਆਪਣੀ ਮਨ ਦੀਆਂ ਅੱਖਾਂ ਨਾਲ ਵੇਖ ਲੈਂਦਾ ਹੈ, ਤੇ ਵਾਹਨ ਰੋਕ ਦਿੰਦਾ ਹੈ। ਇਹ ਡਰਾਈਵਰ ਦੀ ਕਲਪਨਾ ਸ਼ਕਤੀ ਦੀ ਤੀਵਰਤਾ ਹੈ ਜੋ ਬੱਚੇ ਦੀ ਜ਼ਿੰਦਗੀ ਬਚਾਉਂਦੀ ਹੈ।

ਜਿਹੜੇ ਨਿਯਮ ਅਸੀਂ ਸੜਕ ਉੱਤੇ ਗੱਡੀ ਚਲਾਉਂਦਿਆਂ ਯਾਦ ਰੱਖਦੇ ਹਾਂ, ਉਹੀ ਨਿਯਮ ਸਾਨੂੰ ਆਪਣੀ ਲੰਮੀ ਜੀਵਨ ਯਾਤਰਾ ਦੌਰਾਨ ਵੀ ਚੇਤੇ ਰੱਖਣੇ ਚਾਹੀਦੇ ਹਨ। ਜੇ ਮਨੁੱਖ ਚਾਹੇ ਤਾਂ "ਸੜਕ ਚਿੰਨ੍ਹਾਂ" ਤੋਂ ਹੀ ਜ਼ਿੰਦਗੀ ਦੇ ਕੁਝ ਬੁਨਿਆਦੀ ਪਰ ਮਹੱਤਵਪੂਰਨ ਸਿਧਾਂਤ ਸਿੱਖ ਸਕਦਾ ਹੈ।

ਆਪਣੀ ਗਤੀਵਿਧੀਆਂ ਜਾਂ ਕਾਰਜਾਂ ਨੂੰ ਹਮੇਸ਼ਾ ਆਪਣੇ ਦਾਇਰੇ (ਹੱਦ) ਤੱਕ ਸੀਮਤ ਰੱਖੋ; ਜੇ ਤੁਸੀਂ ਦੂਜਿਆਂ ਦੇ ਖੇਤਰ ਵਿੱਚ ਦਖਲ ਦਿੰਦੇ ਹੋ, ਤਾਂ ਟਕਰਾਵ ਦੀ ਉਮੀਦ ਬਹੁਤ ਵੱਧ ਜਾਵੇਗੀ ਅਤੇ ਤਰੱਕੀ ਦੀ ਉਮੀਦ ਬਿਲਕੁਲ ਘੱਟ ਜਾਵੇਗੀ। ਸਮਾਜ ਵਿੱਚ ਜਦੋਂ ਕੁਝ ਸੰਕੇਤ ਨਜ਼ਰ ਆਉਣ, ਤਾਂ ਉਨ੍ਹਾਂ ਦੀ ਆਂਤਰਿਕ ਰਮਜ਼ ਨੂੰ ਸਮਝਣ ਦੀ ਕੋਸ਼ਿਸ਼ ਕਰੋ ਅਤੇ ਉਪਰਲੀ ਪਰਤ ਤਕ ਸੀਮਤ ਨਾ ਹੁੰਦਿਆਂ ਹੋਇਆਂ; ਜੋ ਕੁਝ ਧੁਰ ਅੰਦਰ ਲੁਕਿਆ ਹੋਇਆ ਹੈ, ਉਸ ਤੱਕ ਪਹੁੰਚੋ।

ਜੇ ਅਸੀਂ ਕੇਵਲ ਉਹੀ ਵੇਖੀਏ ਜੋ ਅੱਖਾਂ ਦੇ ਸਾਹਮਣੇ ਹੈ, ਤੇ ਉਸ ਪਿੱਛੇ ਲੁਕੇ ਅਸਲ ਸੰਦੇਸ਼ ਨੂੰ ਨਜ਼ਰਅੰਦਾਜ਼ ਕਰ ਦਈਏ, ਤਾਂ ਅਸੀਂ ਆਪਣੇ ਜੀਵਨ ਵਿਚ ਤਰੱਕੀ ਨਹੀਂ ਕਰ ਸਕਦੇ। ਉਸ ਵੇਲੇ ਹੋਰ ਲੋਕ ਜੋ ਦੂਰ-ਅੰਦੇਸ਼ੀ ਹੋਣਗੇ, ਸਾਨੂੰ ਪਿੱਛੇ ਛੱਡ ਕੇ ਤਰੱਕੀ ਵੱਲ ਅੱਗੇ ਵੱਧ ਜਾਣਗੇ। ਅਸੀਂ ਉਨ੍ਹਾਂ ਮੁਸੀਬਤਾਂ ਦਾ ਸ਼ਿਕਾਰ ਹੋ ਜਾਵਾਂਗੇ ਜੋ ਕਿ ਟਾਲੀਆਂ ਜਾ ਸਕਦੀਆਂ ਸਨ ਜੇਕਰ ਅਸੀਂ ਜੀਵਨ ਸੰਕੇਤਾਂ ਨੂੰ ਸਮਝ ਲੈਂਦੇ।

ਸੰਘਰਸ਼ ਰਾਹੀਂ ਤਾਰਿਆਂ ਤਕ

ਅੰਗਰੇਜ਼ ਵਿਦਵਾਨ ਇਆਨ ਨੈਸ਼, ਜਿਸਨੇ ਜਪਾਨ ਵਿੱਚ ਗਿਆਰਾਂ ਸਾਲ ਰਹਿ ਕੇ ਉਥੇ ਦੇ ਲੋਕਾਂ ਅਤੇ ਰਾਸ਼ਟਰ ਦੀ ਵਿਸਥਾਰਪੂਰਕ ਪੜਚੋਲ ਕੀਤੀ, ਇਸ ਨਤੀਜੇ ’ਤੇ ਪਹੁੰਚਦਾ ਹੈ ਕਿ ਜਪਾਨੀਆਂ ਨੂੰ ਸਭ ਤੋਂ ਵਧੀਕ ਝੰਝੋੜਨ ਵਾਲੀ ਘਟਨਾ ਕੋਈ ਰਾਜਨੀਤਿਕ ਉਲਟ-ਫੇਰ ਨਹੀਂ ਸੀ, ਬਲਕਿ 1 ਸਤੰਬਰ 1923 ਨੂੰ ਆਏ ਕਾਂਤੋ ਭੂਚਾਲ ਦੀ ਤਬਾਹੀ ਸੀ। ਇਸ ਭੂਚਾਲ ਨੇ ਜਪਾਨ ਦੇ ਸਭ ਤੋਂ ਵੱਧ ਆਬਾਦੀ ਵਾਲੇ ਪੂਰਬੀ ਹਿੱਸੇ ਨੂੰ ਤਬਾਹ ਕਰ ਦਿੱਤਾ। ਇਸ ਤੋਂ ਬਾਅਦ, ਦੂਜਾ ਭਿਆਨਕ ਝਟਕਾ ਉਹ ਸੀ ਜਦ ਜਪਾਨ ਦੇ ਦੋ ਵੱਡੇ ਸ਼ਹਿਰ ਪਰਮਾਣੂ ਹਮਲਿਆਂ ਵਿਚ ਸੜ ਕੇ ਖਾਕ ਹੋ ਗਏ। ਇਹ ਦੂਸਰੇ ਵਿਸ਼ਵ ਯੁੱਧ (1945) ਵਿੱਚ ਜਪਾਨ ਦੀ ਹਾਰ ਦਾ ਕਾਰਨ ਬਣਿਆ।

ਇਸ ਤਰ੍ਹਾਂ ਦੇ ਭਿਆਨਕ ਹਾਦਸਿਆਂ ਵਿਚ ਰਾਖ ਹੋਏ ਕਿਸੇ ਵੀ ਦੇਸ਼ ਦੇ ਮੁੜ ਵਿਕਸਿਤ ਹੋਣ ਦੀ ਉਮੀਦ ਕਰਨਾ ਅਸੰਭਵ ਜਾਪਦਾ ਹੈ। ਪਰ ਅਸਲੀਅਤ ਇਸ ਦੇ ਉਲਟ ਹੈ। ਜਪਾਨ ਨੇ ਨ ਸਿਰਫ਼ ਆਪਣੇ ਆਪ ਨੂੰ ਦੁਬਾਰਾ ਖੜਾ ਕੀਤਾ, ਬਲਕਿ ਅੱਜ ਉਹ ਵਿਸ਼ਵ ਦੇ ਵਪਾਰਕ ਅਤੇ ਉਦਯੋਗਿਕ ਮੰਚ ਉੱਤੇ ਚਮਕਦਾ ਨਜ਼ਰ ਆਉਂਦਾ ਹੈ। ਇਹ ਵਿਸ਼ੇਸ਼ ਤੌਰ ’ਤੇ ਇਸ ਲਈ ਵੀ ਹੈਰਾਨੀਜਨਕ ਹੈ ਕਿਉਂਕਿ ਜਪਾਨ ਨੇ ਆਪਣੀ ਉਦਯੋਗਿਕ ਯਾਤਰਾ ਬ੍ਰਿਟੇਨ, ਯੂਰਪ ਅਤੇ ਅਮਰੀਕਾ ਤੋਂ ਬਾਅਦ ਆਰੰਭ ਕੀਤੀ ਸੀ, ਅਤੇ ਜਪਾਨ ਕੋਲ ਉਹ ਕੁਦਰਤੀ ਸਰੋਤ (Natural Resources) ਵੀ ਨਹੀਂ ਸਨ, ਜਿਹੜੇ ਹੋਰਨਾਂ ਉਦਯੋਗਿਕ ਰਾਸ਼ਟਰਾਂ ਨੂੰ ਉਨ੍ਹਾਂ ਦੀ ਮਿੱਟੀ ਵਿਚੋਂ ਹੀ ਪ੍ਰਾਪਤ ਹੋਏ ਹਨ।

ਮਨੁੱਖੀ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਚੀਜ਼ ਹੈ— ਕਰਮ ਦੀ ਇੱਛਾ। ਜੇਕਰ ਜਪਾਨੀ ਲੋਕ ਦੇਸ਼ ਵਿਚ ਹੋਏ ਨੁਕਸਾਨ ਬਾਰੇ ਸੋਚ-ਸੋਚ ਕੇ ਨਿਰਾਸ਼ਾ ਵਿੱਚ ਡੁੱਬ ਜਾਂਦੇ, ਅਤੇ ਆਪਣੀ ਤਾਕਤ ਵਿਅਰਥ ਰਾਜਨੀਤਿਕ ਮੋਰਚਿਆਂ ਵਿਚ ਗਵਾ ਦਿੰਦੇ, ਤਾਂ ਜਪਾਨ ਅੱਜ ਪਿੱਛੜੇ ਹੋਏ ਰਾਸ਼ਟਰਾਂ ’ਚ ਗਿਣਿਆ ਜਾਂਦਾ।

ਪਰ, ਹਾਲਾਤਾਂ ਦੇ ਬਾਵਜੂਦ, ਉਨ੍ਹਾਂ ਨੇ ਆਪਣੇ ਅੰਦਰ ਆਉਣ ਵਾਲੀ ਕੋਈ ਵੀ ਬੇਬਸੀ ਜਾਂ ਪੀੜਤ ਹੋਣ ਦੀ ਭਾਵਨਾ ਨੂੰ ਜਿੱਤ ਲਿਆ ਅਤੇ ਪੂਰੇ ਹੌਸਲੇ ਅਤੇ ਯੋਜਨਾ ਨਾਲ ਰਾਸ਼ਟਰ ਦੇ ਨਵ-ਨਿਰਮਾਣ ਲਈ ਮਜ਼ਬੂਤ ਇਰਾਦਾ ਰੱਖਦਿਆਂ ਰਸਤਾ ਬਣਾਇਆ। ਭਾਵੇਂ ਭੂਚਾਲਾਂ ਨੇ ਉਨ੍ਹਾਂ ਲਈ ਮੌਤ ਅਤੇ ਤਬਾਹੀ ਲਿਆਂਦੀ

ਸੀ, ਪਰ ਇਹੀ ਤਬਾਹੀ ਉਨ੍ਹਾਂ ਨੂੰ ਆਪਣਾ ਜੀਵਨ ਨਵੇਂ ਸਿਰੇ ਤੋਂ ਮੁੜ ਆਰੰਭ ਕਰਨ ਲਈ ਪ੍ਰੇਰਿਤ ਵੀ ਕਰ ਗਈ।

ਅਜਿਹੇ ਮੁਸ਼ਕਿਲ ਹਾਲਤਾਂ ਵਿਚ, ਜੇਕਰ ਮਨੁੱਖ ਕੋਲ ਇੱਛਾ ਸ਼ਕਤੀ ਹੋਵੇ ਤਾਂ ਉਸ ਦੀਆਂ ਲੁਕੀਆਂ ਹੋਈਆਂ ਤਾਕਤਾਂ, ਕਾਬਲੀਅਤ ਅਤੇ ਰਚਨਾਤਮਕਤਾ ਜਾਗ ਪੈਂਦੀ ਹੈ। ਉਹ ਡੂੰਘਾਈ ਨਾਲ ਸੋਚਦਾ ਹੈ, ਚੰਗੀ ਯੋਜਨਾ ਬਣਾਉਂਦਾ ਹੈ ਅਤੇ ਉਸ ਯੋਜਨਾ ਨੂੰ ਪੂਰਾ ਕਰਨ ਲਈ ਲੋੜੀਂਦੇ ਉੱਦਮ ਕਰਦਾ ਹੈ। ਜਿਸ ਵਿਅਕਤੀ ਕੋਲ ਜੀਵਨ ਨੂੰ ਸੁਧਾਰਨ ਦੀ ਇੱਛਾ ਨਹੀਂ, ਉਹ ਇੱਕ ਐਸੇ ਇੰਜਣ ਵਾਂਗ ਹੈ ਜੋ ਸਟਾਰਟ ਤਾਂ ਹੈ, ਪਰ ਕਿਤੇ ਜਾ ਨਹੀਂ ਸਕਦਾ।

ਅਨੁਭਵ ਇਹ ਵੀ ਦੱਸਦਾ ਹੈ ਕਿ ਕਈ ਵਾਰੀ ਸੁੱਖ-ਸੁਵਿਧਾ ਅਤੇ ਆਲਸ ਮਨੁੱਖੀ ਤਰੱਕੀ ਲਈ ਤਬਾਹੀ ਅਤੇ ਨਿਰਾਸ਼ਾ ਨਾਲੋਂ ਵੀ ਵੱਡੀ ਰੁਕਾਵਟ ਬਣ ਜਾਂਦੇ ਹਨ। ਇਸ ਦਾ ਮਤਲਬ ਇਹ ਨਹੀਂ ਕਿ ਦੁੱਖ-ਕਲੇਸ਼ ਆਪਣੇ ਆਪ ਵਿੱਚ ਲਾਭਕਾਰੀ ਹੁੰਦੇ ਹਨ। ਪਰ ਉਹ ਇੱਕ ਅਜਿਹੀ ਚਿੰਗਾਰੀ ਹਨ ਜੋ ਮਨੁੱਖ ਦੀ ਆਤਮਾ ਦੇ ਇੰਧਨ ਨੂੰ ਭੜਕਾਉਂਦੀਆਂ ਹਨ, ਜੋ ਉਸਨੂੰ ਆਪਣੇ ਟੀਚੇ ਵੱਲ ਧੱਕਦੀਆਂ ਹਨ। ਇਹ ਮੁਸ਼ਕਲਾਂ ਮਨੁੱਖ ਦੀ ਪਹਿਲਕਦਮੀ ਦਾ ਮੁੱਖ ਸਰੋਤ ਹਨ ਅਤੇ ਇੱਕ ਐਸੀ ਤਾਕਤ ਹਨ ਜੋ ਉਸਨੂੰ ਨਿਰੰਤਰ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਪਰ ਇਹ ਸਭ ਕੁਝ ਤਦ ਹੀ ਸੰਭਵ ਬਣਦਾ ਹੈ ਜਦ ਮਨੁੱਖ ਕੋਲ ਕੁੱਛ ਕਰ ਦਿਖਾਉਣ ਦੀ ਇੱਛਾ ਸ਼ਕਤੀ ਜਾਂ ਹਿੰਮਤ ਹੋਵੇ। ਆਪਣੇ ਹਲਾਤਾਂ ਨੂੰ ਕੋਸਣ ਦੀ ਬਜਾਏ, ਉੱਠ ਕੇ ਅੱਗੇ ਵਧਣ ਦੀ ਹਿੰਮਤ ਹੋਣੀ ਚਾਹੀਦੀ ਹੈ।

ਸਹੀ ਕਿਹਾ ਗਿਆ ਹੈ: "ਮਨੁੱਖ ਦੀ ਪਛਾਣ ਸੁਖਾਂ ਨਾਲ ਨਹੀਂ, ਉੱਦਮ ਨਾਲ ਅਤੇ ਸਹੂਲਤਾਂ ਨਾਲ ਨਹੀਂ, ਰੁਕਾਵਟਾਂ ਨਾਲ ਬਣਦੀ ਹੈ।"

ਲਚਕੀਲੇਪਨ ਦੀ ਲੋੜ

ਇੱਕ ਵਿਅਕਤੀ ਕੱਪੜਾ ਖਰੀਦਣ ਦੀ ਮਨਸ਼ਾ ਨਾਲ ਦੁਕਾਨ ਵਿੱਚ ਆਇਆ। ਪਸੰਦੀਦਾ ਕੱਪੜਾ ਚੁਣਨ ਵਿੱਚ ਕੋਈ ਮੁਸ਼ਕਲ ਨਹੀਂ ਸੀ, ਪਰ ਮੁੱਲ ਨਿਸ਼ਚਿਤ ਕਰਨਾ ਇੱਕ ਵੱਡੀ ਚੁਣੌਤੀ ਸੀ। ਕਿਉਂਕਿ ਪੂਰਬੀ ਦੇਸ਼ਾਂ ਵਿੱਚ ਆਮ ਤੌਰ 'ਤੇ

ਖਰੀਦਦਾਰੀ ਤੋਂ ਪਹਿਲਾਂ ਮੋਲ-ਭਾਅ ਕਰਨਾ ਲਾਜ਼ਮੀ ਹੁੰਦਾ ਹੈ। ਇਸ ਵਾਰ ਮੋਲ-ਭਾਅ ਲੰਮਾ ਚੱਲਿਆ। ਨਾ ਤਾਂ ਦੁਕਾਨਦਾਰ ਕੀਮਤ ਘਟਾਉਣ ਨੂੰ ਤਿਆਰ ਸੀ ਤੇ ਨਾ ਹੀ ਮੂੰਹ-ਮੰਗੀ ਕੀਮਤ 'ਤੇ ਲੈਣ ਨੂੰ ਗਾਹਕ ਮੰਨ ਰਿਹਾ ਸੀ। ਆਖ਼ਰ, ਅੱਧਾ ਘੰਟਾ ਲੰਘਣ ਤੋਂ ਬਾਅਦ, ਦੁਕਾਨਦਾਰ ਨੇ ਹੀ ਹਾਰ ਮੰਨ ਲਈ ਅਤੇ ਗਾਹਕ ਦੀ ਕੀਮਤ 'ਤੇ ਸੌਦਾ ਪੱਕਾ ਕਰ ਲਿਆ।

ਗਾਹਕ ਦੇ ਜਾਣ ਮਗਰੋਂ ਉਥੇ ਮੌਜੂਦ ਦੁਕਾਨਦਾਰ ਦੇ ਦੋਸਤ ਨੇ ਪੁੱਛਿਆ: "ਜਦ ਤੂੰ ਪਹਿਲਾਂ ਤੋਂ ਹੀ ਗਾਹਕ ਦੀ ਕੀਮਤ 'ਤੇ ਸੌਦਾ ਦੇਣ ਨੂੰ ਤਿਆਰ ਸੀ, ਤਾਂ ਫਿਰ ਐਨਾ ਸਮਾਂ ਮੋਲ-ਭਾਅ 'ਤੇ ਕਿਉਂ ਵਿਅਰਥ ਕੀਤਾ?" ਦੁਕਾਨਦਾਰ ਨੇ ਹੌਲੀ ਜਿਹੇ ਹੱਸ ਕੇ ਜਵਾਬ ਦਿੱਤਾ: "ਤੂੰ ਅਸਲੀ ਗੱਲ ਨਹੀਂ ਫੜੀ। ਇਹ ਤਾਂ ਮੇਰਾ ਸੌਦਾ ਪੱਕਾ ਕਰਨ ਦਾ ਢੰਗ ਸੀ। ਜੇ ਮੈਂ ਝੱਟ ਹੀ ਉਸਦੀ ਕੀਮਤ ਮੰਨ ਲੈਂਦਾ, ਤਾਂ ਉਹ ਸੋਚ ਸਕਦਾ ਸੀ ਕਿ ਹੋਰ ਕਿਤੇ ਇਸ ਤੋਂ ਵੀ ਸਸਤਾ ਮਿਲ ਸਕਦਾ ਹੈ। ਤੇ ਉਹ ਸੌਦਾ ਛੱਡ ਕੇ ਚਲਾ ਜਾਂਦਾ। ਇਸਦੇ ਨਾਲ ਹੀ ਉਸ ਦੀ ਜ਼ਿੱਦ ਵੇਖਣੀ ਜ਼ਰੂਰੀ ਸੀ। ਜਦ ਮੈਨੂੰ ਪਤਾ ਲੱਗ ਗਿਆ ਕਿ ਉਹ ਹੁਣ ਇੰਚ ਵੀ ਅੱਗੇ ਨਹੀਂ ਵਧੇਗਾ, ਤਦ ਮੈਨੂੰ ਹੀ ਉਹਦੀ ਮੰਨ ਕੇ ਝੁਕਣਾ ਪਿਆ।"

ਜੀਵਨ ਦੀ ਹਰ ਟਕਰਾਅਪੂਰਨ ਸਥਿਤੀ ਵਿੱਚ ਅਜਿਹਾ ਹੀ ਹੁੰਦਾ ਹੈ। ਕੁਦਰਤੀ ਗੱਲ ਹੈ ਕਿ ਹਰ ਧਿਰ ਇਹ ਚਾਹੁੰਦੀ ਹੈ ਕਿ ਮਾਮਲਾ ਉਸਦੇ ਨਿਯਮਾਂ ਅਨੁਸਾਰ ਨਿਪਟੇ। ਇਸ ਲਈ, ਆਪਣੇ ਹੱਕ ਵਾਸਤੇ ਆਪਣੀ ਗੱਲ 'ਤੇ ਅੜਨਾ ਵਾਜ਼ਬ ਗੱਲ ਹੈ। ਪਰ, ਇਥੇ ਇਹ ਸਮਝ ਹੋਣੀ ਵੀ ਲਾਜ਼ਮੀ ਹੈ ਕਿ ਤੁਹਾਡੀਆਂ ਹੱਦਾਂ ਕੀ ਹਨ? ਅਰਥਾਤ, ਤੁਸੀਂ ਬਗੈਰ ਆਪਣੇ ਨੁਕਸਾਨ ਜਾਂ ਗਾਹਕ ਨੂੰ ਨਾਰਾਜ਼ ਕੀਤੇ ਬਿਨਾਂ ਕਿੰਨਾ ਅੱਗੇ ਵੱਧ ਸਕਦੇ ਹੋ।

ਇਸ ਘਟਨਾ ਵਿੱਚ ਇੱਕ ਬੁਨਿਆਦੀ ਜੀਵਨ-ਸਿਧਾਂਤ ਲੁਕਿਆ ਹੋਇਆ ਹੈ, ਜਿਸਨੂੰ "ਵਿਵਸਥਾ" (adjustment) ਕਿਹਾ ਜਾਂਦਾ ਹੈ।

ਜੀਵਨ ਵਿੱਚ ਕਾਮਯਾਬੀ ਦੀ ਕੁੰਜੀ 'ਅਨੁਕੂਲਤਾ' (Adjustability) ਹੈ, ਫਿਰ ਚਾਹੇ ਉਹ ਵਿਅਗਤੀਗਤ ਹੋਵੇ ਜਾਂ ਰਾਸ਼ਟਰੀ ਪੱਧਰ 'ਤੇ। ਅਨੁਕੂਲਤਾ ਦਾ ਅਰਥ ਹੈ: ਕੇਵਲ ਆਪਣੀਆਂ ਜ਼ਰੂਰਤਾਂ ਹੀ ਨਹੀਂ, ਸਗੋਂ ਹੋਰਾਂ ਦੀਆਂ ਲੋੜਾਂ ਨੂੰ ਵੀ ਧਿਆਨ ਵਿੱਚ ਰੱਖਣਾ। ਇਸ ਸੰਸਾਰ ਵਿੱਚ ਉਹੀ ਵਿਅਕਤੀ ਕਾਮਯਾਬ ਹੁੰਦਾ ਹੈ ਜੋ ਸਿੱਕੇ ਦੇ ਦੋਵੇਂ ਪਹਿਲੂ ਦੇਖ ਸਕਦਾ ਹੈ, ਜੋ ਕਿਸੇ ਗੱਲ ਨੂੰ ਸਿਰਫ਼ ਆਪਣੀ ਦ੍ਰਿਸ਼ਟੀ ਤੋਂ ਹੀ ਨਹੀਂ, ਸਗੋਂ ਹੋਰਾਂ ਦੀ ਨਜ਼ਰ ਤੋਂ ਵੀ ਵੇਖਣ

ਦੀ ਸਮਰੱਥਾ ਰੱਖਦਾ ਹੈ। ਜੋ ਲੋਕ ਦੂਜਿਆਂ ਦੀ ਲੋੜਾਂ ਦਾ ਖ਼ਿਆਲ ਕੀਤੇ ਬਿਨਾਂ ਸਿਰਫ਼ ਆਪਣੀਆਂ ਇੱਛਾਵਾਂ ਦੀ ਪੂਰਤੀ ਪਿੱਛੇ ਭੱਜਦੇ ਹਨ, ਉਹ ਆਪਣਾ ਰਾਹ ਮੁਸ਼ਕਿਲਾਂ, ਰੁਕਾਵਟਾਂ ਅਤੇ ਨਮੋਸ਼ੀਆਂ ਨਾਲ ਭਰ ਲੈਂਦੇ ਹਨ ਅਤੇ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਹਨਾਂ ਨੂੰ ਜ਼ਿੰਦਗੀ ਵਿਚ ਕੇਵਲ ਨਾਕਾਮੀਆਂ ਹੱਥ ਆਉਂਦੀਆਂ ਹਨ।

ਦ੍ਰਿੜ੍ਹਤਾ ਦਾ ਫਲ

ਸਵੇਰੇ ਪੰਛੀਆਂ ਦੀ ਚੈਅ-ਚੈਅ ਨਾਲ ਜਦੋਂ ਉਹ ਆਦਮੀ ਜਾਗਿਆ, ਤਾਂ ਉਸਨੇ ਫਰਸ਼ ’ਤੇ ਇੱਕ ਟੁੱਟਿਆ ਹੋਇਆ ਅੰਡਾ ਵੇਖਿਆ। ਜ਼ਾਹਰ ਸੀ ਕਿ ਇਹ ਅੰਡਾ ਉਸਦੇ ਘਰ ਦੀ ਛੱਤ ਹੇਠਾਂ ਬਣੇ ਚਿੜੀਆਂ ਦੇ ਆਲ੍ਹਣੇ ਵਿਚੋਂ ਡਿੱਗਿਆ ਸੀ। ਥੱਕੇ ਮਨ ਨਾਲ, ਉਸਨੇ ਟੁੱਟੇ ਹੋਏ ਅੰਡੇ ਨੂੰ ਹਟਾਇਆ ਅਤੇ ਫਰਸ਼ ਉੱਤੇ ਪਏ ਤਿੰਨਕਿਆਂ ਨੂੰ ਦੇਖ ਕੇ ਕੁੜ੍ਹਦੇ ਹੋਏ, ਕੁਰਸੀ ’ਤੇ ਚੜ੍ਹ ਕੇ ਆਲ੍ਹਣਾ ਢਾਹ ਦਿੱਤਾ। ਫਿਰ ਉਸਨੇ ਕਾਫੀ ਸਮਾਂ ਲਾ ਕੇ ਆਪਣਾ ਘਰ ਚੰਗੀ ਤਰ੍ਹਾਂ ਸਾਫ ਕੀਤਾ।

ਪਰ ਅਗਲੇ ਹੀ ਦਿਨ, ਉਸਨੇ ਫਰਸ਼ ਉੱਤੇ ਪਹਿਲਾਂ ਨਾਲੋਂ ਵੀ ਜ਼ਿਆਦਾ ਤਿੰਨਕੇ ਡਿਗੇ ਵੇਖੇ। ਉੱਪਰ ਨਜ਼ਰ ਮਾਰੀ ਤਾਂ ਦੇਖਿਆ ਕਿ ਚਿੜੀਆਂ ਮੁੜ ਤੋਂ ਆਪਣਾ ਆਲ੍ਹਣਾ ਬਣਾ ਰਹੀਆਂ ਹਨ। ਉਸਨੂੰ ਇਉਂ ਮਹਿਸੂਸ ਹੋਇਆ ਕਿ ਚਿੜੀਆਂ ਦੀ ਚੈਅ-ਚੈਅ ਅਤੇ ਫਰਸ਼ ’ਤੇ ਰੋਜ਼ ਦੀ ਗੰਦਗੀ ਕਾਰਣ ਉਹ ਪਾਗਲ ਹੋ ਜਾਵੇਗਾ। ਜਿਸ ਕਰਕੇ ਉਸਨੇ ਨਵਾਂ ਆਲ੍ਹਣਾ ਮੁਕੰਮਲ ਹੋਣ ਤੋਂ ਪਹਿਲਾਂ ਹੀ ਫਿਰ ਢਾਹ ਦਿੱਤਾ। ਉਹ ਸੋਚ ਰਿਹਾ ਸੀ ਕਿ ਇਹ ਤਰੀਕਾ ਉਹਨਾਂ ਨੂੰ ਸਦਾ ਲਈ ਭਜਾਉਣ ਲਈ ਕਾਫੀ ਹੋਵੇਗਾ।

ਪਰ ਆਲ੍ਹਣੇ ਦਾ ਢਹਿਣਾ ਚਿੜੀਆਂ ਲਈ ਪ੍ਰੇਰਣਾ ਬਣ ਗਿਆ। ਚਿੜੀਆਂ ਹੋਰ ਹੋਂਸਲਾ, ਹਿੰਮਤ ਤੇ ਤੇਜ਼ੀ ਨਾਲ ਆਲ੍ਹਣਾ ਮੁੜ ਬਣਾਉਣ ਲੱਗੀਆਂ। ਉਹਨਾ ਨੇ ਆਪਣਾ ਘਰ ਟੁੱਟਣ ’ਤੇ ਇਕ ਵੀ ਪਲ ਦੁਖੀ ਹੋਣ ਜਾਂ ਰੋਸ ਕਰਨ ’ਤੇ ਵਿਅਰਥ ਨਹੀਂ ਕੀਤਾ ਅਤੇ ਨਾ ਹੀ ਹੋਰ ਚਿੜੀਆਂ ਨੂੰ ਮੱਦਦ ਲਈ ਬੁਲਾਇਆ। ਉਹ ਚੁੱਪਚਾਪ, ਬਿਨਾਂ ਥੱਕੇ, ਨਵੇਂ ਤਿੰਨਕੇ ਇੱਕਠੇ ਕਰਕੇ ਨਵਾਂ ਆਲ੍ਹਣਾ ਬਣਾਉਣ ’ਚ ਜੁੱਟ ਗਈਆਂ।

ਇਹ ਢਾਹੁਣ-ਬਣਾਉਣ ਦਾ ਸਿਲਸਿਲਾ ਤਕਰੀਬਨ ਇਕ ਮਹੀਨਾ ਲਗਾਤਾਰ ਚੱਲਿਆ। ਘਰ ਦਾ ਮਾਲਕ ਰੋਜ਼ ਉਨ੍ਹਾਂ ਦਾ ਆਲ੍ਹਣਾ ਢਾਹ ਦਿੰਦਾ, ਪਰ ਕੁਝ ਹੀ ਪਲਾਂ ਵਿੱਚ ਚਿੜੀਆਂ ਤਿੰਨਕੇ ਲੈ ਕੇ ਵਾਪਸ ਆ ਜਾਂਦੀਆਂ। ਉਹਨਾਂ ਦੀ ਇਹ ਲਗਾਤਾਰ ਮਿਹਨਤ ਬੇਅਸਰ ਜਾਪਦੀ ਸੀ। ਪਰ ਨਤੀਜੇ ਦੀ ਪਰਵਾਹ ਕੀਤੇ ਬਿਨਾਂ, ਉਹ ਅਡਿੱਗ ਹੋ ਕੇ ਆਪਣੇ ਕੰਮ ਵਿਚ ਲਗੀਆਂ ਰਹੀਆਂ। ਇਹ ਉਸ ਦੀ ਨਫ਼ਰਤ ਦੇ ਜਵਾਬ ਵਿਚ ਚਿੜੀਆਂ ਦਾ ਸ਼ਾਂਤ ਪਰ ਪ੍ਰਭਾਵਸ਼ਾਲੀ ਜਵਾਬ ਸੀ। ਬੇਸ਼ਕ ਉਹ ਆਦਮੀ ਢੀਠ ਅਤੇ ਤਾਕਤਵਰ ਸੀ, ਪਰ ਉਹ ਹਮੇਸ਼ਾ ਕਿਸੇ ਨਾ ਕਿਸੇ ਤਰੀਕੇ ਨਾਲ ਹਾਰਦਾ ਜਾਪਦਾ ਸੀ। ਆਖ਼ਰਕਾਰ, ਉਹਨਾਂ ਦੀ ਮਿਹਨਤ ਨੇ ਫਲ ਦਿੱਤਾ। ਆਦਮੀ ਨੂੰ ਲੱਗਣ ਲੱਗ ਪਿਆ ਕਿ ਉਸਦੀ ਵਿਰੋਧਤਾ ਵਿਅਰਥ ਹੈ। ਉਸਨੇ ਆਲ੍ਹਣੇ ਢਾਹੁਣੇ ਬੰਦ ਕਰ ਦਿੱਤੇ। ਹੁਣ ਚਿੜੀਆਂ ਨੇ ਆਪਣਾ ਆਲ੍ਹਣਾ ਮੁਕੰਮਲ ਕਰ ਲਿਆ ਹੈ ਅਤੇ ਆਪਣੇ ਅੰਡੇ ਵੀ ਸੁਰੱਖਿਅਤ ਰੂਪ ਵਿੱਚ ਦੇ ਦਿੱਤੇ। ਉਨ੍ਹਾਂ ਦੀ ਚੈਅ-ਚੈਅ ਆਦਮੀ ਨੂੰ ਚੁੱਭਣੀ ਹੁਣ ਬੰਦ ਹੋ ਗਈ, ਕਿਉਂਕਿ ਚਿੜੀਆਂ ਦੀ ਅਣਥੱਕ ਮਿਹਨਤ ਨੇ ਉਸ ਆਦਮੀ ਨੂੰ ਇਕ ਕੀਮਤੀ ਸਿੱਖਿਆ ਦਿੱਤੀ ਕਿ ਕਦੇ ਵੀ ਆਪਣੇ ਵਿਰੋਧੀ ਨਾਲ ਨਫ਼ਰਤ ਨਾ ਕਰੋ। ਹਰ ਹਾਲਤ ਵਿੱਚ ਰਚਨਾਤਮਕ ਕਾਰਜਾਂ ਵਿੱਚ ਲਗਾਤਾਰ ਜੁਟੇ ਰਹੋ। ਅਖੀਰ ਜਿੱਤ ਤੁਹਾਡੀ ਹੀ ਹੋਵੇਗੀ।

ਸੁਧਾਰ ਲਈ ਪ੍ਰੇਰਣਾ

20 ਜਨਵਰੀ 1987 ਨੂੰ ਦਿੱਲੀ ਤੋਂ ਹੈਦਰਾਬਾਦ ਜਾਣ ਵਾਲੀ ਇੰਡੀਆਨ ਏਅਰਲਾਈਨਜ਼ ਦੀ ਉਡਾਣ ਨੰਬਰ 439 ’ਤੇ ਸਫ਼ਰ ਕਰਦੇ ਹੋਏ ਆਮ ਘੋਸ਼ਣਾਵਾਂ ਹੋਈਆਂ, ਜਿਨ੍ਹਾਂ ਤੋਂ ਮੈਨੂੰ ਪਤਾ ਲੱਗਾ ਕਿ ਉਡਾਣ ਦੇ ਮੁੱਖ ਪਾਇਲਟ ਦਾ ਨਾਮ ਕੈਪਟਨ ਮੁਸਤਫ਼ਾ ਸੀ। ਇਹ ਨਾਮ ਮੇਰੇ ਲਈ ਨਵਾਂ ਸੀ, ਹਾਲਾਂਕਿ ਮੈਂ ਇੰਡੀਆਨ ਏਅਰਲਾਈਨਜ਼ ਦਾ ਨਿਯਮਤ ਯਾਤਰੀ ਸੀ। ਮੁਸਤਫਾ ਨਾਮ ਸੁਣਕੇ ਇਕ ਗੱਲ ਤਾਂ ਸਾਫ਼ ਸੀ ਕਿ ਮੁਸਲਿਮ ਹੁਣ ਦੇਸ਼ ਦੀਆਂ ਹਵਾਈ ਸੇਵਾਵਾਂ ਦੇ ਨਾਲ-ਨਾਲ ਹੋਰ ਕਈ ਉੱਚ ਅਹੁਦਿਆਂ ’ਤੇ ਭਰਤੀ ਹੋ ਰਹੇ ਹਨ। ਇਹ ਮੈਨੂੰ ਇਕ ਵੱਡੀ ਉੱਨਤੀ ਦੀ ਨਿਸ਼ਾਨੀ ਜਾਪੀ, ਇਹ ਉਸ ਮਹਾਨ ਕੋਸ਼ਿਸ਼ ਦਾ ਨਤੀਜਾ ਸੀ ਜੋ ਮੁਸਲਿਮ ਕੌਮ ਦੇ ਪਿਛੜੇਪਨ ਨੂੰ ਦੂਰ ਕਰਨ ਵਾਸਤੇ ਕੀਤੀ ਗਈ।

ਇਹ ਗੱਲ ਭਾਰਤ ਵਿੱਚ ਮੁਸਲਿਮ ਨੇਤਾਵਾਂ ਵੱਲੋਂ ਦੁਨੀਆ ਭਰ ਵਿੱਚ ਕੀਤੀਆਂ ਐਲਾਨਬਾਜ਼ੀਆਂ ਦੇ ਪਰਿਪੇਖ ਵਿੱਚ ਬਹੁਤ ਮਹੱਤਵਪੂਰਨ ਹੈ, ਕਿਉਂਕਿ ਉਹ ਹਰ ਭਾਸ਼ਣ ਵਿਚ ਇਹ ਦਾਅਵਾ ਕਰਦੇ ਹਨ ਕਿ ਨੌਜਵਾਨ ਮੁਸਲਿਮਾਂ ਨੂੰ ਵਧੀਆ ਨੌਕਰੀਆਂ ਤੋਂ ਨਿਯਮਤ ਤੌਰ ’ਤੇ ਵਾਂਝਾ ਰੱਖਿਆ ਜਾਂਦਾ ਹੈ। ਪਰ ਇਹ ਨਿਰਪੱਖ ਨਹੀਂ ਲੱਗਦਾ ਕਿ ਤਸਵੀਰ ਦੇ ਸਿਰਫ਼ ਇੱਕ ਪੱਖ ਨੂੰ ਹੀ ਸਾਹਮਣੇ ਕੀਤਾ ਜਾਵੇ। ਜਿਵੇਂ ਕੁਝ ਮਾਮਲਿਆਂ ਵਿੱਚ ਮੁਸਲਿਮ ਨੌਜਵਾਨ ਵਧੀਆ ਨੌਕਰੀਆਂ ਤੋਂ ਵੰਚਿਤ ਰਹਿੰਦੇ ਹਨ, ਤਿਵੇਂ ਹੋਰ ਕਈ ਮਾਮਲਿਆਂ ਵਿੱਚ ਉਨ੍ਹਾਂ ਨੂੰ ਭਰਤੀ ਵੀ ਕੀਤਾ ਜਾਂਦਾ ਹੈ, ਉਹ ਮਾਮਲੇ ਵੀ ਜਨਤਾ ਦੇ ਸਾਹਮਣੇ ਲਿਆਂਦੇ ਜਾਣੇ ਚਾਹੀਦੇ ਹਨ। ਲਗਾਤਾਰ ਇਹ ਕਹਿਣਾ ਕਿ ਮੁਸਲਿਮ ਹਰ ਹਾਲਤ ਵਿੱਚ ਪਿੱਛੇ ਹਨ, ਇਕ ਗਲਤ ਬਿਆਨੀ ਹੈ, ਖ਼ਾਸ ਕਰਕੇ ਦੇਸ਼ ਵਿੱਚ ਬਦਲ ਰਹੇ ਰਾਸ਼ਟਰੀ ਮੌਕਿਆਂ ਨੂੰ ਮੱਦੇਨਜ਼ਰ ਰੱਖਦਿਆਂ।

ਮੈਂ ਇਹ ਗੱਲ ਮੰਨਦਾ ਹਾਂ ਕਿ ਜੇਕਰ ਇਕ ‘ਮੁਸਤਫ਼ਾ’ ਨੂੰ ਵਧੀਆ ਨੌਕਰੀ ਮਿਲਦੀ ਹੈ ਤਾਂ ਇੱਕ ‘ਮੁਸਤਫ਼ਾ’ ਉਹ ਵੀ ਹੈ ਜਿਸਨੂੰ ਨੌਕਰੀ ਤੋਂ ਰਿਜੈਕਟ ਕੀਤਾ ਜਾਂਦਾ ਹੈ। ਪਰ ਮੈਂ ਇਸਨੂੰ ਭੇਦਭਾਵ ਕਹੇ ਜਾਣ ਦੇ ਬਿਲਕੁਲ ਵਿਰੁੱਧ ਹਾਂ। ਇਹ ਦੁਨੀਆ ਵਿਚ ਵੱਧ ਰਹੀ ਕੜੀ ਪ੍ਰਤਿਯੋਗਿਤਾ ਦੀ ਹਕੀਕਤ ਹੈ। ਇਤਿਹਾਸ ਗਵਾਹ ਹੈ ਕਿ ਮਨੁੱਖੀ ਤਰੱਕੀ ਲਈ ਪ੍ਰਤਿਯੋਗੀ ਭਾਵ ਦਾ ਹੋਣਾ ਸਮਾਜ ਦਾ ਲਾਜ਼ਮੀ ਅੰਗ ਹੈ। ਸੁਧਾਰ ਲਈ ਪ੍ਰੇਰਨਾ ਦੇ ਤੌਰ ’ਤੇ ਚੁਣੌਤੀ ਵਿਅਕਤੀ ਅਤੇ ਸਮਾਜ ਦੋਹਾਂ ਲਈ ਜ਼ਰੂਰੀ ਭੂਮਿਕਾ ਨਿਭਾਉਂਦੀਆਂ ਹਨ।

ਅਸੀਂ ਜਾਨਵਰਾਂ ਦੇ ਵਿਹਾਰ ਤੋਂ ਵੀ ਇਹ ਗੱਲ ਸਮਝ ਸਕਦੇ ਹਾਂ—ਜਦੋਂ ਉਹ ਚਿੜੀਆਘਰ ਦੀ ਸੁਰੱਖਿਅਤ ਚਾਰਦਿਵਾਰੀ ਵਿੱਚ ਹੁੰਦੇ ਹਨ, ਜਿੱਥੇ ਉਹਨਾਂ ਦੀ ਹਰ ਲੋੜ ਪੂਰੀ ਕੀਤੀ ਜਾਂਦੀ ਹੈ, ਤਾਂ ਉਹ ਸੁਸਤ ਅਤੇ ਆਲਸੀ ਹੋ ਜਾਂਦੇ ਹਨ। ਪਰ ਜਦੋਂ ਉਨ੍ਹਾਂ ਵਿਚਕਾਰ ਵਿਰੋਧੀ ਧਿਰ ਵਾਲਾ ਜਾਨਵਰ ਲਿਆਇਆ ਜਾਂਦਾ ਹੈ, ਤਾਂ ਉਹ ਫਿਰ ਤੋਂ ਐਕਟਿਵ ਅਤੇ ਉਤਸ਼ਾਹਤ ਹੋ ਜਾਂਦੇ ਹਨ। ਮਨੁੱਖ ਵੀ ਇਸ ਮਾਮਲੇ ਵਿੱਚ ਵੱਖਰੇ ਨਹੀਂ ਹਨ। ਜਦੋਂ ਤੱਕ ਉਹਨਾਂ ਸਾਹਮਣੇ ਚੁਣੌਤੀ ਨਹੀਂ ਹੁੰਦੀ, ਉਹ ਆਪਣੀ ਅਸਲ ਯੋਗਤਾ ਨਹੀਂ ਦਿਖਾਉਂਦੇ।

ਜੀਵਨ ਦੇ ਕਈ ਹਾਲਾਤਾਂ ਵਿੱਚ ਕੋਈ ਜੇਤੂ ਹੁੰਦਾ ਹੈ ਤੇ ਕੋਈ ਹਾਰਦਾ ਹੈ। ਪਰ ਜਦੋਂ ਅਜਿਹੀ ਸਥਿਤੀ ਨੂੰ ਕੌਮੀ ਰੂਪ ਦੇ ਦਿੱਤਾ ਜਾਂਦਾ ਹੈ, ਤਾਂ ਕੜਵਾਹਟ ਦਾ ਮਾਹੌਲ ਬਣ ਜਾਂਦਾ ਹੈ, ਜਿਸ ਵਿੱਚ ਗਿਲੇ-ਸ਼ਿਕਵੇ ਹੀ ਗੂੰਜਦੇ ਰਹਿੰਦੇ ਹਨ।

ਪਰ ਜੇ ਅਸੀਂ ਇਸਨੂੰ ਸਿਰਫ਼ "ਮਨੁੱਖੀ ਪ੍ਰਤਿਯੋਗਤਾ" (Human Rivalry) ਕਹਿ ਕੇ ਸਮਝੀਏ, ਤਾਂ ਇਹ ਹੋਰ ਕੁਝ ਨਹੀਂ ਕੇਵਲ ਕੁਦਰਤੀ ਨਿਯਮ ਬਣ ਜਾਂਦਾ ਹੈ। ਫਿਰ ਨਾ ਕੋਈ ਗਿਲਾ ਰਹਿੰਦਾ ਹੈ, ਨਾ ਹੀ ਨਫ਼ਰਤ ਪੈਦਾ ਕਰਨ ਵਾਲੇ ਭੇਦ-ਭਾਵ ਲਈ ਕੋਈ ਜਗ੍ਹਾ ਬੱਚਦੀ ਹੈ।

ਅਧਿਆਪਕਾਂ ਨੂੰ ਸਿਖਲਾਈ

1950 ਤੋਂ 1970 ਤੱਕ ਲਗਭਗ ਵੀਹ ਸਾਲ ਦੇ ਅੰਤਰਾਲ ਦੌਰਾਨ ਜਪਾਨ ਨੇ ਪੱਛਮੀ ਦੇਸ਼ਾਂ ਤੋਂ ਉੱਚ ਦਰਜੇ ਦੀ ਉਦਯੋਗਿਕ ਤਕਨਾਲੋਜੀ ਇੰਪੋਰਟ ਕਰਨੀ ਸ਼ੁਰੂ ਕੀਤੀ। ਕਈ ਵਾਰ ਇਸਨੂੰ ਖਰੀਦ ਕੇ ਲਿਆਂਦਾ ਜਾਂਦਾ ਸੀ ਪਰ ਜ਼ਿਆਦਾਤਰ ਕਰਜ਼ੇ ਜਾਂ ਉਧਾਰ 'ਤੇ ਹੀ ਲਿਆਂਦੀਆਂ ਜਾਂਦੀਆਂ ਸਨ। ਇਸ ਯਤਨ ਦਾ ਨਤੀਜਾ ਇਹ ਨਿਕਲਿਆ ਕਿ ਅੱਜ ਜਪਾਨ ਆਰਥਿਕ ਤੌਰ 'ਤੇ ਖੁਦਮੁਖ਼ਤਿਆਰ ਹੋ ਗਿਆ ਹੈ ਅਤੇ ਨਾ ਸਿਰਫ਼ ਆਪਣਾ ਸਮਾਨ, ਸਗੋਂ ਆਪਣੀ ਵਿੱਦਿਆ ਤੇ ਤਜ਼ਰਬਾ ਵੀ ਹੋਰ ਦੇਸ਼ਾਂ ਨੂੰ ਨਿਰਯਾਤ ਕਰ ਰਿਹਾ ਹੈ।

ਆਪਣੀ ਤਕਨੀਕੀ ਮੁਹਾਰਥ ਦੇ ਕਾਰਨ, ਹੁਣ ਜਪਾਨ ਹੋਰ ਦੇਸ਼ਾਂ ਦੀ ਮਦਦ ਕਰਨ, ਉਨ੍ਹਾਂ ਨਾਲ ਸੁਖਾਵੇਂ ਸੰਬੰਧ ਬਣਾਉਣ ਅਤੇ ਵਪਾਰਕ ਡੀਲਾਂ ਕਰਨ ਦੇ ਯੋਗ ਬਣ ਗਿਆ ਹੈ। ਉਹਨਾਂ ਦੀਆਂ ਕੁਝ ਪ੍ਰਾਪਤੀਆਂ ਵਿੱਚ ਥਾਈਲੈਂਡ ਵਿੱਚ ਆਧੁਨਿਕ ਸਿੰਚਾਈ ਪ੍ਰਾਜੈਕਟ, ਸਿੰਗਾਪੁਰ ਵਿੱਚ ਕੰਪਿਊਟਰ ਪ੍ਰੋਗ੍ਰਾਮਿੰਗ ਦੀ ਸਿੱਖਿਆ, ਦੱਖਣੀ ਕੋਰੀਆ ਤੇ ਚੀਨ ਵਿੱਚ ਲੋਹਾ ਤੇ ਇਸਪਾਤ ਦੇ ਕਾਰਖਾਨਿਆਂ ਦੀ ਨਿਰਮਾਣਕਾਰੀ ਅਤੇ ਮੱਧ-ਪੂਰਬ ਵਿੱਚ ਪੈਟਰੋ-ਕੈਮੀਕਲ ਉਦਯੋਗਾਂ ਦੀ ਸਥਾਪਨਾ ਸ਼ਾਮਲ ਹਨ। ਜਪਾਨ ਨੇ ਲੋਹਾ ਤੇ ਇਸਪਾਤ ਬਣਾਉਣ ਦੀ ਕਲਾ ਅਮਰੀਕੀਆਂ ਤੋਂ ਸਿੱਖੀ ਸੀ ਅਤੇ ਹੁਣ ਇਸ ਖੇਤਰ ਵਿੱਚ ਉਹ ਇੰਨਾ ਅੱਗੇ ਵੱਧ ਗਿਆ ਹੈ ਕਿ ਅਮਰੀਕਾ ਆਪ ਉਸ ਦੀ ਤਕਨੀਕੀ ਮਦਦ ਲੈ ਰਿਹਾ ਹੈ। ਕਮਿਊਨੀਕੇਸ਼ਨ ਅਤੇ ਇਲੈਕਟ੍ਰੋਨਿਕਸ ਵਰਗੇ ਖੇਤਰਾਂ ਵਿੱਚ ਤਾਂ ਜਪਾਨ ਇੰਨਾ ਅੱਗੇ ਨਿਕਲ ਗਿਆ ਹੈ ਕਿ ਅਮਰੀਕਾ ਆਪਣੇ ਮਹੱਤਵਪੂਰਨ ਫੌਜੀ ਵਿਭਾਗਾਂ ਲਈ ਵੀ ਉਸ ਉੱਤੇ ਨਿਰਭਰ ਹੋ ਗਿਆ ਹੈ। ਕੱਲ੍ਹ ਦੇ ਵਿਦਿਆਰਥੀ ਅੱਜ ਆਪਣੇ ਅਧਿਆਪਕਾਂ ਨੂੰ ਸਿਖਾ ਰਹੇ ਹਨ। ਇੱਕ ਅਖ਼ਬਾਰ ਦੇ ਰਿਪੋਰਟਰ

ਨੇ ਲਿਖਿਆ: "ਹੁਣ ਦਿਸ਼ਾ ਬਦਲ ਗਈ ਹੈ— ਪ੍ਰਵਾਹ ਅੰਦਰ ਨਹੀਂ, ਬਾਹਰ ਵੱਲ ਹੈ।" (ਹਿੰਦੁਸਤਾਨ ਟਾਈਮਜ਼, 11 ਜੂਨ 1981)

ਜਪਾਨ ਨੇ 20 ਸਾਲ ਤੱਕ ਉਦਯੋਗਿਕ ਸਿੱਖਿਆ ਨੂੰ ਖੁਸ਼ਦਿਲੀ ਨਾਲ ਸਵੀਕਾਰਿਆ। ਇਸ ਸਬਰ ਅਤੇ ਸਿੱਖਣ ਦੇ ਰਵੱਈਏ ਨੇ ਹੀ ਉਸਨੂੰ ਉਦਯੋਗਿਕ ਪ੍ਰਧਾਨਤਾ ਦੇ ਸਥਾਨ 'ਤੇ ਪਹੁੰਚਾਇਆ। ਜੇਕਰ ਉਸ ਸਮੇਂ ਜਪਾਨ ਨੇ ਹੋਰਾਂ ਦੇਸ਼ਾਂ ਦੀ ਮਹਾਨਤਾ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੁੰਦਾ, ਜਾਂ ਹੰਕਾਰ ਦੇ ਕਾਰਨ ਮਦਦ ਮੰਗਣ ਤੋਂ ਗੁਰੇਜ਼ ਕੀਤਾ ਹੁੰਦਾ, ਤਾਂ ਇਹ ਵੱਡੀਆਂ ਕਾਮਯਾਬੀਆਂ ਕਦੇ ਹਾਸਲ ਨਹੀਂ ਸੀ ਹੋਣੀਆਂ।

ਅਕਸਰ ਸਾਨੂੰ ਕੁਝ ਹਾਸਲ ਕਰਨ ਲਈ ਪਹਿਲਾਂ ਕੁਝ ਨਿਵੇਸ਼ ਕਰਨਾ ਪੈਂਦਾ ਹੈ। ਸਾਨੂੰ ਉਦੋਂ ਤਕ ਆਪਣੇ ਨਿਮਨ ਸਤਰ 'ਤੇ ਹੋਣ ਨੂੰ ਸਵੀਕਾਰ ਕਰਨਾ ਪੈਂਦਾ ਹੈ, ਜਦ ਤੱਕ ਕਿ ਅਸੀਂ ਮਿਹਨਤ ਕਰਕੇ ਇੱਕ ਵਧੀਆ ਮੁਕਾਮ 'ਤੇ ਨਹੀਂ ਪਹੁੰਚ ਜਾਂਦੇ। ਜੋ ਲੋਕ ਇਸ ਜੀਵਨ-ਸੱਚਾਈ ਨੂੰ ਮੰਨ ਲੈਂਦੇ ਹਨ, ਉਹਨਾਂ ਦੀ ਸਫ਼ਲਤਾ ਦੀ ਸੰਭਾਵਨਾ ਉਨ੍ਹਾਂ ਲੋਕਾਂ ਨਾਲੋਂ ਵੱਧ ਹੋ ਜਾਂਦੀ ਹੈ ਜੋ ਸਿੱਧਾ ਚੋਟੀ 'ਤੇ ਪਹੁੰਚਣ ਦੀ ਆਸ ਰੱਖਦੇ ਹਨ, ਜਾਂ ਆਪਣੀ ਨਾਕਾਮੀਆਂ ਲਈ ਸਿਰਫ਼ ਹੋਰਾਂ ਨੂੰ ਦੋਸ਼ ਦਿੰਦੇ ਹਨ। ਧੀਰਜ, ਹਿੰਮਤ ਅਤੇ ਦ੍ਰਿੜਤਾ ਰੱਖਣ ਦੀ ਗੁਣਵੱਤਾ ਸਾਡੀ ਸਫਲਤਾ ਦੀ ਚਾਬੀ ਬਣ ਸਕਦੀ ਹੈ, ਪਰ ਜੇਕਰ ਇਹਨਾਂ ਨੂੰ ਨਿਮਰਤਾ ਨਾਲ ਮਿਲਾ ਕੇ ਰੱਖਿਆ ਜਾਵੇ।

ਆਪਣੀਆਂ ਗਲਤੀਆਂ ਤੋਂ ਸਿੱਖਣਾ

ਧਰਤੀ 'ਤੇ ਪਹਿਲਾ ਇਨਸਾਨ 'ਆਦਮ' ਸੀ, ਜਿਸਦੇ ਅੱਗੋਂ ਦੋ ਪੁੱਤਰ ਸਨ। ਆਪਸ ਵਿਚ ਲੜਦੇ ਹੋਏ ਦੋਨਾਂ ਪੁੱਤਰਾਂ ਵਿਚੋਂ ਇੱਕ ਨੇ ਗੁੱਸੇ ਵਿਚ ਦੂਜੇ ਦਾ ਕਤਲ ਕਰ ਦਿੱਤਾ। ਮਨੁੱਖੀ ਇਤਿਹਾਸ ਵਿੱਚ ਇਹ ਸਭ ਤੋਂ ਪਹਿਲਾ ਕਤਲ ਸੀ ਅਤੇ ਕਾਤਲ ਨੂੰ ਇਹ ਵੀ ਨਹੀਂ ਪਤਾ ਸੀ ਕਿ ਭਰਾ ਦੀ ਮ੍ਰਿਤਕ ਦੇਹ ਨਾਲ ਕੀ ਕਰਨਾ ਚਾਹੀਦਾ ਹੈ।

> "ਫਿਰ ਰੱਬ ਨੇ ਇੱਕ ਕਾਂ ਨੂੰ ਭੇਜਿਆ, ਜਿਸ ਨੇ ਧਰਤੀ ਨੂੰ ਖੁਰਚਿਆ ਤਾਂ ਜੋ ਉਸਨੂੰ ਦਿਖਾ ਸਕੇ ਕਿ ਆਪਣੇ ਭਰਾ ਦੀ ਦੇਹ ਨੂੰ ਕਿਵੇਂ ਦਫ਼ਨਾਉਣਾ ਹੈ।

ਉਹ ਚੀਕ ਉੱਠਿਆ: 'ਹਾਏ! ਕੀ ਮੈਂ ਇੰਨੀ ਤਾਕਤ ਵੀ ਨਹੀਂ ਰੱਖਦਾ ਕਿ ਇਸ ਕਾਂ ਦੀ ਨਕਲ ਕਰਕੇ ਆਪਣੇ ਭਰਾ ਦੀ ਲਾਸ਼ ਨੂੰ ਦਫ਼ਨ ਕਰ ਸਕਾਂ?' ਤੇ ਉਸਨੇ ਤੌਬਾ ਕੀਤੀ।" (ਕੁਰਾਨ 5:31)

ਇਸ ਘਟਨਾ ਤੋਂ ਉਪਰੰਤ ਰੱਬ ਨੇ ਮਨੁੱਖੀ ਜੀਵਨ ਦੀ ਪੈਰ-ਪੈਰ 'ਤੇ ਅਗਵਾਈ ਕਰਨ ਲਈ ਇਕ ਤੋਂ ਬਾਅਦ ਇਕ ਜੀਵ ਧਰਤੀ 'ਤੇ ਭੇਜੇ। ਪਰ ਇਨਸਾਨ ਦੀ ਫਿਤਰਤ ਹੈ ਕਿ ਉਹ ਅਕਸਰ ਐਸੀਆਂ ਘਟਨਾਵਾਂ ਤੋਂ ਕੁਝ ਨਹੀਂ ਸਿੱਖਦਾ।

ਥਾਨਾ ਮੰਡੀ, ਰਾਜੌਰੀ ਵਿੱਚ ਰਹਿਣ ਵਾਲੇ ਮੇਰੇ ਇੱਕ ਮਿੱਤਰ ਖੁਰਸ਼ੀਦ ਬਿਸਮਿਲ ਨੇ ਮੈਨੂੰ ਆਪਣੇ ਘਰ ਦੀ ਇੱਕ ਥਾਂ ਦਿਖਾਈ ਜਿੱਥੇ ਅਜਿਹੀ ਘਟਨਾ ਵਾਪਰੀ ਜੋ ਮਨੁੱਖੀ ਉੱਦਮ ਦੀ ਗੁਣਵੱਤਾ ਬਾਰੇ ਗੰਭੀਰ ਚਿੰਤਨ ਲਈ ਮਜ਼ਬੂਰ ਕਰਦੀ ਹੈ। ਉੱਥੇ ਦੋ 'ਅਬਾਬੀਲਾਂ' (Swallow) ਨੇ ਛੱਤ ਦੇ ਹੇਠਾਂ ਵਾਲੇ ਪਾਸੇ ਥੋੜ੍ਹੀ-ਥੋੜ੍ਹੀ ਮਿੱਟੀ ਇਕਤਰ ਕਰਕੇ ਇੱਕ ਆਲ੍ਹਣਾ ਬਣਾਇਆ। ਕਈ ਦਿਨ ਲਗਾਤਾਰ ਮਿਹਨਤ ਕਰਕੇ ਉਹ ਆਲ੍ਹਣਾ ਇੰਨਾ ਮਜ਼ਬੂਤ ਬਣਿਆ ਕਿ ਉਹਨਾਂ ਨੇ ਉਸ ਵਿਚ ਅੰਡੇ ਦੇਣੇ ਸ਼ੁਰੂ ਕਰ ਦਿੱਤੇ। ਪਰ ਦੁੱਖ ਦੀ ਗੱਲ ਇਹ ਹੋਈ ਕਿ ਜਦੋਂ ਅੰਡਿਆਂ ਵਿਚੋਂ ਬੱਚੇ ਨਿਕਲਣ ਦੀ ਪ੍ਰਕਿਰਿਆ ਚੱਲ ਰਹੀ ਸੀ, ਤਾਂ ਆਲ੍ਹਣਾ ਅਚਾਨਕ ਟੁੱਟ ਗਿਆ। ਚਾਰ ਅੰਡਿਆਂ ਅਤੇ ਦੋ ਅਬਾਬੀਲਾਂ ਦਾ ਭਾਰ ਉਹਨਾਂ ਦੀ ਮਿਹਨਤ ਨੂੰ ਢਾਹ ਗਿਆ।

ਪਰ ਪੰਛੀਆਂ ਨੇ ਹੌਸਲਾ ਨਹੀਂ ਹਾਰਿਆ। ਨਵਾਂ ਘਰ ਬਣਾਉਣ ਲਈ ਉਹ ਫੜਫੜਾਉਂਦੀਆਂ ਹੋਈਆਂ ਇੱਕ ਹੋਰ ਸੁਰੱਖਿਅਤ ਥਾਂ ਦੀ ਖੋਜ ਕਰਨ ਲੱਗੀਆਂ। ਅਖੀਰਕਾਰ, ਉਹਨਾਂ ਨੂੰ ਇੱਕ ਅਜਿਹੀ ਥਾਂ ਮਿਲ ਗਈ ਜਿਸਦੀ ਸਤ੍ਹਾ ਥੋੜ੍ਹੀ ਖੁਰਦਰੀ ਸੀ, ਜੋ ਨਵੇਂ ਆਲ੍ਹਣੇ ਨੂੰ ਵੱਧ ਸਹਾਰਾ ਦੇ ਸਕਦੀ ਸੀ। ਇਸ ਵਾਰੀ ਉਹਨਾਂ ਨੇ ਮਿੱਟੀ ਦੇ ਨਾਲ ਘਾਹ ਤੇ ਤਿੰਨਕੇ ਮਿਲਾ ਕੇ ਆਲ੍ਹਣਾ ਬਣਾਇਆ। ਇਸ ਮਿਸ਼ਰਣ ਨਾਲ ਬਣਾਇਆ ਆਲ੍ਹਣਾ ਪਹਿਲਾਂ ਨਾਲੋਂ ਜ਼ਿਆਦਾ ਪੱਕਾ ਸੀ। ਇੱਥੇ ਜੋ ਅੰਡੇ ਦਿੱਤੇ, ਉਹਨਾਂ ਵਿਚੋਂ ਬੱਚੇ ਨਿਰਵਿਘਨ ਨਿਕਲ ਆਏ ਅਤੇ ਵੱਡੇ ਹੋ ਕੇ ਉੱਡ ਗਏ ਤੇ ਆਪਣੀ ਜ਼ਿੰਦਗੀ ਬਣਾਉਣ ਲੱਗ ਪਏ।

ਇਸ ਘਟਨਾ ਵਿੱਚ ਸਾਡੇ ਲਈ ਇਕ ਵੱਡੀ ਸਿੱਖਿਆ ਮੌਜੂਦ ਹੈ: ਜੇਕਰ ਕੋਈ ਪੰਛੀ ਜਾਂ ਜਾਨਵਰ ਕਿਸੇ ਯਤਨ ਵਿੱਚ ਅਸਫਲ ਹੋ ਜਾਂਦਾ ਹੈ, ਤਾਂ ਉਹ ਹਾਰ ਨਹੀਂ ਮੰਨਦਾ। ਉਹ ਆਪਣੇ ਅਸਫਲ ਹੋਣ ਦੇ ਕਾਰਣ ਨੂੰ ਸਮਝਣ

ਦੀ ਕੋਸ਼ਿਸ਼ ਕਰਦਾ ਹੈ। ਉਹ ਕੋਈ ਹੋਰ ਵਧੀਆ ਤਰੀਕਾ ਲੱਭਦਾ ਹੈ ਅਤੇ ਜ਼ਿਆਦਾ ਮਿਹਨਤ ਅਤੇ ਵਧੀਆ ਯੋਜਨਾ ਨਾਲ ਆਪਣੇ ਪਿਛਲੇ ਤਜ਼ਰਬੇ ਤੋਂ ਸਿੱਖਦਾ ਹੈ। ਮਨੁੱਖਾਂ ਨੂੰ ਇਸ ਤੋਂ ਸਿੱਖਣਾ ਚਾਹੀਦਾ ਹੈ। ਬਹੁਤ ਵਾਰੀ ਸਾਡੀਆਂ ਯੋਜਨਾਵਾਂ ਠੀਕ ਨਹੀਂ ਹੁੰਦੀਆਂ, ਜਾਂ ਸਾਡੀ ਮਿਹਨਤ ਅਧੂਰੀ ਰਹਿ ਜਾਂਦੀ ਹੈ, ਜਿਸ ਕਰਕੇ ਅਸਫਲਤਾ ਹੱਥ ਲੱਗਣੀ ਆਮ ਜਿਹੀ ਗੱਲ ਬਣ ਜਾਂਦੀ ਹੈ। ਪਰ, ਅਸਲ ਵਿੱਚ, ਕਾਮਯਾਬੀ ਹਾਸਲ ਕਰਨ ਲਈ ਸਿਰਫ਼ ਇਹੀ ਲਾਜ਼ਮੀ ਹੈ ਕਿ ਅਸੀਂ ਆਪਣੀਆਂ ਚੁਣੌਤੀਆਂ ਬਾਰੇ ਥੋੜ੍ਹਾ ਹੋਰ ਡੂੰਘਾਈ ਨਾਲ ਵਿਚਾਰ ਕਰੀਏ ਅਤੇ ਚੁਣੌਤੀਆਂ ਨਾਲ ਨਜਿੱਠਣ ਲਈ ਵਰਤੀ ਜਾਣ ਵਾਲੀ ਰਣਨੀਤੀ ਜਾਂ ਵਿਧੀ ਦੀ ਸੋਚ-ਸਮਝ ਕੇ ਚੋਣ ਕਰੀਏ। ਸਿਆਣਾ ਉਹੀ ਹੁੰਦਾ ਹੈ ਜੋ ਆਪਣੀਆਂ ਗਲਤੀਆਂ ਤੋਂ ਸਿੱਖ ਲੈਂਦਾ ਹੈ।

ਚਾਲ ਅਤੇ ਦਿਸ਼ਾ

ਇੱਕ ਪੱਛਮੀ ਚਿੰਤਕ ਨੇ ਕਦੇ ਕਿਹਾ ਸੀ, "ਜਦੋਂ ਤੁਸੀਂ ਚਾਲ (ਤੁਰਨਾ) ਅਤੇ ਦਿਸ਼ਾ ਵਿਚਲਾ ਅੰਤਰ ਸਮਝ ਲੈਂਦੇ ਹੋ, ਤਦ ਤੁਸੀਂ ਸਫਲਤਾ ਵੱਲ ਜਾਣ ਵਾਲੀਆਂ ਸਾਰੀਆਂ ਔਂਕੜਾਂ ਨੂੰ ਦੂਰ ਕਰ ਲੈਂਦੇ ਹੋ।"

ਕਿਸੇ ਵੀ ਗਤੀਵਿਧੀ ਦੀ ਅੰਦਰੂਨੀ ਵਿਸ਼ੇਸ਼ਤਾ 'ਚਾਲ' ਹੁੰਦੀ ਹੈ। ਜਦੋਂ ਤੁਸੀਂ ਤੁਰ ਰਹੇ ਹੋ, ਕਾਰ ਜਾਂ ਸਾਈਕਲ ਚਲਾ ਰਹੇ ਹੋ, ਘੋੜ ਸਵਾਰੀ ਕਰ ਰਹੇ ਹੋ ਜਾਂ ਮੋਟਰਸਾਈਕਲ 'ਤੇ ਤੇਜ਼ੀ ਨਾਲ ਅੱਗੇ ਵੱਧ ਰਹੇ ਹੋ— ਇਹ ਸਾਰੀਆਂ ਕਿਰਿਆਵਾਂ ਤੁਹਾਡੀ ਚਾਲ ਨੂੰ ਦਰਸਾਉਂਦੀਆਂ ਹਨ। ਪਰ, ਤੁਹਾਡੀ ਚਾਲ ਦੀ ਦਿਸ਼ਾ ਕੀ ਹੈ? ਕੀ ਤੁਸੀਂ ਆਪਣੇ ਮੰਤਵ ਵੱਲ ਵੱਧ ਰਹੇ ਹੋ ਜਾਂ ਉਸ ਤੋਂ ਦੂਰ ਹੋ ਰਹੇ ਹੋ? ਦੋਹਾਂ ਹਾਲਾਤਾਂ ਵਿੱਚ ਚਾਲ ਦਾ ਰੂਪ ਇੱਕੋ ਜਿਹਾ ਹੀ ਲੱਗ ਸਕਦਾ ਹੈ, ਪਰ ਅਸਲ ਅੰਤਰ ਦਿਸ਼ਾ ਵਿੱਚ ਹੁੰਦਾ ਹੈ। ਪਹਿਲੀ ਤੁਹਾਨੂੰ ਆਪਣੇ ਟੀਚੇ ਦੇ ਕਰੀਬ ਲੈ ਜਾਂਦੀ ਹੈ, ਜਦਕਿ ਦੂਜੀ ਤੁਹਾਨੂੰ ਟੀਚੇ ਤੋਂ ਬਹੁਤ ਦੂਰ ਕਰ ਦਿੰਦੀ ਹੈ। ਇਸ ਲਈ ਦਿਸ਼ਾ ਬਹੁਤ ਜ਼ਿਆਦਾ ਮਹੱਤਵਪੂਰਨ ਹੈ। ਜੇਕਰ ਤੁਸੀਂ ਇੱਕ ਬੈਲਗੱਡੀ ਜਾਂ ਰਿਕਸ਼ਾ ਵਿੱਚ ਬੈਠੇ ਹੋ ਅਤੇ ਤੁਹਾਡੀ ਦਿਸ਼ਾ ਠੀਕ ਹੈ, ਤਾਂ ਤੁਸੀਂ ਉਸ ਜਹਾਜ਼ ਨਾਲੋਂ ਕਿਤੇ ਬਿਹਤਰ ਹੋ ਜਿਸਦਾ ਪਾਇਲਟ ਦਿਸ਼ਾਹੀਣ ਹੋਵੇ।

ਚਾਹੇ ਇਹ ਸਾਡੀ ਨਿੱਜੀ ਜ਼ਿੰਦਗੀ ਹੋਵੇ ਜਾਂ ਸਮਾਜਿਕ ਜੀਵਨ, ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਸਾਧਨਾਂ ਅਤੇ ਸਮਰਥਾਵਾਂ ਦਾ ਮੁਲਾਂਕਣ ਕਰੀਏ ਅਤੇ ਫਿਰ ਠੀਕ ਦਿਸ਼ਾ ਵਿੱਚ ਕਦਮ ਪੁੱਟੀਏ, ਤਾਂ ਕਿ ਅਸੀਂ ਦੇਰ-ਸਵੇਰ ਆਪਣੇ ਟੀਚੇ ’ਤੇ ਪਹੁੰਚ ਸਕੀਏ।

ਅਕਸਰ ਲੋਕ ਆਪਣੇ ਕਰੀਅਰ ਦੀ ਸ਼ੁਰੂਆਤ ਬਿਨਾਂ ਸੋਚੇ-ਸਮਝੇ ਕਰ ਦਿੰਦੇ ਹਨ। ਉਹ ਇਹ ਵੀ ਨਹੀਂ ਸੋਚਦੇ ਕਿ ਉਨ੍ਹਾਂ ਵਿੱਚ ਕੀ ਅਸਲ ਯੋਗਤਾ ਹੈ ਅਤੇ ਕੀ ਉਹ ਅੱਗੇ ਚੱਲ ਕੇ ਕਿਸੇ ਖਾਸ ਖੇਤਰ ਵਿੱਚ ਕਾਮਯਾਬ ਹੋ ਸਕਦੇ ਹਨ? ਕਈ ਵਾਰ ਉਹ ਛੋਟੀਆਂ-ਮੋਟੀਆਂ ਗੱਲਾਂ, ਗਲਤ ਵਿਚਾਰਾਂ ਜਾਂ ਭਾਵੁਕਤਾ ਦੇ ਜਾਲ ਵਿੱਚ ਫਸ ਕੇ ਕਿਸੇ ਵੀ ਪਹਿਲੇ ਆਏ ਰਾਹ ਨੂੰ ਫੜ ਲੈਂਦੇ ਹਨ। ਜਦ ਨਤੀਜਾ ਉਮੀਦਾਂ ਅਨੁਸਾਰ ਨਹੀਂ ਨਿਕਲਦਾ, ਤਾਂ ਉਹ ਹੋਰਾਂ ਉੱਤੇ ਦੋਸ਼ ਮੜ੍ਹਦੇ ਹਨ, ਆਪਣੀਆਂ ਨਾਕਾਮੀਆਂ ਉੱਤੇ ਅਫ਼ਸੋਸ ਕਰਦੇ ਹਨ ਅਤੇ ਕੋਸਣ ਲੱਗ ਪੈਂਦੇ ਹਨ ਕਿ ਇਹ ਨਾਕਾਮੀ ਹੋਰਾਂ ਦੀ ਪੱਖਪਾਤੀ ਸੋਚ ਕਰਕੇ ਮਿਲੀ ਹੈ।

ਪਰ ਜੇਕਰ ਉਹਨਾਂ ਨੇ ਆਪਣਾ ਪਹਿਲਾ ਰਾਹ ਚੁਣਨ ਵੇਲੇ ਹੀ ਗੰਭੀਰਤਾ ਨਾਲ ਵਿਚਾਰ ਕੀਤਾ ਹੁੰਦਾ, ਤਾਂ ਉਹਨਾਂ ਨੂੰ ਇਹ ਅਹਿਸਾਸ ਹੋ ਜਾਂਦਾ ਕਿ ਦੋਸ਼ ਉਨ੍ਹਾਂ ਦੀ ਖ਼ੁਦ ਦੀ ਗਲਤ ਯੋਜਨਾ ਜਾਂ ਉਨ੍ਹਾਂ ਦੇ ਪੂਰੀ ਤਰ੍ਹਾਂ ਦਿਸ਼ਾਹੀਣ ਹੋਣ ਵਿੱਚ ਸੀ। ਜੇ ਉਹ ਠੀਕ ਰਸਤੇ ’ਤੇ ਚੱਲਦੇ, ਤਾਂ ਹੋਰਾਂ ਨੂੰ ਉਨ੍ਹਾਂ ਦਾ ਰਾਹ ਰੋਕਣ ਦਾ ਮੌਕਾ ਹੀ ਨਾ ਮਿਲਦਾ ਅਤੇ ਉਨ੍ਹਾਂ ਦੀ ਸਫਲਤਾ ਨਾਕਾਮੀ ਵਿੱਚ ਨਾ ਬਦਲਦੀ।

ਦਿਸ਼ਾਹੀਣ ਹੋਣਾ ਇੱਕ ਬਹੁਤ ਵੱਡੀ ਕਮਜ਼ੋਰੀ ਹੈ ਅਤੇ ਇਸ ਨੂੰ ਟੀਚੇ ਵਿਚ ਬਦਲਣਾ ਅਤਿ ਮਹੱਤਵਪੂਰਨ ਹੈ। ਅਸਲ ਵਿੱਚ, ਕੋਈ ਵੀ ਗਤੀਵਿਧੀ ਉਦੋਂ ਤੱਕ ਸਾਰਥਕ ਨਹੀਂ ਬਣਦੀ ਜਦੋਂ ਤੱਕ ਉਸ ਵਿੱਚ ਚਾਲ ਦੇ ਨਾਲ-ਨਾਲ ਠੋਸ ਦਿਸ਼ਾ ਜਾਂ ਟੀਚਾ ਨਾ ਹੋਵੇ।

ਸਿਰਫ ਸਮੇਂ ਦੀ ਗੱਲ

ਆਕਸਫ਼ੋਰਡ ਯੂਨੀਵਰਸਿਟੀ, ਜੋ 1163 ਵਿੱਚ ਸਥਾਪਿਤ ਹੋਈ ਸੀ, ਹਰੇ-ਭਰੇ ਬਾਗਾਂ ਨਾਲ ਘਿਰੀ ਹੋਈ ਹੈ। ਇੱਕ ਵਾਰੀ ਇੱਕ ਅਮਰੀਕੀ ਕਰੋੜਪਤੀ, ਜੋ

ਉਨ੍ਹਾਂ ਬਾਗਾਂ ਤੋਂ ਬਹੁਤ ਪ੍ਰਭਾਵਿਤ ਹੋਇਆ; ਨੇ ਉੱਥੇ ਦੇ ਮਾਲੀ ਨੂੰ ਪੁੱਛਿਆ ਕਿ ਆਪਣੇ ਅਮਰੀਕਾ ਵਾਲੇ ਮਹਿਲ ਦੇ ਆਸ-ਪਾਸ ਐਸੇ ਹੀ ਬਾਗ ਬਣਵਾਉਣ ਵਿੱਚ ਕਿੰਨਾ ਖਰਚਾ ਆਵੇਗਾ। ਮਾਲੀ ਨੇ ਜਵਾਬ ਦਿੱਤਾ, "ਕੁਝ ਵੀ ਨਹੀਂ।" "ਕਿਵੇਂ?" ਕਰੋੜਪਤੀ ਨੇ ਹੈਰਾਨ ਹੋ ਕੇ ਪੁੱਛਿਆ। ਮਾਲੀ ਨੇ ਕਿਹਾ, "ਤੁਸੀਂ ਸਿਰਫ਼ ਜ਼ਮੀਨ ਸਮਤਲ ਕਰੋ ਅਤੇ ਘਾਹ ਬੀਜੋ। ਫਿਰ ਉਸਨੂੰ ਕੱਟੋ ਤੇ ਰੋਲ ਕਰੋ।" "ਹਾਂ, ਵਾਕਈ?" ਕਰੋੜਪਤੀ ਨੇ ਸੁਣ ਕੇ ਆਰਾਮ ਦਾ ਸਾਹ ਲਿਆ। ਪਰ ਫਿਰ ਮਾਲੀ ਨੇ ਗੰਭੀਰ ਹੁੰਦਿਆਂ ਦੱਸਿਆ, "ਤੁਹਾਨੂੰ ਜੋ ਕਰਨ ਲਈ ਕਿਹਾ ਹੈ ਉਸਨੂੰ ਲਗਾਤਾਰ ਪੰਜ ਸੌ ਸਾਲ ਤੱਕ ਦੁਹਰਾਓ, ਫਿਰ ਤੁਹਾਡਾ ਬਾਗ ਤਿਆਰ ਹੋ ਜਾਵੇਗਾ।" ਮਾਲੀ ਦੀ ਅੱਖਾਂ ਵਿੱਚ ਸਾਫ਼ਗੋਈ ਵੇਖ ਕੇ, ਕਰੋੜਪਤੀ ਨੂੰ ਇਹ ਸਮਝ ਆ ਗਈ ਕਿ ਅੰਗ੍ਰੇਜ਼ਾਂ ਕੋਲ ਸਿਰਫ਼ ਵਿਅੰਗ-ਬੋਧ ਹੀ ਨਹੀਂ, ਬਲਕਿ ਅਜਿਹੀਆਂ ਚੀਜ਼ਾਂ ਵੀ ਹਨ ਜੋ ਪੈਸੇ ਨਾਲ ਨਹੀਂ ਖਰੀਦੀਆਂ ਜਾ ਸਕਦੀਆਂ।

ਕਈ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਲਈ ਸਿਰਫ਼ "ਸਮਾਂ" ਹੀ ਸਭ ਕੁਝ ਹੁੰਦਾ ਹੈ। ਸਾਂਝ ਵੇਲੇ ਡੁੱਬੇ ਸੂਰਜ ਦੀ ਖੂਬਸੂਰਤੀ ਨੂੰ ਜੇਕਰ ਮੁੜ ਵੇਖਣ ਦੀ ਇੱਛਾ ਹੋਵੇ, ਤਾਂ ਅਗਲੇ ਦਿਨ ਤਕ ਉਡੀਕ ਕਰਨਾ ਹੀ ਕੇਵਲ ਇਕ ਮਾਤਰ ਤਰੀਕਾ ਹੈ। ਜੇਕਰ ਅਸੀਂ ਇੱਕ ਬੀਜ ਬੀਜੀਏ ਅਤੇ ਫਿਰ ਉਸਨੂੰ ਦਰੱਖਤ ਦੇ ਰੂਪ ਵਿਚ ਦੇਖਣ ਦੀ ਆਸ ਰੱਖੀਏ, ਤਾਂ ਸਾਨੂੰ ਕਈ ਸਾਲ ਉਡੀਕ ਕਰਨੀ ਪਵੇਗੀ। ਸਿਰਫ਼ ਤਾਂ ਹੀ ਅਸੀਂ ਉਸ ਦਰੱਖਤ ਨੂੰ ਉਸਦੇ ਮੁਕੰਮਲ ਰੂਪ ਵਿੱਚ ਦੇਖ ਸਕਾਂਗੇ।

ਕੁਦਰਤ ਦੇ ਹਰ ਘਟਨਾਕ੍ਰਮ ਲਈ ਇੱਕ ਨਿਸ਼ਚਿਤ ਸਮਾਂ ਨਿਰਧਾਰਤ ਕੀਤਾ ਗਿਆ ਹੈ। ਉਸ ਨਿਰਧਾਰਤ ਸਮੇਂ ਤੋਂ ਪਹਿਲਾਂ ਨਾ ਤਾਂ ਕੁਝ ਵਜੂਦ ਵਿਚ ਆ ਸਕਦਾ ਹੈ ਅਤੇ ਨਾ ਹੀ ਕੋਈ ਫਲ ਪ੍ਰਾਪਤ ਹੋ ਸਕਦਾ ਹੈ।

ਮੁਸ਼ਕਿਲਾਂ ਤੋਂ ਬਾਅਦ ਆਸਾਨੀ

ਜਿਹੜੇ ਲੋਕ ਰੇਤਲੇ ਇਲਾਕਿਆਂ ਵਿੱਚ ਰੇਤ ਜਾਂ ਧੂੜ ਦੇ ਤੂਫ਼ਾਨਾਂ ਦਾ ਅਨੁਭਵ ਕਰ ਚੁੱਕੇ ਹਨ, ਉਹ ਜਾਣਦੇ ਹਨ ਕਿ ਇਹ ਕਿੰਨੇ ਖੌਫ਼ਨਾਕ ਹੁੰਦੇ ਹਨ। ਇਨ੍ਹਾਂ ਗਰਮ ਤੇ ਖੌਫ਼ਨਾਕ ਹਵਾਵਾਂ ਵਿੱਚ ਪਹਿਲੀ ਨਜ਼ਰੇ ਕੋਈ ਸਕਾਰਾਤਮਕ ਗੱਲ ਨਜ਼ਰ ਨਹੀਂ ਆਉਂਦੀ। ਪਰ ਸੋਵੀਅਤ ਮੌਸਮ ਵਿਗਿਆਨੀਆਂ ਨੇ ਕਰਾਕੋਰਮ

ਰੇਗਿਸਤਾਨ ਵਿੱਚ ਧੂੜ ਦੇ ਤੂਫ਼ਾਨਾਂ ਦੀਆਂ ਵਿਸ਼ੇਸ਼ਤਾਵਾਂ ਦੀ ਜਾਂਚ ਕੀਤੀ ਅਤੇ ਪਤਾ ਲਗਾਇਆ ਕਿ ਪਹਿਲੀ ਨਜ਼ਰੇ ਮੁਸੀਬਤ ਜਾਪਣ ਵਾਲਾ ਇਹ ਤੁਫਾਨ ਦਰਅਸਲ ਕੁਦਰਤ ਵੱਲੋਂ ਅਤਿ ਤਾਪਮਾਨ ਨੂੰ ਸੰਤੁਲਿਤ ਕਰਨ ਦਾ ਇਕ ਢੰਗ ਹੈ। ਖ਼ਤਰਨਾਕ ਧੂੜ ਜਦ ਉੱਡਦੀ ਹੈ, ਤਾਂ ਇਹ ਆਕਾਸ਼ ਵਿੱਚ ਇੱਕ ਪਰਤ ਜਿਹੀ ਬਣਾਉਂਦੀ ਹੈ ਜੋ ਧਰਤੀ ਨੂੰ ਸੂਰਜ ਦੇ ਤਾਪ ਤੋਂ ਬਚਾਉਂਦੀ ਹੈ। ਗਰਮੀ ਵਿੱਚ ਸੜ ਰਹੀ ਰੇਤਲੀ ਧਰਤੀ ਨੂੰ ਇਹ ਤੂਫ਼ਾਨ ਕਾਫੀ ਹੱਦ ਤੱਕ ਠੰਡਕ ਬਖਸ਼ਦਾ ਹੈ। ਇਹ ਤੂਫ਼ਾਨ ਅਕਸਰ ਅਰਬ ਜਾਂ ਕੇਂਦਰੀ ਏਸ਼ੀਆ ਵਿੱਚ ਆਉਂਦੇ ਹਨ ਪਰ ਇਨ੍ਹਾਂ ਕਾਰਨ ਤਾਪਮਾਨ ਵਿਚ ਆਇਆ ਬਦਲਾਅ ਕਈ ਵਾਰੀ ਇੰਨਾ ਜ਼ਿਆਦਾ ਹੁੰਦਾ ਹੈ ਕਿ ਇਸ ਦਾ ਅਸਰ ਅਮਰੀਕਾ ਜਾਂ ਆਰਕਟਿਕ ਤੱਕ ਮਹਿਸੂਸ ਕੀਤਾ ਜਾਂਦਾ ਹਨ।

ਇਹ ਕੁਦਰਤ ਦਾ ਨਿਯਮ ਹੈ। ਜਿਵੇਂ ਦੁੱਖ ਤੋਂ ਬਾਅਦ ਸੁੱਖ ਆਉਂਦਾ ਹੈ, ਤਿਵੇਂ ਹੀ ਅਸਲ ਕਾਮਯਾਬੀ ਸਿਰਫ਼ ਲੰਮੇ ਸਮੇਂ ਦੀ ਮਿਹਨਤ ਨਾਲ ਹੀ ਮਿਲਦੀ ਹੈ। ਕੁਦਰਤ ਨੇ ਪ੍ਰਤੱਖ ਕਰ ਦਿੱਤਾ ਹੈ ਕਿ ਅਸਲ ਤਰੱਕੀ ਦਾ ਰਾਹ ਮੁਸ਼ਕਲਾਂ ਵਿੱਚੋਂ ਹੋ ਕੇ ਲੰਘਦਾ ਹੈ। ਜੇਕਰ ਅਸੀਂ ਫਲ ਦੀ ਉਮੀਦ ਕਰਦੇ ਹਾਂ, ਤਾਂ ਪਹਿਲਾਂ ਸਾਨੂੰ ਸੰਘਰਸ਼ ਪ੍ਰਤੀ ਮਾਨਸਿਕ ਤੇ ਸ਼ਰੀਰਕ ਪੱਖੋਂ ਤਿਆਰ ਹੋਣਾ ਪਵੇਗਾ। ਇਹ ਉਸ ਖ਼ੁਦਾ ਦਾ ਨਿਅਮ ਹੈ ਜਿਸ ਨੇ ਸਾਰੀ ਕਾਇਨਾਤ ਬਣਾਈ ਹੈ। ਜੇਕਰ ਅਸੀਂ ਸੋਚੀਏ ਕਿ ਕਾਮਯਾਬੀ ਦਾ ਕੋਈ ਸੌਖਾ ਰਾਹ ਮਿਲ ਜਾਵੇ, ਤਾਂ ਇਸਦੇ ਲਈ ਸਾਨੂੰ ਇਕ ਨਵੀਂ ਦੁਨੀਆ ਦਾ ਨਿਰਮਾਣ ਕਰਨਾ ਪਵੇਗਾ। ਅਜਿਹੀ ਦੁਨੀਆ ਜਿੱਥੇ ਗਰਮ-ਸ਼ੀਤ ਲਹਿਰਾਂ ਦਾ ਕੋਈ ਨਾਮੋ-ਨਿਸ਼ਾਨ ਨਾ ਹੋਵੇ, ਸਿਰਫ ਠੰਡੀਆਂ ਹਵਾਵਾਂ ਦੇ ਬੁੱਲੇ ਹੋਣ।

ਇਸ ਵਿਚ ਕੋਈ ਦੋਰਾਹ ਨਹੀਂ ਕਿ ਅਕਸਰ ਨਾਕਾਮੀ ਦੀ ਜੜ੍ਹ "ਤੁਰੰਤ ਸਫਲਤਾ" ਦੀ ਖ਼ਾਹਿਸ਼ ਹੁੰਦੀ ਹੈ। "ਸ਼ਾਰਟਕਟ" ਸ਼ਬਦ ਸੜਕਾਂ ਜਾਂ ਰਾਹਾਂ ਲਈ ਤਾਂ ਠੀਕ ਹੋ ਸਕਦਾ ਹੈ, ਪਰ ਜੀਵਨ ਦੇ ਸੰਘਰਸ਼ਾਂ ਵਿੱਚ ਇਸ ਦੀ ਕੋਈ ਹੋਂਦ ਨਹੀਂ। ਇਹ ਤੱਥ ਕਈ ਵਾਰ ਦੁਖਦਾਈ ਘਟਨਾਵਾਂ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ।

ਉਦਾਹਰਨ ਲਈ, ਗੁਜਰਾਤ ਦੇ ਸੁਰਤ ਸ਼ਹਿਰ ਵਿੱਚ ਇਕ ਨੌਜਵਾਨ ਨੇ ਸੁਨਿਆਰੇ ਦੀ ਦੁਕਾਨ ਤੋਂ ਸੋਨਾ ਚੋਰੀ ਕੀਤਾ ਅਤੇ ਤੇਜ਼ੀ ਨਾਲ ਉਥੋਂ ਭੱਜਣ ਦੀ ਕੋਸ਼ਿਸ਼ ਕੀਤੀ। ਜਦਕਿ ਦੁਕਾਨਦਾਰ ਨੇ ਉਸਦਾ ਰਸਤਾ ਰੋਕ ਲਿਆ। ਉਹ

ਨਜ਼ਦੀਕੀ ਖਿੜਕੀ ਵੱਲ ਦੌੜਿਆ ਤੇ ਬੱਚ ਸਕਣ ਦੀ ਮੰਸ਼ਾ ਨਾਲ ਦੂਜੀ ਮੰਜ਼ਿਲ ਤੋਂ ਹੇਠਾਂ ਛਾਲ ਮਾਰ ਦਿੱਤੀ। ਪਰ ਉਸ ਦੁਆਰਾ ਕੀਤੀ ਇਹ ਹਿੰਮਤ ਦੁਰਘਟਨਾ 'ਚ ਬਦਲ ਗਈ ਤੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। (ਦ ਟਾਈਮਜ਼ ਆਫ਼ ਇੰਡੀਆ, 21 ਜਨਵਰੀ 1980)

ਇਹ ਸਿਰਫ਼ ਇਕ ਮੂਰਖ ਨੌਜਵਾਨ ਦੀ ਘਟਨਾ ਨਹੀਂ, ਅਸਲ ਵਿੱਚ ਅਨੇਕਾਂ ਵਾਰ ਬੁੱਧੀਮਾਨ ਸਮਝੇ ਜਾਂਦੇ ਲੋਕ ਵੀ ਇਹੀ ਗਲਤੀ ਕਰਦੇ ਹਨ। ਜਦ ਕੋਈ ਵਿਅਕਤੀ ਬਹੁਤ ਮੁਸ਼ਕਲ ਚੀਜ਼ ਤੁਰੰਤ ਹਾਸਲ ਕਰਨਾ ਚਾਹੁੰਦਾ ਹੈ ਤਾਂ ਉਹ ਉਸ ਨੌਜਵਾਨ ਵਾਂਗ ਸ਼ੋਰਟਕਟ ਅਪਨਾ ਕੇ ਤਬਾਹੀ ਨੂੰ ਸੱਦਾ ਦੇ ਰਿਹਾ ਹੁੰਦਾ ਹੈ। ਜਦੋਂ ਕਿਸੇ ਦੇਸ਼ ਦੇ ਨੇਤਾ ਵੀ ਅਜਿਹਾ ਕੁਝ ਕਰਦੇ ਹਨ, ਤਾਂ ਉਹ ਆਪਣੇ ਨਾਲ-ਨਾਲ ਸਾਰੇ ਦੇਸ਼ ਨੂੰ ਤਬਾਹੀ ਵੱਲ ਲੈ ਜਾਂਦੇ ਹਨ। ਅਟਲ ਸੱਚ ਇਹ ਹੈ ਕਿ ਆਰਾਮ ਹਮੇਸ਼ਾ ਮੁਸੀਬਤਾਂ ਤੋਂ ਬਾਅਦ ਹੀ ਆਉਂਦਾ ਹੈ।

ਇੱਕ ਅਟੱਲ ਬੁਰਾਈ

ਮਿਸਟਰ ਦਾਸ, ਜੋ ਕਿ ਭਾਰਤੀ ਪ੍ਰਸ਼ਾਸਨਿਕ ਸੇਵਾ (IAS) ਦੇ ਪ੍ਰਮੁੱਖ ਸੀਨੀਅਰ ਅਧਿਕਾਰੀਆਂ ਵਿੱਚੋਂ ਇੱਕ ਮੰਨੇ ਜਾਂਦੇ ਸਨ; ਨੇ 3 ਅਗਸਤ 1985 ਨੂੰ ਰੱਸੇ ਨਾਲ ਫਾਹਾ ਲੈ ਕੇ ਆਤਮਹੱਤਿਆ ਕਰ ਲਈ। ਉਹ ਦਿੱਲੀ ਦੀ ਇੱਕ ਆਲਿਸ਼ਾਨ ਕਾਲੋਨੀ "ਮਧੁਬਨ" ਵਿੱਚ ਇੱਕ ਵੱਡੀ ਕੋਠੀ ਵਿੱਚ ਰਹਿੰਦੇ ਸਨ।

ਉਸ ਦੀ ਪਤਨੀ, ਹੇਨਾ ਦਾਸ, ਦੁਪਿਹਰ ਇਕ ਵਜੇ ਦੇ ਕਰੀਬ ਜਦ ਉਹਦੇ ਕਮਰੇ ਵਿੱਚ ਗਈ, ਤਾਂ ਉਹਨੇ ਆਪਣੇ ਪਤੀ ਦੀ ਲਾਸ਼ ਪੱਖੇ ਨਾਲ ਲਟਕਦੀ ਹੋਈ ਵੇਖੀ। ਮਿਸਟਰ ਦਾਸ ਦੀ ਉਮਰ ਉਸ ਵੇਲੇ 54 ਸਾਲ ਸੀ। ਹਾਲ ਹੀ ਵਿੱਚ ਉਹਨੂੰ ਦਿੱਲੀ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ, ਅਤੇ ਉਹ ਸਭ ਤੋਂ ਵੱਧ ਤਨਖ਼ਾਹ ਪ੍ਰਾਪਤ ਕਰਨ ਵਾਲਾ ਵਿਅਕਤੀ ਸੀ।

ਇਨ੍ਹਾਂ ਸਾਰੇ ਸੁੱਖਾਂ ਦੇ ਬਾਵਜੂਦ, ਉਸਨੇ ਆਤਮਹੱਤਿਆ ਕਿਉਂ ਕੀਤੀ? ਇਸ ਮਾਮਲੇ ਉੱਤੇ 'ਹਿੰਦੁਸਤਾਨ ਟਾਈਮਜ਼' ਅਤੇ 'ਦ ਟਾਈਮਜ਼ ਆਫ ਇੰਡੀਆ', ਦੋਵਾਂ ਨੇ 4 ਅਗਸਤ, 1985 ਨੂੰ ਇੰਝ ਲਿਖਿਆ:

"ਮਿਸਟਰ ਦਾਸ ਦੇ ਇੱਕ ਵਪਾਰੀ ਦੋਸਤ ਨੇ ਦੱਸਿਆ ਕਿ ਉਨ੍ਹਾਂ ਨੂੰ ਅਕਸਰ ਅਣਚਾਹੀਆਂ ਜਾਂ ਵਿਅਰਥ ਥਾਵਾਂ 'ਤੇ ਨਿਯੁਕਤ ਕੀਤਾ ਜਾਂਦਾ ਸੀ। ਉਹ ਅਕਸਰ ਕਹਿੰਦੇ ਸਨ ਕਿ ਉਨ੍ਹਾਂ ਨੂੰ ਕਦੇ ਵੀ ਉਹ ਦਰਜਾ ਨਹੀਂ ਦਿੱਤਾ ਗਿਆ ਜਿਸਦੇ ਉਹ ਅਸਲ ਹੱਕਦਾਰ ਸਨ। ਪ੍ਰਸ਼ਾਸਨ ਵਿੱਚ ਬਣਦੀ ਇੱਜ਼ਤ ਨਾ ਮਿਲਣ ਦੇ ਕਾਰਨ ਉਹ ਨਿਰਾਸ਼ ਅਤੇ ਨਿਰਉਤਸ਼ਾਹਤ ਹੋ ਗਏ ਸਨ।"

ਸਵਾਲ ਇਹ ਹੈ ਕਿ ਕੀ ਇਹ ਕੇਵਲ ਉੱਚ ਪਦਵੀ ਵਾਲੇ ਅਧਿਕਾਰੀਆਂ ਦੀ ਹੀ ਤਕਲੀਫ਼ ਹੈ? ਨਹੀਂ। ਚਾਹੇ ਕੋਈ ਵਿਅਕਤੀ ਸੰਖਿਅਕ ਸਮੂਹ ਦਾ ਹੋਵੇ ਜਾਂ ਅਲਪਸੰਖਿਅਕ ਸਮੂਹ ਦਾ, ਆਮ ਕਰਮਚਾਰੀ ਹੋਵੇ ਜਾਂ ਉੱਚ ਅਧਿਕਾਰੀ, ਹਰ ਕਿਸੇ ਨੂੰ ਇਹ ਅਨੁਭਵ ਹੋਣਾ ਕਿ ਉਸ ਨਾਲ ਵਧੀਕੀ ਹੋਈ ਹੈ, ਇਕ ਆਮ ਜਿਹੀ ਗੱਲ ਹੈ।

ਇਹੋ ਜਿਹੀ ਸਥਿਤੀ ਵਿੱਚ ਸਮਝਦਾਰ ਰਵੱਈਆ ਇਹੀ ਹੈ ਕਿ ਹਾਲਾਤਾਂ ਨੂੰ ਸਵੀਕਾਰ ਕਰ ਲਿਆ ਜਾਵੇ। ਜੇਕਰ ਅਸੀਂ ਸੱਚ ਨੂੰ ਸਵੀਕਾਰ ਕਰਨ ਤੋਂ ਮੁਨਕਰ ਹੋਵਾਂਗੇ ਤਾਂ ਇਹ ਅਸਵੀਕਾਰਤਾ ਲਾਜ਼ਮੀ ਸਾਨੂੰ ਗੰਭੀਰ ਨਿਰਾਸ਼ਾ ਜਾਂ ਆਤਮਹੱਤਿਆ ਜਿਹੇ ਬੁਰੇ ਅੰਤ ਵੱਲ ਲੈ ਜਾ ਸਕਦੀ ਹੈ। ਸੱਚ ਇਹ ਹੈ ਕਿ ਪੱਖਪਾਤ ਮਹਿਸੂਸ ਕਰਨਾ ਜੀਵਨ ਦਾ ਅੰਗ ਹੈ, ਪਰ ਉਸ ਵਿਚੋਂ ਸਹਿਜੇ ਨਿਕਲ ਜਾਣਾ ਜੀਵਨ ਦੀ ਕਲਾ ਹੈ।

ਅਗਿਆਨਤਾ ਦਾ ਮਾੜਾ ਪ੍ਰਭਾਵ

ਇਹ ਘਟਨਾ ਆਜ਼ਾਦੀ ਤੋਂ ਪਹਿਲਾਂ ਦੀ ਹੈ। ਇੱਕ ਪਿੰਡ ਵਾਸੀ ਪਹਿਲੀ ਵਾਰੀ ਸ਼ਹਿਰ ਆਇਆ ਅਤੇ ਆਪਣੇ ਇੱਕ ਜਾਣਕਾਰ ਕੋਲ ਰਹਿਣ ਲੱਗਾ। ਰੋਟੀ ਵੇਲੇ ਉਸਨੂੰ ਖਰਬੂਜਾ ਪੇਸ਼ ਕੀਤਾ ਗਿਆ। ਖਰਬੂਜੇ ਦੇ ਨਾਲ ਇੱਕ ਛੁਰੀ ਵੀ ਪਲੇਟ ਵਿਚ ਰੱਖੀ ਗਈ। ਇਹ ਦੇਖ ਕੇ ਉਹ ਹੈਰਾਨ ਰਹਿ ਗਿਆ। ਉਸਨੇ ਪ੍ਰਤੀਕਿਰਿਆ ਦਿੰਦਿਆਂ ਕਿਹਾ, "ਮੈਨੂੰ ਖਰਬੂਜੇ ਅਤੇ ਛੁਰੀ ਦੀ ਜੋੜੀ ਸਮਝ ਨਹੀਂ ਆਈ।" ਉਸਨੇ ਖਰਬੂਜਾ ਨਹੀਂ ਖਾਧਾ ਅਤੇ ਵਾਪਸ ਕਰ ਦਿੱਤਾ। ਜਦ ਕਿਸੇ ਨੇ ਪੁੱਛਿਆ ਕਿ ਉਸਨੇ ਅਜਿਹਾ ਕਿਉਂ ਕੀਤਾ, ਤਾਂ ਉਸਨੇ ਉੱਤਰ ਦਿੱਤਾ, "ਮੈਂ ਤਾਂ ਖਰਬੂਜਾ ਹੱਥੀਂ ਭੰਨ ਕੇ ਖਾਂਦਾ ਹਾਂ। ਇਹ ਛੁਰੀ ਨਾਲ ਰੱਖਣ ਦਾ ਕੀ

ਮਕਸਦ ਸੀ? ਮੈਨੂੰ ਇਹ ਕੋਈ ਜਾਦੂ-ਟੂਣੇ ਵਾਲੀ ਗੱਲ ਲੱਗੀ, ਇਸ ਲਈ ਨਹੀਂ ਖਾਧਾ।”

ਇਸੇ ਵਿਅਕਤੀ ਨਾਲ ਰਾਤ ਨੂੰ ਵੀ ਇਕ ਹੋਰ ਅਜਿਹੀ ਘਟਨਾ ਵਾਪਰੀ। ਜਦ ਉਹ ਸੌਣ ਲਈ ਗਿਆ ਤਾਂ ਮੰਜੇ ’ਤੇ ਸਰਾਣਾ ਰੱਖਿਆ ਹੋਇਆ ਸੀ। ਉਹ ਉਸ ਸਰਾਣੇ ਕਰਕੇ ਸਾਰੀ ਰਾਤ ਸੋ ਨਹੀਂ ਸਕਿਆ। ਬਾਅਦ ਵਿੱਚ ਉਸਨੇ ਦੱਸਿਆ “ਮੈਨੂੰ ਲੱਗਿਆ ਕਿ ਇਸ ਸਰਾਣੇ ਵਿੱਚ ਕੋਈ ਖ਼ਜ਼ਾਨਾ ਭਰਿਆ ਹੋਇਆ ਹੈ। ਸਮਝ ਨਹੀਂ ਆਇਆ ਕਿ ਇਸ ਸਰਾਣੇ ਦੀ ਰਾਖੀ ਕਰਾਂ ਜਾਂ ਸੋਵਾਂ।”

ਅਕਸਰ ਅਜਿਹਾ ਹੁੰਦਾ ਹੈ ਕਿ ਕੋਈ ਵਿਅਕਤੀ ਹੋਰਾਂ ਪ੍ਰਤੀ ਮਨ ਵਿਚ ਸ਼ਿਕਾਇਤਾਂ ਰੱਖ ਕੇ ਇੰਨਾ ਭਰ ਜਾਂਦਾ ਹੈ ਕਿ ਉਹ ਹਰ ਵੇਲੇ ਖਿੱਜਿਆ ਰਹਿੰਦਾ ਹੈ। ਉਹਦੀ ਸੋਚਣੀ ਹੁੰਦੀ ਹੈ ਕਿ ਉਸ ਦੁਆਰਾ ਕੀਤੇ ਜਾ ਰਹੇ ਗਿਲੇ-ਸ਼ਿਕਵੇ ਪੂਰੀ ਤਰ੍ਹਾਂ ਜਾਇਜ਼ ਹਨ। ਪਰ ਅਸਲ ਵਿੱਚ ਇਹ ਸਿਰਫ਼ ਉਸਦੀ ਅਗਿਆਨਤਾ ਦਾ ਨਤੀਜਾ ਹੁੰਦਾ ਹੈ। ਉਹ ਬਿਨਾਂ ਸਾਰੀ ਸਥਿਤੀ ਨੂੰ ਸਮਝੇ ਆਪਣੀ ਰਾਏ ਬਣਾਉਂਦਾ ਹੈ ਅਤੇ ਫਿਰ ਉਸ ’ਤੇ ਅੜ ਜਾਂਦਾ ਹੈ, ਜਦਕਿ ਹਕੀਕਤ ਵਿੱਚ ਉਸ ਦੀਆਂ ਸ਼ਿਕਾਇਤਾਂ ਬੇਬੁਨਿਆਦ ਹੁੰਦੀਆਂ ਹਨ।

ਕੁਰਾਨ ਸਾਨੂੰ ਸਿੱਖਾਉਂਦਾ ਹੈ ਕਿ ਅਜਿਹੀ ਬੁਰਾਈ ਤੋਂ ਕਿਵੇਂ ਬਚਿਆ ਜਾ ਸਕਦਾ ਹੈ। ਉੱਤਮ ਰਾਹ ਇਹ ਹੈ ਕਿ ਕਿਸੇ ਗੱਲ ਦੀ ਪੂਰੀ ਜਾਂਚ-ਪੜਤਾਲ ਕੀਤੀ ਜਾਵੇ। ਸਮਝਦਾਰ ਵਿਅਕਤੀ ਦੀ ਨਿਸ਼ਾਨੀ ਹੈ ਕਿ ਜਾਂ ਤਾਂ ਉਸਨੇ ਜੋ ਸੁਣਿਆ ਹੈ ਉਸਨੂੰ ਭੁੱਲ ਜਾਣ ਦੀ ਕੋਸ਼ਿਸ਼ ਕਰੇਗਾ ਜਾਂ ਫਿਰ ਚੁੱਪ ਰਹੇਗਾ ਅਤੇ ਜੇ ਕਿਸੇ ਕਾਰਣ ਕਰਕੇ ਉਹ ਗੱਲ ਦੀ ਤਹਿ ਤੱਕ ਜਾਣਾ ਚਾਹੇ, ਤਾਂ ਸਿੱਧਾ ਉਸ ਵਿਅਕਤੀ ਨਾਲ ਸੰਪਰਕ ਕਰੇਗਾ ਜੋ ਮਾਮਲੇ ਨਾਲ ਸੰਬੰਧਿਤ ਹੋਵੇ। ਇਸ ਤਰੀਕੇ ਨਾਲ ਉਹ ਮਾਮਲੇ ਦੀ ਪੂਰੀ ਜਾਂਚ ਕਰਕੇ ਸੱਚ ਤੱਕ ਪਹੁੰਚੇਗਾ।

ਜਾਂਚ ਤੋਂ ਬਾਅਦ ਵੀ ਜੇਕਰ ਕੋਈ ਵਿਅਕਤੀ ਪੁਰਾਣੀ ਜਾਂ ਗਲਤ ਰਾਏ ’ਤੇ ਅਡਿੱਗ ਰਹਿੰਦਾ ਹੈ, ਤਾਂ ਇਹ ਬਿਨਾਂ ਜਾਂਚ ਦੇ ਫੈਲਾਈ ਗਲਤ ਜਾਣਕਾਰੀ ਤੋਂ ਸਿਵਾ ਹੋਰ ਕੁਝ ਨਹੀਂ। ਇਹ ਅਗਿਆਨਤਾ ਦੇ ਨਾਲ-ਨਾਲ ਬੇਇਨਸਾਫੀ ਵੀ ਹੈ। ਇਸ ਲਈ, ਅਗਿਆਨਤਾ ਸਿਰਫ਼ ਇੱਕ ਕਮੀ ਨਹੀਂ, ਸਗੋਂ ਇੱਕ ਐਸਾ ਵਿਕਾਰ ਹੈ ਜੋ ਅਕਸਰ ਨਿੱਜ ਨੂੰ ਹੀ ਨੁਕਸਾਨ ਪਹੁੰਚਾਉਂਦਾ ਹੈ।

ਲਹਿਰਾਂ ਹੇਠ ਤੈਰਨਾ

ਦੋ ਨੌਜਵਾਨ ਦੋਸਤ, ਜੋ ਕਿ ਚੰਗੇ ਤੈਰਾਕ ਸਨ, ਇੱਕ ਵਾਰੀ ਮਦਰਾਸ ਦੇ ਸਮੁੰਦਰ ਕਿਨਾਰੇ ਤੈਰਨ ਗਏ। ਦਿਨ ਸੁਹਾਵਣਾ ਤੇ ਸਮੁੰਦਰ ਬਹੁਤ ਸ਼ਾਂਤ ਸੀ। ਕਦੇ ਪਾਣੀ ਦੇ ਉਤੇ ਤੈਰਦੇ, ਕਦੇ ਪਾਣੀ ਹੇਠਾਂ ਚੁੱਬੀਆਂ ਲਾਉਂਦੇ, ਇੰਝ ਕਰਦਿਆਂ ਉਹ ਤਟ ਤੋਂ ਕਾਫੀ ਦੂਰ ਆ ਗਏ। ਉਹਨਾਂ ਨੂੰ ਪਤਾ ਹੀ ਨਾ ਲੱਗਿਆ ਕਿ ਉਹ ਅਚਾਨਕ ਸਮੁੰਦਰ ਦੀਆਂ ਖ਼ਤਰਨਾਕ ਲਹਿਰਾਂ ਵਿੱਚ ਘਿਰ ਗਏ। ਇਹ ਤੀਬਰ ਲਹਿਰਾਂ ਉਹਨਾਂ ਦੋਵਾਂ ਨੂੰ ਹੇਠਾਂ ਧਕੇਲ ਰਹੀਆਂ ਸਨ।

ਇੱਕ ਦੋਸਤ ਨੇ ਆਪਣੀ ਪੂਰੀ ਤਾਕਤ ਨਾਲ ਉਨ੍ਹਾਂ ਲਹਿਰਾਂ ਦੇ ਉਲਟ ਤੈਰਣ ਦੀ ਹਿੰਮਤ ਕੀਤੀ ਅਤੇ ਆਪਣੇ ਆਪ ਨੂੰ ਬਚਾਉਣ ਲਈ ਤਟ ਵੱਲ ਵਧਣ ਲੱਗਾ। ਉਸਨੇ ਬਹੁਤ ਕੋਸ਼ਿਸ਼ ਕੀਤੀ ਪਰ ਉਹ ਫਿਰ ਵੀ ਕਿਨਾਰੇ ਤੱਕ ਨਹੀਂ ਪਹੁੰਚ ਸਕਿਆ ਅਤੇ ਡੁੱਬ ਗਿਆ। ਲਹਿਰਾਂ ਨੇ ਉਸ ’ਤੇ ਭਾਰੂ ਪੈ ਕੇ ਆਪਣੀ ਤਾਕਤ ਦਾ ਪ੍ਰਮਾਣ ਦਿੱਤਾ।

ਦੂਜੇ ਦੋਸਤ ਨੇ ਵੀ ਸ਼ੁਰੂ ਵਿੱਚ ਉਹੀ ਰਸਤਾ ਅਪਣਾਇਆ, ਪਰ ਥੋੜ੍ਹੀ ਦੇਰ ਵਿੱਚ ਹੀ ਉਸਨੂੰ ਸਮਝ ਆ ਗਿਆ ਕਿ ਇਹ ਕੋਸ਼ਿਸ਼ ਵਿਅਰਥ ਹੈ। ਇਸ ਮੌਕੇ ਉਸਨੂੰ ਯਾਦ ਆਇਆ ਕਿ ਲਹਿਰਾਂ ਦੀ ਤਾਕਤ ਜ਼ਿਆਦਾਤਰ ਪਾਣੀ ਦੇ ਉਤੇ ਮਹਿਸੂਸ ਹੁੰਦੀ ਹੈ, ਜਦਕਿ ਪਾਣੀ ਹੇਠਾਂ ਇਹ ਫੋਰਸ ਕਾਫੀ ਘੱਟ ਜਾਂਦਾ ਹੈ। ਤੁਰੰਤ ਹੀ ਉਸਨੇ ਡੁੱਬਕੀ ਲਾਈ ਅਤੇ ਪਾਣੀ ਹੇਠਾਂ ਉਤਰ ਗਿਆ। ਬੇਸ਼ਕ ਉਸਦੀਆਂ ਮਾਸ਼ਪੇਸ਼ੀਆਂ ਦਰਦ ਨਾਲ ਭਰ ਗਈਆਂ ਪਰ ਉਹ ਆਪਣੀ ਪੂਰੀ ਤਾਕਤ ਲਗਾ ਕੇ ਬੇਹੋਸ਼ ਹਾਲਤ ਵਿਚ ਕਿਨਾਰੇ ’ਤੇ ਪਹੁੰਚ ਗਿਆ। ਇੰਨੀ ਨਾਜ਼ੁਕ ਹਾਲਤ ਵਿਚ ਦੇਖ ਕੇ ਕੁਝ ਮਛੁਆਰਿਆਂ ਨੇ ਉਸਨੂੰ ਤੁਰੰਤ ਚੱਕ ਕੇ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ ਅਤੇ ਮੌਕੇ ’ਤੇ ਇਲਾਜ ਹੋਣ ਕਾਰਣ ਉਹ ਬਿਲਕੁਲ ਠੀਕ ਹੋ ਗਿਆ।

ਉਸ ਲਈ ਇਹ ਨਿਸ਼ਚਤ ਹੀ ਕਿਸਮਤ ਵਾਲੀ ਗੱਲ ਸੀ ਕਿ ਨੇੜੇ ਹੀ ਕਿਸ਼ਤੀ ਮੌਜੂਦ ਸੀ ਜਿਸ ਵਿਚ ਉਸਨੂੰ ਹਸਪਤਾਲ ਲਿਜਾਇਆ ਜਾ ਸਕਿਆ ਤੇ ਉਸਦਾ ਇਲਾਜ ਹੋ ਗਿਆ। ਪਰ ਅਸਲ ਵਿਚ ਜਿਸ ਕਰਕੇ ਉਸਦੀ ਜਾਨ ਬਚ ਸਕੀ, ਉਹ ਸੀ ਸਥਿਤੀ ਅਨੁਸਾਰ ਸਹੀ ਨਿਤੀ ਦਾ ਉਪਯੋਗ। ਉਦਾਹਰਣ ਦੇ ਤੌਰ ’ਤੇ ਜਦੋਂ ਉਸਨੂੰ ਇਹ ਅਹਿਸਾਸ ਹੋਇਆ ਕਿ ਲਹਿਰਾਂ ਉਸਤੋਂ ਕਿਤੇ ਵੱਧ

ਤਾਕਤਵਰ ਹਨ ਅਤੇ ਲਹਿਰਾਂ ਦੇ ਵਿਪਰੀਤ ਤੈਰ ਕੇ ਬਚਣਾ ਮੁਮਕਿਨ ਨਹੀਂ ਤਾਂ ਉਸਨੇ ਲਹਿਰਾਂ ਹੇਠ ਤੈਰਨਾ ਸ਼ੁਰੂ ਕਰ ਦਿੱਤਾ।

ਦੋਵੇਂ ਨੌਜਵਾਨ ਜਾਨ ਬਚਾਉਣ ਲਈ ਲੜਦੇ ਰਹੇ, ਪਰ ਬਚਿਆ ਉਹੀ ਜਿਸਨੇ ਸਿਰਫ਼ ਸ਼ਰੀਰਕ ਜ਼ੋਰ ਨਹੀਂ, ਆਪਣਾ ਮਾਨਸਿਕ ਜ਼ੋਰ ਜਾਂ ਅਕਲ ਵੀ ਵਰਤੀ। ਉਸਨੇ ਅਕਲ ਰਾਹੀਂ ਤੁਰੰਤ ਭਾਂਪ ਲਿਆ ਕਿ ਕੁਦਰਤ ਦੀ ਜ਼ਬਰਦਸਤ ਤਾਕਤ ਦੇ ਸਾਹਮਣੇ ਕੱਲਾ ਸ਼ਰੀਰਕ ਜ਼ੋਰ ਦਿਖਾਉਣਾ ਵਿਅਰਥ ਹੈ।

ਇਹ ਇਕ ਅਜਿਹਾ ਸਿਧਾਂਤ ਹੈ ਜੋ ਮਨੁੱਖੀ ਗਤੀਵਿਧੀਆਂ ਦੇ ਸਮੁੱਚੇ ਖੇਤਰ ’ਤੇ ਲਾਗੂ ਕੀਤਾ ਜਾ ਸਕਦਾ ਹੈ, ਕਿਉਂਕਿ ਟਕਰਾਅ ਸ਼ਾਇਦ ਹੀ ਕੋਈ ਸਕਾਰਾਤਮਕ ਸਿੱਟੇ ਦਿੰਦਾ ਹੈ। ਜਦ ਸਮੁੰਦਰ ਵਿਚ ਤੂਫ਼ਾਨ ਆਉਂਦਾ ਹੈ, ਤਾਂ ਮੱਛੀਆਂ ਵੀ ਡੂੰਘਾਈ ਵਿਚ ਚੱਲੀਆਂ ਜਾਂਦੀਆਂ ਹਨ।

ਮੌਕਿਆਂ ਦੀ ਘਾਟ ਨਹੀਂ

ਪਹਾੜਾਂ ਪਿੱਛੇ ਡੁੱਬਦੇ ਸੂਰਜ ਦਾ ਅੱਧਾ ਹਿੱਸਾ ਨਜ਼ਰ ਆ ਰਿਹਾ ਸੀ। ਕੁਝ ਹੀ ਪਲਾਂ ਵਿੱਚ ਸੂਰਜ ਪੂਰੀ ਤਰ੍ਹਾਂ ਪਹਾੜੀ ਪਿੱਛੇ ਛਿੱਪ ਗਿਆ। ਜਿਸ ਕਰਕੇ ਚਹੁੰ ਪਾਸੇ ਹਨੇਰਾ ਪਸਰ ਗਿਆ। ਸੂਰਜ ਦੇ ਡੁੱਬਣ ਨਾਲ ਇਓਂ ਪ੍ਰਤੀਤ ਹੋਇਆ ਜਿਵੇਂ ਸਾਰੀ ਦੁਨੀਆ ਹਨੇਰੇ ਵਿੱਚ ਲੁਪਤ ਹੋ ਜਾਵੇਗੀ। ਪਰ ਇੰਨੀ ਦੇਰ ਵਿੱਚ ਅਕਾਸ਼ ਦੇ ਦੂਜੇ ਪਾਸੇ ਇਕ ਨਵੀਂ ਰੋਸ਼ਨੀ ਨਜ਼ਰ ਆਈ। ਇਹ ਬਾਰ੍ਹਵੀਂ ਰਾਤ ਦਾ ਚੰਦ ਸੀ, ਜੋ ਸੂਰਜ ਦੇ ਅਸਤ ਹੋਣ ਉਪਰੰਤ ਚਮਕਣ ਲੱਗਾ ਸੀ। ਕੁਝ ਹੀ ਸਮੇਂ ਵਿੱਚ ਚੰਨ ਨੇ ਆਪਣੀ ਪੂਰੀ ਚਮਕ ਗ੍ਰਹਿਣ ਕਰ ਲਈ। ਜਿਥੇ ਇਕ ਪਲ ਇਉਂ ਲੱਗ ਰਿਹਾ ਸੀ ਕਿ ਹੁਣ ਸਦਾ ਲਈ ਹਨੇਰਾ ਹੋ ਜਾਵੇਗਾ, ਦੂਜੇ ਹੀ ਪਲ ਚੰਨ ਨੇ ਆਪਣੀ ਰੋਸ਼ਨੀ ਨਾਲ ਦੁਨੀਆਂ ਨੂੰ ਮੁੜ ਰੋਸ਼ਨ ਕਰ ਦਿੱਤਾ।

ਮੈਂ ਸੋਚਿਆ, ਇਹ ਕੁਦਰਤ ਦਾ ਨਿਅਮ ਹੈ ਕਿ ਜਦ ਕੋਈ ਮੌਕਾ ਹਥੋਂ ਨਿਕਲ ਜਾਂਦਾ ਹੈ, ਤਾਂ ਦੂਜਾ ਮੌਕਾ ਸਾਡੇ ਸਾਹਮਣੇ ਆ ਖੜ੍ਹਾ ਹੁੰਦਾ ਹੈ। ਸੂਰਜ ਦਾ ਡੁੱਬਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਉਹ ਕਿਸੇ ਦੂਜੀ ਜਗ੍ਹਾ ਉਦੇ ਹੋ ਰਿਹਾ ਹੈ। ਇਸਤੋਂ ਸਪਸ਼ਟ ਹੈ ਕਿ ਅਵਸਰ ਕਦੇ ਵੀ ਮੁੱਕਦੇ ਨਹੀਂ— ਨਾ ਵਿਅਕਤੀਆਂ ਲਈ, ਨਾ ਹੀ ਦੇਸ਼ਾਂ ਲਈ। ਜੇਕਰ ਕਿਸੇ ਵਿਅਕਤੀ ਦਾ ਸਮਾਂ ਮਾੜਾ ਚੱਲ ਰਿਹਾ

ਹੈ, ਤਾਂ ਵੀ ਉਸਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ਕਿਉਂਕਿ ਨਵੇਂ ਅਵਸਰਾਂ ਦਾ ਲਾਭ ਚੁੱਕ ਕੇ ਕੋਈ ਵੀ ਦੁਬਾਰਾ ਖੜ੍ਹਾ ਹੋ ਸਕਦਾ ਹੈ। ਬਸ ਇੱਕ ਹੀ ਚੀਜ਼ ਹੈ ਜੋ ਮਨੁੱਖ ਨੂੰ ਕਰਨੀ ਚਾਹੀਦੀ ਹੈ ਅਤੇ ਉਹ ਇਹ ਕਿ ਨਿਰਾਸ਼ਾ ਅੱਗੇ ਝੁਕੇ ਬਿਨਾਂ ਲਗਾਤਾਰ ਸੰਘਰਸ਼ ਕਰਦੇ ਹੋਏ ਆਪਣੀ ਸਮਝਦਾਰੀ ਦਾ ਸਬੂਤ ਦੇਵੇ।

ਖ਼ੁਦਾ ਨੇ ਇਹ ਦੁਨੀਆ ਬੇਅੰਤ ਸੰਭਾਵਨਾਵਾਂ ਨਾਲ ਬਣਾਈ ਹੈ। ਇੱਥੇ ਜਦ ਵੀ ਕਿਸੇ ਨੂੰ ਅਸਫਲਤਾ ਪ੍ਰਾਪਤ ਹੁੰਦੀ ਹੈ, ਉਸੇ ਸਮੇਂ ਕੋਈ ਨਵੀਂ ਰੋਸ਼ਨੀ ਹਨੇਰੇ ਵਿਚੋਂ ਉਜਾਗਰ ਹੁੰਦੀ ਹੈ। ਉਦਾਹਰਣ ਲਈ ਜਦੋਂ ਕੋਈ ਘਰ ਢਹਿ ਜਾਂਦਾ ਹੈ, ਤਾਂ ਉਸਦੀ ਥਾਂ ਨਵੇਂ ਘਰ ਦੇ ਨਿਰਮਾਣ ਦੀ ਸੰਭਾਵਨਾ ਪੈਦਾ ਹੋ ਜਾਂਦੀ ਹੈ, ਉਸੇ ਤਰ੍ਹਾਂ ਜੀਵਨ ਵਿੱਚ ਵੀ ਹਰ ਅਸਫਲਤਾ ਦੇ ਨਾਲ ਇੱਕ ਨਵੀਂ ਸਫਲਤਾ ਦੀ ਸੰਭਾਵਨਾ ਜਨਮ ਲੈਂਦੀ ਹੈ।

ਜਦ ਦੋ ਦੇਸ਼ਾਂ ਵਿਚ ਤਰੱਕੀ ਪੱਖੋਂ ਮੁਕਾਬਲਾ ਹੁੰਦਾ ਹੈ, ਅਤੇ ਇੱਕ ਅੱਗੇ ਨਿਕਲ ਜਾਂਦਾ ਹੈ, ਦੂਜਾ ਪਿੱਛੇ ਰਹਿ ਜਾਂਦਾ ਹੈ ਤਾਂ ਇਸਦਾ ਅਰਥ ਇਹ ਨਹੀਂ ਕਿ ਗੱਲ ਇਥੇ ਖਤਮ ਹੋ ਗਈ। ਅਸਲ ਵਿੱਚ ਇਥੋਂ ਇਕ ਨਵਾਂ ਚੱਕਰ ਸ਼ੁਰੂ ਹੁੰਦਾ ਹੈ; ਵਿਕਸਤ ਦੇਸ਼ ਆਰਾਮਦਾਇਕ ਜੀਵਨ ਸ਼ੈਲੀ ਵੱਲ ਮੁੜ ਜਾਂਦੇ ਹਨ, ਜਦਕਿ ਪਿੱਛੜੇ ਦੇਸ਼ਾਂ ਦੇ ਲੋਕ ਮਿਹਨਤ ਅਤੇ ਸੰਘਰਸ਼ ਵੱਲ ਵੱਧਦੇ ਹਨ। ਇਸਦਾ ਅਰਥ ਇਹ ਹੈ ਕਿ ਇਸ ਰੱਬੀ ਦੁਨੀਆ ਵਿੱਚ ਨਿਰਾਸ਼ਾ ਜਾਂ ਡਿੱਪਰੈਸ਼ਨ ਲਈ ਕੋਈ ਥਾਂ ਨਹੀਂ। ਹਾਲਾਤ ਚਾਹੇ ਜਿੰਨੇ ਵੀ ਮਾੜੇ ਕਿਉਂ ਨਾ ਹੋਣ, ਉਨ੍ਹਾਂ ਮਾੜੇ ਹਾਲਾਤਾਂ ਦੇ ਇਰਦ-ਗਿਰਦ ਹੀ ਇੱਕ ਨਵਾਂ ਅਵਸਰ ਤੁਹਾਡੀ ਉਡੀਕ ਕਰ ਰਿਹਾ ਹੁੰਦਾ ਹੈ। ਬਸ ਲੋੜ ਹੈ ਉਸ ਅਵਸਰ ਨੂੰ ਪਛਾਨਣ ਦੀ ਤਾਂ ਜੋ ਅਸਫਲਤਾ ਨੂੰ ਸਫਲਤਾ ਵਿਚ ਬਦਲਿਆ ਜਾ ਸਕੇ।

ਪ੍ਰਾਪਤੀ ਤੋਂ ਪਹਿਲਾਂ

ਅੰਗਰੇਜ਼ੀ ਦੀ ਇੱਕ ਕਹਾਵਤ ਹੈ: “It is in giving that we receive.” ਭਾਵ ਵੰਡਣ ਨਾਲ ਹੀ ਰੱਬ ਤੁਹਾਨੂੰ ਹੋਰ ਵੱਧ ਦਿੰਦਾ ਹੈ।

ਪ੍ਰਮਾਤਮਾ ਦਾ ਬਣਾਇਆ ਇੱਕ ਸਿਧਾਂਤ ਹੈ ਕਿ ਜੋ ਦੇਣ ਜਾਂ ਮਦਦ ਕਰਨ ਦੀ ਸਮਰੱਥਾ ਰੱਖਦਾ ਹੈ, ਉਹੀ ਪ੍ਰਾਪਤ ਕਰਦਾ ਹੈ। ਇਸ ਸੰਸਾਰ ਵਿੱਚ ਜਿਹੜਾ

ਕੁਝ ਵੀ ਦੇਣ ਦੀ ਸਮਰੱਥਾ ਨਹੀਂ ਰੱਖਦਾ, ਉਹ ਰੱਬ ਤੋਂ ਕੁਝ ਵੀ ਪ੍ਰਾਪਤ ਕਰਨ ਜੋਗਾ ਨਹੀਂ ਰਹਿੰਦਾ। ਰੱਬ ਨੇ ਇਹ ਸਿਧਾਂਤ ਸਮੁੱਚੀ ਦੁਨੀਆ 'ਤੇ ਲਾਗੂ ਕੀਤਾ ਹੈ। ਇੱਥੇ, ਹਾਲਾਂਕਿ ਹਰ ਇਕ ਚੀਜ਼ ਆਪਣੇ ਜੀਵਨ ਨੂੰ ਜਾਰੀ ਰੱਖਣ ਲਈ ਕਿਸੇ ਹੋਰ ਤੋਂ ਕੁਝ ਨਾ ਕੁਝ ਪ੍ਰਾਪਤ ਕਰਦੀ ਹੈ, ਪਰ ਵਿਚਲੀ ਗੱਲ ਇਹ ਹੈ ਕਿ ਹਰ ਇਕ ਚੀਜ਼ ਉਹਨਾਂ ਤੋਂ ਵੱਧ ਦੇਣ ਦੀ ਕੋਸ਼ਿਸ਼ ਕਰਦੀ ਹੈ ਜਿੰਨਾ ਉਹ ਲੈਂਦੀ ਹੈ।

ਇਥੇ 'ਦਰਖ਼ਤ' ਇਕ ਪੁਖਤਾ ਉਦਾਹਰਣ ਹੈ। ਦਰਖ਼ਤ ਧਰਤੀ ਤੋਂ ਪਾਣੀ ਅਤੇ ਖਣਿਜ ਲੈਂਦਾ ਹੈ। ਹਵਾ ਤੋਂ ਨਾਈਟ੍ਰੋਜਨ ਲੈਂਦਾ ਹੈ। ਸੂਰਜ ਤੋਂ ਤਾਪ ਲੈਂਦਾ ਹੈ ਅਤੇ ਆਪਣਾ ਪਾਲਣ-ਪੋਸ਼ਣ ਕਰਦਿਆਂ ਹੋਇਆਂ ਸੰਸਾਰ ਦਾ ਇਕ ਅਨਿਖੜਵਾਂ ਅੰਗ ਬਣ ਕੇ ਕੁੱਲ ਕਾਇਨਾਤ ਦੀ ਸ਼ੋਭਾ ਵਧਾਉਂਦਾ ਹੈ। ਪਰ ਇਹ ਸਭ ਕਰਨ ਦੇ ਬਾਅਦ ਉਹ ਆਪਣਾ ਆਪ ਹੋਰਾਂ ਲਈ ਵਾਰ ਦਿੰਦਾ ਹੈ। ਜਿਵੇਂ ਜ਼ਮੀਨ 'ਤੇ ਹਰ ਜੀਵ ਨੂੰ ਆਕਸੀਜ਼ਨ ਦਿੰਦਾ ਹੈ, ਕਿਸੇ ਨੂੰ ਛਾਂ ਦਿੰਦਾ ਹੈ, ਕਿਸੇ ਲਈ ਲੱਕੜ ਵਜੋਂ ਕੰਮ ਆਉਂਦਾ ਹੈ, ਕਿਸੇ ਲਈ ਫੁੱਲ ਤੇ ਫਲ ਦਿੰਦਾ ਹੈ। ਭਾਵ ਦਰਖਤ ਤਾਉਮਰ ਸੰਸਾਰ ਦੀ ਨਿਰਸਵਾਰਥ ਸੇਵਾ ਕਰਦਾ ਰਹਿੰਦਾ ਹੈ।

ਸਾਰੀ ਕੁਦਰਤ ਹੀ ਇਨ੍ਹਾਂ ਪੈੜਾਂ 'ਤੇ ਚੱਲ ਰਹੀ ਹੈ। ਕੁਦਰਤ ਦਾ ਜ਼ਰਾ-ਜ਼ਰਾ— ਸੂਰਜ, ਨਦੀਆਂ, ਪਹਾੜ, ਹਵਾ ਆਦਿ ਕਿਸੇ ਨਾ ਕਿਸੇ ਰੂਪ ਵਿਚ ਸੰਸਾਰ ਨੂੰ ਲਾਭ ਪਹੁੰਚਾ ਰਹੇ ਹਨ। ਸੰਸਾਰਕ ਸਿਧਾਂਤ ਇਹ ਹੈ ਕਿ ਹੋਰਾਂ ਨੂੰ ਲਾਭ ਦੇਣਾ, ਨਾ ਕਿ ਹੋਰਾਂ ਤੋਂ ਲਾਭ ਉਠਾਉਣਾ।

ਪਰ ਸੰਸਾਰ ਵਿੱਚ ਇਕ ਜੀਵ ਅਜਿਹਾ ਵੀ ਹੈ ਜੋ ਲੈਣਾ ਤਾਂ ਜਾਣਦਾ ਹੈ, ਪਰ ਦੇਣ ਦੀ ਇੱਛਾ ਨਹੀਂ ਰੱਖਦਾ; ਉਹ ਹੈ ਮਨੁੱਖ। ਮਨੁੱਖ ਬੇਝਿਜਕ ਹੋਰਾਂ ਦਾ ਸ਼ੋਸ਼ਣ ਕਰਦਾ ਹੈ ਤੇ ਚਾਹੁੰਦਾ ਹੈ ਕਿ ਕਿਸੇ ਨੂੰ ਬਿਨਾਂ ਕੁਝ ਦਿੱਤੇ ਆਪ ਸਾਰਾ ਕੁਝ ਪ੍ਰਾਪਤ ਕਰ ਲਵੇ। ਇਹ ਸੋਚ ਪ੍ਰਮਾਤਮਾ ਅਤੇ ਸੰਸਾਰਕ ਸਿਧਾਂਤਾਂ ਦੇ ਬਿਲਕੁਲ ਉਲਟ ਹੈ। ਇਹ ਉਲਟ ਨਜ਼ਰੀਆ ਸਾਬਤ ਕਰਦਾ ਹੈ ਕਿ ਐਸੇ ਮਨੁੱਖ ਇਸ ਸੰਸਾਰ ਵਿੱਚ ਕਦੇ ਕਾਮਯਾਬ ਨਹੀਂ ਹੋ ਸਕਦੇ। ਇਸ ਸੰਸਾਰ ਵਿੱਚ ਸਿਰਫ਼ ਉਹੀ ਵਿਅਕਤੀ ਸਫਲ ਹੋ ਸਕਦੇ ਹਨ ਜੋ ਇਸ ਵਿਸ਼ਾਲ ਬ੍ਰਹਿਮੰਡ ਦੇ ਨਿਅਮਾਂ ਨੂੰ ਮੰਨਦੇ ਹਨ ਅਤੇ ਜੋ ਲੈਣ ਵਾਲੇ ਨਹੀਂ, ਬਲਕਿ ਦੇਣ ਵਾਲੇ ਬਣ ਕੇ ਜੀਵਨ ਗੁਜ਼ਾਰਦੇ ਹਨ।

ਕੁਦਰਤੀ ਨਿਅਮ

ਕਈ ਹਫ਼ਤਿਆਂ ਬਾਅਦ ਜਦੋਂ ਤੁਸੀਂ ਮੁੜ ਆਪਣੇ ਕਮਰੇ ਵਿੱਚ ਪ੍ਰਵੇਸ਼ ਕਰਦੇ ਹੋ, ਜਿਸਨੂੰ ਕਿ ਤੁਸੀਂ ਚੰਗੀ ਤਰ੍ਹਾਂ ਬੰਦ ਕਰਕੇ ਗਏ ਸੀ; ਵਿਚ ਤੁਹਾਨੂੰ ਹਰ ਚੀਜ਼ ਉੱਤੇ ਧੂੜ੍ਹ ਦੀ ਪਰਤ ਜੰਮੀ ਹੋਈ ਮਿਲੇਗੀ। ਜਦ ਤੱਕ ਤੁਸੀਂ ਇਹ ਧੂੜ੍ਹ ਸਾਫ਼ ਨਹੀਂ ਕਰਦੇ, ਤੁਹਾਡਾ ਕਮਰੇ ਵਿੱਚ ਬੈਠਣ ਦਾ ਮਨ ਨਹੀਂ ਕਰੇਗਾ, ਕਿਉਂਕਿ ਇਹ ਧੂੜ੍ਹ ਬਹੁਤ ਅਣਸੁਖਾਵੀਂ ਹੈ। ਇਹ ਉਸ ਧੂੜ੍ਹ ਵਾਂਗ ਅਸਹਿ ਲੱਗਦੀ ਹੈ ਜੋ ਤੇਜ਼ ਝੱਖੜ ਨਾਲ ਉੱਡ ਕੇ ਚਹਿਰੇ ’ਤੇ ਆਉਂਦੀ ਹੈ। ਇਹ ਤੁਹਾਡੇ ਅੰਦਰ ਝੱਖੜ ਦੇ ਰੁੱਕ ਜਾਣ ਦੀ ਇੱਛਾ ਤੇ ਆਸ ਪੈਦਾ ਕਰਦੀ ਹੈ ਤਾਂ ਕਿ ਇਹ ਪਰੇਸ਼ਾਨੀ ਦੂਰ ਹੋ ਸਕੇ।

ਪਰ ਇਹ ਧੂੜ ਕੀ ਹੈ ਜਿਸਨੂੰ ਅਸੀਂ ਇੰਨਾ ਪਰੇਸ਼ਾਨੀਜਨਕ ਮੰਨਦੇ ਹਾਂ? ਅਸਲ ਵਿੱਚ, ਇਹ ਉਪਜਾਊ ਮਿੱਟੀ ਦੀ ਉੱਪਰੀ ਪਰਤ ਹੈ, ਉਹੀ ਪਦਾਰਥ ਜੋ ਸਬਜ਼ੀਆਂ, ਫਲਾਂ ਅਤੇ ਅਨਾਜ ਦੀ ਹਰ ਕਿਸਮ ਦੀ ਪੈਦਾਵਾਰ ਨੂੰ ਸੰਭਵ ਬਣਾਉਂਦੀ ਹੈ। ਜੇਕਰ ਇਹ ਮਿੱਟੀ ਧਰਤੀ ਦੀ ਸਤ੍ਹਾ ’ਤੇ ਨਾ ਹੋਵੇ, ਤਾਂ ਸਾਡੇ ਲਈ ਧਰਤੀ ’ਤੇ ਜੀਉਣਾ ਅਸੰਭਵ ਹੋ ਜਾਵੇ।

ਇਹੀ ਧੂੜ੍ਹ ਧਰਤੀ ਦੇ ਵਾਤਾਵਰਣ ਨੂੰ ਇੰਨਾ ਠੋਸ ਬਣਾਉਂਦੀ ਹੈ ਕਿ ਪਾਣੀ ਭਾਫ ਬਣ ਸਕੇ, ਜੋ ਬਾਅਦ ਵਿਚ ਬੱਦਲ ਬਣਕੇ ਧਰਤੀ ਨੂੰ ਤਾਜ਼ਗੀ ਦਿੰਦੇ ਹਨ ਅਤੇ ਮੀਂਹ ਦੇ ਰੂਪ ਵਿਚ ਵਰਸਦੇ ਹਨ। ਬਿਨ੍ਹਾਂ ਮੀਂਹ ਦੇ, ਧਰਤੀ ’ਤੇ ਜੀਵਨ ਅਸੰਭਵ ਹੋਵੇਗਾ ਅਤੇ ਮੀਂਹ ਸਿਰਫ਼ ਧਰਤੀ ਦੇ ਵਾਤਾਵਰਣ ਵਿੱਚ ਮੌਜੂਦ ਧੂੜ ਕਰਕੇ ਹੀ ਸੰਭਵ ਹੈ।

ਸਵੇਰ ਅਤੇ ਸ਼ਾਮ ਵੇਲੇ ਅਸੀਂ ਅਕਸਰ ਆਕਾਸ਼ ਵਿੱਚ ਜੋ ਲਾਲੀ ਵੇਖਦੇ ਹਾਂ, ਉਹ ਵੀ ਵਾਤਾਵਰਣ ਵਿੱਚ ਮੌਜੂਦ ਧੂੜ੍ਹ ਦੀ ਮੌਜੂਦਗੀ ਕਰਕੇ ਹੁੰਦੀ ਹੈ। ਇਸ ਤਰ੍ਹਾਂ ਧੂੜ੍ਹ, ਅਨੇਕਾਂ ਵਿਹਾਰਕ ਲਾਭਾਂ ਤੋਂ ਇਲਾਵਾ, ਦੁਨੀਆ ਦੀ ਖੂਬਸੂਰਤੀ ਵਿੱਚ ਵੀ ਯੋਗਦਾਨ ਪਾਉਂਦੀ ਹੈ।

ਇਸ ਸਧਾਰਣ ਉਦਾਹਰਨ ਰਾਹੀਂ ਅਸੀਂ ਵੇਖ ਸਕਦੇ ਹਾਂ ਕਿ ਰੱਬ ਨੇ ਕਿੰਝ ਦੁਨੀਆ ਵਿਚ ਸੁਖਦਾਇਕ ਚੀਜ਼ਾਂ ਦੇ ਨਾਲ ਅਸੁਖਦਾਇਕ ਚੀਜ਼ਾਂ ਵੀ ਬਣਾਈਆਂ ਹਨ। ਜਿਵੇਂ ਗੁਲਾਬ ਦੇ ਬੂਟੇ ਵਿਚ ਸੁੰਦਰ ਫੁੱਲਾਂ ਦੇ ਨਾਲ ਕੰਡੇ ਵੀ ਮੌਜੂਦ ਹਨ, ਉਸੇ ਤਰ੍ਹਾਂ ਮਨੁਖੀ ਜੀਵਨ ਵੀ ਸੁਖਦਾਇਕ ਅਤੇ ਅਸੁਖਦਾਇਕ ਚੀਜ਼ਾਂ ਦੇ ਮਿਲਾਪ ਨਾਲ ਬਣਿਆ ਹੋਇਆ ਹੈ। ਰੱਬ ਨੇ ਸਮੁੱਚੇ ਸੰਸਾਰ ਦੀ ਸਿਰਜਣਾ ਇਸੇ

ਢੰਗ ਨਾਲ ਕੀਤੀ ਹੈ। ਅਸੀਂ ਕੁਝ ਨਹੀਂ ਕਰ ਸਕਦੇ ਸਿਵਾਏ ਰੱਬ ਦੇ ਬਣਾਏ ਇਸ ਕੁਦਰਤੀ ਨਿਅਮ ਨੂੰ ਅਪਨਾਉਣ ਦੇ। ਅਸੀਂ ਚਾਹੇ ਜਿੰਨੀ ਵੀ ਕੋਸ਼ਿਸ਼ ਕਰ ਲਈਏ, ਕਿਸੇ ਹੋਰ ਢੰਗ ਨਾਲ ਚੀਜ਼ਾਂ ਪ੍ਰਾਪਤ ਕਰਨਾ ਅਸੰਭਵ ਹੈ।

ਜੇਕਰ ਤੁਸੀਂ ਸ਼ਿਕਾਇਤ ਕਰਨੀ ਚਾਹੋ ਤਾਂ ਜੀਵਨ ਵਿੱਚ ਸ਼ਿਕਾਇਤ ਕਰਨ ਵਾਸਤੇ ਕਾਫ਼ੀ ਕੁਝ ਮਿਲ ਜਾਵੇਗਾ। ਪਰ ਹਰ ਵੇਲੇ ਸ਼ਿਕਾਇਤ ਕਰਦੇ ਰਹਿਣਾ ਇੱਕ ਨਿਰਫਲ ਕੌਸ਼ਿਸ਼ ਹੈ। ਸਮਝਦਾਰ ਇਨਸਾਨ ਲਈ ਚੰਗੀ ਗੱਲ ਇਹ ਹੈ ਕਿ ਉਹ ਅਸੁਖਦਾਇਕ ਚੀਜ਼ਾਂ ਨੂੰ ਜੀਵਨ ਦਾ ਇਕ ਹਿੱਸਾ ਸਮਝ ਕੇ ਭੁੱਲ ਜਾਵੇ, ਨਫਰਤਾਂ ਨੂੰ ਛੱਡ ਦੇਵੇ ਅਤੇ ਆਪਣੇ ਜੀਵਨ ਦੇ ਅਸਲ ਮਕਸਦ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਰਹੇ।

ਕੁਦਰਤ ਦਾ ਸਿਧਾਂਤ

ਹੈਰੀ ਐਮਰਸਨ ਫਾਸਡਿਕ (Harry Emerson Fosdick, 1878–1969) ਨੇ ਜੀਵਨ ਦੀ ਇੱਕ ਅਹੰਕਾਰਪੂਰਕ ਹਕੀਕਤ ਨੂੰ ਇਨ੍ਹਾਂ ਸ਼ਬਦਾਂ ਵਿੱਚ ਦਰਸਾਇਆ ਹੈ:

> "ਕਦੇ ਵੀ ਕੋਈ ਭਾਫ਼ ਜਾਂ ਗੈਸ ਉਦੋਂ ਤਕ ਕਿਸੇ ਚੀਜ਼ ਨੂੰ ਨਹੀਂ ਚਲਾਉਂਦੀ ਜਦ ਤੱਕ ਉਹਨੂੰ ਸੀਮਿਤ ਨਾ ਕੀਤਾ ਜਾਵੇ। ਨਾਇਅਗਰਾ ਫਾਲਜ਼ ਵੀ ਕਦੇ ਰੋਸ਼ਨੀ ਅਤੇ ਬਿਜਲੀ ਵਿੱਚ ਨਹੀਂ ਬਦਲ ਸਕਦਾ ਜੇਕਰ ਉਹਨੂੰ ਸੁਰੰਗਾਂ (ਟਨਲਾਂ) ਵਿਚ ਮੋੜਿਆ ਨਾ ਜਾਵੇ। ਜੀਵਨ ਵੀ ਤਦ ਤੱਕ ਨਹੀਂ ਨਿਖਰਦਾ ਜਦ ਤੱਕ ਉਹ ਕੇਂਦਰਤ, ਸਮਰਪਿਤ ਅਤੇ ਅਨੁਸ਼ਾਸਿਤ ਨਾ ਹੋਵੇ।" (ਹੈਰੀ ਐਮਰਸਨ ਫੌਸਡਿਕ, ਲਿਵਿੰਗ ਅੰਡਰ ਟੈਂਸ਼ਨ)

ਕੁਦਰਤ ਦਾ ਇੱਕ ਸਿਧਾਂਤ ਹੈ ਜੋ ਸਜੀਵ (ਚੇਤਨ) ਅਤੇ ਨਿਰਜੀਵ (ਅਚੇਤਨ) ਦੋਹਾਂ 'ਤੇ ਲਾਗੂ ਹੁੰਦਾ ਹੈ— ਉਹ ਇਹ ਕਿ ਜੀਵਨ ਵਿੱਚ ਹਰ ਉਦੇਸ਼ ਨੂੰ ਪੂਰਾ ਕਰਨ ਲਈ ਕੋਈ ਨਾ ਕੋਈ ਕੀਮਤ ਅਦਾ ਕਰਨੀ ਪੈਂਦੀ ਹੈ, ਬਿਨਾਂ ਕੀਮਤ ਅਦਾ ਕੀਤੇ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ।

ਇਸ ਸੰਸਾਰ ਵਿੱਚ ਹਰੇਕ ਇਨਸਾਨ ਨੂੰ ਉਦੇ ਹੋਣ ਤੋਂ ਪਹਿਲਾਂ ਡੁੱਬਣਾ ਪੈਂਦਾ ਹੈ; ਲਾਭ ਤੋਂ ਪਹਿਲਾਂ ਘਾਟੇ ਨੂੰ ਸਵੀਕਾਰਨਾ ਪੈਂਦਾ ਹੈ; ਅੱਗੇ ਵਧਣ ਤੋਂ ਪਹਿਲਾਂ

ਪਿੱਛੇ ਹਟਣਾ ਪੈਂਦਾ ਹੈ; ਜਿੱਤ ਹਾਸਲ ਕਰਨ ਤੋਂ ਪਹਿਲਾਂ ਹਾਰ ਦੀ ਮੌਜੂਦਗੀ ਨੂੰ ਮੰਨਣਾ ਪੈਂਦਾ ਹੈ।

ਜਿਸ ਸੰਸਾਰ ਵਿੱਚ ਅਸੀਂ ਜੀ ਰਹੇ ਹਾਂ, ਉਹ ਇਨਸਾਨ ਦਾ ਬਣਾਇਆ ਹੋਇਆ ਨਹੀਂ, ਬਲਕਿ ਰੱਬ ਦੀ ਰਚਨਾ ਹੈ। ਇਹ ਗੱਲ ਸੁਣਨ ਵਿੱਚ ਤਾਂ ਸਧਾਰਣ ਲੱਗਦੀ ਹੈ, ਪਰ ਰੋਜ਼ਾਨਾ ਜ਼ਿੰਦਗੀ ਵਿੱਚ ਅਕਸਰ ਇਨਸਾਨ ਇਸਨੂੰ ਭੁੱਲ ਜਾਂਦਾ ਹੈ। ਜਦੋਂ ਤੱਕ ਅਸੀਂ ਰੱਬ ਦੇ ਬਣਾਏ ਸੰਸਾਰ ਵਿੱਚ ਜੀਓ ਰਹੇ ਹਾਂ, ਸਾਨੂੰ ਉਸਦੇ ਨਿਅਮਾਂ ਨੂੰ ਸਮਝਣਾ ਤੇ ਮੰਨਣਾ ਹੀ ਪਵੇਗਾ। ਇਸ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਜਿਸ ਨਾਲ ਅਸੀਂ ਸੰਸਾਰ ਵਿਚ ਆਪਣੀ ਥਾਂ ਬਣਾ ਸਕੀਏ।

ਜੋ ਲੋਕ ਜੀਵਨ ਵਿਚ ਤਰੱਕੀ ਦੀ ਉਮੀਦ ਕਰਦੇ ਹਨ, ਪਰ ਨਾਲ ਹੀ ਜੀਵਨ ਦੇ ਔਖੇ-ਸੌਖੇ ਪੜਾਵਾਂ ਤੋਂ ਗੁਜ਼ਰਨ ਤੋਂ ਵੀ ਗੁਰੇਜ਼ ਕਰਦੇ ਹਨ, ਉਨ੍ਹਾਂ ਨੂੰ ਆਪਣੇ ਲਈ ਇਕ ਵੱਖਰੇ ਸੰਸਾਰ ਦੀ ਸਿਰਜਣਾ ਕਰਨੀ ਪਵੇਗਾ— ਇੱਕ ਅਜਿਹਾ ਸੰਸਾਰ ਜੋ ਉਨ੍ਹਾਂ ਦੀਆਂ ਨਿਜੀ ਲੋੜਾਂ ਦੀ ਪੂਰਤੀ ਕਰੇ। ਕਿਉਂਕਿ ਰੱਬ ਦੇ ਸਿਰਜੇ ਸੰਸਾਰ ਵਿਚ ਉਨ੍ਹਾਂ ਲੋਕਾਂ ਦੇ ਸੁਪਨੇ ਕਦੇ ਸੱਚ ਨਹੀਂ ਹੋ ਸਕਦੇ।

ਜਦੋਂ ਕੋਈ ਟੁੱਟਦਾ ਹੈ

ਜਦੋਂ ਕੋਈ ਨਿਰਜੀਵ ਚੀਜ਼, ਜਿਵੇਂ ਕਿ ਲੱਕੜ ਦਾ ਟੁਕੜਾ ਦੋ ਹਿੱਸਿਆਂ ਵਿਚ ਟੁੱਟ ਜਾਂਦਾ ਹੈ, ਤਾਂ ਉਹ ਸਦਾ ਲਈ ਟੁੱਟਿਆ ਰਹਿੰਦਾ ਹੈ। ਉਹ ਦੁਬਾਰਾ ਆਪਣੇ ਆਪ ਨੂੰ ਇੱਕ-ਰੂਪ ਨਹੀਂ ਕਰ ਸਕਦਾ। ਪਰ ਸਜੀਵ ਚੀਜ਼ਾਂ ਟੁੱਟਣ ਤੋਂ ਬਾਅਦ ਵੀ ਜੀਉਂਦੀਆਂ ਰਹਿੰਦੀਆਂ ਹਨ। ਉਦਾਹਰਣ ਲਈ ਜਦੋਂ ਇੱਕ ਅਮੀਬਾ (ਜੀਵਾਣੂ) ਨੂੰ ਵਿਚੋਂ ਕੱਟ ਦਿੱਤਾ ਜਾਂਦਾ ਹੈ, ਤਾਂ ਉਹ ਇਕ ਨਹੀਂ, ਸਗੋਂ ਦੋ ਸਜੀਵ ਅਮੀਬੇ ਬਣ ਜਾਂਦੇ ਹਨ।

ਇਹ ਨਿਸ਼ਚਤ ਤੌਰ ’ਤੇ ਰੱਬ ਵੱਲੋਂ ਦਿੱਤਾ ਗਿਆ ਇੱਕ ਸੰਕੇਤ ਹੈ, ਜੋ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਮਨੁੱਖ ਲਈ ਰੱਬ ਨੇ ਸੰਸਾਰ ਵਿੱਚ ਬੇਅੰਤ ਸੰਭਾਵਨਾਵਾਂ ਪੈਦਾ ਕੀਤੀਆਂ ਹੋਈਆਂ ਹਨ। ਕਿਸੇ ਵੀ ਮਨੁੱਖ ਲਈ ਕੋਈ ਵੀ ਹਾਰ ਅੰਤਿਮ ਨਹੀਂ ਹੁੰਦੀ, ਕੋਈ ਵੀ ਬਿਪਤਾ ਸਦਾ ਲਈ ਲਾਚਾਰ ਨਹੀਂ

ਕਰਦੀ। ਇੱਕ ਜੀਵੰਤ ਜੀਵ ਹੋਣ ਦੇ ਨਾਤੇ, ਇਨਸਾਨ ਕਦੇ ਪੂਰੀ ਤਰ੍ਹਾਂ ਟੁੱਟ ਨਹੀਂ ਸਕਦਾ, ਕਿਉਂਕਿ ਜਦੋਂ ਉਹ ਟੁੱਟਦਾ ਹੈ, ਤਾਂ ਉਸਦਾ ਹਰ ਇੱਕ ਟੁਕੜਾ ਮੁੜ ਕੇ ਇੱਕ ਨਵੀਂ, ਜੀਵੰਤ ਹਸਤੀ ਬਣ ਜਾਂਦਾ ਹੈ।

ਮਨੁੱਖ ਲਈ ਅਸਫਲਤਾ ਕੋਈ ਵਿਨਾਸ਼ਕਾਰੀ ਚੀਜ਼ ਨਹੀਂ ਹੁੰਦੀ, ਸਗੋਂ ਉਹ ਮਨੁੱਖ ਨੂੰ ਅੰਦਰੋਂ ਹੋਰ ਵੀ ਗੰਭੀਰ ਅਤੇ ਵਿਚਾਰਸ਼ੀਲ ਬਣਾਉਂਦੀ ਹੈ। ਰੁਕਾਵਟਾਂ ਰਾਹ ਨਹੀਂ ਰੋਕਦੀਆਂ, ਸਗੋਂ ਬੌਧਿਕ ਉੱਨਤੀ ਦੇ ਦਰਵਾਜ਼ੇ ਖੋਲ੍ਹਦੀਆਂ ਹਨ। ਨੁਕਸਾਨ ਕਿਸੇ ਵੀ ਤਰ੍ਹਾਂ ਵਿਕਾਸ ਨੂੰ ਰੋਕਦੇ ਨਹੀਂ, ਕਿਉਂਕਿ ਭਾਵੇਂ ਇਨਸਾਨ ਕਈ ਛੋਟੇ-ਛੋਟੇ ਟੁਕੜਿਆਂ ਵਿੱਚ ਬਿਖਰ ਵੀ ਜਾਵੇ, ਤਾਂ ਵੀ ਹਰ ਟੁਕੜਾ ਆਪਣੇ ਆਪ ਵਿੱਚ ਇੱਕ ਪੂਰੀ ਹਸਤੀ ਦੇ ਨਿਰਮਾਣ ਲਈ ਨੀਂਹ ਬਣ ਸਕਦਾ ਹੈ।

ਇਹ ਹਨ ਉਹ ਬੇਅੰਤ ਸੰਭਾਵਨਾਵਾਂ ਜੋ ਰੱਬ ਨੇ ਮਨੁੱਖ ਲਈ ਬਣਾਈਆਂ ਹਨ। ਪਰ ਇਨ੍ਹਾਂ ਦਾ ਲਾਹਾ ਉਹੀ ਮਨੁੱਖ ਲੈ ਸਕਦਾ ਹੈ ਜੋ ਇਨ੍ਹਾਂ ਸੰਭਾਵਨਾਵਾਂ ਪ੍ਰਤੀ ਜਾਗਰੂਕ ਹੋਵੇ, ਜੋ ਕਿਸੀ ਵੱਡੀ ਅਸਫਲਤਾ ਤੋਂ ਬਾਅਦ ਆਪਣੇ ਸਰੋਤਾਂ ਨੂੰ ਮੁੜ ਇਕੱਠਾ ਕਰੇ ਅਤੇ ਸੰਭਾਲੇ। ਜਦੋਂ ਉਹ ਹਾਰਦਾ ਹੈ, ਤਾਂ ਹੌਸਲਾ ਨਹੀਂ ਹਾਰਦਾ, ਸਗੋਂ ਇੱਕ ਨਵੀਂ ਚੁਣੌਤੀ ਲਈ ਆਪਣੇ ਆਪ ਨੂੰ ਤਿਆਰ ਕਰ ਲੈਂਦਾ ਹੈ। ਉਹ ਆਪਣੀ ਟੁੱਟੀ ਹੋਈ ਕਸ਼ਤੀ ਨੂੰ ਦੁਬਾਰਾ ਬਣਾਉਂਦਾ ਹੈ ਅਤੇ ਫਿਰ ਉਸ ’ਤੇ ਚੜ੍ਹ ਕੇ ਜੀਵਨ ਦੇ ਸਮੁੰਦਰ ਵਿੱਚ ਆਪਣਾ ਸਫ਼ਰ ਮੁੜ ਸ਼ੁਰੂ ਕਰ ਦਿੰਦਾ ਹੈ।

ਸੰਸਾਰ ਕੋਈ
ਟਾਈਪਰਾਈਟਰ ਨਹੀਂ ਹੈ

ਇੱਕ ਵਿਅਕਤੀ ਆਪਣੇ ਸਾਹਮਣੇ ਟਾਈਪਰਾਈਟਰ ਰੱਖ ਕੇ ਬੈਠਾ ਸੀ। ਉਸਦੇ ਮਨ ਵਿੱਚ ਕੁਝ ਵਿਚਾਰ ਆਏ ਅਤੇ ਉਸਨੇ ਤੁਰੰਤ ਕਾਗਜ਼ ਲਾ ਕੇ ਕੀ-ਬੋਰਡ ਉੱਤੇ ਉਂਗਲਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹਦੇ ਵਿਚਾਰ ਸ਼ਬਦਾਂ ਦਾ ਰੂਪ ਧਾਰਨ ਕਰ ਰਹੇ ਸਨ। ਹੁਣ ਸਾਰੇ ਵਾਕ ਇਸ ਤਰ੍ਹਾਂ ਟਾਈਪ ਹੋ ਗਏ:

- ਮੈਂ ਸਹੀ ਹਾਂ, ਮੇਰੇ ਇਲਾਵਾ ਹੋਰ ਸਾਰੇ ਗਲਤ ਹਨ।
- ਮੇਰੇ ਵਿਚ ਕੋਈ ਕਮੀ ਨਹੀਂ। ਕਮੀ ਦੁਨੀਆ ਵਿਚ ਹੈ।

- ਮੈਂ ਸਭ ਤੋਂ ਮਹਾਨ ਹਾਂ, ਬਾਕੀ ਸਭ ਮੇਰੇ ਤੋਂ ਥੱਲੇ ਹਨ।
- ਮੈਂ ਰੱਬ ਦਾ ਪਸੰਦੀਦਾ ਹਾਂ, ਸਵਰਗ ਮੇਰੇ ਲਈ ਰਾਖਵਾਂ ਹੈ।

ਉਹ ਵਿਅਕਤੀ ਖ਼ੁਸ਼ ਸੀ ਕਿ ਜੋ ਕੁਝ ਉਸਨੇ ਸੋਚਿਆ, ਉਹ ਸਭ ਕੁਝ ਕਾਗਜ਼ ’ਤੇ ਲਿਖਿਆ ਗਿਆ। ਪਰ ਉਸ ਵਿਅਕਤੀ ਦੀ ਬਦਕਿਸਮਤੀ ਇਹ ਹੈ ਕਿ ਜਿਸ ਸੰਸਾਰ ਵਿੱਚ ਉਹ ਰਹਿੰਦਾ ਹੈ, ਉਹ ਟਾਈਪਰਾਈਟਰ ਨਹੀਂ ਹੈ। ਜਿਸ ਤਰ੍ਹਾਂ ਉਸਨੇ ਆਪਣੇ ਵਿਚਾਰ ਕਾਗਜ਼ ਉੱਤੇ ਉਤਾਰ ਦਿੱਤੇ, ਉਸੇ ਤਰ੍ਹਾਂ ਉਹ ਆਪਣੇ ਵਿਚਾਰਾਂ ਨੂੰ ਅਸਲ ਸੰਸਾਰ ਵਿੱਚ ਹਕੀਕਤ ਰੂਪ ਨਹੀਂ ਦੇ ਸਕਦਾ। ਕਿਸੇ ਵੀ ਸ਼ਬਦ ਨੂੰ ਕਾਗਜ਼ ’ਤੇ ਲਿਖਣ ਲਈ ਸਿਰਫ ਉਂਗਲਾਂ ਦੀ ਹਰਕਤ ਕਾਫ਼ੀ ਹੁੰਦੀ ਹੈ, ਪਰ ਅਸਲ ਸੰਸਾਰ ਵਿੱਚ ਆਪਣੇ ਵਿਚਾਰਾਂ ਨੂੰ ਹਕੀਕਤ ਬਣਾਉਣ ਲਈ ਲੰਮਾ ਅਤੇ ਕੜਾ ਸੰਘਰਸ਼ ਕਰਨਾ ਪੈਂਦਾ ਹੈ। ਇਹ ਸਿਰਫ ਕੀਬੋਰਡ ’ਤੇ ਉਂਗਲੀਆਂ ਹਿਲਾਉਣ ਦੀ ਗੱਲ ਨਹੀਂ। ਇਸਦਾ ਨਤੀਜਾ ਸਾਫ਼ ਹੈ: ਜਿੱਥੇ ਟਾਈਪ ਕਰਨ ਵਾਲੇ ਵਿਅਕਤੀ ਨੇ ਸ਼ਬਦਾਂ ਦੀ ਦੁਨੀਆਂ ਵਿੱਚ ਤਾ ਮਾਣੋ ਸਭ ਕੁਝ ਪ੍ਰਾਪਤ ਕਰ ਲਿਆ, ਉਥੇ ਹਕੀਕਤ ਦੀ ਦੁਨੀਆਂ ਵਿੱਚ ਉਹ ਪੂਰੀ ਤਰ੍ਹਾਂ ਖਾਲੀ ਹਥੀਂ ਰਹਿ ਗਿਆ।

ਭਾਵੇਂ ਇਹ ਗੱਲ ਸਾਨੂੰ ਕਿੰਨੀ ਵੀ ਨਾਪਸੰਦ ਕਿਉਂ ਨਾ ਹੋਵੇ, ਪਰ ਇਹ ਹਕੀਕਤ ਹੈ ਕਿ ਸੰਸਾਰ ਇੱਕ ਟਾਈਪਰਾਈਟਰ ਨਹੀਂ ਹੈ ਤੇ ਨਾ ਹੀ ਅਸੀਂ ਇਸ ਦੇ ਟਾਈਪਿਸਟ ਹਾਂ ਜੋ ਸਿਰਫ਼ ਉਂਗਲਾਂ ਹਿਲਾ ਕੇ ਸੰਸਾਰ ਦੇ ਨਕਸ਼ੇ ਉੱਤੇ ਜੋ ਚਾਹੀਏ, ਉਹ ਬਣਾ ਦਈਏ। ਇਹ ਹਕੀਕਤਾਂ ਦੀ ਦੁਨੀਆ ਹੈ ਅਤੇ ਸਿਰਫ਼ ਇਨ੍ਹਾਂ ਹਕੀਕਤਾਂ ਨੂੰ ਮੰਨ ਕੇ ਅਤੇ ਆਪਣੇ ਆਪ ਨੂੰ ਉਹਨਾਂ ਦੇ ਅਨੁਕੂਲ ਬਣਾਕੇ ਹੀ ਅਸੀਂ ਇੱਥੇ ਕੁਝ ਹਾਸਲ ਕਰ ਸਕਦੇ ਹਾਂ। ਮਨੁੱਖ ਕੋਲ ਜ਼ੁਬਾਨ ਹੈ ਅਤੇ ਕਲਮ ਹੈ, ਜਿਸ ਰਾਹੀਂ ਉਹ ਜੋ ਚਾਹੇ ਕਹਿ ਜਾਂ ਲਿਖ ਸਕਦਾ ਹੈ। ਪਰ ਮਨੁੱਖ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਸਦੀ ਜ਼ੁਬਾਨ ਅਤੇ ਕਲਮ ਸਿਰਫ਼ ਸ਼ਬਦ ਘੜ ਸਕਦੇ ਹਨ, ਜੀਵਨ ਦੀ ਹਕੀਕਤ ਨਹੀਂ। ਸ਼ਬਦ ਤਾਂ ਕਾਗਜ਼ ਉੱਤੇ ਸਿਰਫ਼ ਬਿੰਦੀਆਂ ਜਾਂ ਚਿੰਨ੍ਹ ਬਣ ਜਾਂਦੇ ਹਨ। ਇਨ੍ਹਾਂ ਸ਼ਬਦਾਂ ਨੂੰ ਹਕੀਕਤ ਵਿੱਚ ਬਦਲਣ ਲਈ ਕੜੀ ਘਾਲਣਾ, ਦ੍ਰਿੜ੍ਹ ਨਿਰਣੇ ਅਤੇ ਕਰਮ ਦੀ ਲੋੜ ਹੁੰਦੀ ਹੈ। ਨਹੀਂ ਤਾਂ ਸਭ ਕੁਝ ਵਿਅਰਥ ਹੋ ਜਾਂਦਾ ਹੈ।

ਰੱਬ ਦੀ ਸਿਰਜਣ ਯੋਜਨਾ

ਹਰ ਕੋਈ ਇਹੀ ਸਵਾਲ ਕਰਦਾ ਹੈ: ਮੈਂ ਕੌਣ ਹਾਂ? ਮੈਂ ਇਸ ਧਰਤੀ 'ਤੇ ਕਿਉਂ ਆਇਆ ਹਾਂ? ਮਨੁੱਖ ਦੇ ਜੀਵਨ ਦਾ ਉਦੇਸ਼ ਕੀ ਹੈ? ਸਫਲਤਾ ਕੀ ਹੈ ਅਤੇ ਅਸਫਲਤਾ ਕੀ ਹੈ? ਇਹ ਸਾਰੇ ਸਵਾਲ ਇਕੋ ਸਵਾਲ ਵਿੱਚ ਸਮੋ ਸਕਦੇ ਹਨ ਕਿ ਸਿਰਜਣਹਾਰ ਦੀ ਸਿਰਜਣ ਯੋਜਨਾ ਕੀ ਹੈ? ਕੁਰਾਨ ਦੇ ਸਤਾਠਵੇਂ ਅਧਿਆਇ 'ਅਲ-ਮੁਲਕ' (ਸਲਤਨਤ) ਵਿੱਚ ਇਸ ਸਵਾਲ ਦਾ ਉੱਤਰ ਦਿੱਤਾ ਗਿਆ ਹੈ। ਉਸ ਦਾ ਤਰਜਮਾ ਇਸ ਪ੍ਰਕਾਰ ਹੈ:

> "ਖੁਦਾ ਨੇ ਮੌਤ ਅਤੇ ਜ਼ਿੰਦਗੀ ਪੈਦਾ ਕੀਤੀ ਤਾਂ ਜੋ ਇਨਸਾਨਾਂ ਦੀ ਪਰੀਖਿਆ ਲੈ ਕੇ ਚੋਣ ਕਰ ਸਕੇ ਕਿ ਤੁਹਾਡੇ ਵਿਚੋਂ ਕੌਣ ਵਧੀਆ ਕਰਮ ਕਰਦਾ ਹੈ। ਉਹ ਸ਼ਕਤੀਸ਼ਾਲੀ ਅਤੇ ਬਖਸ਼ਣਹਾਰ ਹੈ।" (67:2)

ਕੁਰਾਨ ਦੇ ਅਨੁਸਾਰ, ਮਨੁੱਖ ਨੂੰ ਸਦੀਵੀ ਜੀਵ ਰੂਪ ਵਿੱਚ ਰਚਿਆ ਗਿਆ ਹੈ। ਉਪਰੋਕਤ ਆਇਤ ਵਿੱਚ 'ਮੌਤ ਅਤੇ ਜ਼ਿੰਦਗੀ' ਨਾਲ ਭਾਵ ਮਨੁੱਖੀ ਜੀਵਨ ਦੇ ਮੌਤ ਤੋਂ ਪਹਿਲਾਂ ਅਤੇ ਮੌਤ ਤੋਂ ਬਾਅਦ ਦੇ ਦੋਹਾਂ ਪਹਿਲੂਆਂ ਤੋਂ ਹੈ। ਇਸ ਲਈ, ਮਰਨ ਅਤੇ ਜੀਊਣ ਮਨੁੱਖ ਦੇ ਸਦੀਵੀ ਜੀਵਨ ਨੂੰ ਪੂਰੀ ਤਰ੍ਹਾਂ ਸਮਝਾਉਂਦੇ ਹਨ।

ਅਸਲ ਗੱਲ ਇਹ ਹੈ ਕਿ ਪਰਮਾਤਮਾ ਨੇ ਮਨੁੱਖ ਨੂੰ ਬਹੁਤ ਸੋਚ-ਵਿਚਾਰ ਨਾਲ ਬਣਾਈ ਗਈ ਯੋਜਨਾ ਦੇ ਅਧੀਨ ਪੈਦਾ ਕੀਤਾ। ਇਸ ਯੋਜਨਾ ਦਾ ਮੂਲ ਭਾਵ ਇਹ ਸੀ ਕਿ ਮਨੁੱਖ ਨੂੰ ਸਿਰਫ ਇੱਕ ਉਪਹਾਰ ਵਜੋਂ ਨਹੀਂ, ਸਗੋਂ ਇੱਕ ਇਮਤਿਹਾਨ ਵਜੋਂ ਪੂਰੀ ਆਜ਼ਾਦੀ ਦਿੱਤੀ ਜਾਵੇ। ਇਸ ਇਮਤਿਹਾਨ ਦੇ ਨਤੀਜੇ ਤੋਂ ਪ੍ਰਮਾਤਮਾ ਨੇ ਇਹ ਜਾਣਿਆ ਕਿ ਕਿਸਨੇ ਆਪਣੀ ਆਜ਼ਾਦੀ ਦਾ ਦੁਰਉਪਯੋਗ ਕੀਤਾ ਅਤੇ ਕਿਸਨੇ ਸਦਉਪਯੋਗ। ਇਹੀ ਇਨਸਾਨ ਲਈ ਰੱਬ ਦੀ ਯੋਜਨਾ ਸੀ ਤੇ ਅੱਜ ਵੀ ਹੈ।

ਇਸ ਇਮਤਿਹਾਨ ਦਾ ਮੰਤਵ ਕੇਵਲ ਇਨਸਾਨਾਂ ਨੂੰ ਪਰਖਣਾ ਨਹੀਂ ਹੈ, ਸਗੋਂ ਇਸ ਦੇ ਪਿੱਛੇ ਇੱਕ ਉੱਚ ਉਦੇਸ਼ ਹੈ। ਪਰਮਾਤਮਾ ਨੇ ਮਨੁੱਖ ਨੂੰ ਬਣਾਉਣ ਤੋਂ ਪਹਿਲਾਂ ਇੱਕ ਆਦਰਸ਼ਕ ਸੰਸਾਰ ਦੀ ਸਿਰਜਣਾ ਕੀਤੀ, ਜਿਸਨੂੰ 'ਜੰਨਤ' ਕਿਹਾ ਜਾਂਦਾ ਹੈ। ਹੁਣ ਰੱਬ ਚਾਹੁੰਦਾ ਸੀ ਕਿ ਐਸੇ ਆਦਰਸ਼ਕ ਨਰ-ਨਾਰੀ ਬਣਨ ਜੋ

ਜੰਨਤ ਵਿੱਚ ਸਦੀਵੀ ਵੱਸਣ ਦੇ ਯੋਗ ਹੋਣ। ਇਸੇ ਲਈ ਮੌਜੂਦਾ ਸੰਸਾਰ ਇਕ ਚੋਣ ਮੈਦਾਨ ਹੈ ਜਿੱਥੋਂ ਜੰਨਤ ਲਈ ਚੁਣਿਆ ਜਾਣਾ ਹੈ।

ਇਸ ਰੱਬੀ ਯੋਜਨਾ ਦੇ ਅਨੁਸਾਰ, ਮੌਜੂਦਾ ਇਨਸਾਨੀ ਜ਼ਿੰਦਗੀ ਇਨਸਾਨ ਲਈ ਇੱਕ ਵੱਡਾ ਮੌਕਾ ਹੈ। ਮੌਤ ਤੋਂ ਪਹਿਲਾਂ ਦੀ ਜ਼ਿੰਦਗੀ ਵਿਚ ਮਨੁੱਖ ਕੋਲ ਇਹ ਮੌਕਾ ਹੈ ਕਿ ਉਹ ਆਪਣੇ ਆਪ ਨੂੰ ਜੰਨਤ ਲਈ ਯੋਗ ਸਾਬਤ ਕਰ ਸਕੇ, ਤਾਂ ਜੋ ਮੌਤ ਤੋਂ ਬਾਅਦ ਉਹ ਸਦੀਵੀ ਤੌਰ ’ਤੇ ਉਸ ਆਦਰਸ਼ਕ ਸੰਸਾਰ ਵਿੱਚ ਵੱਸਣ ਦੇ ਯੋਗ ਬਣੇ।

ਇਹ ਰੱਬੀ ਯੋਜਨਾ ਮਨੁੱਖ ਨੂੰ ਵੱਡੀ ਆਸ ਦਿੰਦੀ ਹੈ। ਹਾਲਾਂਕਿ ਮੌਜੂਦਾ ਸੰਸਾਰ ਔਂਕੜਾਂ ਭਰਿਆ ਹੈ, ਕਿਉਂਕਿ ਇਸ ਵਿੱਚ ਦੁੱਖ, ਪੀੜਾ ਅਤੇ ਅਣਚਾਹੀਆਂ ਸਥਿਤੀਆਂ ਹਨ। ਪਰ ਕੁਰਾਨ ਵਿੱਚ ਦਰਸਾਈ ਗਈ ਜੀਵਨ ਦੀ ਰੱਬੀ ਯੋਜਨਾ ਸਾਨੂੰ ਬਹੁਤ ਦਿਲਾਸਾ ਦਿੰਦੀ ਹੈ। ਇਹ ਘੁੱਪ ਹਨੇਰੇ ਵਿੱਚ ਰੋਸ਼ਨੀ ਦੀ ਕਿਰਨ ਵਾਂਗ ਹੈ। ਇਹ ਰੱਬੀ ਯੋਜਨਾ ਮਨੁੱਖ ਨੂੰ ਆਸ ਦਿੰਦੀ ਹੈ ਕਿ ਇਹ ਸੰਸਾਰਕ ਦੁੱਖ ਸਿਰਫ ਇਕ ਅਸਥਾਈ ਇਮਤਿਹਾਨ ਦਾ ਹਿੱਸਾ ਹਨ ਅਤੇ ਜੇਕਰ ਉਹ ਇਸ ਇਮਤਿਹਾਨ ਵਿੱਚ ਕਾਮਯਾਬ ਹੋ ਜਾਂਦਾ ਹੈ, ਤਾਂ ਉਹ ਜੰਨਤ ਲਈ ਸਦੀਵੀ ਰਹਿਣ ਦੇ ਯੋਗ ਮੰਨਿਆ ਜਾਵੇਗਾ।

ਇਹ ਕੁਰਾਨੀ ਦਰਸ਼ਨ ਮਨੁੱਖੀ ਜੀਵਨ ਨੂੰ ਸਮਝਾਉਂਦਾ ਹੈ। ਇਹ ਸਿਰਫ ਮਨੁੱਖ ਦੇ ਅਸਤਿਤਵ ਦੀ ਹੀ ਨਹੀਂ, ਸਗੋਂ ਉਸ ਦੇ ਜੀਵਨ ਵਿੱਚ ਆਉਣ ਵਾਲੀਆਂ ਸਾਰੀਆਂ ਅਣਚਾਹੀਆਂ ਸਥਿਤੀਆਂ ਦੀ ਵੀ ਵਿਆਖਿਆ ਕਰਦਾ ਹੈ। ਇਹ ਜੀਵਨ ਦੇ ਚੰਗੇ ਅਤੇ ਮਾੜੇ ਦੋਹਾਂ ਪੱਖਾਂ ਨੂੰ ਅਰਥਵਾਨ ਬਣਾ ਦਿੰਦਾ ਹੈ।

ਮਨੁੱਖ ਜਨਮ ਤੋਂ ਹੀ ਵਿਲੱਖਣ ਖੂਬੀਆਂ ਨਾਲ ਪੈਦਾ ਹੁੰਦਾ ਹੈ, ਉਸਦੇ ਅੰਦਰ ਅਸੀਮ ਖਾਹਿਸ਼ਾਂ ਹੁੰਦੀਆਂ ਹਨ, ਉਸ ਦਾ ਦਿਮਾਗ ਬੇਹਦ ਸਮਰੱਥਾ ਰੱਖਦਾ ਹੈ, ਪਰ ਉਹ ਆਪਣੀ ਪੂਰਨ ਸਮਰੱਥਾ ਨੂੰ ਜਾਨਣ ਅਤੇ ਇੱਛਾਵਾਂ ਨੂੰ ਪੂਰੀਆਂ ਕਰਨ ਤੋਂ ਪਹਿਲਾਂ ਹੀ ਇਸ ਸੰਸਾਰ ਤੋਂ ਰੁਖਸਤ ਹੋ ਜਾਂਦਾ ਹੈ।

ਇਸ ਤਰ੍ਹਾਂ, ਇਨਸਾਨ ਦੀ ਅਕਸਰ ਅਚਨਚੇਤ ਮੌਤ ਉਸਨੂੰ ਇੱਕ ਅਜੀਬ ਅਤੇ ਅਣਸੁਲਝੀ ਪਹੇਲੀ ਬਣਾ ਦਿੰਦੀ ਹੈ। ਪਰ ਜਦੋਂ ਅਸੀਂ ਉਪਰੋਕਤ ਰੱਬੀ ਯੋਜਨਾ ਦੀ ਰੌਸ਼ਨੀ ਵਿੱਚ ਵੇਖਦੇ ਹਾਂ, ਤਾਂ ਇਨਸਾਨੀ ਜੀਵਨ ਪੂਰੀ ਤਰ੍ਹਾਂ ਸਮਝ

ਆਉਣ ਲੱਗ ਜਾਂਦਾ ਹੈ। ਇਸ ਨਜ਼ਰੀਏ ਨੂੰ ਦਿਮਾਗ ਵਿੱਚ ਰੱਖਦਿਆਂ, ਸਾਰੀ ਤਸਵੀਰ ਸਾਫ਼ ਹੋ ਜਾਂਦੀ ਹੈ ਤੇ ਹਰ ਚੀਜ਼ ਆਪਣੀ ਥਾਂ 'ਤੇ ਫਿੱਟ ਬੈਠਦੀ ਹੈ।

ਮੌਜੂਦਾ ਸੰਸਾਰ ਅਤੇ ਆਗਾਮੀ ਸੰਸਾਰ

ਜੇ ਕੋਈ ਕਿਸਾਨ ਇਹ ਚਾਵੇ ਕਿ ਉਹ ਬੀਜ ਬੀਜਣ ਵਾਲੇ ਦਿਨ ਹੀ ਫਸਲ ਕੱਟ ਲਵੇ, ਤਾਂ ਨਾ ਸਿਰਫ਼ ਉਹ ਆਪਣੇ ਬੀਜ ਗਵਾ ਬੈਠੇਗਾ, ਸਗੋਂ ਫਸਲ ਤੋਂ ਵੀ ਵੰਚਿਤ ਰਹੇਗਾ। ਇਹੀ ਹਾਲ ਮੌਜੂਦਾ ਸੰਸਾਰ ਅਤੇ ਮੌਤ ਤੋਂ ਬਾਅਦ ਵਾਲੇ ਸੰਸਾਰ ਦਾ ਵੀ ਹੈ। ਮੌਜੂਦਾ ਸੰਸਾਰ ਕਰਮ ਕਰਨ ਦੀ ਜਗ੍ਹਾ ਹੈ, ਤੇ ਮੌਤ ਤੋਂ ਬਾਅਦ ਦਾ ਆਗਾਮੀ ਸੰਸਾਰ ਉਨ੍ਹਾਂ ਕਰਮਾਂ ਦੇ ਫਲ ਪ੍ਰਾਪਤ ਕਰਨ ਦੀ ਜਗ੍ਹਾ। ਜੋ ਮਨੁੱਖ ਇਨ੍ਹਾਂ ਕਰਮਾਂ ਦੇ ਫਲ ਨੂੰ ਮੌਜੂਦਾ ਸੰਸਾਰ ਵਿੱਚ ਹੀ ਪ੍ਰਾਪਤ ਕਰਨਾ ਚਾਹੁੰਦਾ ਹੈ, ਉਹ ਆਪਣਾ ਕਰਮ ਸਹੀ ਢੰਗ ਨਾਲ ਨਹੀਂ ਕਰ ਸਕਦਾ ਅਤੇ ਆਗਾਮੀ ਸੰਸਾਰ ਵਿਚ ਆਪਣੀ ਥਾਂ ਬਣਾਉਣ ਦਾ ਇੱਕੋ-ਇਕ ਮੌਕਾ ਜੋ ਉਸ ਨੂੰ ਮਿਲਿਆ ਸੀ, ਉਹ ਵੀ ਗਵਾ ਬੈਠਦਾ ਹੈ।

ਮਨੁੱਖ ਅਕਸਰ ਮੌਜੂਦਾ ਸੰਸਾਰ ਵਿੱਚ ਉਹ ਹਾਸਲ ਕਰਨਾ ਚਾਹੁੰਦਾ ਹੈ ਜੋ ਕਿ ਦਰਅਸਲ ਆਗਾਮੀ ਸੰਸਾਰ ਵਿੱਚ ਮਿਲਣਾ ਹੈ। ਇਹੀ ਕਾਰਨ ਹੈ ਕਿ ਉਹ ਦੋਵੇਂ ਗਵਾ ਬੈਠਦਾ ਹੈ। ਸਮਝਦਾਰ ਮਨੁੱਖ ਉਹ ਹੈ ਜੋ ਅੱਜ ਦੇ ਸੰਸਾਰ ਨੂੰ ਦਾਅ 'ਤੇ ਲਗਾ ਕੇ ਆਗਾਮੀ ਸੰਸਾਰ ਵਿਚ ਜਗ੍ਹਾ ਮੱਲ ਲੈਂਦਾ ਹੈ। ਉਹ ਮਨੁੱਖ ਭੋਲਾ ਹੈ ਜੋ ਅੱਜ ਦੇ ਸੰਸਾਰ ਵਿੱਚ ਹੀ ਫਸ ਜਾਂਦਾ ਹੈ ਅਤੇ ਅਗਲੇ ਸੰਸਾਰ ਵਿੱਚ ਆਪਣੀ ਥਾਂ ਬਣਾਉਣ ਤੋਂ ਵੰਚਿਤ ਰਹਿ ਜਾਂਦਾ ਹੈ।

ਜੇ ਕੋਈ ਮਨੁੱਖ ਕਿਸੇ ਯਾਤਰਾ ਦੌਰਾਨ ਘਰ ਵਾਲੀਆਂ ਸਾਰੀਆਂ ਆਰਾਮਦਾਇਕ ਸਹੂਲਤਾਂ ਦੀ ਇੱਛਾ ਕਰੇ, ਤਾਂ ਉਹਦੀ ਇਹ ਇੱਛਾ ਕਦੇ ਪੂਰੀ ਨਹੀਂ ਹੋ ਸਕਦੀ। ਮੌਜੂਦਾ ਸੰਸਾਰ ਅਤੇ ਆਗਾਮੀ ਸੰਸਾਰ ਨੂੰ ਇੱਕ ਉਦਾਹਰਣ ਰਾਹੀਂ ਸਮਝਿਆ ਜਾ ਸਕਦਾ ਹੈ: "ਮੌਜੂਦਾ ਸੰਸਾਰ ਰੱਬ ਨੇ ਕਰਮ ਕਰਨ ਲਈ ਬਣਾਇਆ ਹੈ, ਤੇ ਆਗਾਮੀ ਸੰਸਾਰ ਉਨ੍ਹਾਂ ਕਰਮਾਂ ਦੇ ਫਲ ਪ੍ਰਾਪਤ ਕਰਨ ਲਈ। ਭਾਵ ਮੌਜੂਦਾ ਸੰਸਾਰ ਇੱਕ ਲੰਮੀ ਯਾਤਰਾ ਹੈ, ਤੇ ਆਗਾਮੀ ਸੰਸਾਰ ਅੰਤਿਮ ਮੰਜ਼ਿਲ।

ਜੇ ਮਨੁੱਖ ਅੱਜ ਦੇ ਸੰਸਾਰ ਵਿੱਚ ਹੀ ਫਲ ਪ੍ਰਾਪਤ ਕਰਨ ਦੀ ਇੱਛਾ ਰੱਖੇ, ਤਾਂ ਉਹ ਆਪਣੇ ਕਰਮਾਂ ਦੀ ਯੋਜਨਾ ਨੂੰ ਖ਼ਰਾਬ ਕਰ ਲਵੇਗਾ। ਇਸੇ ਤਰ੍ਹਾਂ, ਜੋ ਮਨੁੱਖ ਯਾਤਰਾ ਦੌਰਾਨ ਮੰਜ਼ਿਲ ਵਾਲੀਆਂ ਸਹੂਲਤਾਂ ਲੱਭਣ ਲੱਗ ਪੈਂਦਾ ਹੈ, ਉਹ ਆਪਣੀ ਯਾਤਰਾ ਨੂੰ ਹੀ ਵਿਅਰਥ ਕਰ ਲੈਂਦਾ ਹੈ।

ਸਿਆਣਾ ਉਹ ਹੈ ਜੋ ਮੌਜੂਦਾ ਸੰਸਾਰ ਅਤੇ ਆਗਾਮੀ ਸੰਸਾਰ ਵਿਚਕਾਰਲੇ ਅੰਤਰ ਨੂੰ ਸਮਝਦਾ ਹੈ ਅਤੇ ਇਸ ਸੰਸਾਰ ਵਿੱਚ ਉਸ ਦੀ ਇੱਛਾ ਨਹੀਂ ਕਰਦਾ ਜੋ ਜੰਨਤ ਵਿੱਚ ਜਾ ਕੇ ਮਿਲਣਾ ਹੈ।

ਮਨੁੱਖ ਨੂੰ ਹਕੀਕਤ-ਪਸੰਦ ਹੋਣਾ ਚਾਹੀਦਾ ਹੈ। ਉਹਨੂੰ ਆਪਣੀਆਂ ਖਾਹਿਸ਼ਾਂ ਦੇ ਪਿੱਛੇ ਨਹੀਂ ਭੱਜਣਾ ਚਾਹੀਦਾ, ਕਿਉਂਕਿ ਖਾਹਿਸ਼ਾਂ ਮਨੁੱਖ ਨੂੰ ਕਿਸੇ ਮੰਜ਼ਿਲ ਵਲ ਨਹੀਂ ਸਗੋਂ ਵਿਨਾਸ਼ ਵੱਲ ਲੈ ਜਾਂਦੀਆਂ ਹਨ।

ਹਰ ਮਨੁੱਖ ਦਾ ਦਿਲ ਖਾਹਿਸ਼ਾਂ ਦਾ ਇੱਕ ਸਮੁੰਦਰ ਹੈ। ਇਹ ਖਾਹਿਸ਼ਾਂ ਆਪਣੇ ਆਪ ਵਿੱਚ ਗਲਤ ਨਹੀਂ ਹਨ, ਪਰ ਇਹ ਖਾਹਿਸ਼ਾਂ ਪੂਰੀਆਂ ਹੋਣ ਦੀ ਅਸਲ ਜਗ੍ਹਾ ਆਗਾਮੀ ਸੰਸਾਰ ਹੈ, ਨਾ ਕਿ ਮੌਜੂਦਾ ਸੰਸਾਰ।

ਮਨੁੱਖ ਦੀ ਪਰੀਖਿਆ ਦਾ ਉਦੇਸ਼

ਰੱਬ ਦੀ ਸਿਰਜਣ ਯੋਜਨਾ ਅਨੁਸਾਰ, ਮਨੁੱਖ ਨੂੰ ਧਰਤੀ ਉੱਤੇ ਇਸ ਮਕਸਦ ਲਈ ਵਸਾਇਆ ਗਿਆ ਸੀ ਕਿ ਉਸ ਦੀ ਪਰੀਖਿਆ ਲਈ ਜਾ ਸਕੇ। ਇਹ ਰੱਬੀ ਇਰਾਦਾ ਕੁਰਾਨ ਵਿੱਚ ਕਈ ਥਾਵਾਂ ’ਤੇ ਸਾਫ਼-ਸਾਫ਼ ਬਿਆਨ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਇੱਕ ਉਦਾਹਰਣ ਯੂਨੁਸ (ਜੋਨਾਹ) ਵਿੱਚ ਮਿਲਦੀ ਹੈ:

> “ਅਤੇ ਫਿਰ ਅਸੀਂ ਤੁਹਾਨੂੰ ਧਰਤੀ ’ਤੇ ਉਹਨਾਂ ਦੇ ਉਤਰਾਧਿਕਾਰੀ ਬਣਾਇਆ, ਤਾਂ ਜੋ ਦੇਖੀਏ ਤੁਸੀਂ ਕਿਵੇਂ ਵਿਵਹਾਰ ਕਰਦੇ ਹੋ।” (10:14)

ਇਹ ਪਰੀਖਿਆ ਦਰਅਸਲ ਨੈਤਿਕ ਜ਼ਿੰਮੇਵਾਰੀ ਦੇ ਅਹਿਸਾਸ ਦਾ ਇਮਤਿਹਾਨ ਹੈ। ਜਦੋਂ ਇੱਕ ਮਨੁੱਖ ਸਮਝ ਜਾਂਦਾ ਹੈ ਕਿ ਉਹ ਇਮਤਿਹਾਨ ਵਿੱਚ ਹੈ, ਅਤੇ ਉਸ ਦੇ ਹਰ ਕਰਮ ਨੂੰ ਫ਼ਰਿਸ਼ਤੇ ਲਿਖ ਰਹੇ ਹਨ, ਤਾਂ ਇਸ ਨਾਲ ਆਪਣੇ ਆਪ ਵਿੱਚ ਜ਼ਿੰਮੇਵਾਰੀ ਦਾ ਭਾਵ ਪੈਦਾ ਹੁੰਦਾ ਹੈ। ਹੁਣ ਉਹ ਆਪਣੇ ਸੋਚਣ, ਬੋਲਣ, ਸਲੂਕ ਕਰਨ ਅਤੇ ਹੋਰ ਸਾਰੀਆਂ ਗਤੀਵਿਧੀਆਂ ਵਿੱਚ

ਸਾਵਧਾਨ ਹੋ ਜਾਂਦਾ ਹੈ। ਇਹ ਸਮਝ ਕਿ ਉਹ ਇਮਤਿਹਾਨ ਵਿੱਚ ਹੈ, ਇੱਕ ਆਤਮ-ਸੰਸ਼ੋਧਨ ਤੰਤਰ ਵਾਂਗ ਕੰਮ ਕਰਦੀ ਹੈ ਜੋ ਮਨੁੱਖ ਨੂੰ ਅੰਦਰੋਂ ਵਿਚਾਰਸ਼ੀਲ ਬਣਾ ਦਿੰਦੀ ਹੈ। ਇਹੀ ਗੁਣ ਉਸਨੂੰ ਇੱਕ ਚੰਗਾ ਇਨਸਾਨ ਅਤੇ ਚੰਗਾ ਸਮਾਜਿਕ ਜੀਵ ਬਣਾਉਂਦਾ ਹੈ।

ਪਰ ਇਸ ਪਰਿਖਿਆ ਦਾ ਉਦੇਸ਼ ਕੀ ਹੈ? ਕੁਰਾਨ ਦੇ ਅਨੁਸਾਰ, ਮਨੁੱਖਤਾ ਦੀ ਅੰਤਿਮ ਮੰਜ਼ਿਲ ਜੰਨਤ ਹੈ। ਪਰ ਸਿਰਫ਼ ਚੰਗੇ ਲੋਕਾਂ ਨੂੰ ਹੀ ਜੰਨਤ ਵਿੱਚ ਦਾਖਲ ਹੋਣ ਦੀ ਇਜਾਜ਼ਤ ਮਿਲੇਗੀ। ਇਸ ਲਈ ਇਹ ਇਮਤਿਹਾਨ ਇਹ ਪਰਖਣ ਲਈ ਹੈ ਕਿ ਕੌਣ ਸਚਮੁਚ ਜੰਨਤ ਲਈ ਯੋਗ ਹੈ। ਇਸ ਤਰ੍ਹਾਂ, ਇਹ ਗਿਆਨ ਕਿ ਮਨੁੱਖ ਪਰੀਖਿਆ ਵਿੱਚ ਹੈ, ਉਸਨੂੰ ਉੱਚ ਨੈਤਿਕ ਮਾਪਦੰਡ ਉਤੇ ਜੀਵਨ ਜੀਉਣ ਲਈ ਉਤਸ਼ਾਹਤ ਕਰਦਾ ਹੈ। ਇਸ ਦ੍ਰਿਸ਼ਟੀਕੋਣ ਨਾਲ ਜੀਵਨ ਵਿਚ ਅਨੁਸ਼ਾਸਨ ਲਿਆਉਣਾ ਮਨੁੱਖ ਦੀ ਆਪਣੀ ਲਾਭ ਦੀ ਗੱਲ ਬਣ ਜਾਂਦੀ ਹੈ। ਹਰ ਮਨੁੱਖ ਮਹਿਸੂਸ ਕਰਦਾ ਹੈ ਕਿ ਜੇਕਰ ਉਹ ਉੱਚ ਆਦਰਸ਼ਾਂ ’ਤੇ ਨਹੀਂ ਚਲੇਗਾ, ਤਾਂ ਉਹ ਜੰਨਤ ਦੀ ਪਰਾਪਤੀ ਦਾ ਮੌਕਾ ਗਵਾ ਦੇਵੇਗਾ।

ਇਸ ਦੇ ਉਲਟ, ਇੱਕ ਬਹੁਤ ਹਾਨੀਕਾਰਕ ਜੀਵਨ ਸ਼ੈਲੀ ਇਹ ਹੋ ਸਕਦੀ ਹੈ: “ਖਾਓ, ਪੀਓ ਅਤੇ ਆਨੰਦ ਮਾਣੋ!” ਜਿਹੜੇ ਲੋਕ ਇਸ ਸਿਧਾਂਤ ’ਤੇ ਚੱਲਦੇ ਹਨ, ਉਹ ਆਪਣੀਆਂ ਇੱਛਾਵਾਂ ਤੇ ਜ਼ਰੂਰਤਾਂ ਤੋਂ ਪਾਰ ਹੋਰ ਕੁਝ ਨਹੀਂ ਜਾਣਦੇ। ਉਹ ਮਨੁੱਖਤਾ ਦੇ ਉੱਚ ਪੱਧਰ ਤੱਕ ਨਹੀਂ ਪਹੁੰਚਦੇ ਅਤੇ ਉਨ੍ਹਾਂ ਦੀ ਜ਼ਿੰਦਗੀ ਜਾਨਵਰਾਂ ਵਰਗੀ ਬਣ ਜਾਂਦੀ ਹੈ। ਇਹ ਸਿਧਾਂਤ ਸਮਾਜ ਨੂੰ ਇਕ ਜੰਗਲ ਵਿੱਚ ਤਬਦੀਲ ਕਰ ਸਕਦਾ ਹੈ।

ਪਰ ਉਪਰੋਕਤ ਕੁਰਾਨ ਦਾ ਸਿਧਾਂਤ ਮਨੁੱਖ ਨੂੰ ਇੱਕ ਜ਼ਿੰਮੇਵਾਰ ਸਮਾਜਕ ਜੀਵ ਬਣਨ ਲਈ ਮਜ਼ਬੂਰ ਕਰਦਾ ਹੈ। ਇਸ ਦੇ ਨਤੀਜੇ ਵਜੋਂ ਪੂਰੀ ਮਨੁੱਖਤਾ ਉਸ ਦੀ ਚਿੰਤਾ ਬਣ ਜਾਂਦੀ ਹੈ, ਅਤੇ ਉਹ ਫਿਰ ਗੈਰ-ਜ਼ਿੰਮੇਵਾਰ ਢੰਗ ਨਾਲ ਜੀਓ ਨਹੀਂ ਸਕਦਾ। ਇਹੀ ਵਿਧੀ ਇਕ ਆਦਰਸ਼ਕ ਸਮਾਜ ਪੈਦਾ ਕਰਦੀ ਹੈ। ਪਰਲੋਕ ਆਧਾਰਤ ਇਹ ਸਿਧਾਂਤ ਸਿਰਫ਼ ਅਗਲੇ ਸੰਸਾਰ ਲਈ ਹੀ ਨਹੀਂ, ਸਗੋਂ ਇਸ ਮੌਜੂਦਾ ਸੰਸਾਰ ਵਿੱਚ ਵੀ ਲਾਗੂ ਹੁੰਦਾ ਹੈ। ਜਦੋਂ ਇੱਕ ਵਿਅਕਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਲੱਗਦਾ ਹੈ, ਅਨੁਸ਼ਾਸਤ ਜੀਵਨ ਜੀਉਂਦਾ ਹੈ ਅਤੇ ਸ਼ੈਤਾਨੀ ਵਾਸਨਾਵਾਂ ਦੇ ਅੱਗੇ ਸਮਰਪਣ ਨਹੀਂ ਕਰਦਾ, ਤਾਂ ਉਹ ਸਿਰਫ਼

ਪਰਲੋਕ ਦੇ ਮਾਇਨੇ ’ਚ ਹੀ ਨਹੀਂ, ਸਗੋਂ ਇਸ ਲੋਕ ’ਚ ਵੀ ਇੱਕ ਚੰਗਾ ਇਨਸਾਨ ਬਣ ਜਾਂਦਾ ਹੈ।

ਨੈਤਿਕਤਾ ਲਈ ਕਿਸੇ ਪ੍ਰੇਰਨਾ ਦੀ ਲੋੜ ਹੁੰਦੀ ਹੈ, ਕਿਉਂਕਿ ਬਿਨਾਂ ਪ੍ਰੇਰਨਾ ਦੇ ਕੋਈ ਵੀ ਵਿਅਕਤੀ ਨੈਤਿਕ ਮਾਪਦੰਡਾਂ ਨੂੰ ਗ੍ਰਹਿਣ ਨਹੀਂ ਕਰ ਸਕਦਾ। ਉਪਰੋਕਤ ਕੁਰਾਨ ਦਾ ਸਿਧਾਂਤ ਇਹੀ ਮਹਾਨ ਪ੍ਰੇਰਨਾ ਪ੍ਰਦਾਨ ਕਰਦਾ ਹੈ। ਇਹ ਸਿਧਾਂਤ ਨਾ ਸਿਰਫ ਕਿਸੇ ਇਕ ਕੌਮ ਜਾਂ ਸਮੂਹ ਉੱਤੇ, ਸਗੋਂ ਹਰੇਕ ਵਿਅਕਤੀ (ਔਰਤ ਜਾਂ ਮਰਦ) ਉੱਤੇ ਲਾਗੂ ਹੁੰਦਾ ਹੈ। ਹਰ ਕੋਈ ਉਸ ਰੱਬ ਦੀ ਨਜ਼ਰ ਹੇਠ ਹਨ ਜਿਸ ਕੋਲ ਜਾਕੇ ਸਭਨੇ ਆਪਣੇ ਕਰਮਾਂ ਦਾ ਹਿਸਾਬ ਦੇਣਾ ਹੈ। ਰੱਬ ਦੀ ਨਜ਼ਰ ਵਿਚ ਸਭ ਇਕ ਸਮਾਨ ਹਨ, ਇਸ ਕਰਕੇ ਇਹ ਸਿਧਾਂਤ ਸਭਨਾਂ ’ਤੇ ਲਾਗੂ ਹੁੰਦਾ ਹੈ।

ਕੁਰਾਨ ਦਾ ਇਹ ਸਿਧਾਂਤ ਸਿਰਫ਼ ਨਬੀ ਮੁਹੰਮਦ ਸਾਹਬ ਦੇ ਸਮਕਾਲੀ ਲੋਕਾਂ ਲਈ ਨਹੀਂ ਸੀ, ਸਗੋਂ ਇਹ ਇੱਕ ਸਦੀਵੀ ਸਿੱਖਿਆ ਹੈ ਜੋ ਪੂਰੇ ਜੀਵ ਜਗਤ ’ਤੇ ਲਾਗੂ ਹੁੰਦੀ ਹੈ।

ਰੱਬੀ ਯੋਜਨਾ

ਕੁਰਾਨ ਦੇ ਅਨੁਸਾਰ, ਇਨਸਾਨ ਇਕ ਸਦੀਵੀ ਜੀਵ ਹੈ। ਮੌਜੂਦਾ ਸੰਸਾਰ ਵਿੱਚ ਜੀਵਨ ਦੀ ਅਵਧੀ ਮੌਤ ਤੋਂ ਪਹਿਲਾਂ ਦਾ ਚਰਨ ਹੈ ਅਤੇ ਇਹ ਅਸਥਾਈ ਹੈ, ਜਦਕਿ ਅਗਲਾ ਚਰਨ ਮੌਤ ਤੋਂ ਬਾਅਦ ਦਾ ਹੈ ਜੋ ਕਿ ਸਦੀਵੀ ਹੋਵੇਗਾ। ਅਸਲ ਗੱਲ ਇਹ ਹੈ ਕਿ ਪਰਮਾਤਮਾ ਨੇ ਮਨੁੱਖ ਨੂੰ ਬਹੁਤ ਸੋਚ-ਵਿਚਾਰ ਨਾਲ ਬਣਾਈ ਗਈ ਯੋਜਨਾ ਦੇ ਅਧੀਨ ਪੈਦਾ ਕੀਤਾ। ਇਸ ਯੋਜਨਾ ਦਾ ਮੂਲ ਭਾਵ ਇਹ ਸੀ ਕਿ ਮਨੁੱਖ ਨੂੰ ਸਿਰਫ ਇੱਕ ਉਪਹਾਰ ਵਜੋਂ ਨਹੀਂ, ਸਗੋਂ ਇੱਕ ਇਮਤਿਹਾਨ ਵਜੋਂ ਪੂਰੀ ਆਜ਼ਾਦੀ ਦਿੱਤੀ ਜਾਵੇ। ਇਸ ਇਮਤਿਹਾਨ ਦੇ ਨਤੀਜੇ ਤੋਂ ਪ੍ਰਮਾਤਮਾ ਨੇ ਇਹ ਜਾਣਿਆ ਕਿ ਕਿਸਨੇ ਆਪਣੀ ਆਜ਼ਾਦੀ ਦਾ ਦੁਰਉਪਯੋਗ ਕੀਤਾ ਅਤੇ ਕਿਸਨੇ ਸਦਉਪਯੋਗ। ਇਹੀ ਇਨਸਾਨ ਲਈ ਰੱਬ ਦੀ ਯੋਜਨਾ ਸੀ ਤੇ ਅੱਜ ਵੀ ਹੈ। ਇਸ ਇਮਤਿਹਾਨ ਦਾ ਮੰਤਵ ਕੇਵਲ ਇਨਸਾਨਾਂ ਨੂੰ ਪਰਖਣਾ ਨਹੀਂ ਹੈ, ਸਗੋਂ ਇਸ ਦੇ ਪਿੱਛੇ ਇੱਕ ਉੱਚ ਉਦੇਸ਼ ਹੈ। ਪਰਮਾਤਮਾ ਨੇ ਮਨੁੱਖ ਨੂੰ ਬਣਾਉਣ ਤੋਂ ਪਹਿਲਾਂ ਇੱਕ ਆਦਰਸ਼ਕ ਸੰਸਾਰ ਦੀ ਸਿਰਜਣਾ ਕੀਤੀ, ਜਿਸਨੂੰ ‘ਜੰਨਤ’

ਕਿਹਾ ਜਾਂਦਾ ਹੈ। ਹੁਣ ਰੱਬ ਚਾਹੁੰਦਾ ਸੀ ਕਿ ਐਸੇ ਆਦਰਸ਼ਕ ਨਰ-ਨਾਰੀ ਬਣਨ ਜੋ ਜੰਨਤ ਵਿੱਚ ਸਦੀਵੀ ਵੱਸਣ ਦੇ ਯੋਗ ਹੋਣ। ਇਸੇ ਲਈ ਮੌਜੂਦਾ ਸੰਸਾਰ ਇਕ ਚੋਣ ਮੈਦਾਨ ਹੈ ਜਿੱਥੋਂ ਜੰਨਤ ਲਈ ਚੁਣਿਆ ਜਾਣਾ ਹੈ।

ਇਸ ਰੱਬੀ ਯੋਜਨਾ ਦੇ ਅਨੁਸਾਰ, ਮੌਜੂਦਾ ਇਨਸਾਨੀ ਜ਼ਿੰਦਗੀ ਇਨਸਾਨ ਲਈ ਇੱਕ ਵੱਡਾ ਮੌਕਾ ਹੈ। ਮੌਤ ਤੋਂ ਪਹਿਲਾਂ ਦੀ ਜ਼ਿੰਦਗੀ ਵਿਚ ਮਨੁੱਖ ਕੋਲ ਇਹ ਮੌਕਾ ਹੈ ਕਿ ਉਹ ਆਪਣੇ ਆਪ ਨੂੰ ਜੰਨਤ ਲਈ ਯੋਗ ਸਾਬਤ ਕਰ ਸਕੇ, ਤਾਂ ਜੋ ਮੌਤ ਤੋਂ ਬਾਅਦ ਉਹ ਸਦੀਵੀ ਤੌਰ ’ਤੇ ਉਸ ਆਦਰਸ਼ਕ ਸੰਸਾਰ ਵਿੱਚ ਵੱਸਣ ਦੇ ਯੋਗ ਬਣੇ।

ਆਤਮਹਤਿਆ ਵਿਕਲਪ ਕਿਉਂ ਨਹੀਂ ਹੈ?

ਫਰਵਰੀ 1984 ਵਿੱਚ ਪਾਕਿਸਤਾਨ ਫੈਡਰਲ ਸਰਵਿਸ ਕਮਿਸ਼ਨ ਦੇ ਚੇਅਰਮੈਨ ਜਨਰਲ ਅਤੀਕੁਰ ਰਹਿਮਾਨ, ਦਿੱਲੀ ਸਰਕਾਰੀ ਦੌਰੇ ’ਤੇ ਆਏ। ਉਹ ਪਾਕਿਸਤਾਨ ਮਾਈਗ੍ਰੈਂਟ ਸਨ, ਜੋ ਵੰਡ ਤੋਂ ਪਹਿਲਾਂ ਦੂਜੇ ਵਿਸ਼ਵ ਯੁੱਧ ਦੌਰਾਨ ਬਰਮਾ ਵਿੱਚ ਫੀਲਡ ਮਾਰਸ਼ਲ ਮਾਣੇਕਸ਼ਾ ਦੇ ਨਾਲ ਕੰਮ ਕਰ ਚੁੱਕੇ ਸਨ। ਇੱਕ ਮੀਟਿੰਗ ਦੌਰਾਨ, ਉਹਨਾਂ ਪੱਤਰਕਾਰਾਂ ਨੂੰ ਦੱਸਿਆ ਕਿ ਬਰਮਾ ਵਿੱਚ ਰਹਿੰਦਿਆਂ ਮਾਣੇਕਸ਼ਾ ਇਕ ਵਾਰ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਅਤੇ ਦਰਦ ਇੰਨਾ ਅਸਹਿ ਸੀ ਕਿ ਉਸਨੇ ਆਪਣੀ ਆਪਣੇ ਆਪ ਨੂੰ ਗੋਲੀ ਮਾਰ ਕੇ ਦਰਦ ਤੋਂ ਛੁਟਕਾਰਾ ਪਾਉਣ ਦਾ ਫੈਸਲਾ ਲਿਆ। ਉਸਨੇ ਖੁਦ ਨੂੰ ਗੋਲੀ ਮਾਰਨ ਲਈ ਜਨਰਲ ਰਹਿਮਾਨ ਤੋਂ ਬੰਦੂਕ ਮੰਗੀ, ਪਰ ਰਹਿਮਾਨ ਨੇ ਬੰਦੂਕ ਦੇਣ ਤੋਂ ਇਨਕਾਰ ਕਰ ਦਿੱਤਾ। ਜਨਰਲ ਨੇ ਹੱਸਦੇ ਹੋਏ ਕਿਹਾ, “ਜੇ ਮੈਨੂੰ ਪਤਾ ਹੁੰਦਾ ਕਿ 1971 ਦੇ ਯੁੱਧ ਵਿੱਚ ਮਾਣੇਕਸ਼ਾ ਸਾਡੇ ਨਾਲ ਕੀ ਕਰਨ ਵਾਲਾ ਹੈ, ਤਾਂ ਮੈਂ ਯਕੀਨਨ ਆਪਣੀ ਬੰਦੂਕ ਉਸਨੂੰ ਦੇ ਦਿੰਦਾ!” (ਟਾਈਮਜ਼ ਆਫ਼ ਇੰਡੀਆ, 20 ਫਰਵਰੀ 1984)

ਦੂਜੇ ਵਿਸ਼ਵ ਯੁੱਧ ਦੌਰਾਨ ਮਾਣੇਕਸ਼ਾ ਦੀ ਹਾਲਤ ਇਹ ਸੀ ਕਿ ਉਹ ਅਸਹਿ ਪੀੜ੍ਹਾ ਅਤੇ ਹੌਸਲਾ ਟੁੱਟ ਜਾਣ ਕਾਰਨ ਆਤਮਹਤਿਆ ਕਰਨਾ ਚਾਹੁੰਦਾ ਸੀ; ਉਹ ਇਸ ਗੱਲ ਤੋਂ ਬਿਲਕੁਲ ਬੇਖ਼ਬਰ ਸੀ ਕਿ 25 ਸਾਲ ਬਾਅਦ 1971 ਦੀ ਜੰਗ ਵਿੱਚ ਜਿੱਤ ਦਾ ਨਾਇਕ ਉਸਨੇ ਹੀ ਬਣਨਾ ਹੈ।

ਇਸਲਾਮ ਵਿੱਚ ਆਤਮਹਤਿਆ ਨੂੰ ਗੈਰ-ਕਾਨੂੰਨੀ ਮੰਨਿਆ ਜਾਂਦਾ ਹੈ, ਕਿਉਂਕਿ ਇਹ ਰੱਬ ਦੀ ਰਹਿਮਤ ਤੋਂ ਪੂਰੀ ਤਰ੍ਹਾਂ ਨਿਰਾਸ਼ ਹੋ ਜਾਣ ਦੀ ਨਿਸ਼ਾਨੀ ਹੈ। ਇਸ ਦੇ ਨਾਲ ਹੀ ਇਹ ਪਰਲੋਕੀ ਜੀਵਨ ਦੀ ਹਕੀਕਤ ਨੂੰ ਨਕਾਰਨ ਵਾਲੀ ਵਿਚਾਰਧਾਰਾ ਨੂੰ ਦਰਸਾਉਂਦੀ ਹੈ। ਪਰ ਜੇ ਇਨਸਾਨ ਇਹ ਮੰਨ ਲਏ ਕਿ ਸਰੀਰ ਦੀ ਮੌਤ ਨਾਲ ਜੀਵਨ ਖ਼ਤਮ ਨਹੀਂ ਹੁੰਦਾ, ਅਤੇ ਮੌਤ ਤੋਂ ਬਾਅਦ ਇੱਕ ਨਵਾਂ ਜੀਵਨ ਆਰੰਭ ਹੁੰਦਾ ਹੈ, ਤਾਂ ਉਹ ਕਦੇ ਆਤਮਹਤਿਆ ਨਹੀਂ ਕਰੇਗਾ। ਜੋ ਕੋਈ ਇਹ ਜਾਣਦਾ ਹੈ ਕਿ ਪਰਲੋਕੀ ਜੀਵਨ (ਜੰਨਤ) ਦੇ ਅਸਲ ਮਾਇਨੇ ਕੀ ਹਨ, ਉਸ ਲਈ ਮੌਜੂਦਾ ਸੰਸਾਰ ਦੇ ਦੁੱਖ-ਦਰਦ ਨਿਰਾਰਥਕ ਹੋ ਜਾਂਦੇ ਹਨ।

ਇਸ ਤੋਂ ਇਲਾਵਾ ਆਤਮਹਤਿਆ ਨੂੰ ਅਨੁਚਿਤ ਮੰਨਣ ਦਾ ਇੱਕ ਹੋਰ ਪਹਿਲੂ ਵੀ ਹੈ—ਇਹ ਮਨੁੱਖ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਅਸਥਾਈ ਮੁਸੀਬਤਾਂ ਦੇ ਕਾਰਨ ਉਹ ਭਵਿੱਖ ਨੂੰ ਨਾ ਭੁੱਲੇ। ਮੌਜੂਦਾ ਸੰਸਾਰ ਐਸਾ ਹੈ ਜਿੱਥੇ ਹਰ ਇਨਸਾਨ ਕਦੇ ਨਾ ਕਦੇ ਦੁੱਖ ਅਤੇ ਪੀੜ੍ਹਾ ਵਿਚੋਂ ਜ਼ਰੂਰ ਗੁਜ਼ਰਦਾ ਹੈ। ਪਰ ਇਹ ਸਭ ਕੁਝ ਅਸਥਾਈ ਹੈ ਅਤੇ ਇਸਨੂੰ ਸਬਰ ਅਤੇ ਹਿੰਮਤ ਨਾਲ ਸਹਿਣਾ ਚਾਹੀਦਾ ਹੈ। ਇਕ ਵਾਰ ਫਿਰ ਮਾਣੇਕਸ਼ਾ ਬਾਰੇ ਸੋਚੋ, ਜੋ ਭਵਿੱਖ ਦੀਆਂ ਸੰਭਾਵਨਾਵਾਂ ਤੋਂ ਬੇਖਬਰ ਆਪਣੇ ਆਪ ਨੂੰ ਮੁਕਾਉਣ ਲੱਗਾ ਸੀ, ਜੇ ਉਹ ਆਪਣੀ ਸੋਚ ਵਿਚ ਸਫਲ ਹੋ ਜਾਂਦਾ ਤਾਂ ਉਸਦਾ ਨਾਮ ਇਤਿਹਾਸ ਦੇ ਪੰਨਿਆਂ ’ਚ ਇੱਕ ਮਹਾ ਨਾਇਕ ਵਜੋਂ ਕਿਸ ਤਰ੍ਹਾਂ ਲਿਖਿਆ ਜਾਂਦਾ?

ਫ਼ਰਜ਼ ਨਿਭਾਉਣਾ

ਇੱਕ ਵਾਰ ਦੀ ਗੱਲ ਹੈ, ਇੱਕ ਵਿਅਕਤੀ ਰੱਬ ਦੇ ਅਸਤਿਤਵ ’ਤੇ ਵਿਸ਼ਵਾਸ ਨਹੀਂ ਕਰਦਾ ਸੀ ਅਤੇ ਨਾ ਹੀ ਇਹ ਮੰਨਦਾ ਸੀ ਕਿ ਮਨੁੱਖ ਦਾ ਪਾਲਣਹਾਰ ਖੁਦਾ ਹੈ। ਉਸਦੇ ਦੋਸਤਾਂ ਨੇ ਬਹੁਤ ਕੋਸ਼ਿਸ਼ ਕੀਤੀ ਕਿ ਉਹ ਖੁਦਾ ਦੀ ਹੋਂਦ ਨੂੰ ਸਮਝ ਲਵੇ, ਪਰ ਉਹ ਨਾ ਮੰਨਿਆ। ਆਖ਼ਰ ਉਸਨੇ ਕਿਹਾ, “ਮੈਂ ਖ਼ੁਦ ਇਹ ਤਜ਼ਰਬਾ ਕਰਨਾ ਚਾਹੁੰਦਾ ਹਾਂ।” ਇੱਕ ਸਵੇਰ ਉਹ ਘਰੋਂ ਨਿਕਲਿਆ ਅਤੇ ਇੱਕ ਜੰਗਲ ਵੱਲ ਰੁਖ਼ ਕੀਤਾ। ਉੱਥੇ ਜਾ ਕੇ ਉਹ ਇੱਕ ਦਰੱਖਤ ਦੀ ਟਾਹਣੀ ਉੱਤੇ ਬੈਠ ਗਿਆ ਅਤੇ ਆਪਣੇ ਆਪ ਨੂੰ ਕਹਿਣ ਲੱਗਾ, “ਜੇਕਰ ਖੁਦਾ ਸੱਚਮੁੱਚ ਖਾਣਾ ਦੇਣ ਵਾਲਾ ਹੈ ਤਾਂ ਉਹ ਇੱਥੇ ਮੈਨੂੰ ਰੋਟੀ ਪਹੁੰਚਾਵੇਗਾ।”

ਉਹ ਸਾਰੇ ਦਿਨ ਉੱਥੇ ਬੈਠਾ ਰਿਹਾ ਪਰ ਕੋਈ ਖਾਣ-ਪੀਣ ਦੀ ਚੀਜ਼ ਨਹੀਂ ਮਿਲੀ। ਸਵੇਰ, ਦੁਪਹਿਰ ਤੇ ਰਾਤ ਦੀ ਰੋਟੀ ਛੁੱਟ ਗਈ। ਹੁਣ ਉਸਨੇ ਸੋਚਿਆ ਕਿ ਇਹ ਧਾਰਨਾ ਗਲਤ ਹੈ ਕਿ ਰੱਬ ਇਨਸਾਨ ਨੂੰ ਖਾਣਾ ਦਿੰਦਾ ਹੈ। ਪਰ ਕੁਝ ਸਮੇਂ ਬਾਅਦ ਉਸਨੇ ਕੁਝ ਲੋਕਾਂ ਨੂੰ ਵੇਖਿਆ ਜੋ ਮੁਸਾਫ਼ਿਰ ਸਨ। ਉਹ ਕਿਸੇ ਵੱਡੇ ਦਰੱਖਤ ਦੀ ਭਾਲ ਵਿਚ ਸਨ, ਜਿਸਦੇ ਹੇਠ ਸਾਰੇ ਅਸਾਨੀ ਨਾਲ ਰਾਤ ਗੁਜ਼ਾਰ ਸਕਣ। ਇਧਰ-ਉਧਰ ਵੇਖਣ ਤੋਂ ਬਾਅਦ, ਉਹਨਾਂ ਨੇ ਉਹੀ ਦਰੱਖਤ ਚੁਣਿਆ ਜਿਸ ਉੱਤੇ ਉਹ ਵਿਅਕਤੀ ਬੈਠਾ ਸੀ।

ਉਹ ਬਿਲਕੁਲ ਚੁੱਪ ਰਿਹਾ ਤਾਂ ਜੋ ਮੁਸਾਫਿਰਾਂ ਨੂੰ ਉਸਦੀ ਮੌਜ਼ੂਦਗੀ ਦਾ ਅਹਿਸਾਸ ਨਾ ਹੋਵੇ। ਮੁਸਾਫ਼ਿਰਾਂ ਨੇ ਆਪਣਾ ਡੇਰਾ ਲਗਾਇਆ, ਲੱਕੜੀਆਂ ਇਕੱਠੀਆਂ ਕੀਤੀਆਂ ਅਤੇ ਅੱਗ ਬਾਲ ਲਈ। ਫਿਰ ਉਹਨਾਂ ਨੇ ਆਪਣਾ ਬੈਗ ਖੋਲ੍ਹਿਆ ਅਤੇ ਚੌਲ ਤੇ ਦਾਲ ਕੱਢ ਕੇ ਬਣਾਉਣ ਲੱਗੇ। ਜੱਦ ਉਹਨਾਂ ਨੇ ਤੜਕਾ ਲਗਾਉਣ ਲਈ ਗਰਮ ਤੇਲ ਵਿਚ ਮਿਰਚਾਂ ਪਾਈਆਂ ਤਾਂ ਧੂੰਏ ਨਾਲ ਮਿਰਚਾਂ ਦੀ ਤਿੱਖੀ ਖੁਸ਼ਬੂ ਉਪਰ ਟਾਹਣੀ ਉੱਤੇ ਬੈਠੇ ਵਿਅਕਤੀ ਦੇ ਨੱਕ ਵਿਚ ਵੱਜੀ ਅਤੇ ਉਹ ਆਪਣੇ ਆਪ ਨੂੰ ਖੰਗਣ ਤੋਂ ਰੋਕ ਨਾ ਸਕਿਆ। ਮੁਸਾਫ਼ਿਰਾਂ ਨੂੰ ਖੰਗਣ ਤੋਂ ਪਤਾ ਲਗ ਗਿਆ ਕਿ ਉੱਪਰ ਕੋਈ ਬੈਠਾ ਹੈ। ਉਹਨਾਂ ਨੇ ਉਸਨੂੰ ਥੱਲੇ ਉਤਾਰਿਆ ਅਤੇ ਭੋਜਨ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ।

ਅਗਲੇ ਦਿਨ ਸਵੇਰੇ ਉਹ ਵਿਅਕਤੀ ਖੁਸ਼ੀ-ਖੁਸ਼ੀ ਘਰ ਪਰਤਿਆ। ਉਸਨੇ ਆਪਣੇ ਦੋਸਤਾਂ ਨੂੰ ਕਿਹਾ, "ਤੁਸੀਂ ਜੋ ਕਿਹਾ ਸੀ, ਉਹ 100 ਫੀਸਦੀ ਸੱਚ ਸੀ। ਨਿਸ਼ਚਤ ਤੌਰ 'ਤੇ ਰੱਬ ਹੀ ਸਾਨੂੰ ਭੋਜਨ ਪ੍ਰਦਾਨ ਕਰਦਾ ਹੈ, ਭਾਵੇਂ ਅਸੀਂ ਉਸ ਦੇ ਲਾਇਕ ਕੁਝ ਵੀ ਨਾ ਕੀਤੇ ਹੋਵੇ।"

ਦੀਰਘਕਾਲੀ ਯੋਜਨਾ

ਹੇਠਾਂ ਦਿੱਤੀ ਕਹਾਣੀ ਮਾਓ ਸੇ ਤੁੰਗ ਨੇ ਲਿਖੀ ਸੀ, ਜੋ ਚੀਨ ਦੀ ਕਮਿਊਨਿਸਟ ਪਾਰਟੀ ਦੇ ਸਾਬਕਾ ਚੇਅਰਮੈਨ ਸਨ; ਸਾਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ।

ਪੁਰਾਤਨ ਸਮਿਆਂ ਵਿੱਚ ਚੀਨ ਦੇ ਉੱਤਰੀ ਹਿੱਸੇ ਵਿੱਚ ਇੱਕ ਬਜ਼ੁਰਗ ਆਦਮੀ ਰਹਿੰਦਾ ਸੀ। ਉਹ ਇੱਕ ਪਹਾੜੀ ਇਲਾਕੇ ਵਿਚ ਵੱਸਦਾ ਸੀ, ਜਿੱਥੇ

ਉਸਦੇ ਘਰ ਦੇ ਸਾਹਮਣੇ ਦੋ ਉੱਚੇ ਪਹਾੜ ਸਨ। ਇਹ ਪਹਾੜ ਇੰਨੇ ਵੱਡੇ ਸਨ ਕਿ ਉਹ ਸੂਰਜ ਦੀ ਰੋਸ਼ਨੀ ਨੂੰ ਉਸਦੇ ਘਰ ਦੇ ਅੰਦਰ ਨਹੀਂ ਆਉਣ ਦਿੰਦੇ ਸਨ। ਇੱਕ ਦਿਨ ਉਸ ਨੇ ਆਪਣੇ ਪੁੱਤਰਾਂ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ, "ਆਓ ਅਸੀਂ ਮਿਲ ਕੇ ਇਸ ਪਹਾੜ ਨੂੰ ਤੋੜੀਏ ਤਾਂ ਜੋ ਸੂਰਜ ਦੀ ਰੋਸ਼ਨੀ ਸਿੱਧੀ ਸਾਡੇ ਘਰ ਵਿੱਚ ਆ ਸਕੇ।" ਇਹ ਗੱਲ ਨਾਲ ਰਹਿਣ ਵਾਲੇ ਇੱਕ ਪੜੋਸੀ ਨੇ ਸੁਣੀ ਤਾਂ ਹੱਸ ਪਿਆ। ਉਸ ਨੇ ਕਿਹਾ, "ਮੈਨੂੰ ਤਾਂ ਲੱਗਦਾ ਸੀ ਕਿ ਤੁਸੀਂ ਥੋੜ੍ਹੇ ਮੂਰਖ ਹੋ, ਪਰ ਇਹ ਨਹੀਂ ਪਤਾ ਸੀ ਕਿ ਤੁਹਾਡੀ ਮੂਰਖਤਾ ਦੀ ਕੋਈ ਹੱਦ ਹੀ ਨਹੀਂ ਹੈ। ਇਹ ਕਿਸ ਤਰ੍ਹਾਂ ਸੰਭਵ ਹੈ ਕਿ ਤੁਸੀਂ ਕੇਵਲ ਖੁਦਾਈ ਕਰਕੇ ਇੰਨੇ ਵੱਡੇ ਪਹਾੜ ਨੂੰ ਇਥੋਂ ਹਟਾ ਦਵੋ?"

ਬਜ਼ੁਰਗ ਨੇ ਗੰਭੀਰਤਾ ਨਾਲ ਉੱਤਰ ਦਿੱਤਾ, "ਹਾਂ, ਤੂੰ ਠੀਕ ਕਹਿ ਰਿਹਾ ਹੈ ਕਿ ਇਹ ਕੰਮ ਮੇਰੇ ਜੀਉਂਦਿਆਂ ਜੀਅ ਨਹੀਂ ਹੋ ਸਕਦਾ। ਪਰ ਜਦ ਮੈਂ ਮਰ ਜਾਵਾਂਗਾ, ਤਾਂ ਮੇਰੇ ਪੁੱਤਰ ਇਹ ਖੁਦਾਈ ਜਾਰੀ ਰੱਖਣਗੇ, ਤੇ ਫਿਰ ਉਹਨਾਂ ਦੇ ਪੁੱਤਰ ਵੀ। ਇਹ ਖੁਦਾਈ ਦਾ ਕਾਰਜ ਅਗਲੀ ਕਈ ਪੀੜੀਆਂ ਤੱਕ ਚੱਲਦਾ ਰਹੇਗਾ। ਪਹਾੜ ਵਧਣ ਵਾਲੇ ਨਹੀਂ, ਪਰ ਹਰ ਵਾਰ ਦੀ ਖੁਦਾਈ ਉਨ੍ਹਾਂ ਨੂੰ ਥੋੜ੍ਹਾ-ਥੋੜ੍ਹਾ ਘਟਾਵੇਗੀ ਅਤੇ ਇਕ ਨਾ ਇਕ ਦਿਨ ਇਹ ਅੜਚਨ ਰੂਪੀ ਪਹਾੜ ਇਥੋਂ ਹਟ ਹੀ ਜਾਣਗੇ।"

ਸਮੱਸਿਆਵਾਂ ਦੀ ਤੁਲਨਾ ਵਿੱਚ, ਉਨ੍ਹਾਂ ਨੂੰ ਹੱਲ ਕਰਨ ਦੀ ਸ਼ਕਤੀ ਹਮੇਸ਼ਾਂ ਵਧੇਰੇ ਮਹੱਤਵਪੂਰਨ ਹੁੰਦੀ ਹੈ। ਸਮੱਸਿਆਵਾਂ ਹਮੇਸ਼ਾਂ ਸੀਮਤ ਹੁੰਦੀਆਂ ਹਨ, ਪਰ ਹੱਲ ਦੀ ਸੰਭਾਵਨਾ ਅਸੀਮ ਹੁੰਦੀ ਹੈ। ਹਰੇਕ ਮੁਸ਼ਕਲ ਦਾ ਹੱਲ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ ਜੋ ਆਪਣੇ ਪੱਧਰ ਅਤੇ ਜਟਿਲਤਾ ਵਿੱਚ ਕੁਦਰਤੀ ਤੌਰ 'ਤੇ ਵੱਖ-ਵੱਖ ਹੋਣਗੇ। ਇਹ ਕਹਾਣੀ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਕੋਈ ਵੀ ਵੱਡਾ ਕੰਮ ਕੇਵਲ ਲੰਬੀ ਯੋਜਨਾ ਨਾਲ ਹੀ ਨਹੀਂ, ਸਗੋਂ ਉਸ ਯੋਜਨਾ ਨੂੰ ਲਗਾਤਾਰ ਲਾਗੂ ਕਰਨ ਦੀ ਇੱਛਾ ਅਤੇ ਦ੍ਰਿੜ੍ਹਤਾ ਨਾਲ ਹੀ ਸੰਭਵ ਬਣਦਾ ਹੈ।

ਜਿਹੜੇ ਲੋਕ ਆਪਣੀ ਯੋਜਨਾ ਜਾਂ ਸਿਧਾਂਤਾਂ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਲੈ ਕੇ ਜਾਣ ਦਾ ਹੌਂਸਲਾ ਰੱਖਦੇ ਹਨ, ਜੋ ਧੀਰਜ ਅਤੇ ਲਗਾਤਾਰ ਮਿਹਨਤ ਕਰਦੇ ਹਨ, ਉਨ੍ਹਾਂ ਲਈ ਦੁਨੀਆ ਵਿੱਚ ਕੋਈ ਵੀ ਪਹਾੜ ਜਾਂ ਦਰਿਆ ਰੋਕ ਨਹੀਂ ਬਣ ਸਕਦਾ।

ਜਤਨ, ਜਤਨ, ਮੁੜ ਜਤਨ

ਇੱਕ ਵਿਅਕਤੀ ਜੋ ਸ਼ੁਰੂ ਵਿੱਚ ਇੱਕ ਬੀੜੀ ਫੈਕਟਰੀ ਵਿੱਚ ਆਮ ਮਜ਼ਦੂਰ ਵਜੋਂ ਕੰਮ ਕਰਦਾ ਸੀ, ਉਸਨੇ ਜਲਦੀ ਹੀ ਸਾਰਾ ਕੰਮ ਸਿੱਖ ਲਿਆ ਅਤੇ ਆਪਣੀ ਫੈਕਟਰੀ ਖੋਲ੍ਹ ਲਈ। ਸ਼ੁਰੂ ਵਿੱਚ ਉਸਨੇ ਸਿਰਫ 5000 ਰੁਪਏ ਨਿਵੇਸ਼ ਕੀਤੇ, ਪਰ ਪੰਦਰਾਂ ਸਾਲ ਦੀ ਸਖ਼ਤ ਮਿਹਨਤ ਨਾਲ ਉਸ ਦਾ ਕਾਰੋਬਾਰ ਇੰਨੀ ਤਰੱਕੀ ਕਰ ਗਿਆ ਕਿ ਆਖ਼ਿਰਕਾਰ ਉਹ ਇੱਕ ਵੱਡੀ ਫੈਕਟਰੀ ਵਿੱਚ ਬਦਲ ਗਿਆ। ਇੱਕ ਦਿਨ, ਆਪਣੇ ਦੋਸਤਾਂ ਨੂੰ ਆਪਣੀ ਕਹਾਣੀ ਦੱਸਦਿਆਂ ਉਹ ਕਹਿੰਦਾ ਹੈ: "ਜਿਵੇਂ ਇੱਕ ਨਿੱਕਾ ਬੱਚਾ ਪੰਦਰਾਂ ਸਾਲਾਂ ਵਿੱਚ ਨੌਜਵਾਨ ਬਣਦਾ ਹੈ, ਇਉਂ ਹੀ ਕਾਰੋਬਾਰ ਵੀ ਲਗਾਤਾਰ ਮਿਹਨਤ ਨਾਲ ਜੁਆਨ ਹੁੰਦਾ ਹੈ। ਇਹ ਮਕਾਮ ਮੈਂ ਇੱਕ ਦਿਨ ਵਿੱਚ ਨਹੀਂ ਹਾਸਲ ਕੀਤਾ। ਇਹ ਪੰਦਰਾਂ ਸਾਲ ਦੇ ਸੰਘਰਸ਼ ਦਾ ਫਲ ਹੈ।"

ਅਸਲ ਵਿੱਚ ਹਰ ਕੰਮ ਦੇ ਮੁਕੰਮਲ ਹੋਣ ਵਿਚ "ਪੰਦਰਾਂ ਸਾਲ" ਲੱਗਦੇ ਹਨ, ਚਾਹੇ ਉਹ ਕਿਸੇ ਵਿਅਕਤੀ ਦਾ ਕੰਮ ਹੋਵੇ ਜਾਂ ਕਿਸੇ ਕੌਮ ਦਾ, ਚਾਹੇ ਕੋਈ ਕਾਰੋਬਾਰ ਹੋਵੇ ਜਾਂ ਸਮਾਜਿਕ ਸੇਵਾ। ਜੋ ਲੋਕ ਤੁਰੰਤ ਕਾਮਯਾਬੀ ਦੀ ਵਿਧੀ ਲੱਭਦੇ ਹਨ, ਉਹ ਹਕੀਕਤ ਵਿੱਚ ਭੁਲੇਖਿਆਂ ਦੀ ਦੁਨੀਆਂ ਵਿੱਚ ਰਹਿ ਰਹੇ ਹਨ। ਇਹ ਕਹਿਣਾ ਤਾ ਸੌਖਾ ਹੈ ਕਿ ਇੱਕ ਛਾਲ ਮਾਰ ਕੇ ਮੰਜ਼ਿਲ 'ਤੇ ਪਹੁੰਚਿਆ ਜਾ ਸਕਦਾ ਹੈ, ਪਰ ਜਿਵੇਂ ਹੀ ਹਕੀਕਤ ਸਾਹਮਣੇ ਆਉਂਦੀ ਹੈ, ਇਹ ਇਕ ਭਰਮ ਸਾਬਤ ਹੁੰਦਾ ਹੈ। ਗਲੈਂਨ ਕਨਿੰਘਮ, ਇੱਕ ਸਪੋਰਟਸਮੈਨ ਜੋ ਇੱਕ ਮੀਲ ਰੇਸ ਦਾ ਚੈਂਪੀਅਨ ਬਣਿਆ, ਉਸ ਦੇ ਸਕੂਲ ਵਿੱਚ ਅੱਗ ਲੱਗ ਗਈ। ਅੱਗ ਵਿੱਚ ਉਸ ਦੇ ਪੈਰ ਇੰਨੀ ਬੁਰੀ ਤਰ੍ਹਾਂ ਸੜ ਗਏ ਕਿ ਉਹ ਹਿਲ ਵੀ ਨਹੀਂ ਸਕਦਾ ਸੀ। ਡਾਕਟਰਾਂ ਨੇ ਆਖਿਆ ਕਿ ਉਹ ਕਦੇ ਚੱਲ ਨਹੀਂ ਸਕੇਗਾ। ਕੋਈ ਚਮਤਕਾਰ ਹੀ ਇਸਨੂੰ ਬਚਾ ਸਕਦਾ ਹੈ। ਪਰ ਗਲੈਂਨ ਦੀ ਇਸ ਹਾਲਤ ਨੇ ਉਸ ਵਿੱਚ ਇੱਕ ਨਵਾਂ ਜੋਸ਼ ਭਰ ਦਿੱਤਾ। ਉਸ ਨੇ ਅਜਿਹਾ ਢੰਗ ਲੱਭਣ ਦੀ ਕੋਸ਼ਿਸ਼ ਕੀਤੀ ਜਿਸ ਨਾਲ ਉਹ ਚੱਲਣ ਤੇ ਦੋੜਨ ਦੀ ਕੋਸ਼ਿਸ਼ ਕਰ ਸਕੇ। ਉਸ ਦੀ ਸਾਰੀ ਮਾਨਸਿਕ ਸ਼ਕਤੀ ਉਸਦੇ ਤੁਰਨ ਦੇ ਫੈਸਲੇ 'ਤੇ ਕੇਂਦਰਿਤ ਹੋ ਗਈ। ਇਸ ਲਈ ਉਸਨੇ ਵੱਖ-ਵੱਖ ਕਿਸਮ ਦੀ ਕਸਰਤ ਕਰਨਾ ਸ਼ੁਰੂ ਕਰ ਦਿੱਤਾ, ਜਦ ਤੱਕ ਕਿ ਉਸਦੇ ਦਿਮਾਗ ਵਿਚ ਇੱਕ ਨਵੀਂ ਤਕਨੀਕ ਆ ਨਹੀਂ ਗਈ। ਉਹ ਤਕਨੀਕ ਇਹ ਸੀ ਕਿ ਉਹ ਆਪਣੇ ਆਪ ਨੂੰ ਇੱਕ ਹਲ ਦੇ ਸਹਾਰੇ ਚਲਾਉਣ ਦੀ ਕੋਸ਼ਿਸ਼

ਕਰੇ। ਇਸ ਕੋਸ਼ਿਸ਼ ਵਿਚ ਕੁਝ ਕਾਮਯਾਬ ਹੁੰਦਾ ਦੇਖ ਉਹ ਪ੍ਰੇਰਿਤ ਹੋ ਗਿਆ ਅਤੇ ਆਪਣੀ ਕੋਸ਼ਿਸ਼ ਨੂੰ ਹੋਰ ਤੇਜ਼ ਕਰ ਦਿੱਤਾ। ਆਖ਼ਰਕਾਰ, ਉਹ ਚਮਤਕਾਰ ਹੋ ਗਿਆ ਜਿਸ ਉਤੇ ਡਾਕਟਰਾਂ ਨੇ ਸਾਰੀ ਆਸ ਛੱਡ ਦਿੱਤੀ ਸੀ। ਉਹ ਨਵੀਂ ਤਕਨੀਕ ਬੇਹੱਦ ਕਾਮਯਾਬ ਰਹੀ ਅਤੇ ਆਖ਼ਿਰਕਾਰ ਉਹ ਸਿਰਫ ਤੁਰਣ ਹੀ ਨਹੀਂ ਲੱਗਾ, ਸੱਗੋਂ ਦੌੜਣ ਵੀ ਲੱਗ ਪਿਆ। ਬਾਅਦ ਵਿੱਚ ਉਸਨੇ ਇੱਕ ਦੌੜ ਵਿੱਚ ਭਾਗ ਲਿਆ। ਉਸਨੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਅਤੇ ਇੱਕ ਮੀਲ ਦੀ ਦੌੜ ਦਾ ਚੈਂਪਿਅਨ ਬਣ ਗਿਆ। ਪਰ ਇਹ ਵੱਡੀ ਕਾਮਯਾਬੀ ਕੁਝ ਦਿਨਾਂ ਦੀ ਗੱਲ ਨਹੀਂ ਸੀ। ਆਪਣੇ ਟੀਚੇ ਨੂੰ ਹਕੀਕਤ ਬਣਾਉਣ ਲਈ ਉਸਨੂੰ ਪੰਦਰਾਂ ਸਾਲ ਲੱਗ ਗਏ। ਦੌੜ ਵਿੱਚ ਚੈਂਪਿਅਨ ਬਣਨ ਦੀ ਯੋਗਤਾ ਉਸਨੇ ਪੰਦਰਾਂ ਸਾਲ ਦੀ ਲਗਾਤਾਰ ਮਿਹਨਤ ਤੋਂ ਬਾਅਦ ਹੀ ਹਾਸਲ ਕੀਤੀ।

ਅਸਲ ਵਿੱਚ ਇਸ ਸੰਸਾਰ ਵਿੱਚ ਕੋਈ ਵੀ ਕਾਮਯਾਬੀ "ਪੰਦਰਾਂ ਸਾਲ" ਦੀ ਮਿਹਨਤ ਤੋਂ ਬਿਨਾਂ ਸੰਭਵ ਨਹੀਂ। ਜੇਕਰ ਸੰਭਵ ਹੈ ਵੀ ਤਾਂ ਉਹ ਸਿਰਫ ਪਰਮਾਤਮਾ ਦੇ ਹੱਥ ਵਿੱਚ ਹੈ। ਪਰ ਪਰਮਾਤਮਾ ਨੇ ਕਾਇਨਾਤ ਨੂੰ ਤੁਰੰਤ ਸਫਲਤਾ ਪ੍ਰਾਪਤੀ ਦੇ ਅਸੂਲਾਂ 'ਤੇ ਨਹੀਂ ਸਿਰਜਿਆ। ਇਨਸਾਨ ਨੂੰ ਵੀ ਇਹੀ ਸਬਕ ਸਿੱਖਣਾ ਚਾਹੀਦਾ ਹੈ, ਤੇ ਆਪਣਾ ਸਮਾਂ ਖਾਲੀ ਭਟਕਣ ਵਿੱਚ ਨਹੀਂ ਗੁਆਉਣਾ ਚਾਹੀਦਾ। ਇਸ ਰੱਬੀ ਜਗਤ ਵਿੱਚ ਹਰ ਚੀਜ਼ ਇਕ ਅਟੱਲ ਸਿਧਾਂਤ ਦੇ ਅਧੀਨ ਕੰਮ ਕਰਦੀ ਹੈ। ਇੱਥੋ ਤੱਕ ਕਿ ਇਕ ਘਾਹ ਦਾ ਕਿਣਕਾ ਵੀ ਸਿਰਫ ਆਸ-ਭਰੋਸੇ ਨਾਲ ਨਹੀਂ ਉੱਗਦਾ, ਤੇ ਕੋਈ ਕੀੜੀ ਵੀ ਹਕੀਕਤਾਂ ਨੂੰ ਨਜ਼ਰਅੰਦਾਜ਼ ਕਰਕੇ ਨਹੀਂ ਜੀਓ ਸਕਦੀ।

ਫਿਰ ਇਨਸਾਨ ਕਿਵੇਂ ਸੋਚ ਸਕਦਾ ਹੈ ਕਿ ਉਹ ਰੱਬੀ ਨਿਅਮਾਂ ਨੂੰ ਬਦਲ ਸਕਦਾ ਹੈ? ਸਫਲਤਾ ਦੀ ਇਕੋ ਕੁੰਜੀ ਹੈ— ਨਿਰੰਤਰ ਕੋਸ਼ਿਸ਼। ਅਜਿਹੀ ਅਟੁੱਟ ਮਿਹਨਤ ਜੋ ਰੱਬ ਦੇ ਨਿਯਮ ਅਨੁਸਾਰ ਆਪਣਾ ਮਨਚਾਹਾ ਨਤੀਜਾ ਹਾਸਲ ਕਰ ਸਕੇ। ਅਸਲ ਸਫਲਤਾ ਦੀ ਕੁੰਜੀ ਇਥੇ ਵੀ ਇਹੀ ਹੈ, ਤੇ ਪਰਲੋਕ ਵਿੱਚ ਵੀ ਇਹੀ।

ਇਕ ਯਥਾਰਥਕ ਦ੍ਰਿਸ਼ਟੀਕੋਣ

ਬਾਗਬਾਨੀ ਦੀ ਸ਼ੁਰੂਆਤ ਕਿਸੇ ਬਾਗਬਾਨੀ ਸੰਮੇਲਨ ਨਾਲ ਨਹੀਂ ਹੁੰਦੀ। ਇਹ ਤਾਂ ਉਥੋਂ ਸ਼ੁਰੂ ਹੁੰਦੀ ਹੈ ਜਿਥੇ ਹਰ ਬੂਟੇ ਨੂੰ ਅਜਿਹੀ ਸਥਿਤੀ ਮਿਲੇ ਜਿਸ ਵਿੱਚ ਉਹ ਆਪਣੀ ਅੰਦਰਲੀ ਸ਼ਕਤੀ ਨਾਲ ਵਿਕਸਿਤ ਹੋ ਸਕੇ ਅਤੇ ਆਪਣੇ ਆਪ ਨੂੰ ਇੱਕ ਦਰਖ਼ਤ ਵਿੱਚ ਰੁਪਾਂਤਰਿਤ ਕਰ ਕੇ ਪੂਰੇ ਬਾਗ ਦਾ ਹਿੱਸਾ ਬਣ ਸਕੇ।

ਇਹੀ ਵਿਧੀ ਕਿਸੇ ਕੌਮ ਜਾਂ ਸਮਾਜ ਨੂੰ ਪ੍ਰਫੁਲਿੱਤ ਕਰਨ ਲਈ ਅਪਣਾਈ ਜਾਣੀ ਚਾਹੀਦੀ ਹੈ। ਕੌਮ ਦੀ ਭਲਾਈ ਉਨ੍ਹਾਂ ਵਿਅਕਤੀਆਂ ਦੀ ਭਲਾਈ ਤੋਂ ਸ਼ੁਰੂ ਹੁੰਦੀ ਹੈ ਜੋ ਉਸ ਦਾ ਹਿੱਸਾ ਹਨ। ਇਸਦਾ ਮਤਲਬ ਇਹ ਹੈ ਕਿ ਹਰ ਵਿਅਕਤੀ ਨੂੰ ਆਪਣੀਆਂ ਜ਼ਿੰਮੇਵਾਰੀਆਂ ਦੀ ਸਮਝ ਹੋਣੀ ਚਾਹੀਦੀ ਹੈ ਅਤੇ ਉਸ ਦੀ ਅੰਦਰਲੀ ਕਾਬਲਿਅਤ ਨੂੰ ਨਿਖਰਨ ਦਾ ਮੌਕਾ ਮਿਲਣਾ ਚਾਹੀਦਾ ਹੈ ਤਾਂ ਜੋ ਉਹ ਅਸਲ ਮਾਇਨਿਆਂ ਵਿੱਚ ਪੂਰੀ ਤਰ੍ਹਾਂ ਵਿਕਸਤ ਇਨਸਾਨ ਬਣ ਸਕੇ। ਹਰ ਵਿਅਕਤੀ ਵਿੱਚ ਇਹ ਇੱਛਾ ਪੈਦਾ ਹੋਣੀ ਚਾਹੀਦੀ ਹੈ ਕਿ ਕਿਸੇ ਹੋਰ ਲਈ ਸਮੱਸਿਆ ਬਣੇ ਬਗੈਰ ਉਹ ਆਪਣੀ ਸਮਰੱਥਾ ਨੂੰ ਵਿਕਸਤ ਕਰਨ ਲਈ ਸੰਘਰਸ਼ ਕਰੇ। ਐਸੀਆਂ ਕੋਸ਼ਿਸ਼ਾਂ ਹੀ ਸਮਾਜ ਜਾਂ ਕੌਮ ਦਾ ਅਸਲ ਨਿਰਮਾਣ ਕਰਦੀਆਂ ਹਨ।

ਇਹ ਸੰਸਾਰ ਮੁਕਾਬਲੇ ਭਰਿਆ ਹੈ। ਇੱਥੇ ਅਜਿਹਾ ਕਦੇ ਨਹੀਂ ਹੁੰਦਾ ਕਿ ਮੌਕੇ ਰੁਕਾਵਟਾਂ ਤੋਂ ਬਿਨਾਂ ਮਿਲ ਜਾਣ ਜਾਂ ਤੁਹਾਡੇ ਵਿਰੋਧ ਵਿੱਚ ਕੋਈ ਨਾ ਹੋਵੇ। ਇਹ ਨਾਂ ਕਦੇ ਹੋਇਆ, ਨਾਂ ਹੁਣ ਹੋਵੇਗਾ, ਨਾਂ ਭਵਿੱਖ ਵਿੱਚ ਹੋਣ ਦੀ ਕੋਈ ਸੰਭਾਵਨਾ ਹੈ। ਜ਼ਿੰਦਗੀ ਦਾ ਮਤਲਬ ਹੈ ਰੁਕਾਵਟਾਂ ਨੂੰ ਪਾਰ ਕਰਨਾ, ਰਾਹ ਲੱਭਣਾ, ਨਾ ਕਿ ਬੇਫ਼ਜ਼ੂਲ ਦੱਸਤਕਾਂ ਦੇਣੀਆਂ।

ਇਤਿਹਾਸ ਦੱਸਦਾ ਹੈ ਕਿ ਚਾਹੇ ਰੁਕਾਵਟਾਂ ਜਾਂ ਮੁਸ਼ਕਿਲਾਂ ਕਿੰਨੀਆਂ ਵੀ ਵੱਡੀਆਂ ਹੋਣ, ਇਨਸਾਨ ਲਈ ਆਪਣੇ ਟੀਚੇ ਤੱਕ ਪਹੁੰਚਣ ਦਾ ਰਾਹ ਹਮੇਸ਼ਾ ਹੁੰਦਾ ਹੈ। ਪਰ ਇਹ ਰਾਹ ਉਹਨਾਂ ਲਈ ਨਹੀਂ ਜੋ ਸਿਰਫ ਰਵਾਇਤੀ ਰਸਤੇ ’ਤੇ ਚੱਲਦੇ ਰਹਿੰਦੇ ਹਨ, ਸਗੋਂ ਉਹਨਾਂ ਲਈ ਹੈ ਜੋ ਨਵੀਂ ਦਿਸ਼ਾ ਵਿੱਚ ਨਵਾਂ ਰਸਤਾ ਖੋਜਦੇ ਹਨ ਅਤੇ ਅੱਗੇ ਵੱਧਦੇ ਹਨ।

ਇਤਿਹਾਸ ਇਹ ਵੀ ਦੱਸਦਾ ਹੈ ਕਿ ਚਾਹੇ ਘਾਟਾ ਕਿੰਨਾ ਵੀ ਵੱਡਾ ਹੋਵੇ, ਉਸ ਦੀ ਭਰਪਾਈ ਦਾ ਰਸਤਾ ਹਮੇਸ਼ਾਂ ਹੁੰਦਾ ਹੈ। ਇਸ ਦੁਨੀਆਂ ਵਿੱਚ ਕੋਈ ਵੀ

ਆਫ਼ਤ ਸਦੀਵੀ ਨਹੀਂ ਹੁੰਦੀ। ਇਨਸਾਨ ਲਈ ਹਮੇਸ਼ਾ ਇਹ ਮੌਕਾ ਹੁੰਦਾ ਹੈ ਕਿ ਉਹ ਆਪਣਾ ਕੰਮ ਨਵੀਂ ਯੋਜਨਾ ਦੇ ਨਾਲ ਮੁੜ ਸ਼ੁਰੂ ਕਰੇ ਅਤੇ ਨਵੇਂ ਢੰਗ ਨਾਲ ਆਪਣੇ ਟੀਚੇ ਨੂੰ ਹਾਸਲ ਕਰੇ।

ਤੁਸੀਂ ਵੀ ਉਹ ਸਭ ਕੁਝ ਹਾਸਲ ਕਰ ਸਕਦੇ ਹੋ ਜੋ ਹੋਰਾਂ ਨੇ ਕੀਤਾ, ਪਰ ਇਹ ਤੱਦ ਹੀ ਸੰਭਵ ਹੈ ਜੇ ਤੁਸੀਂ ਇਹ ਗੱਲ ਸਮਝ ਲਵੋ ਕਿ ਜੋ ਟੀਚੇ ਹਕੀਕਤ ਨੂੰ ਸਵੀਕਾਰ ਕਰਕੇ ਹਾਸਲ ਕੀਤੇ ਜਾ ਸਕਦੇ ਹਨ, ਉਹ ਸਿਰਫ ਇੱਛੁਕ ਵਿਚਾਰਾਂ ਨਾਲ ਕਦੇ ਨਹੀਂ ਮਿਲਦੇ।

ਦੂਜਾ ਮੌਕਾ ਨਹੀਂ ਮਿਲਦਾ

ਇੱਕ ਸੀਨੀਅਰ ਕਾਲਜ ਅਧਿਆਪਕ ਨੇ ਕਾਫ਼ੀ ਤੀਖੇ ਅੰਦਾਜ਼ ਵਿਚ ਮੈਨੂੰ ਕਿਹਾ, “ਜ਼ਿੰਦਗੀ ਵਿੱਚ ਦੂਜਾ ਮੌਕਾ ਨਹੀਂ ਮਿਲਦਾ। ਇਸ ਵੇਲੇ ਮੈਨੂੰ ਅੱਗੇ ਵੱਧਣ ਦੇ ਕਈ ਸ਼ਾਨਦਾਰ ਮੌਕੇ ਮਿਲ ਰਹੇ ਹਨ, ਪਰ ਮੈਂ ਉਨ੍ਹਾਂ ਦਾ ਫਾਇਦਾ ਨਹੀਂ ਉਠਾ ਸਕਦਾ।” ਮੈਂ ਉਸ ਦੀ ਇਹ ਗੱਲ ਸੁਣ ਕੇ ਹੈਰਾਨ ਰਹਿ ਗਿਆ ਅਤੇ ਪੁੱਛਿਆ, “ਇਸ ਦੀ ਕੀ ਵਜ੍ਹਾ ਹੈ?” ਉਸਨੇ ਜਵਾਬ ਦਿੱਤਾ, “ਇਹ ਸਿਰਫ਼ ਇਸ ਲਈ ਹੋਇਆ ਕਿਉਂਕਿ ਮੈਂ B.Sc. ਕਰਦੇ ਹੀ ਤੁਰੰਤ ਨੌਕਰੀ ਲੈ ਲਈ। ਤੁਸੀਂ ਦੇਖੋ, ਮੈਂ ਕਦੇ M.Sc. ਨਹੀਂ ਕੀਤੀ। ਮੇਰਾ ਇਰਾਦਾ ਜ਼ਰੂਰ ਸੀ ਕਿ ਬਾਅਦ ਵਿੱਚ ਕਰ ਲਵਾਂਗਾ, ਪਰ ਫਿਰ ਕਦੇ ਹਾਲਾਤ ਐਸੇ ਨਹੀਂ ਬਣੇ ਕਿ ਨੌਕਰੀ ਛੱਡ ਕੇ ਮੁੜ ਪੜ੍ਹਾਈ ਸ਼ੁਰੂ ਕਰ ਸਕਾਂ।” ਮੈਂ ਉਸ ਨਾਲ ਸਹਿਮਤ ਸੀ ਕਿ ਉੱਚ ਅਹੁਦਿਆਂ ਲਈ ਉੱਚੀ ਵਿੱਦਿਅਕ ਯੋਗਤਾ ਦਾ ਹੋਣਾ ਲਾਜ਼ਮੀ ਹੁੰਦਾ ਹੈ।

ਅਫ਼ਸੋਸ ਦੀ ਗੱਲ ਇਹ ਹੈ ਕਿ ਇਹੀ ਹਾਲਾਤ ਸਾਡੀ ਲਗਭਗ 99 ਫੀਸਦੀ ਆਬਾਦੀ ਦੇ ਹਨ। ਜ਼ਿੰਦਗੀ ਦੇ ਸ਼ੁਰੂਆਤੀ ਸਾਲ ਵਧੀਆ ਤਿਆਰੀ ਲਈ ਸਮਰਪਿਤ ਹੋਣੇ ਚਾਹੀਦੇ ਹਨ, ਤਾਂ ਜੋ ਬਾਲਗ ਹੋਣ ’ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ ਜਾ ਸਕਣ। ਪਰ ਅਕਸਰ ਲੋਕ ਆਪਣੀ ਉਰਜਾ ਨਿਰਾਰਥਕ ਗਤਿਵਿਧੀਆਂ ਵਿੱਚ ਗਵਾ ਦਿੰਦੇ ਹਨ, ਅਤੇ ਭਵਿੱਖ ਬਾਰੇ ਸੋਚਣ ਦੀ ਥਾਂ ਮੌਜ-ਮਸਤੀ ਵਿੱਚ ਲੱਗੇ ਰਹਿੰਦੇ ਹਨ। ਜਿਹੜੇ ਜਵਾਨੀ ਵਿੱਚ ਅਣਜਾਣਤਾ ਜਾਂ ਲਾਪਰਵਾਹੀ ਨਾਲ ਆਪਣੀ ਸ਼ਮਤਾ ਨੂੰ ਵਿਕਸਤ ਨਹੀਂ ਕਰਦੇ, ਉਹ ਨਾ ਤਾਂ ਵਧੀਆ ਸ਼ੁਰੂਆਤ ਕਰ ਪਾਉਂਦੇ ਹਨ, ਨਾ ਹੀ ਜੀਵਨ ਵਿੱਚ ਅੱਗੇ ਵੱਧ ਸਕਦੇ

ਹਨ। ਅਤੇ ਜੇ ਕਦੇ ਥੋੜ੍ਹੀ ਬਹੁਤ ਤਰੱਕੀ ਹੋ ਵੀ ਜਾਏ, ਤਾਂ ਉਹ ਵੀ ਥੋੜ੍ਹਚਿਰੀ ਹੀ ਹੁੰਦੀ ਹੈ। ਅਕਸਰ ਉਹ ਇੱਕ ਅਜਿਹੀ ਥਾਂ ਆ ਪੁੱਜਦੇ ਹਨ ਜਿੱਥੇ ਹਰ ਪਾਸੇ ਰਾਹ ਬੰਦ ਹੁੰਦੇ ਹਨ।

ਜਦੋਂ ਤੁਸੀਂ ਜੀਵਨ ਦੇ ਖੇਤਰ ਵਿੱਚ ਬਿਨਾਂ ਤਿਆਰੀ ਦੇ ਦਾਖਲ ਹੁੰਦੇ ਹੋ, ਤਾਂ ਤੁਸੀਂ ਫ਼ਸਲ ਵੱਢਣ ਦੀ ਉਮੀਦ ਨਹੀਂ ਕਰ ਸਕਦੇ ਜੇਕਰ ਇਸਦੇ ਲਈ ਬੀਜ ਕਦੇ ਬੀਜੇ ਹੀ ਨਹੀਂ ਗਏ। ਜਦੋਂ ਫ਼ਸਲ ਵੱਢਣ ਦਾ ਸਮਾਂ ਆ ਜਾਂਦਾ ਹੈ, ਤਾਂ ਤੁਸੀਂ ਉਸ ਸਮੇਂ ਬੀਜ ਨਹੀਂ ਬੋ ਸਕਦੇ। ਸਮਾਂ ਇੱਕ ਵਾਰੀ ਹੱਥੋਂ ਨਿਕਲ ਗਿਆ ਤਾਂ ਮੁੜ ਹੱਥ ਨਹੀਂ ਆਉਂਦਾ। ਮੌਕੇ ਜੇਕਰ ਹੱਥੋਂ ਨਿਕਲ ਗਏ ਤਾਂ ਉਹ ਕਦੇ ਮੁੜ ਨਹੀਂ ਮਿਲਦੇ। ਨਸੀਬ ਸਿਰਫ ਇੱਕ ਵਾਰੀ ਦਰਵਾਜਾ ਖੜਕਾਉਂਦਾ ਹੈ, ਬਾਰ ਬਾਰ ਨਹੀਂ।

ਬਿਨਾਂ ਤਿਆਰੀ ਦੇ ਕੋਈ ਵੀ ਉਪਯੋਗੀ ਕੰਮ ਨਹੀਂ ਕੀਤਾ ਜਾ ਸਕਦਾ, ਕਿਉਂਕਿ ਤਿਆਰੀ ਹੀ ਤੁਹਾਨੂੰ ਉਹ ਜ਼ਰੂਰੀ ਸਾਧਨ ਪ੍ਰਦਾਨ ਕਰਦੀ ਹੈ ਜੋ ਤੁਹਾਨੂੰ ਮੰਜ਼ਿਲ ਤੱਕ ਪਹੁੰਚਾ ਸਕਣ। ਜੇ ਤੁਸੀਂ ਖਾਲੀ ਹੱਥਾਂ ਨਾਲ ਪੱਥਰ ਤੋੜਣ ਦੀ ਕੋਸ਼ਿਸ਼ ਕਰੋਗੇ, ਤਾਂ ਨਿਸ਼ਚਤ ਤੌਰ ’ਤੇ ਨਾਕਾਮ ਰਹੋਗੇ। ਪਰ ਜੇਕਰ ਤੁਹਾਡੇ ਕੋਲ ਹਥੋੜਾ ਹੋਵੇ, ਅਤੇ ਤੁਹਾਨੂੰ ਇਸਨੂੰ ਵਰਤਣਾ ਆਉਂਦਾ ਹੋਵੇ, ਤਾਂ ਇਹ ਕੰਮ ਕੁਝ ਮਿੰਟਾਂ ਵਿੱਚ ਹੋ ਸਕਦਾ ਹੈ। ਤਿਆਰੀ ਨਾਲ ਮਿਲਣ ਵਾਲੀ ਕਾਬਲੀਅਤ ਅਤੇ ਤਕਨੀਕੀ ਜਾਣਕਾਰੀ ਵਿਅਕਤੀਗਤ ਮਨੁੱਖੀ ਤਰੱਕੀ ਲਈ ਮਹੱਤਵਪੂਰਨ ਤੱਤ ਹਨ।

ਜੀਵਨ ਵਿੱਚ ਤੁਹਾਡੀ ਸਹੀ ਥਾਂ ਤੁਹਾਨੂੰ ਤਦੋਂ ਹੀ ਮਿਲੇਗੀ ਜਦੋਂ ਤੁਸੀਂ ਲੋੜੀਂਦੀ ਯੋਗਤਾ ਨਾਲ ਅੰਦਰ ਦਾਖਲ ਹੋਵੋਗੇ। ਆਪਣੇ ਘਾਟਿਆਂ ’ਤੇ ਦੁਖੀ ਹੋਣਾ ਜਾਂ ਕਲਪਿਤ ਦੁਸ਼ਮਣਾਂ ਵਿਰੁੱਧ ਵਿਰੋਧ ਕਰਨਾ ਕੋਈ ਲਾਭ ਦੀ ਗੱਲ ਨਹੀਂ। ਇਹ ਉਮੀਦ ਕਰਨੀ ਕਿ ਵਾਤਾਵਰਨ ਤੁਹਾਨੂੰ ਜੀਵਨ ਦੀਆਂ ਜ਼ਰੂਰਤਾਂ ਮੁਹੱਈਆ ਕਰਵਾਏਗਾ, ਬੇਕਾਰ ਦੀ ਗੱਲ ਹੈ। ਅਕਸਰ ਐਸੀਆਂ ਸ਼ਿਕਾਇਤਾਂ ਵਿਅਕਤੀ ਦੀ ਆਪਣੀ ਅਯੋਗਤਾ ਦੀ ਨਿਸ਼ਾਨੀ ਹੁੰਦੀਆਂ ਹਨ। ਇਹ ਉਸ ਇੱਛਾ ਨੂੰ ਜਾਹਰ ਕਰਦੀਆਂ ਹਨ ਜਿਸਦਾ ਮੰਤਵ ਬਿਨਾਂ ਮਿਹਨਤ ਜਾਂ ਸੰਘਰਸ਼ ਕੀਤੇ ਇੱਜ਼ਤ ਤੇ ਉੱਚਾ ਮਕਾਮ ਹਾਸਲ ਕਰਨਾ ਹੁੰਦਾ ਹੈ।

ਝੂਠੀ ਸ਼ਾਨ

ਇਹ ਇਕ ਐਸੇ ਵਿਅਕਤੀ ਦੀ ਕਹਾਣੀ ਹੈ ਜਿਸ ਦਾ ਦਾਦਾ ਕਦੇ ਇੱਕ ਸਫਲ ਵਪਾਰੀ ਸੀ, ਪਰ ਬਾਅਦ ਵਿੱਚ ਆਪਣਾ ਕਾਰੋਬਾਰ ਗਵਾ ਬੈਠਾ। ਇਸ ਦੇ ਮਾਪੇ ਬਚਪਨ ਵਿੱਚ ਹੀ ਗੁਜ਼ਰ ਗਏ ਸਨ। ਆਪਣੇ ਪਿਓ ਜਾਂ ਦਾਦੇ ਤੋਂ ਇਸਨੂੰ ਵਿਰਾਸਤ ਵਿਚ ਕੋਈ ਦੌਲਤ ਨਹੀਂ ਮਿਲੀ। ਜੇ ਉਸ ਕੋਲ ਕੁਝ ਸੀ ਤਾਂ ਉਹ ਸੀ ਇਕ ਅਹਿਸਾਸ ਕਿ ਉਸਦੇ ਪਿਓ-ਦਾਦੇ ਧਨਾਢ ਬੰਦੇ ਸਨ।

ਇੱਕ ਵਾਰ ਜਦੋਂ ਉਸਨੂੰ ਪਤਾ ਲੱਗਾ ਕਿ ਸ਼ਹਿਰ ਦੇ ਸਰਕਾਰੀ ਦਫ਼ਤਰ ਵਿੱਚ ਕਲਰਕ ਦੀ ਨੌਕਰੀ ਨਿਕਲੀ ਹੈ, ਤਾਂ ਉਸਨੇ ਅਰਜ਼ੀ ਦਿੱਤੀ ਅਤੇ ਨੌਕਰੀ ਪ੍ਰਾਪਤ ਕਰ ਲਈ। ਪਰ ਇਸਦੇ ਰਿਸ਼ਤੇਦਾਰਾਂ ਨੇ ਇਸਨੂੰ ਸਲਾਹ ਦਿੱਤੀ ਕਿ ਘੱਟੋ-ਘੱਟ ਮੈਟ੍ਰਿਕ ਤੱਕ ਆਪਣੀ ਪੜ੍ਹਾਈ ਜਾਰੀ ਰਖੇ, ਕਿਉਂਕਿ ਇਹ ਸਿਰਫ ਮਿਡਲ ਤੱਕ ਪੜ੍ਹਿਆ ਹੋਇਆ ਸੀ। ਮੈਟ੍ਰਿਕ ਪਾਸ ਕਰਕੇ ਇਹ ਦਫ਼ਤਰ ਵਿੱਚ ਉੱਚੀ ਪੋਸਟ ਲਈ ਯੋਗ ਹੋ ਸਕਦਾ ਸੀ। ਇਸਦੇ ਕੋਲ ਕੁਝ ਖੇਤੀਬਾੜੀ ਦੀ ਜ਼ਮੀਨ ਵੀ ਸੀ ਜਿਸ ਤੋਂ ਆਉਣ ਵਾਲੀ ਆਮਦਨ ਨਾਲ ਇਹ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਸਕਦਾ ਸੀ। ਪਰ ਉਸਦੇ ਅੰਦਰ ਦੀ ਝੂਠੀ ਸ਼ਾਨ ਨੇ ਉਸਨੂੰ ਕਿਸੇ ਦੀ ਵੀ ਸਲਾਹ ਨਾ ਮੰਨਣ ਦਿੱਤੀ। ਇਹ ਹਉਮੈ ਵਿੱਚ ਆ ਕੇ ਅਕਸਰ ਆਪਣੇ ਸਹਿਕਰਮੀਆਂ ਨਾਲ ਲੜ ਪੈਂਦਾ। ਇਥੋਂ ਤਕ ਕਿ ਇਕ ਦਿਨ ਆਪਣੇ ਇੱਕ ਸੀਨੀਅਰ ਅਧਿਕਾਰੀ ਨਾਲ ਬਹਿਸ ਕਰ ਕੇ ਨੌਕਰੀ ਤੋਂ ਵੀ ਅਸਤੀਫਾ ਦੇ ਦਿੱਤਾ।

ਨੌਕਰੀ ਛੱਡਣ ਤੋਂ ਬਾਅਦ ਇਹ ਬੇਰੋਜ਼ਗਾਰ ਰਿਹਾ। ਨਾ ਹੀ ਦੂਜੀ ਨੌਕਰੀ ਪ੍ਰਾਪਤ ਕਰ ਸਕਿਆ, ਨਾ ਹੀ ਆਪਣੀ ਪੜ੍ਹਾਈ ਜਾਰੀ ਰੱਖੀ। ਉਸਦੀ ਇਕੱਲੀ ਤਰਜੀਹ ਇਹ ਰਹਿ ਗਈ ਕਿ ਉਹ ਆਪਣੀ ਝੂਠੀ ਸ਼ਾਨ ਬਾਰੇ ਗੱਲ ਕਰੇ ਅਤੇ ਉਸ ਵਿੱਚੋਂ ਝੂਠਾ ਸੰਤੋਖ ਪ੍ਰਾਪਤ ਕਰੇ। ਨੌਕਰੀ ਛੱਡਣ ਤੋਂ ਬਾਅਦ ਉਹ ਖੇਤੀਬਾੜੀ ਦੀ ਆਮਦਨ ਨਾਲ ਆਪਣਾ ਗੁਜ਼ਾਰਾ ਕਰਦਾ ਰਿਹਾ। ਸਮਾਂ ਲੰਘਿਆ, ਅਤੇ ਉਹ ਛੇ ਬੱਚਿਆਂ ਦਾ ਪਿਉ ਬਣ ਗਿਆ। ਹੁਣ ਉਸ ਦੇ ਹਾਲਾਤ ਬਹੁਤ ਚਿੰਤਾਜਨਕ ਹੋ ਚੁੱਕੇ ਸਨ। ਪਰ ਫਿਰ ਵੀ, ਉਸਦੇ ਅੰਦਰ ਦੀ ਝੂਠੀ ਸ਼ਾਨ ਨੇ ਉਸਨੂੰ ਆਪਣੀ ਗ਼ਲਤੀ ਮੰਨਣ ਨਹੀਂ ਦਿੱਤੀ। ਉਸਨੇ ਆਪਣੇ ਰਿਸ਼ਤੇਦਾਰਾਂ ਨੂੰ ਆਪਣੀ ਨਾਕਾਮੀ ਲਈ ਦੋਸ਼ੀ ਠਹਿਰਾਇਆ। ਪਰ ਇਸ ਗਲਤ ਰਵਈਏ ਨਾਲ ਨਾ ਸਿਰਫ ਉਸਦੀ ਸਥਿਤੀ ਬਦਤਰ ਹੋ ਗਈ, ਸਗੋਂ ਉਹ ਹਮੇਸ਼ਾ ਲਈ ਬਿਮਾਰ ਵੀ ਹੋ ਗਿਆ।

ਮੌਜੂਦਾ ਸੰਸਾਰ ਹਕੀਕਤਾਂ ਵਾਲਾ ਸੰਸਾਰ ਹੈ। ਇੱਥੇ ਤੁਸੀਂ ਹਰ ਚੀਜ਼ ਹਾਸਲ ਕਰ ਸਕਦੇ ਹੋ ਜੇਕਰ ਤੁਸੀਂ ਹਕੀਕਤ ਨੂੰ ਸਵੀਕਾਰ ਕਰ ਲਓ। ਪਰਮੇਸ਼ਰ ਦੇ ਸਿਰਜੇ ਇਸ ਸੰਸਾਰ ਵਿੱਚ ਝੂਠੀ ਸ਼ਾਨ ਤੋਂ ਵੱਧ ਵਿਅਰਥ ਵਿਚਾਰ ਅਤੇ ਝੂਠੀ ਸ਼ਾਨ ਵਾਲੀ ਮਾਨਸਿਕਤਾ ਤੋਂ ਵੱਧ ਵਿਨਾਸ਼ਕਾਰੀ ਹੋਰ ਕੋਈ ਚੀਜ਼ ਨਹੀਂ।

ਤੁਰੰਤ ਜਵਾਬ

ਵਿਕਸਿਤ ਦੇਸ਼ਾਂ ਵਿੱਚ ਕੰਪਿਊਟਰਾਈਜ਼ਡ ਟੈਲੀਫ਼ੋਨ ਪ੍ਰਣਾਲੀਆਂ ਹੋਂਦ ਵਿਚ ਆ ਗਈਆਂ ਹਨ, ਜਿਸ ਕਾਰਨ ਆਧੁਨਿਕ ਸੰਚਾਰ ਵਿੱਚ ਬਹੁਤ ਵੱਡੀ ਤਬਦੀਲੀ ਆਈ ਹੈ। ਉਦਾਹਰਨ ਵਜੋਂ, ਅਮਰੀਕਾ ਦੇ ਕਈ ਸ਼ਹਿਰਾਂ ਵਿੱਚ “ਐਨਹੇਂਸਡ 911” ਨਾਮ ਦੀ ਪ੍ਰਣਾਲੀ ਲਾਗੂ ਕੀਤੀ ਗਈ ਹੈ। 911 ਇੱਕ ਐਮਰਜੈਂਸੀ ਨੰਬਰ ਹੈ ਜਿਸਨੂੰ ਕਿਸੇ ਮੁਸੀਬਤ ਵੇਲੇ ਤੁਰੰਤ ਮਦਦ ਲਈ ਡਾਇਲ ਕੀਤਾ ਜਾਂਦਾ ਹੈ।

ਐਨਹੇਂਸਡ 911 ਦੇ ਅਧੀਨ ਟੈਲੀਫ਼ੋਨ ਕੰਪਨੀ ਹੁਣ ਕਾਲ ਕਰਨ ਵਾਲੇ ਵਿਅਕਤੀ ਦਾ ਨੰਬਰ ਅਤੇ ਉਸਦੀ ਮੌਜੂਦਾ ਲੋਕੇਸ਼ਨ ਦਾ ਤੁਰੰਤ ਪਤਾ ਲਾ ਸਕਦੀ ਹੈ, ਭਾਵੇਂ ਉਹ ਵਿਅਕਤੀ ਕੁਝ ਵੀ ਨਾ ਬੋਲੇ। ਇਹ ਆਟੋਮੇਟਿਕ ਪ੍ਰਣਾਲੀ ਨੰਬਰਾਂ ਨੂੰ ਐਡਰੇਸ ਵਿੱਚ ਬਦਲ ਦਿੰਦੀ ਹੈ, ਇੱਥੋਂ ਤੱਕ ਕਿ ਜੇ ਕਾਲ ਕਰਨ ਵਾਲਾ ਨਹੀਂ ਦੱਸ ਸਕਦਾ ਕਿ ਉਹ ਕਿੱਥੋਂ ਗੱਲ ਕਰ ਰਿਹਾ ਹੈ, ਤਦ ਵੀ। ਇਹ ਕੰਪਿਊਟਰ ਸਿਸਟਮ ਇਤਨਾ ਕੁਸ਼ਲ ਹੈ ਕਿ ਸਥਿਤੀ ਨੂੰ ਦੇਖ ਕੇ ਆਪਣੇ ਆਪ ਨਿਰਣਾ ਕਰ ਲੈਂਦਾ ਹੈ ਕਿ ਮਾਮਲਾ ਪੁਲਿਸ, ਫਾਇਰ ਬ੍ਰਿਗੇਡ ਜਾਂ ਐਂਬੂਲੈਂਸ ਵਿਚੋਂ ਕਿਸ ਨਾਲ ਜੁੜਿਆ ਹੋਇਆ ਹੈ।

ਫਲੋਰੀਡਾ ਦੇ ਓਰਲੈਂਡੋ ਸ਼ਹਿਰ ਵਿੱਚ ਇੱਕ ਘਬਰਾਈ ਹੋਈ ਔਰਤ ਨੇ 911 ਡਾਇਲ ਕੀਤਾ ਪਰ ਬਿਨਾਂ ਇਕ ਵੀ ਸ਼ਬਦ ਬੋਲੇ ਫ਼ੋਨ ਕੱਟ ਦਿੱਤਾ। ਫ਼ੋਨ ’ਚ ਗੋਲੀਆਂ ਦੀ ਆਵਾਜ਼ ਬਿਲਕੁਲ ਸਾਫ ਸੁਣੀ ਗਈ। ਕੁਝ ਹੀ ਮਿੰਟਾਂ ਵਿੱਚ ਸਹੀ ਪਤੇ ’ਤੇ ਪੁਲਿਸ ਦੀਆਂ ਗੱਡੀਆਂ ਪਹੁੰਚ ਗਈਆਂ ਤੇ ਉਸ ਘਬਰਾਈ ਹੋਈ ਔਰਤ ਦਾ ਇਕ ਰਿਸ਼ਤੇਦਾਰ, ਜੋ ਗੋਲੀਆਂ ਚਲਾ ਰਿਹਾ ਸੀ; ਨੂੰ ਕਾਬੂ ਕਰ ਲਿਆ ਗਿਆ।

ਇਕ ਹੋਰ ਮਾਮਲੇ ਵਿੱਚ, ਇੱਕ ਬੋਲੇ-ਬਿਹਰੇ ਵਿਅਕਤੀ ਨੇ ਵੀ ਐਮਰਜੈਂਸੀ ਵਿੱਚ ਇੰਜ ਹੀ ਮਦਦ ਲਈ ਕਾਲ ਕੀਤੀ। (ਦ ਟਾਈਮਜ਼ ਆਫ ਇੰਡੀਆ, ਅਪ੍ਰੈਲ 16, 1985)

ਉਪਰੋਕਤ ਉਦਾਹਰਣ ਵਿੱਚ ਕੰਪਿਊਟਰ ਨੇ ਕਾਲ ਨੂੰ ਟੈਲੀਫ਼ੋਨ ਨੰਬਰ ਵਿੱਚ, ਤੇ ਟੈਲੀਫ਼ੋਨ ਨੰਬਰ ਨੂੰ ਪਤੇ ਵਿੱਚ ਬਦਲ ਦਿੱਤਾ, ਫਿਰ ਵਾਇਰਲੈੱਸ ਟੈਕਨਾਲੋਜੀ ਰਾਹੀਂ ਪੁਲਿਸ ਨੂੰ ਤੁਰੰਤ ਸੂਚਿਤ ਕਰ ਦਿੱਤਾ।

ਕੁਰਾਨ ਤੇ ਹਦੀਸ ਦੱਸਦੇ ਹਨ ਕਿ ਜਦੋਂ ਕੋਈ ਵਿਅਕਤੀ ਅੱਲਾਹ ਨੂੰ ਯਾਦ ਕਰਦਾ ਹੈ, ਉਹ ਤੁਰੰਤ ਉਨ੍ਹਾਂ ਨਾਲ ਰਾਬਤਾ ਕਾਇਮ ਕਰ ਲੈਂਦਾ ਹੈ। ਨਾ ਕਾਲ ਕਰਨ ਵਿੱਚ ਦੇਰੀ ਹੁੰਦੀ ਹੈ, ਨਾ ਜਵਾਬ ਆਉਣ ਵਿੱਚ।

ਕੰਪਿਊਟਰਾਈਜ਼ਡ ਟੈਲੀਫ਼ੋਨ ਸੰਪਰਕ ਇਸ ਆਤਮਕ ਸੱਚਾਈ ਦੀ ਭੌਤਿਕ ਮਿਸਾਲ ਹੈ। ਇਹ ਦੱਸਦਾ ਹੈ ਕਿ ਕਿਸ ਤਰ੍ਹਾਂ ਕੋਈ ਵਿਅਕਤੀ ਖੁਦ ਨੂੰ ਖੁਦਾ ਦੀ ਯਾਦ ਵਿੱਚ ਸਮਰਪਿਤ ਕਰਦਾ ਹੈ, ਖੁਦਾ ਨੂੰ ਪੁਕਾਰਦਾ ਹੈ, ਅਗਲੇ ਹੀ ਪਲ ਖੁਦਾ ਨੂੰ ਆਪਣੇ ਨੇੜੇ ਮਹਿਸੂਸ ਕਰਦਾ ਹੈ ਅਤੇ ਉਸਦੀ ਉਪਸਥਿਤੀ ਤਕ ਪੁੱਜ ਜਾਂਦਾ ਹੈ।

ਸਬਰ ਦੀ ਬੁਨਿਆਦ

ਫ਼ਸਲਾਂ ਸੋਨੇ ਦੀਆਂ ਇੱਟਾਂ ਜਾਂ ਚਾਂਦੀ ਦੇ ਸਿੱਕਿਆਂ ਤੋਂ ਨਹੀਂ, ਧਰਤੀ ਦੀ ਮਿੱਟੀ ਤੋਂ ਉਗਦੀਆਂ ਹਨ। ਇਹ ਗੱਲ ਸਿਰਫ਼ ਖੇਤੀਬਾੜੀ ਲਈ ਨਹੀਂ, ਸਗੋਂ ਇਕ ਸੰਸਾਰਕ ਨਿਅਮ ਦੀ ਵਿਆਖਿਆ ਕਰਦੀ ਹੈ। ਪਰਮੇਸ਼ਰ ਨੇ ਹਰ ਚੀਜ਼ ਦੇ ਅਸਤਿਤਵ ਲਈ ਇੱਕ ਨਿਯਮਤ ਪ੍ਰਣਾਲੀ ਬਣਾਈ ਹੈ। ਚੀਜ਼ਾਂ ਉਨ੍ਹਾਂ ਨਿਅਮਾਂ ਦੇ ਅਨੁਸਾਰ ਹੀ ਹੋਂਦ ਵਿਚ ਆਉਂਦੀਆਂ ਹਨ। ਕਿਸੇ ਹੋਰ ਤਰੀਕੇ ਨਾਲ ਅਸੀਂ ਕੁਝ ਵੀ ਪੈਦਾ ਨਹੀਂ ਕਰ ਸਕਦੇ।

ਇਹ ਗੱਲ ਮਨੁੱਖੀ ਜੀਵਨ 'ਤੇ ਵੀ ਲਾਗੂ ਹੁੰਦੀ ਹੈ। ਜੀਵਨ ਇੱਕ ਇਮਤਿਹਾਨ ਹੈ ਜੋ ਸਬਰ ਦੇ ਅਧਾਰ 'ਤੇ ਪਾਰ ਕਰਨਾ ਹੁੰਦਾ ਹੈ। ਜੀਵਨ ਇੱਕ ਐਸੀ ਫ਼ਸਲ ਹੈ ਜੋ ਸਬਰ ਦੀ ਮਹੱਤਤਾ ਨੂੰ ਸਮਝਣ ਉਪਰੰਤ ਹੀ ਵੱਧਦੀ ਹੈ। ਰੱਬ ਨੇ ਜੀਵਨ ਨੂੰ ਇਸ ਅਸੂਲ 'ਤੇ ਅਧਾਰਿਤ ਕੀਤਾ ਹੈ, ਅਤੇ ਹੁਣ

ਇਹੀ ਅਸੂਲ ਹਮੇਸ਼ਾ ਲਈ ਚੱਲਦਾ ਰਹੇਗਾ। ਅਸੀਂ ਇਸ ਤੋਂ ਇਲਾਵਾ ਹੋਰ ਕੋਈ ਅਧਾਰ ਨਹੀਂ ਬਣਾ ਸਕਦੇ, ਜਿਸ 'ਤੇ ਜੀਵਨ ਸਫਲ ਹੋਵੇ। ਸਬਰ ਕੋਈ ਨਾਕਾਰਾਤਮਕ ਗੁਣ ਨਹੀਂ, ਇਹ ਇਕ ਸਕਾਰਾਤਮਕ ਰਵੱਈਆ ਹੈ। ਸਬਰ ਦਾ ਅਰਥ ਹੈ ਕੰਮ ਨੂੰ ਸੋਚ-ਵਿਚਾਰ ਨਾਲ ਕਰਨਾ, ਨਾ ਕਿ ਸਿਰਫ਼ ਅਸਥਾਈ ਢੰਗ ਨਾਲ। ਇਹ ਭਾਵੁਕ ਪ੍ਰਤੀਕਿਰਿਆ ਦੀ ਥਾਂ ਸੋਚ-ਸਮਝ ਕੇ ਪ੍ਰੈਕਟੀਕਲੀ ਫੈਸਲਾ ਲੈਣ ਦੀ ਪ੍ਰਕਿਰਿਆ ਹੈ। ਇਹ ਅਸਥਾਈ ਅਸਫਲਤਾਵਾਂ ਤੋਂ ਨਿਰਾਸ਼ ਹੋਣ ਦੀ ਥਾਂ ਮੌਜੂਦਾ ਹਾਲਾਤਾਂ ਦੇ ਦਬਾਅ ਹੇਠ ਆਪਣੀ ਸਥਿਤੀ ਦਾ ਮੁੜ ਮੁਲਾਂਕਣ ਕਰਨਾ ਹੈ। ਇਸਦਾ ਅਰਥ ਹੈ ਹਾਲਾਤ ਤੋਂ ਉੱਪਰ ਉੱਠ ਕੇ ਸੋਚਣਾ ਅਤੇ ਫਿਰ ਆਪਣੇ ਕਾਰਜ ਦੀ ਦਿਸ਼ਾ ਤੈਅ ਕਰਨੀ।

ਜੇਕਰ ਤੁਸੀਂ ਇੱਕ ਬੀਜ ਨੂੰ ਸੋਨੇ ਦੀ ਥਾਲ 'ਤੇ ਰੱਖ ਦਿਉ, ਤਾਂ ਉਹ ਕਦੇ ਨਹੀਂ ਉੱਗੇਗਾ। ਇਸ ਜੀਊਣ ਦੇ ਬੇਅੰਤ ਵਿਕਲਪਾਂ ਨਾਲ ਭਰੇ ਬ੍ਰਹਿਮੰਡ ਵਿਚ ਵੀ ਨਿਰਜੀਵ ਹੀ ਰਹੇਗਾ। ਬੇਸ਼ਕ ਉਸ ਵਿੱਚ ਉੱਗਣ ਦੀ ਪੂਰੀ ਸ਼ਮਤਾ ਹੈ, ਪਰ ਉਸਦੀ ਇਹ ਸ਼ਮਤਾ ਥਾਲ ਦੀ ਸਤਹ 'ਤੇ ਵਿਅਰਥ ਹੈ। ਇਨਸਾਨ ਵੀ ਇੰਝ ਹੀ ਹੈ। ਜੇ ਉਹ ਸਦਾ ਬੇਸਬਰ ਰਹੇ, ਤਾਂ ਉਹ ਵੀ ਇਕ ਨਿਰਜੀਵ ਵਸਤੂ ਦੀ ਭਾਂਤੀ ਹੋ ਜਾਵੇਗਾ, ਉਸ ਦੇ ਅੰਦਰ ਭਰਪੂਰ ਸਮਰੱਥਾ ਹੋਣ ਦੇ ਬਾਵਜੂਦ ਵੀ ਉਹ ਅਣਉਪਯੋਗੀ ਬਣ ਜਾਵੇਗਾ। ਪਰ ਜਦੋਂ ਉਹ ਸਬਰ ਦਾ ਅਭਿਆਸ ਕਰਦਾ ਹੈ, ਤਾਂ ਉਹ ਅਚਾਨਕ ਰੱਬ ਦੀ ਧਰਤੀ 'ਚ ਜੜਾਂ ਪਾ ਲੈਂਦਾ ਹੈ ਅਤੇ ਹੌਲੀ-ਹੌਲੀ ਇੱਕ ਸੋਹਣੇ, ਮਜ਼ਬੂਤ ਦਰੱਖਤ ਦਾ ਰੂਪ ਅਖਤਿਆਰ ਕਰ ਲੈਂਦਾ ਹੈ।

ਜਦੋਂ ਇਕ ਇਨਸਾਨ ਸਬਰ ਦਾ ਸੱਚਾ ਸਬੂਤ ਦਿੰਦਾ ਹੈ, ਤਾਂ ਉਹ ਮਨੁੱਖੀ ਪੱਧਰ ਦੀ ਥਾਂ ਰੱਬੀ ਪੱਧਰ 'ਤੇ ਜੀਉਣ ਲੱਗ ਪੈਂਦਾ ਹੈ। ਉਹ ਇੱਕ ਸੀਮਤ ਜਗਤ ਤੋਂ ਅਸੀਮ ਜਹਾਨ ਵਿਚ ਪਹੁੰਚ ਜਾਂਦਾ ਹੈ। ਇਕ ਅਰਥਹੀਨ ਜੀਵਨ ਤੋਂ ਉਹ ਅਰਥਪੂਰਨ ਜੀਵਨ ਵੱਲ ਵਧਦਾ ਹੈ। ਜੋ ਵਿਅਕਤੀ ਸਬਰ ਕਰਦਾ ਹੈ, ਉਹ ਆਪਣੇ ਆਪ ਨੂੰ ਸਦੀਵੀ ਜੰਨਤ ਦੀ ਪ੍ਰਾਪਤੀ ਦੇ ਯੋਗ ਬਣਾ ਲੈਂਦਾ ਹੈ।

ਬਦਲਾ ਨਹੀਂ

ਇਕ ਟਰਾਂਸਪੋਰਟ ਕਾਰੋਬਾਰੀ ਇਕ ਵਾਰ ਬਹੁਤ ਵੱਡੀ ਦੁਵਿਧਾ ਵਿੱਚ ਫਸ ਗਿਆ ਕਿਉਂਕਿ ਤਕਨੀਕੀ ਕਾਰਨਾਂ ਕਰਕੇ ਉਸਨੂੰ ਕਈ ਸਾਲ ਪਹਿਲਾਂ ਆਪਣੇ

ਇੱਕ ਵਾਹਨ ਦੀ ਰਜਿਸਟਰੀ ਕਿਸੇ ਹੋਰ ਵਿਅਕਤੀ ਦੇ ਨਾਂ ਕਰਵਾਉਣੀ ਪਈ ਸੀ। ਉਹ ਵਿਅਕਤੀ, ਜਿਸਦੇ ਨਾਂ 'ਤੇ ਰਜਿਸਟਰੀ ਸੀ, ਨੇ ਅਚਾਨਕ ਇੱਕ ਦਿਨ ਫੈਸਲਾ ਕਰ ਲਿਆ ਕਿ ਉਹ ਹੁਣ ਅਸਲੀ ਮਾਲਕ ਨੂੰ ਕੁਝ ਪੈਸੇ ਦੇ ਕੇ ਉਸ ਵਾਹਨ ਨੂੰ ਆਪਣੇ ਕਬਜ਼ੇ ਵਿੱਚ ਲੈ ਲਏਗਾ। ਜਦੋਂ ਇੰਝ ਵਾਪਰਿਆ ਤਾਂ ਮਾਲਕ ਨੂੰ ਅਨੁਭਵ ਹੋਇਆ ਕਿ ਇਹ ਤਾ ਉਹਦੇ ਨਾਲ ਜ਼ਿਆਤੀ ਹੋ ਗਈ ਹੈ। ਗੁੱਸੇ 'ਚ ਭਰਿਆ ਮਾਲਕ ਦਿਲੋਂ ਚਾਹੁੰਦਾ ਸੀ ਕਿ ਉਹ ਬਦਲਾ ਲਏ। ਦਿਨ ਰਾਤ ਉਹ ਇਸੀ ਸੋਚ ਵਿਚ ਪਰੇਸ਼ਾਨ ਰਹਿੰਦਾ ਕਿ ਕਿਵੇਂ ਆਪਣੇ ਦੁਸ਼ਮਣ ਨੂੰ ਬਰਬਾਦ ਕਰੇ। ਉਹ ਚਾਹੁੰਦਾ ਸੀ ਕਿ ਉਸਨੂੰ ਕੀੜੇ ਵਾਂਗ ਰੌਂਦ ਦੇਵੇ।

ਲਗਾਤਾਰ ਛੇ ਮਹੀਨੇ ਉਹ ਇਸ ਹੀ ਸਥਿਤੀ ਵਿਚ ਰਿਹਾ, ਉਸਨੇ ਆਪਣਾ ਘਰ, ਆਪਣਾ ਕਾਰੋਬਾਰ ਸਭ ਕੁਝ ਨਜ਼ਰਅੰਦਾਜ਼ ਕਰ ਦਿੱਤਾ। ਉਹ ਆਪਣੀ ਪੁਰਾਣੀ ਸ਼ਖ਼ਸੀਅਤ ਤੋਂ ਬਹੁਤ ਦੂਰ ਹੋ ਗਿਆ ਸੀ। ਫਿਰ ਇੱਕ ਦਿਨ ਕੁਝ ਅਜਿਹਾ ਵਾਪਰਿਆ ਜਿਸ ਸਦਕਾ ਉਸਦੇ ਜੀਵਨ ਨੇ ਇਕ ਨਵਾਂ ਮੋੜ ਲੈ ਲਿਆ। ਉਹ ਬਦਲੇ ਦੀ ਭਾਵਨਾ ਵਿਚ ਡੁੱਬਿਆ ਆਪਣੇ ਸ਼ਹਿਰ ਦੀ ਇੱਕ ਗਲੀ 'ਚ ਘੁੰਮ ਰਿਹਾ ਸੀ, ਤਾਂ ਉਸਨੇ ਇੱਕ ਭੀੜ ਵਿੱਚੋਂ ਕਿਸੇ ਦੀ ਗੱਲ ਸੁਣੀ, ਕੋਈ ਬਹੁਤ ਉੱਚੀ-ਉੱਚੀ ਭਾਸ਼ਣ ਦੇ ਰਿਹਾ ਸੀ। ਲੰਬੇ ਸਮੇਂ ਬਾਅਦ ਆਪਣੀਆਂ ਸੋਚਾਂ ਵਿਚੋਂ ਬਾਹਰ ਨਿਕਲ ਕੇ ਉਤਸੁਕਤਾ ਨਾਲ ਲੋਕਾਂ ਦੀ ਭੀੜ ਵੱਲ ਵਧਿਆ ਅਤੇ ਭਾਸ਼ਣਕਾਰ ਦੀ ਗੱਲ ਸੁਨਣ ਲੱਗਾ। ਭਾਸ਼ਣਕਾਰ ਨੇ ਜਦੋਂ ਕਿਹਾ, "ਬਦਲਾ ਲੈਣ ਤੋਂ ਪਹਿਲਾਂ ਸੋਚ ਲੈਣਾ ਚਾਹੀਦਾ ਹੈ, ਕਿਉਂਕਿ ਕੱਲ ਨੂੰ ਤੁਸੀਂ ਵੀ ਕਿਸੇ ਹੋਰ ਦੇ ਬਦਲੇ ਦਾ ਸ਼ਿਕਾਰ ਹੋ ਸਕਦੇ ਹੋ," ਤਾਂ ਇਹ ਸ਼ਬਦ ਸਿੱਧੇ ਉਸਦੇ ਮਨ ਵਿੱਚ ਘਰ ਕਰ ਗਏ। ਜਿਵੇਂ ਕੋਈ ਰੋਸ਼ਨੀ ਉਸਦੇ ਦਿਲ ਨੂੰ ਚੀਰ ਗਈ ਹੋਵੇ। ਹਰ ਉਦਾਹਰਨ ਦੇ ਨਾਲ ਉਹ ਅੰਦਰੋਂ ਬਦਲਦਾ ਗਿਆ। ਉਸ ਸਮੇਂ ਉਸਨੇ ਫੈਸਲਾ ਕਰ ਲਿਆ ਕਿ ਹੁਣ ਬਦਲੇ ਦੀ ਭਾਵਨਾ ਨੂੰ ਤਿਆਗ ਦੇਵੇਗਾ, ਉਸ ਪੁਰਾਣੀ ਘਟਨਾ ਨੂੰ ਭੁੱਲ ਜਾਵੇਗਾ ਤੇ ਆਪਣਾ ਸਮਾਂ ਤੇ ਸ਼ਕਤੀ ਆਪਣੇ ਪਰਿਵਾਰ ਅਤੇ ਕਾਰੋਬਾਰ ਲਈ ਸਮਰਪਿਤ ਕਰੇਗਾ। ਉਸਨੂੰ ਚੰਗੀ ਤਰ੍ਹਾਂ ਅਹਿਸਾਸ ਹੋ ਗਿਆ ਸੀ ਕਿ ਅਸਲ ਤਕਲੀਫ਼ ਤਾਂ ਉਸਨੇ ਆਪਣੇ ਆਪ ਨੂੰ ਦਿੱਤੀ ਸੀ ਨਾ ਕਿ ਆਪਣੇ ਦੁਸ਼ਮਣ ਨੂੰ ਅਤੇ ਇਨ੍ਹਾਂ ਮਸਲਿਆਂ ਨੂੰ ਰੱਬ 'ਤੇ ਛੱਡ ਦੇਣਾ ਹੀ ਠੀਕ ਹੁੰਦਾ ਹੈ। ਜਦੋਂ ਉਸਨੇ ਇਸ ਢੰਗ ਨਾਲ ਸੋਚਣਾ ਸ਼ੁਰੂ ਕੀਤਾ, ਤਾਂ ਹੌਲੀ-ਹੌਲੀ ਉਹ ਫਿਰ ਇੱਕ ਰਚਨਾਤਮਕ ਜੀਵਨ ਵੱਲ ਵਧਣ ਲੱਗਿਆ। ਜਲਦੀ ਹੀ ਉਹ ਪਹਿਲਾਂ ਨਾਲੋਂ

ਕਈ ਗੁਣਾ ਵਧੇਰੇ ਕਾਮਯਾਬ ਹੋ ਗਿਆ ਤੇ ਜੋ ਸਭ ਤੋਂ ਵੱਡੀ ਗੱਲ ਸੀ ਕਿ ਉਸਨੂੰ ਮਾਨਸਿਕ ਸੁੱਖ ਦੀ ਪ੍ਰਾਪਤੀ ਹੋ ਗਈ।

ਹੌਲੀ ਚੱਲੋ ਪਰ ਚੱਲਦੇ ਰਹੋ

ਇੱਕ ਵਾਰੀ ਇੱਕ ਨੌਜਵਾਨ ਨੇ ਇੱਕ ਬਜ਼ੁਰਗ ਉਸਤਾਦ ਕੋਲ ਆ ਕੇ ਪੁੱਛਿਆ, "ਮੈਨੂੰ ਗਿਆਨ ਪ੍ਰਾਪਤ ਕਰਨ ਵਿਚ ਕਿੰਨਾ ਸਮਾਂ ਲੱਗੇਗਾ?" ਉਸਤਾਦ ਨੇ ਕਿਹਾ, "ਦੱਸ ਸਾਲ।" ਨੌਜਵਾਨ ਨੇ ਆਸ਼ਚਰਜ ਨਾਲ ਕਿਹਾ, "ਇੰਨਾ ਲੰਮਾ ਸਮਾਂ!" ਉਸਤਾਦ ਨੇ ਫਿਰ ਕਿਹਾ, "ਨਹੀਂ, ਮੈਂ ਗਲਤ ਸੀ। ਤੈਨੂੰ ਵੀਹ ਸਾਲ ਲੱਗਣਗੇ।" ਨੌਜਵਾਨ ਨੇ ਫਿਰ ਪੁੱਛਿਆ, "ਤੁਸੀਂ ਵਾਰ ਵਾਰ ਸਮਾਂ ਕਿਉਂ ਵਧਾ ਰਹੇ ਹੋ?" ਉਸਤਾਦ ਨੇ ਜਵਾਬ ਦਿੱਤਾ, "ਹੁਣ ਮੈਂ ਦੁਬਾਰਾ ਸੋਚ ਕੇ ਇਸ ਨਤੀਜੇ 'ਤੇ ਪਹੁੰਚਿਆ ਕਿ ਤੈਨੂੰ ਤੀਹ ਸਾਲ ਲੱਗਣਗੇ।"

ਕਿਸੇ ਵੀ ਮੰਜ਼ਿਲ ਤਕ ਦਸ ਸਾਲ ਵਿਚ ਪਹੁੰਚਿਆ ਜਾ ਸਕਦਾ ਹੈ, ਪਰ ਜੇਕਰ ਤੂੰ ਸੋਚਦਾ ਹੈ ਕਿ ਦਸ ਦਿਨਾਂ ਵਿੱਚ ਹੀ ਤੂੰ ਉਥੇ ਪਹੁੰਚ ਜਾਵੇ, ਤਾਂ ਇਹ ਸਾਫ ਜ਼ਾਹਰ ਹੈ ਕਿ ਤੂੰ ਆਪਣੀ ਮੰਜ਼ਿਲ ਪ੍ਰਤੀ ਬਹੁਤ ਬੇਸਬਰ ਹੈ। ਪਰ ਇੱਕ ਪੁਰਾਣੀ ਕਹਾਵਤ ਹੈ: "ਜਿੰਨੀ ਜ਼ਿਆਦਾ ਕਾਹਲੀ, ਉਤਨੀ ਘੱਟ ਰਫ਼ਤਾਰ।"

ਜੇ ਕੋਈ ਦੌੜਾਕ ਬਗੈਰ ਲਚਕਤਾ ਦੇ ਇੱਕ ਤੀਰ ਵਾਂਗ ਸਿੱਧਾ ਦੌੜਦਾ ਹੈ ਤਾਂ ਉਹ ਰਾਹ ਵਿੱਚ ਬਹੁਤ ਸਾਰੀਆਂ ਰੁਕਾਵਟਾਂ ਨਾਲ ਟਕਰਾ ਜਾਵੇਗਾ ਅਤੇ ਮੰਜ਼ਿਲ ਤੱਕ ਪਹੁੰਚਣ ਦੀ ਬਜਾਏ ਰਸਤੇ ਵਿੱਚ ਹੀ ਡਿੱਗ ਪਏਗਾ। ਫਿਰ ਉਸਨੂੰ ਆਰੰਭਕ ਬਿੰਦੂ 'ਤੇ ਮੁੜ ਆਉਣਾ ਪਵੇਗਾ, ਆਪਣੇ ਜ਼ਖਮ ਠੀਕ ਕਰਨੇ ਪੈਣਗੇ ਅਤੇ ਫਿਰ ਨਵੀਂ ਤਿਆਰੀ ਦੇ ਨਾਲ ਦੁਬਾਰਾ ਆਰੰਭ ਕਰਨਾ ਪਵੇਗਾ। ਇਸ ਪ੍ਰਕਿਰਿਆ ਵਿਚ ਬਹੁਤ ਸਾਰਾ ਕੀਮਤੀ ਸਮਾਂ ਵਿਅਰਥ ਹੋਵੇਗਾ, ਉਹ ਸਮਾਂ ਜੋ ਕਾਮਯਾਬ ਹੋਣ 'ਚ ਲੱਗਣਾ ਸੀ। ਜੇਕਰ ਉਹ ਸਬਰ ਸਹਿਤ ਧੀਮੀ ਚਾਲ ਤੁਰਦਾ ਤਾਂ ਉਹ ਸਮੇਂ ਸਿਰ ਮੰਜ਼ਿਲ ਤੱਕ ਪਹੁੰਚ ਜਾਂਦਾ। ਜਿਵੇਂ ਕੋਈ ਵੀ ਕਾਰਜ ਦੇਰੀ ਨਾਲ ਕਰਨਾ ਗਲਤ ਹੈ, ਤਿਵੇਂ ਹੀ ਬੇਸਬਰੀ ਤੇ ਜਲਦਬਾਜ਼ੀ ਨਾਲ ਕਾਰਜ ਕਰਨਾ ਵੀ ਗਲਤ ਹੈ। ਹਰ ਕੰਮ ਸਮੇਂ ਸਿਰ ਹੋ ਸਕਦਾ ਹੈ। ਕਿਸੇ ਕੰਮ ਨੂੰ ਲੰਬਾ ਖਿੱਚਣਾ ਆਲਸੀਪਣ ਅਤੇ ਲਾਪਰਵਾਹੀ ਦੀ ਨਿਸ਼ਾਨੀ ਹੈ, ਪਰ ਉਸੇ ਕੰਮ ਨੂੰ ਬੇਤੁਕੇ ਤੇ ਬੇਵਜ੍ਹਾ ਜਲਦਬਾਜੀ ਨਾਲ ਕਰਨਾ ਬੇਸਬਰੀ ਦਾ ਪ੍ਰਤੀਕ ਹੁੰਦਾ ਹੈ। ਰੱਬ ਦੀ

ਸਿਰਜੀ ਦੁਨੀਆ ਵਿੱਚ, ਜਿੱਥੇ ਹਰ ਘਟਨਾ ਦਾ ਇੱਕ ਨਿਰਧਾਰਤ ਸਮਾਂ ਹੁੰਦਾ ਹੈ, ਉਥੇ ਦੇਰੀ ਅਤੇ ਕਾਹਲੀ ਦੋਵੇਂ ਹੀ ਅਸਫਲਾ ਦੀ ਜੜ੍ਹ ਬਣਦੀਆਂ ਹਨ।

ਜੀਉਣ ਦੀ ਕਲਾ

ਓਹਾਇਓ ਸਟੇਟ ਯੂਨੀਵਰਸਿਟੀ ਦੇ ਡਿਜ਼ਾਸਟਰ ਰਿਸਰਚ ਸੈਂਟਰ (1963 'ਚ ਕਾਇਮ) ਵੱਲੋਂ ਕੀਤੇ ਗਏ 100 ਤੋਂ ਵੱਧ ਮਨੁੱਖੀ ਆਪਦਾਵਾਂ ਦੇ ਅਧਿਐਨ ਦੱਸਦੇ ਹਨ ਕਿ ਜਦੋਂ ਮਨੁੱਖਾਂ ਉਤੇ ਸੰਕਟ ਆਉਂਦਾ ਹੈ, ਤਾਂ ਮਨੁੱਖਾਂ ਵਿਚ ਇੱਕ ਅਸਾਧਾਰਣ ਆਤਮਿਕ ਤਾਕਤ ਪੈਦਾ ਹੁੰਦੀ ਹੈ, ਜੋ ਉਨ੍ਹਾਂ ਨੂੰ ਪੂਰੀ ਤਰ੍ਹਾਂ ਟੁੱਟਣ ਤੋਂ ਬਚਾ ਲੈਂਦੀ ਹੈ। ਇਸ ਬਾਬਤ ਇਕ ਹੈਰਾਨ ਕਰ ਦੇਣ ਵਾਲੀ ਮਿਸਾਲ 1961 ਵਿੱਚ ਟੈਕਸਸ ਦੇ ਸਮੁੰਦਰੀ ਤਟ 'ਤੇ ਆਏ ਤੂਫ਼ਾਨੀ ਸੈਲਾਬ ਦੌਰਾਨ ਦੇਖੀ ਗਈ। ਹਾਲਾਂਕਿ ਤੂਫ਼ਾਨ ਆਉਣ ਦੀ ਚੇਤਾਵਨੀ ਚਾਰ ਦਿਨ ਪਹਿਲਾਂ ਮਿਲ ਚੁੱਕੀ ਸੀ, ਪਰ ਫਿਰ ਵੀ ਪੰਜਾਹ ਫੀਸਦੀ ਤੋਂ ਵੱਧ ਲੋਕ ਆਪਣੇ ਘਰਾਂ ਨੂੰ ਛੱਡਣ ਲਈ ਤਿਆਰ ਨਹੀਂ ਹੋਏ। ਇੰਨੀ ਹੀ ਹੈਰਾਨੀ ਵਾਲੀ ਗੱਲ ਇਹ ਸੀ ਕਿ 1971 ਵਿੱਚ ਕੈਲੀਫੋਰਨੀਆ ਦੇ ਇੱਕ ਵੱਡੇ ਡੈਮ, ਜੋ ਭੂਚਾਲ ਕਾਰਨ ਹਾਦਸਾਗ੍ਰਸਤ ਹੋ ਗਈ ਸੀ ਅਤੇ ਵੱਡੀ ਤਬਾਹੀ ਹੋਣ ਦੀ ਸੰਭਾਵਨਾ ਸੀ, ਉਥੇ ਵੀ 70,000 ਦੀ ਆਬਾਦੀ ਵਿੱਚੋਂ ਸਿਰਫ਼ 7 ਫੀਸਦੀ ਲੋਕਾਂ ਨੇ ਹੀ ਘਰ ਛੱਡਣ ਦਾ ਫੈਸਲਾ ਕੀਤਾ।

ਇਨ੍ਹਾਂ ਅਧਿਐਨਾਂ ਨੇ ਇਹ ਵੀ ਦਰਸਾਇਆ ਕਿ ਜ਼ਿਆਦਾਤਰ ਆਪਦਾਵਾਂ ਦੇ ਪੀੜਤ ਆਪਣੇ ਪੂਰਵ ਅਨੁਭਵਾਂ ਕਾਰਣ ਝੁਕੇ ਨਹੀਂ, ਨਾ ਹੀ ਉਨ੍ਹਾਂ ਵਿਚ ਭਵਿੱਖ ਨੂੰ ਲੈ ਕੇ ਡਰ ਜਾਂ ਚਿੰਤਾ ਨਜ਼ਰ ਆਈ। ਟੈਕਸਸ ਵਿਚ ਆਏ ਸੈਲਾਬ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਸਿਰਫ਼ 10 ਫੀਸਦੀ ਤੋਂ ਘੱਟ ਲੋਕਾਂ ਨੇ ਹੀ ਗੰਭੀਰ ਚਿੰਤਾ ਜਾਂ ਡਰ ਦਾ ਪ੍ਰਗਟਾਵਾ ਕੀਤਾ। ਡਿਜ਼ਾਸਟਰ ਰਿਸਰਚ ਸੈਂਟਰ ਦੀ ਰਿਪੋਰਟ ਅਖੀਰ ਵਿੱਚ ਇਹ ਸਿੱਟਾ ਕੱਢਦੀ ਹੈ:

> "ਹਕੀਕਤ ਇਹ ਹੈ ਕਿ ਮਨੁੱਖ ਸੰਕਟ ਦੇ ਸਮੇਂ ਅਦਭੁਤ ਸਥਿਰਤਾ ਅਤੇ ਸੰਘਰਸ਼ ਦੀ ਸਮਰਥਾ ਵਿਖਾਉਂਦੇ ਹਨ। ਸੰਘਰਸ਼ ਸਮੇਂ ਉਹ ਡਰ ਜਾਂ ਹੌਸਲਾ ਹਾਰਣ ਦੀ ਥਾਂ, ਵਾਸਤਵ ਵਿੱਚ ਹੀਰੋ ਬਣ ਜਾਂਦੇ ਹਨ।"

"ਘਟਨਾਵਾਂ ਦੀ ਹਕੀਕਤ ਇਹ ਦਰਸਾਉਂਦੀ ਹੈ ਕਿ ਮੁਸੀਬਤ ਦੇ ਸਮੇਂ ਮਨੁੱਖ ਅਦਭੁਤ ਤਰੀਕੇ ਨਾਲ ਆਪਣੇ ਆਪ 'ਤੇ ਕੰਟਰੋਲ ਰੱਖਦਾ ਹੈ ਅਤੇ ਲਚਕੀਲਾ ਸਾਬਤ ਹੁੰਦਾ ਹੈ। ਸ਼ਾਇਦ 'ਵੀਰਤਾ' ਹੀ ਸਹੀ ਸ਼ਬਦ ਹੈ ਜੋ ਮੁਸੀਬਤ ਵੇਲੇ ਮਨੁੱਖ ਦੇ ਆਮ ਰਵੱਈਏ ਨੂੰ ਦਰਸਾਉਂਦਾ ਹੈ ਨਾ ਕਿ ਘਬਰਾਹਟ ਜਾਂ ਸਦਮਾ।"

ਇਤਿਹਾਸ ਗਵਾਹ ਹੈ ਕਿ ਚਾਹੇ ਮਨੁੱਖ ਸਾਹਮਣੇ ਸਾਰਾ ਕੁਝ ਤਬਾਹ ਹੋ ਜਾਵੇ, ਪਰ ਮਨੁੱਖ ਬਾਰ-ਬਾਰ ਨਵੇਂ ਸਿਰੇ ਤੋਂ ਜ਼ਿੰਦਗੀ ਸ਼ੁਰੂ ਕਰਨ ਦੀ ਸਮਰੱਥਾ ਰੱਖਦਾ ਆਇਆ ਹੈ। ਉਸਨੇ ਹਮੇਸ਼ਾ ਪੱਕੇ ਇਰਾਦੇ ਅਤੇ ਹੌਂਸਲੇ ਸਦਕਾ ਆਪਣੇ ਰਾਹ ਦੀਆਂ ਰੁਕਾਵਟਾਂ ਨੂੰ ਪਾਰ ਕੀਤਾ ਹੈ।

ਉਸਦੇ ਅੰਦਰ ਇਹ ਅਸਾਧਾਰਣ ਗੁਣ ਕਿੱਥੋਂ ਆਏ ਹਨ? ਇਸ ਦਾ ਜਵਾਬ ਸਿੱਧਾ ਹੈ: ਰੱਬ ਨੇ ਮਨੁੱਖ ਨੂੰ ਜਿਹੜੀਆਂ ਨਿਆਮਤਾਂ ਦਿੱਤੀਆਂ ਹਨ, ਉਨ੍ਹਾਂ ਵਿਚੋਂ ਸਭ ਤੋਂ ਵੱਡੀ ਨਿਆਮਤ ਇਹ ਅੰਦਰਲੀ ਲੁਕਵੀਂ ਸਮਰੱਥਾ ਹੈ, ਜੋ ਵੱਡੀ ਮੁਸੀਬਤ ਦੇ ਸਮੇਂ ਵਿਖਾਈ ਦਿੰਦੀ ਹੈ। ਇਹ ਜਾਣਨ ਉਪਰੰਤ ਕਿ ਇਹ ਲੁਕਵੀਂ ਤਾਕਤ ਹਰ ਇਕ ਵਿਚ ਮੌਜੂਦ ਹੈ, ਸਾਨੂੰ ਇਹ ਯਕੀਨ ਹੋ ਜਾਣਾ ਚਾਹੀਦਾ ਹੈ ਕਿ ਅਸੀਂ ਕਦੇ ਵੀ ਅਫ਼ਸੋਸ ਜਾਂ ਨਿਰਾਸ਼ਾ ਵਿਚ ਸਮਾਂ ਨਾ ਗਵਾਈਏ ਅਤੇ ਸਿੱਧਾ ਘਾਟਿਆ ਦੀ ਪੂਰਤੀ ਲਈ ਕਾਰਜ ਕਰੀਏ। ਜਦੋਂ ਰੱਬ ਨੇ ਸਾਨੂੰ ਮੁੜ ਉਸਰਨ ਦੀ ਤਾਕਤ ਦਿੱਤੀ ਹੈ, ਤਾਂ ਅਸੀਂ ਇਸ ਨੂੰ ਕਦੇ ਵੀ ਵਿਅਰਥ ਨਾ ਹੋਣ ਦਈਏ ਕਿਉਂਕਿ ਇਹੀ ਗੁਣ ਸਾਨੂੰ ਇਕ ਨਵੇਂ ਤੇ ਰੋਸ਼ਨ ਜੀਵਨ ਵੱਲ ਲੈ ਜਾ ਸਕਦਾ ਹੈ।

ਅਭਿਮਾਨ ਅਤੇ ਅਹੰਕਾਰ ਬਾਰੇ

"ਬੁਰਾਈ ਦੀ ਸ਼ੁਰੂਆਤ ਸਿਰਫ਼ ਅਭਿਮਾਨ ਤੋਂ ਹੋ ਸਕਦੀ ਹੈ ਅਤੇ ਉਸਦਾ ਅੰਤ ਨਿਮਰਤਾ ਰਾਹੀਂ ਹੀ ਹੋ ਸਕਦਾ ਹੈ।"

ਇੰਗਲੈਂਡ ਦੇ ਲੇਖਕ ਵਿਲੀਅਮ ਲਾ (1686-1761) ਨੇ ਉਪਰੋਕਤ ਕਥਨ ਅਖਲਾਕੀ ਸੰਦਰਭ ਵਿਚ ਕਹੇ ਸਨ, ਪਰ ਇਸਨੂੰ ਰੂਹਾਨੀ ਅਰਥਾਂ ਵਿਚ ਵੀ ਸਮਝਿਆ ਜਾ ਸਕਦਾ ਹੈ। ਕਿਉਂਕਿ ਪ੍ਰਮਾਤਮਾ ਦੇ ਸਾਹਮਣੇ ਇਨਸਾਨ ਦੀ ਸਭ

ਤੋਂ ਮਾੜੀ ਸੋਚ ਉਸਦਾ ਅਭਿਮਾਨ ਹੁੰਦਾ ਹੈ। ਹੋਰ ਪਾਪ ਮਾਫ਼ ਕੀਤੇ ਜਾ ਸਕਦੇ ਹਨ, ਪਰ ਅਭਿਮਾਨ ਲਈ ਕੋਈ ਮਾਫ਼ੀ ਨਹੀਂ ਮਿਲਦੀ।

ਚਾਹੇ ਇਹ ਅਭਿਮਾਨ ਪ੍ਰਤੱਖ ਹੋਵੇ ਜਾਂ ਗੁਪਤ, ਇਨਸਾਨ ਵੱਲੋਂ ਕੀਤੀਆਂ ਜ਼ਿਆਦਾਤਰ ਬੇਇਨਸਾਫ਼ੀਆਂ ਅਤੇ ਗਲਤ ਕੰਮਾਂ ਦੀ ਜੜ੍ਹ ਇਸੇ ’ਚ ਪਈ ਹੁੰਦੀ ਹੈ। ਅਭਿਮਾਨ ਹੀ ਉਹ ਚੀਜ਼ ਹੈ ਜੋ ਇਨਸਾਨ ਨੂੰ ਆਪਣੀ ਗ਼ਲਤੀ ਮੰਨਣ ਤੋਂ ਰੋਕਦਾ ਹੈ, ਕਿਉਂਕਿ ਗਲਤੀ ਮੰਨਣਾ ਉਸਨੂੰ ਸ਼ਰਮਿੰਦਗੀ ਦਿੰਦਾ ਹੈ। ਇਨਸਾਨ ਭੁੱਲ ਜਾਂਦਾ ਹੈ ਕਿ ਜਦੋਂ ਉਹ ਸੱਚ ਨੂੰ ਠੁਕਰਾਉਂਦਾ ਜਾਂ ਨਜ਼ਰਅੰਦਾਜ਼ ਕਰਦਾ ਹੈ, ਤਾਂ ਉਹ ਆਪਣੇ ਆਪ ਨੂੰ ਸੱਚ ਤੋਂ ਉੱਤਮ ਠਹਿਰਾਉਂਦਾ ਹੈ। ਇਹ ਇਨਸਾਨ ਦੀ ਮੂਰਖਤਾ ਹੈ, ਕਿਉਂਕਿ ਸੱਚਾਈ ਸਰਵਉੱਚ ਹੈ, ਨਾ ਕਿ ਕੋਈ ਪ੍ਰਾਣੀ।

ਕੇਵਲ ਉਹੀ ਇਨਸਾਨ ਪ੍ਰਮਾਤਮਾ ਦੀ ਰਹਿਮਤ ਦਾ ਹਕਦਾਰ ਬਣਦਾ ਹੈ ਜੋ ਹਕੀਕਤ ਦੇ ਨੇੜੇ ਰਹਿ ਕੇ ਜੀਉਂਦਾ ਹੈ। ਪਰ ਇਹ ਦਰਜਾ ਹਾਸਿਲ ਕਰਨ ਲਈ, ਉਸਨੂੰ ਇਹ ਮੰਨਣਾ ਪੈਂਦਾ ਹੈ ਕਿ ਸੱਚਾਈ ਸਰਵਉੱਚ ਹੈ ਅਤੇ ਉਸਦੇ ਸਾਹਮਣੇ ਸਮਰਪਣ ਕਰਨਾ ਹੀ ਸਹੀ ਕਦਮ ਹੈ। ਪਰ ਜੋ ਲੋਕ ਹੰਕਾਰ ਵਿਚ ਡੁੱਬੇ ਹੁੰਦੇ ਹਨ, ਉਹ ਅਕਸਰ ਸਮਰਪਣ ਕਰਨ ਦੇ ਯੋਗ ਨਹੀਂ ਹੁੰਦੇ। ਉਹ ਸੱਚ ਦੇ ਸਾਹਮਣੇ ਝੁਕਣ ਦੀ ਥਾਂ ਚਾਹੁੰਦੇ ਹਨ ਕਿ ਸੱਚ ਉਨ੍ਹਾਂ ਦੇ ਸਾਹਮਣੇ ਝੁਕੇ। ਉਹ ਸੱਚ ਦੇ ਨਾਲ ਚੱਲਣ ਦੀ ਥਾਂ, ਇਹ ਉਮੀਦ ਕਰਦੇ ਹਨ ਕਿ ਸੱਚ ਉਨ੍ਹਾਂ ਦੀ ਇੱਛਾ ਅਨੁਸਾਰ ਚੱਲੇ। ਇਹ ਸੋਚ ਜਿੰਨੀ ਅਸਲੀਅਤ ਤੋਂ ਦੂਰ ਹੈ, ਉੱਨੀ ਹੀ ਅਹੰਕਾਰ ਨਾਲ ਭਰੀ ਹੋਈ ਹੈ, ਕਿਉਂਕਿ ਦੁਨੀਆਂ ਕਦੇ ਵੀ ਇਸ ਸੋਚ ਨਾਲ ਨਹੀਂ ਚੱਲ ਸਕਦੀ। ਜੋ ਇਨਸਾਨ ਹਮੇਸ਼ਾ ਅਹੰਕਾਰ ’ਚ ਜੀਉਂਦੇ ਹਨ, ਉਹ ਬਿਨਾਂ ਕਿਸੇ ਸੱਚੇ ਅਹਿਸਾਸ ਦੇ, ਆਖ਼ਰਕਾਰ ਨੈਤਿਕ ਤੌਰ ’ਤੇ ਖਾਲੀ ਹੋ ਜਾਂਦੇ ਹਨ ਅਤੇ ਰੱਬ ਦੀ ਨਿਗਾਹ ਵਿਚ ਕਦੇ ਕਬੂਲ ਨਹੀਂ ਹੁੰਦੇ।

ਏਕਤਾ ਦੀ ਕੀਮਤ

ਏਕਤਾ ਉਹ ਵਿਸ਼ਾ ਹੈ ਜਿਸ ’ਤੇ ਬਹੁਤ ਸਾਰੇ ਭਾਸ਼ਣ ਦਿੱਤੇ ਜਾਂਦੇ ਹਨ ਅਤੇ ਬਹੁਤ ਕੁਝ ਲਿਖਿਆਂ ਜਾਂਦਾ ਹੈ। ਅੱਜ ਹਰ ਕੋਈ ਏਕਤਾ ਦੀ ਗੱਲ ਕਰਦਾ ਹੈ, ਪਰ ਅਸਲ ਏਕਤਾ ਕਿਤੇ ਨਜ਼ਰ ਨਹੀਂ ਆਉਂਦੀ। ਇਸਦਾ ਕਾਰਣ ਸਾਫ਼ ਹੈ ਜਿਵੇਂ ਹਰ ਚੀਜ਼ ਦੀ ਇੱਕ ਕੀਮਤ ਹੁੰਦੀ ਹੈ ਉਸੇ ਤਰ੍ਹਾਂ ਹੀ ਏਕਤਾ ਲਈ ਵੀ

ਕੀਮਤ ਚੁਕਾਉਣੀ ਪੈਂਦੀ ਹੈ। ਲੋਕ ਏਕਤਾ ਕਰਨ ਬਾਰੇ ਬੋਲਦੇ ਤਾਂ ਹਨ, ਪਰ ਇਸਦੀ ਕੀਮਤ ਚੁਕਾਉਣ ਲਈ ਤਿਆਰ ਨਹੀਂ ਹੁੰਦੇ। ਇਸੇ ਲਈ ਏਕਤਾ ਕਦੇ ਕਾਇਮ ਨਹੀਂ ਹੋ ਪਾਉਂਦੀ।

ਏਕਤਾ ਟੁੱਟਦੀ ਕਿਉਂ ਹੈ? ਇਹਦਾ ਮੁੱਖ ਕਾਰਣ ਹੈ, ਆਪਣੇ ਅੰਦਰ ਪੈਦਾ ਹੋਏ ਈਰਖਾ ਭਾਵ ਦਾ ਤਿਆਗ ਨਾ ਕਰਨਾ। ਇਹ ਦੁਨੀਆ ਇੱਕ ਇਮਤਿਹਾਨ ਦਾ ਮੈਦਾਨ ਹੈ। ਇੱਥੇ ਕਈ ਕਾਰਨਾਂ ਕਰਕੇ ਦੂਜਿਆਂ ਖ਼ਿਲਾਫ਼ ਨਕਾਰਾਤਮਕ ਭਾਵਨਾ ਪੈਦਾ ਹੋ ਜਾਂਦੀ ਹੈ। ਜੇ ਤੁਸੀਂ ਉਸ ਭਾਵਨਾ ਨੂੰ ਆਪਣੇ ਅੰਦਰ ਹੀ ਦੱਬ ਦਿਓ, ਤਾਂ ਸੱਚਮੁੱਚ ਏਕਤਾ ਬਣੀ ਰਹੇਗੀ। ਜੇ ਉਹ ਭਾਵਨਾ ਮਨੁੱਖ ’ਤੇ ਭਾਰੂ ਹੋ ਜਾਵੇ, ਤਾਂ ਉਹ ਏਕਤਾ ਤੋਂ ਬਣੀ ਸਾਂਝ ਨੂੰ ਖਤਮ ਕਰ ਦਵੇਗੀ।

ਕਈ ਵਾਰ ਤੁਹਾਨੂੰ ਕਿਸੇ ਨਾਲ ਸ਼ਿਕਾਇਤ ਹੁੰਦੀ ਹੈ, ਕਈ ਵਾਰ ਕਿਸੇ ਦੀ ਕਾਮਯਾਬੀ ਰਾਹ ਵਿੱਚ ਰੁਕਾਵਟ ਜਾਪਦੀ ਹੈ। ਕਈ ਵਾਰ ਤੁਸੀਂ ਦੂਜਿਆਂ ਦੀ ਤਰੱਕੀ ਤੋਂ ਈਰਖਾ ਕਰਦੇ ਹੋ। ਕਈ ਵਾਰ ਈਰਖਾ ਵਿਚ ਕਿਸੇ ਦੀ ਬੇਇਜ਼ਤੀ ਕਰ ਕੇ, ਉਸਨੂੰ ਨੀਵਾਂ ਦਿਖਾ ਕੇ, ਬਹੁਤ ਸੁੱਖ ਮਹਿਸੂਸ ਕਰਦੇ ਹੋ।

ਜੇ ਇਸ ਨਕਾਰਾਤਮਕਤਾ ਨੂੰ ਖਤਮ ਕਰਨਾ ਹੈ, ਤਾਂ ਉਸਦੀ ਕੀਮਤ ਅਦਾ ਕਰਨੀ ਪਵੇਗੀ। ਕੀਮਤ ਇਹ ਹੈ ਕਿ ਏਕਤਾ ਬਣਾਈ ਰੱਖਣ ਲਈ ਝੁਕਣਾ ਪਵੇਗਾ, ਸ਼ਿਕਾਇਤਾਂ ਸਹਿਣੀਆਂ ਪੈਣਗੀਆਂ, ਰੁੱਖੇਪਨ ਤੋਂ ਬਚਣਾ ਪਵੇਗਾ। ਆਪਣੇ ਨਿੱਜੀ ਹਿੱਤਾਂ ਨੂੰ ਕੁਰਬਾਨ ਕਰਨਾ ਪਵੇਗਾ। ਦੂਜਿਆਂ ਦੀ ਕਾਮਯਾਬੀ ’ਤੇ ਸੱਚਮੁੱਚ ਖੁਸ਼ ਹੋਣਾ ਪਵੇਗਾ। ਅਭਿਮਾਨ ਨੂੰ ਨਿਮਰਤਾ ਵਿੱਚ ਬਦਲਣਾ ਪਵੇਗਾ। ਇਹੀ ਕੁਰਬਾਨੀਆਂ ਏਕਤਾ ਦਾ ਇਕਲੌਤਾ ਰਾਜ਼ ਹੈ।

ਜੀਵਨ ਵਿੱਚ ਉਕਸਾਉਣ ਵਾਲੀਆਂ ਸਥਿਤੀਆਂ ਜ਼ਰੂਰ ਆਉਣਗੀਆਂ ਅਤੇ ਇਹ ਵੀ ਸੱਚ ਹੈ ਕਿ ਇਮਤਿਹਾਨੀ ਮੈਦਾਨ ਵਿੱਚ ਉਹਨਾਂ ਤੋਂ ਬਚਣਾ ਮੁਸ਼ਕਲ ਹੈ। ਦਰਅਸਲ ਇਹੀ ਸਥਿਤੀਆਂ ਫ਼ੈਸਲਾ ਕਰਦੀਆਂ ਹਨ ਕਿ ਏਕਤਾ ਬਣੀ ਰਹੇਗੀ ਜਾਂ ਟੁੱਟੇਗੀ। ਜੇ ਕੋਈ ਇਨਸਾਨ ਉਹਨਾਂ ਭਾਵਨਾਵਾਂ ਜੋ ਏਕਤਾ ਨੂੰ ਤੋੜ ਸਕਦੀਆਂ ਹਨ; ਨੂੰ ਨਜ਼ਰਅੰਦਾਜ਼ ਕਰ ਦੇਵੇ, ਤਾਂ ਸਮਾਜਿਕ ਏਕਤਾ ਬਣੀ ਰਹੇਗੀ ਤੇ ਜੇ ਨਜ਼ਰਅੰਦਾਜ਼ ਨਾ ਕਰ ਸਕੇ, ਤਾਂ ਏਕਤਾ ਖ਼ਤਮ ਹੋਣਾ ਲਾਜ਼ਮੀ ਹੈ।

ਦੂਜਿਆਂ ਨਾਲ ਟਕਰਾਅ ਤੋਂ ਬਚਣ ਲਈ ਸਭ ਤੋਂ ਪਹਿਲਾਂ ਆਪਣੇ ਅੰਦਰ ਨਾਲ ਲੜਨਾ ਪੈਂਦਾ ਹੈ। ਪਰ ਲੋਕ ਆਪਣੇ ਅੰਦਰ ਨਾਲ ਲੜਨ ਲਈ ਤਿਆਰ

ਨਹੀਂ ਹੁੰਦੇ, ਇਸ ਲਈ ਉਹਨਾਂ ਦੀ ਦੂਜਿਆਂ ਨਾਲ ਲੜਾਈ ਕਦੇ ਖਤਮ ਨਹੀਂ ਹੁੰਦੀ।

ਏਕਤਾ ਦਾ ਰਾਜ਼

ਚਿੜੀਆਘਰ ਵਿੱਚ ਸੈਂਕੜੇ ਸੈਲਾਨੀ ਮੌਜੂਦ ਸਨ। ਕੁਝ ਲੋਕ ਖੁੱਲ੍ਹੇ ਘਾਹ ਦੇ ਮੈਦਾਨ ਵਿੱਚ ਬੈਠ ਕੇ ਖਾਣ-ਪੀਣ ਵਿੱਚ ਮਸ਼ਗੂਲ ਸਨ। ਕੁਝ ਵੱਖ-ਵੱਖ ਜਾਨਵਰ ਦੇਖ ਰਹੇ ਸਨ ਅਤੇ ਕੁਝ ਬੇਫਿਕਰੀ ਨਾਲ ਇਧਰ-ਉਧਰ ਟਹਿਲ ਰਹੇ ਸਨ।

ਅਚਾਨਕ ਸ਼ੇਰ ਦੇ ਘੁੰਮਣ ਦੀ ਆਵਾਜ਼ ਆਈ ਅਤੇ ਅਫ਼ਵਾਹ ਫੈਲ ਗਈ ਕਿ ਸ਼ੇਰ ਪਿੰਜਰੇ ਵਿਚੋਂ ਬਾਹਰ ਨਿਕਲ ਗਿਆ ਹੈ। ਜਿਵੇਂ ਹੀ ਲੋਕਾਂ ਨੇ ਇਹ ਸੁਣਿਆ, ਉਹ ਨਿਕਾਸ ਦੁਆਰ ਵੱਲ ਦੌੜ ਪਏ। ਜਿਹੜੇ ਲੋਕ ਹੁਣ ਤੱਕ ਬਿਲਕੁਲ ਵੱਖਰੇ ਵਿਅਕਤੀ ਲੱਗ ਰਹੇ ਸਨ, ਸਾਰੇ ਇਕੱਠੇ ਇੱਕੋ ਦਿਸ਼ਾ ਵੱਲ ਤੁਰ ਪਏ। ਹਰੇਕ ਕਿਸਮ ਦੀ ਸਰਗਰਮੀ ਰੁਕ ਗਈ ਅਤੇ ਸਾਰੇ ਇੱਕ ਹੀ ਜਗ੍ਹਾ ’ਤੇ ਕੇਂਦ੍ਰਿਤ ਹੋ ਗਏ।

ਇਹ ਉਦਾਹਰਨ ਦਰਸਾਉਂਦੀ ਹੈ ਕਿ ਡਰ ਦੀ ਭਾਵਨਾ ਕਿਵੇਂ ਵਿਚਾਰਾਂ ਦੇ ਅੰਤਰ ਨੂੰ ਖਤਮ ਕਰ ਦਿੰਦੀ ਹੈ। ਅਜਿਹੀ ਸਥਿਤੀ ਵਿੱਚ ਹਰ ਵਿਅਕਤੀ ਉਸ ਗੱਲ ਵੱਲ ਧਿਆਨ ਦਿੰਦਾ ਹੈ ਜਿਸ ਵੱਲ ਸਭ ਤੋਂ ਜ਼ਿਆਦਾ ਧਿਆਨ ਦੇਣ ਦੀ ਲੋੜ ਹੁੰਦੀ ਹੈ। ਹਰ ਸ਼ਖ਼ਸ ਉਸ ਚੀਜ਼ ਤੋਂ ਡਰਨ ਲੱਗ ਪੈਂਦਾ ਹੈ ਜਿਸ ਤੋਂ ਸਭ ਤੋਂ ਵੱਧ ਡਰਨਾ ਚਾਹੀਦਾ ਹੈ। ਹਰ ਕਿਸੇ ਦੇ ਵਿਚਾਰ ਸਿਰਫ਼ ਇੱਕੋ ਨੁਕਤੇ— ਅੰਤਮ ਅਤੇ ਅਟੱਲ ਮਸਲਾ ’ਤੇ ਕੇਂਦ੍ਰਿਤ ਹੋ ਜਾਂਦੇ ਹਨ।

ਲੋਕਾਂ ਵਿਚ ਮਤਭੇਦ ਇਸ ਲਈ ਪੈਦਾ ਹੁੰਦਾ ਹੈ ਕਿਉਂਕਿ ਉਹ ਅਸਲ ਗੱਲ ਵੱਲ ਧਿਆਨ ਹੀ ਨਹੀਂ ਦਿੰਦੇ। ਜਦੋਂ ਇੱਕ ਵਿਅਕਤੀ ਭਿਆਨਕ ਸਥਿਤੀ ਦਾ ਸਾਹਮਣਾ ਕਰਦਾ ਹੈ, ਤਾਂ ਦੂਜੀਆਂ ਗੌਣ ਚੀਜ਼ਾਂ ਆਪ ਹੀ ਗਾਇਬ ਹੋ ਜਾਂਦੀਆਂ ਹਨ। ਉਸ ਵੇਲੇ ਆਮ ਤੌਰ ’ਤੇ ਇਹ ਹੁੰਦਾ ਹੈ ਕਿ ਬਹੁਤ ਸਾਰੇ ਲੋਕਾਂ ਦਾ ਧਿਆਨ ਸਭ ਤੋਂ ਹੋਟ ਮਸਲੇ ਵੱਲ ਮੁੜ ਜਾਂਦਾ ਹੈ। ਹੋਰ ਸਾਰੀਆਂ ਘੱਟ ਅਹਿਮੀਅਤ ਵਾਲੀਆਂ ਗੱਲਾਂ ਤੁਰੰਤ ਭੁੱਲ ਜਾਂਦੀਆਂ ਹਨ ਅਤੇ ਜਦੋਂ ਅਜਿਹਾ ਹੁੰਦਾ ਹੈ, ਤਾਂ ਏਕਤਾ ਲਾਜ਼ਮੀ ਰੂਪ ਵਿੱਚ ਸਾਹਮਣੇ ਆ ਜਾਂਦੀ ਹੈ।

ਮਤਭੇਦ ਉਸ ਵੇਲੇ ਪੈਦਾ ਹੁੰਦੇ ਹਨ ਜਦੋਂ ਲੋਕਾਂ ਦੀ ਨਿਗਾਹ ਅਹਿਮ ਅਤੇ ਅੰਤਮ ਸੱਚ ਵੱਲ ਨਾ ਹੋਵੇ। ਇਸ ਲਈ ਏਕਤਾ ਪੈਦਾ ਕਰਨ ਦਾ ਇਕੋ ਸਫਲ ਤਰੀਕਾ ਇਹ ਹੈ ਕਿ ਲੋਕਾਂ ਦਾ ਧਿਆਨ ਛੋਟੀਆਂ ਗੱਲਾਂ ਤੋਂ ਹਟਾ ਕੇ ਉਸ ਵੱਲ ਕੀਤਾ ਜਾਵੇ ਜੋ ਸਭ ਤੋਂ ਅਹਿਮ ਤੇ ਮਹੱਤਵਪੂਰਨ ਹਨ। ਇਹੋ ਕੁਝ ਉਸ ਵੇਲੇ ਹੁੰਦਾ ਹੈ ਜਦੋਂ ਕਿਸੇ ਦੇਸ਼ ’ਤੇ ਦੁਸ਼ਮਣ ਹਮਲਾ ਕਰਦਾ ਹੈ। ਉਸ ਸਮੇਂ ਸਾਰੇ ਦੇਸ਼ਵਾਸੀ ਇਕਜੁੱਟ ਹੋ ਜਾਂਦੇ ਹਨ।

ਅਧਿਐਨ ਦੱਸਦੇ ਹਨ ਕਿ ਜਦੋਂ ਕਿਸੇ ਵਿਰੋਧੀ ਤੋਂ ਖਤਰੇ ਦਾ ਅਹਿਸਾਸ ਹੁੰਦਾ ਹੈ, ਤਾਂ ਜਾਨਵਰ ਵੀ ਇਕਜੁੱਟ ਹੋ ਜਾਂਦੇ ਹਨ। ਇੱਥੋਂ ਤਕ ਕਿ ਇਕ ਵਿਨਾਸ਼ਕਾਰੀ ਹੜ੍ਹ ਦੌਰਾਨ ਵਿਰੋਧੀ ਧਿਰਾਂ— ਕੁੱਤਾ ਅਤੇ ਬਿੱਲੀ, ਸੱਪ ਅਤੇ ਨੇਵਲਾ ਇਕੱਠੇ ਚੁੱਪਚਾਪ ਬੈਠੇ ਵੇਖੇ ਗਏ ਹਨ। ਪਰ ਅਜਿਹੀ ਏਕਤਾ ਜਾਨਵਰ ਪੱਧਰ ਜਾਂ ਛਿਣਪਲ ਦੀ ਹੁੰਦੀ ਹੈ। ਮਨੁੱਖੀ ਏਕਤਾ ਉਹ ਹੈ ਜੋ ਰੱਬ ਦੇ ਡਰ ਅਤੇ ਜੰਨਤ ਦੀ ਜ਼ਿੰਦਗੀ ਦੇ ਵਿਚਾਰਾਂ ਤੋਂ ਪੈਦਾ ਹੁੰਦੀ ਹੈ। ਅਜਿਹੀ ਏਕਤਾ ਉੱਚ ਪੱਧਰੀ ਹੋਣ ਦੇ ਨਾਲ-ਨਾਲ ਵਧੇਰੇ ਟਿਕਾਊ ਹੁੰਦੀ ਹੈ।

ਇੱਕ ਉਚਿਤ ਜਵਾਬ

ਇੱਕ ਵਾਰ ਮਸਜਿਦ ਵਿੱਚ ਇੱਕ ਬਜ਼ੁਰਗ ਨੇ ਇੱਕ ਸਧਾਰਣ ਹਾਵ-ਭਾਵ ਵਾਲੇ ਵਿਅਕਤੀ ਨੂੰ ਵੇਖਿਆ ਜੋ ਪੱਛਮੀ ਲਿਬਾਸ ਪਹਿਨਿਆ ਹੋਇਆ ਸੀ, ਸਿਰ ਤੇ ਗਾਂਧੀ ਟੋਪੀ ਸੀ ਅਤੇ ਦਾੜ੍ਹੀ ਸ਼ਰੀਅਤ ਵਿੱਚ ਨਿਰਧਾਰਿਤ ਲੰਬਾਈ ਤੋਂ ਛੋਟੀ ਸੀ। ਉਸ ਬਜ਼ੁਰਗ ਨੇ ਪਹਿਲਾਂ ਕਦੇ ਵੀ ਉਸ ਵਿਅਕਤੀ ਨੂੰ ਜਮਾਤ ਵਿੱਚ ਨਹੀਂ ਦੇਖਿਆ ਸੀ। ਉਸ ਸ਼ਖ਼ਸ ਦੀ ਦਿੱਖ ਤੋਂ ਪ੍ਰਭਾਵਿਤ ਹੋ ਕੇ ਬਜ਼ੁਰਗ ਉਸਦੇ ਕੋਲ ਗਿਆ ਅਤੇ ਆਪਣਾ ਪਰੀਚੈ ਦਿੱਤਾ। ਗੱਲਬਾਤ ਦੌਰਾਨ ਇਹ ਪਤਾ ਲੱਗਿਆ ਕਿ ਉਹ ਵਿਅਕਤੀ ਬਹੁਤ ਧਾਰਮਿਕ ਹੈ ਅਤੇ ਕੁਰਾਨ ਤੇ ਹਦੀਸ ਉੱਤੇ ਉਸ ਦੀਆਂ ਕਈ ਕਿਤਾਬਾਂ ਵੀ ਛਪ ਚੁੱਕੀਆਂ ਹਨ।

ਬਜ਼ੁਰਗ ਨੇ ਉਸਨੂੰ ਕਿਹਾ ਕਿ ਤੁਹਾਡੀ ਦਿੱਖ ਤੋਂ ਤਾਂ ਇੰਝ ਨਹੀਂ ਲੱਗਦਾ ਸੀ ਕਿ ਤੁਸੀਂ ਇੰਨੇ ਗਿਆਨੀ ਹੋਵੋਗੇ। ਉਸ ਅਜਨਬੀ ਨੂੰ ਇਹ ਗੱਲ ਸੁੰਣਨੀ ਚੰਗੀ ਨਾ ਲੱਗੀ ਪਰ ਉਸਨੇ ਆਪਣੇ ਜਜ਼ਬਾਤਾਂ ਨੂੰ ਕਾਬੂ ਵਿੱਚ ਰੱਖਿਆ। ਕੁਝ ਪਲਾਂ

ਦੀ ਚੁੱਪ ਤੋਂ ਬਾਅਦ ਉਸਨੇ ਕਿਹਾ, "ਤੁਸੀਂ ਆਪਣੀ ਜਗ੍ਹਾ ਬਿਲਕੁਲ ਠੀਕ ਹੋ। ਪਰ ਅੱਲਾਹ ਕਈ ਵਾਰੀ ਪਾਪੀਆਂ ਤੋਂ ਵੀ ਆਪਣਾ ਕੰਮ ਕਰਵਾ ਲੈਂਦਾ ਹੈ।"

ਇਹ ਸੰਤੁਲਿਤ ਤੇ ਉਚਿਤ ਉੱਤਰ ਇੰਨਾ ਪ੍ਰਭਾਵਸ਼ਾਲੀ ਸੀ ਕਿ ਉਹ ਬਜ਼ੁਰਗ ਨਿਸ਼ਬਦ ਰਹਿ ਗਿਆ। ਇਹ ਉਦਾਹਰਣ ਹੈ ਕਿ ਜਦੋਂ ਤੁਹਾਨੂੰ ਕੋਈ ਉਕਸਾਵੇ ਤਾਂ ਸਹਿਜਤਾ ਨਾਲ ਉੱਤਰ ਕਿਵੇਂ ਦੇਣਾ ਚਾਹੀਦਾ ਹੈ। ਜਦੋਂ ਵੀ ਕੋਈ ਤੁਹਾਡੀ ਆਲੋਚਨਾ ਕਰੇ ਜਾਂ ਤੁਹਾਡੇ ਬਾਰੇ ਕੁਝ ਮਾੜਾ ਕਹੇ ਅਤੇ ਤੁਸੀਂ ਗੁੱਸੇ ਵਿੱਚ ਆ ਜਾਓ, ਤਾਂ ਮਨ ਕਰਦਾ ਹੈ ਕਿ ਆਲੋਚਕ ਨੂੰ ਤੁਰੰਤ ਜਵਾਬ ਦਿੱਤਾ ਜਾਵੇ। ਪਰ ਸਹੀ ਤਰੀਕਾ ਇਹ ਹੈ ਕਿ ਉਸ ਨਕਾਰਾਤਮਕ ਅਲੋਚਨਾ ਨੂੰ ਆਪਣੇ ਅੰਦਰ ਰੱਖ ਲਿਆ ਜਾਵੇ। ਇਹ ਪੁੱਠਾ ਉੱਤਰ ਦੇਣ ਨਾਲੋਂ ਬਿਹਤਰ ਹੈ। ਜਦੋਂ ਤੁਸੀਂ ਇਸ ਤਰ੍ਹਾਂ ਕਰਦੇ ਹੋ, ਤਾਂ ਤੁਹਾਨੂੰ ਨਵੀਂ ਤਾਕਤ ਮਿਲਦੀ ਹੈ।

ਤੁਹਾਨੂੰ ਸੋਝੀ ਆਉਂਦੀ ਹੈ ਕਿ ਕਠੋਰ ਬੋਲਾਂ ਦਾ ਜਵਾਬ ਨਰਮਾਈ ਨਾਲ ਦੇਣਾ ਕਿੰਨਾ ਵੱਧ ਪ੍ਰਭਾਵਸ਼ਾਲੀ ਹੁੰਦਾ ਹੈ ਅਤੇ ਇਹ ਡੂੰਘੀ ਸਮਝ ਦੀ ਨਿਸ਼ਾਨੀ ਹੈ। ਅਸਲ ਗੱਲ ਇਹ ਹੈ ਕਿ ਜੋ ਵਿਅਕਤੀ ਗੁੱਸੇ ਵਿੱਚ ਵੀ ਧੀਰਜ ਰੱਖਦਾ ਹੈ ਅਤੇ ਨੁਕਸਾਨ ਪਹੁੰਚਾਉਣ ਵਾਲੇ ਨੂੰ ਮਾਫ ਕਰਨ ਦੀ ਸਮਰੱਥਾ ਰੱਖਦਾ ਹੈ, ਉਸਨੂੰ ਇਹ ਸੋਝੀ ਪ੍ਰਾਪਤ ਹੋ ਜਾਂਦੀ ਹੈ ਕਿ ਬਦਲਾ ਲੈਣ ਦੀ ਕੋਈ ਲੋੜ ਨਹੀਂ ਹੁੰਦੀ।

ਆਪਣੀਆਂ ਗਲਤੀਆਂ ਸਵੀਕਾਰਨਾ

ਇੱਕ ਨੌਜਵਾਨ ਖਿਡਾਰੀ, ਜਿਸ ਨੇ ਪਹਿਲੀ ਵਾਰ ਕਿਸੇ ਵੱਡੇ ਫੁੱਟਬਾਲ ਮੈਚ ਵਿੱਚ ਹਿੱਸਾ ਲਿਆ ਸੀ, ਆਪਣੀ ਟੀਮ ਦੇ ਹਾਰ ਜਾਣ ਤੋਂ ਬਾਅਦ ਆਪਣੇ ਪਿਤਾ ਨੂੰ ਲਿਖਦਾ ਹੈ — "ਸਾਡੇ ਵਿਰੋਧੀਆਂ ਨੇ ਸਾਡੀ ਡਿਫੈਂਸ ਲਾਈਨ ਵਿੱਚ ਇੱਕ ਵੱਡੀ ਕਮੀ ਲੱਭ ਲਈ ਸੀ, ਅਤੇ ਉਹ ਕਮੀ ਮੈਂ ਸੀ।"

ਇਸ ਤਰ੍ਹਾਂ ਆਪਣੀਆਂ ਕਮਜ਼ੋਰੀਆਂ ਸਵੀਕਾਰ ਕਰਨ ਲਈ ਹਿੰਮਤ ਦੀ ਲੋੜ ਹੁੰਦੀ ਹੈ, ਅਤੇ ਇਹ ਉਹ ਗੁਣ ਹੈ ਜਿਸ ਤੋਂ ਬਿਨਾਂ ਅਸੀਂ ਸਮਾਜ ਵਿਚ ਤਰੱਕੀ ਨਹੀਂ ਕਰ ਸਕਦੇ। ਐਸੀਆਂ ਬਹੁਤ ਘੱਟ ਹਾਰਾਂ ਹੁੰਦੀਆਂ ਹਨ ਜੋ ਡਿਫੈਂਸ ਲਾਈਨ ਵਿੱਚ ਕਮੀ ਕਾਰਨ ਨਹੀਂ ਹੁੰਦੀਆਂ। ਇਸ ਲਈ ਸਭ ਤੋਂ ਵਧੀਆ ਹਲ ਇਹ ਹੈ ਕਿ ਆਪਣੀ ਹਾਰ ਨੂੰ ਸਵੀਕਾਰ ਕੀਤਾ ਜਾਵੇ, ਇਸ ਤਰ੍ਹਾਂ ਸਮੱਸਿਆ

ਸ਼ੁਰੂ ਹੋਣ ਤੋਂ ਪਹਿਲਾਂ ਹੀ ਅੱਧੀ ਘੱਟ ਜਾਂਦੀ ਹੈ। ਜਦੋਂ ਕੋਈ ਗਲਤੀ ਕਰਨ ਵਾਲਾ ਆਪਣੀਆਂ ਕਮੀਆਂ ਨੂੰ ਪਛਾਣ ਲੈਂਦਾ ਹੈ, ਤਾਂ ਉਸ ਤੋਂ ਅਗਲਾ ਕਦਮ ਇਹ ਹੁੰਦਾ ਹੈ ਕਿ ਜਾਂ ਤਾਂ ਉਹ ਆਪਣੇ ਸਥਾਨ 'ਤੇ ਕਿਸੇ ਹੋਰ ਵੱਧ ਹੋਣਹਾਰ ਵਿਅਕਤੀ ਨੂੰ ਆਉਣ ਦੇਵੇ, ਜਾਂ ਆਪਣੀ ਯੋਗਤਾ ਨੂੰ ਵਧਾਉਣ ਦੀ ਪੂਰੀ ਕੋਸ਼ਿਸ਼ ਕਰੇ।

ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਬੌਧਿਕ ਅਤੇ ਨੈਤਿਕ ਕਿਰਿਆ ਸੱਚ ਦੀ ਪਹਿਚਾਣ ਕਰਨਾ ਹੈ। ਧਰਮ ਉਹ ਹੈ ਜਿਸ ਵਿੱਚ ਮਨੁੱਖ ਪਰਮਾਤਮਾ ਦੀ ਮਹਾਨਤਾ ਨੂੰ ਨਿੱਜ ਨਾਲੋਂ ਕਿਤੇ ਵਧੀਕ ਮੰਨਦਾ ਹੈ। ਦੂਜਿਆਂ ਨੂੰ ਉਹਨਾਂ ਦਾ ਹੱਕ ਦੇਣਾ, ਉਹਨਾਂ ਦੇ ਅਧਿਕਾਰਾਂ ਦੀ ਕਦਰ ਕਰਨਾ ਹੈ। ਤੌਬਾ ਕਰਨਾ ਇਹ ਮੰਨਣਾ ਹੈ ਕਿ ਸਹੀ ਉਹੀ ਹੈ ਜੋ ਪਰਮਾਤਮਾ ਦੀ ਨਿਗਾਹ ਵਿੱਚ ਸਹੀ ਹੈ ਅਤੇ ਗਲਤ ਉਹੀ ਹੈ ਜੋ ਪਰਮਾਤਮਾ ਦੀ ਨਿਗਾਹ ਵਿੱਚ ਗਲਤ ਹੈ। ਜੀਵਨ ਵਿੱਚ ਸੁਧਾਰ ਤੇ ਅੱਗੇ ਵਧਣ ਦਾ ਰਾਜ਼ ਆਪਣੀ ਕਮਜ਼ੋਰੀਆਂ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰਣਾ ਹੈ। ਜੇ ਕੋਈ ਗਲਤੀ ਕਰਨ ਵਾਲਾ ਆਪਣੀ ਗਲਤੀਆਂ ਤੋਂ ਸਬਕ ਨਾ ਲਵੇ ਅਤੇ ਉਹਨਾਂ ਨੂੰ ਵਾਰ-ਵਾਰ ਦੁਹਰਾਵੇ ਤਾਂ ਉਸ ਲਈ ਆਪਣੇ ਆਪ ਨੂੰ ਸੁਧਾਰਨਾ ਅਸੰਭਵ ਹੈ।

ਆਪਣੀਆਂ ਗਲਤੀਆਂ ਨੂੰ ਨਿਮਰਤਾ ਸਹਿਤ ਮੰਨਣਾ ਅਤੇ ਫਿਰ ਸੋਚ-ਵਿਚਾਰ ਕਰਕੇ ਉਨ੍ਹਾਂ ਦੀ ਪਰਖ ਕਰਨਾ ਹੀ ਸਫਲਤਾ ਦੇ ਰਾਹ ਵਲ ਪਹਿਲਾ ਕਦਮ ਹੈ। ਪਰ ਆਮ ਆਦਮੀ ਬਹੁਤ ਘੱਟ ਹੀ ਇਸ ਅਵਸਥਾ 'ਤੇ ਪਹੁੰਚਦਾ ਹੈ। ਜਦੋਂ ਵੀ ਕੋਈ ਗਲਤ ਹੁੰਦਾ ਹੈ, ਉਸ ਲਈ ਆਪਣੀ ਗਲਤੀ ਨੂੰ ਛੁਪਾਉਣਾ ਇਕ ਮਾਨਸਿਕ ਜ਼ਰੂਰਤ ਲੱਗਦੀ ਹੈ। ਉਸ ਦੀ ਇੱਜ਼ਤ ਦਾ ਸਵਾਲ ਬਣ ਜਾਂਦਾ ਹੈ। ਫਿਰ ਉਹ ਝੂਠ, ਧੋਖੇ ਅਤੇ ਝੂਠੇ ਤਰਕਾਂ ਦਾ ਸਹਾਰਾ ਲੈਂਦਾ ਹੈ ਤਾਂ ਜੋ ਸ਼ਰਮਿੰਦਾ ਹੋਣ ਤੋਂ ਬੱਚ ਸਕੇ। ਇਹ ਸਿਰਫ਼ ਨੈਤਿਕ ਪਤਨ ਵੱਲ ਲੈ ਜਾਂਦਾ ਹੈ। ਇਸ ਨਾਲ ਹੋਇਆ ਨੁਕਸਾਨ ਅਕਸਰ ਸੁਧਾਰਨਯੋਗ ਨਹੀਂ ਹੁੰਦਾ ਹੈ ਅਤੇ ਭਵਿੱਖ ਵਿੱਚ ਉਹ ਅਕਸਰ ਆਪਣੀ ਇੱਜ਼ਤ, ਅਹੁਦਾ, ਕੈਰੀਅਰ ਤੇ ਇਥੋਂ ਤਕ ਕਿ ਆਪਣੀ ਜ਼ਿੰਦਗੀ ਨਾਲ ਵੀ ਸਮਝੋਤਾ ਕਰਕੇ ਵਰਤਮਾਨ ਵਿਚ ਕੀਤੀਆਂ ਗਲਤੀਆਂ ਦੀ ਕੀਮਤ ਚੁਕਾਉਂਦਾ ਹੈ। ਜੇਕਰ ਲੋਕ ਜੀਵਨ ਦੇ ਆਰੰਭ ਤੋਂ ਹੀ ਆਪਣਾ ਹੰਕਾਰ ਪੀ ਜਾਣ ਤੇ ਖਿੜ੍ਹੇ ਮੱਥੇ ਆਪਣੀਆਂ ਗਲਤੀਆਂ ਪ੍ਰਵਾਨ ਕਰਨ, ਤਾਂ ਉਹ ਸਾਫ਼ ਦ੍ਰਿਸ਼ਟੀ ਅਤੇ ਪਹਿਲਾਂ ਨਾਲੋਂ ਵੀ ਵਧੇਰੇ ਯਤਨ ਕਰਨ ਦੀ ਇੱਛਾ ਨਾਲ ਆਪਣਾ ਰੁਖ ਸਫਲਤਾ ਵੱਲ ਮੋੜ ਸਕਦੇ ਹਨ।

ਜੀਵਨ ਦਾ ਸੰਦੇਸ਼

ਜੀਵਨ ਇੱਕ ਇਮਤਿਹਾਨ ਵਾਂਗ ਹੈ। ਇਹ ਮੌਜੂਦਾ ਸੰਸਾਰ ਦੀ ਸਭ ਤੋਂ ਵੱਡੀ ਹਕੀਕਤ ਹੈ। ਸਾਡੀ ਕਾਮਯਾਬੀ ਦਾ ਰਾਜ ਇਸ ਸੱਚ ਨੂੰ ਮੰਨਣ ਦੀ ਇੱਛਾ ਵਿੱਚ ਲੁਕਿਆ ਹੋਇਆ ਹੈ, ਚਾਹੇ ਉਹ ਇਸ ਸੰਸਾਰਕ ਜੀਵਨ ਦੀ ਸਫਲਤਾ ਹੋਵੇ ਜਾਂ ਪਰਲੋਕ ਦੀ ਸਫਲਤਾ।

ਮੌਜੂਦਾ ਜੀਵਨ ਅਤੇ ਪਰਲੋਕੀ ਜੀਵਨ ਦੇ ਸੰਦਰਭ ਵਿੱਚ, ਜੇਕਰ ਕਿਸੇ ਵਿਅਕਤੀ ਨੂੰ ਕਿਸੇ ਵੀ ਰੂਪ ਵਿੱਚ ਕੁਝ ਪ੍ਰਦਾਨ ਕੀਤਾ ਗਿਆ ਹੈ ਤਾਂ ਉਹ ਕੋਈ ਉਸਦੀ ਯੋਗਤਾ ਦੇ ਇਨਾਮ ਵਜੋਂ ਨਹੀਂ ਦਿੱਤਾ ਗਿਆ, ਬਲਕਿ ਉਹ ਚੀਜ਼ ਉਸਦੀ ਪਰੀਖਿਆ ਲੈਣ ਦੇ ਨਜ਼ਰੀਏ ਤੋਂ ਬਖਸ਼ੀ ਗਈ ਹੈ। ਇਸ ਲਈ ਉਸਨੂੰ ਉਹ ਚੀਜ਼ ਕਦੇ ਵੀ ਆਪਣੀ ਨਹੀਂ ਸਮਝਣੀ ਚਾਹੀਦੀ, ਸਗੋਂ ਉਸਨੂੰ ਰੱਬ ਦੀ ਰਹਿਮਤ ਸਮਝਣਾ ਚਾਹੀਦਾ ਹੈ। ਕਿਉਂਕਿ ਰੱਬ ਵਲੋਂ ਬਖਸ਼ੀਆਂ ਚੀਜ਼ਾਂ ਮਨੁੱਖ ਕੋਲ ਸਿਰਫ਼ ਉਦੋਂ ਤਕ ਰਹਿਣਗੀਆਂ ਜਦੋਂ ਤਕ ਪ੍ਰਮਾਤਮਾ ਵਲੋਂ ਉਸਦਾ ਇਮਤਿਹਾਨ ਲਿਆ ਜਾ ਰਿਹਾ ਹੈ। ਜਿਵੇਂ ਹੀ ਇਮਤਿਹਾਨ ਦਾ ਸਮਾਂ ਮੁਕੇਗਾ ਹੈ, ਉਸ ਤੋਂ ਸਭ ਕੁਝ ਵਾਪਸ ਲੈ ਲਿਆ ਜਾਵੇਗਾ। ਫਿਰ ਮਨੁੱਖ ਕੋਲ ਸਿਰਫ਼ ਉਸਦੇ ਨੇਕ ਕਰਮ ਹੀ ਬਚਣਗੇ, ਨਾ ਕਿ ਉਹ ਚੀਜ਼ਾਂ ਜਿਨ੍ਹਾਂ ਨਾਲ ਉਹ ਅੱਜ ਘਿਰਿਆ ਹੋਇਆ ਹੈ।

ਇਸ ਦੁਨੀਆਂ ਵਿੱਚ ਹਰ ਮਰਦ ਅਤੇ ਔਰਤ ਕੋਲ ਇੱਕੋ ਜਿਹੀ ਆਜ਼ਾਦੀ ਹੈ। ਇਸ ਕਾਰਨ ਇਹ ਦੁਨੀਆ ਮੁਕਾਬਲੇ ਦਾ ਮੈਦਾਨ ਬਣ ਗਈ ਹੈ। ਕਿਉਂਕਿ ਸਾਰੇ ਵਿਅਕਤੀ ਆਜ਼ਾਦ ਹਨ, ਇਸ ਲਈ ਉਹ ਵੱਖ-ਵੱਖ ਇਕਾਈਆਂ ਵਜੋਂ ਅਤੇ ਕੌਮਾਂ ਵਜੋਂ ਇਕ-ਦੂਜੇ ਨਾਲ ਮੁਕਾਬਲੇ ਵਿੱਚ ਰਹਿੰਦੇ ਹਨ।

ਹਕੀਕਤ ਇਹ ਹੈ ਕਿ ਇਸ ਦੁਨੀਆ ਵਿੱਚ ਕਾਮਯਾਬ ਹੋਣ ਲਈ ਸਾਰੇ ਉਦੇਸ਼ ਹੋਰਾਂ ਨਾਲ ਮੁਕਾਬਲਾ ਕਰਕੇ ਹੀ ਪੂਰੇ ਕਰਨੇ ਪੈਂਦੇ ਹਨ। ਇੱਥੇ ਸਿਰਫ਼ ਉਹੀ ਵਿਅਕਤੀ ਅੱਗੇ ਵੱਧਦਾ ਹੈ ਜੋ ਜੀਵਨ ਦੀ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਦਾ ਹੈ ਅਤੇ ਹੋਰਨਾਂ ਤੋਂ ਪਹਿਲਾਂ ਮੱਲ ਮਾਰ ਜਾਂਦਾ ਹੈ। ਇੱਥੇ ਉਹੀ ਚੀਜ਼ਾਂ ਹਾਸਲ ਕਰਦਾ ਹੈ ਜੋ ਹੋਰਨਾਂ ਤੋਂ ਅੱਗੇ ਨਿਕਲਣ ਦਾ ਹੌਸਲਾ ਰੱਖਦਾ ਹੈ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਰਲੋਕ ਵਿੱਚ ਜੋ ਵਿਅਕਤੀ ਰੱਬ ਤੋਂ ਇਲਾਵਾ ਕਿਸੇ ਹੋਰ ਦਾ ਸਹਾਰਾ ਲੈਣਗੇ, ਉਹਨਾਂ ਦਾ ਹੋਣਾ ਵੀ ਵਿਅਰਥ

ਹੋਵੇਗਾ। ਇਸ ਤੋਂ ਇਲਾਵਾ, ਜੋ ਲੋਕ ਇੱਥੇ ਸਿਰਫ ਪੱਖਪਾਤ ਅਤੇ ਹੰਕਾਰ ਦੀ ਸੋਚ ਰੱਖਦੇ ਹਨ, ਉਹ ਇਸ ਮੁਕਾਬਲੇ ਭਰੇ ਸੰਸਾਰ ਵਿੱਚ ਕਦੇ ਵੀ ਕੋਈ ਮਾਣਯੋਗ ਮੁਕਾਮ ਹਾਸਲ ਨਹੀਂ ਕਰ ਸਕਦੇ ਅਤੇ ਨਾ ਹੀ ਕਿਸੇ ਮਹੱਤਵਪੂਰਨ ਪਦਵੀ ਤੱਕ ਪਹੁੰਚ ਸਕਦੇ ਹਨ।

ਵਿਗਿਆਨਕ ਰੁਝਾਨ

ਵਿਗਿਆਨ ਦੀ ਦੁਨੀਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਦਾ ਮਾਪਦੰਡ ਨੋਬਲ ਪੁਰਸਕਾਰ ਨੂੰ ਮੰਨਿਆ ਜਾਂਦਾ ਹੈ। ਪਰ ਇਹ ਪੁਰਸਕਾਰ ਹਾਸਲ ਕਰਨ ਦੇ ਯੋਗ ਕਿਵੇਂ ਬਣਿਆ ਜਾ ਸਕਦਾ ਹੈ? ਨੋਬਲ ਪੁਰਸਕਾਰ ਜੇਤੂ ਸ਼੍ਰੀ ਐਚ.ਏ. ਕ੍ਰੇਬਜ਼ ਨੇ ਇਸ ਗੱਲ ਦਾ ਅਧਿਐਨ ਕੀਤਾ ਕਿ ਇੱਕ ਮਹਾਨ ਵਿਗਿਆਨੀ ਬਣਨ ਲਈ ਕੀ ਕੁਝ ਲੋੜੀਂਦਾ ਹੈ। ਉਸਦੇ ਅਨੁਸਾਰ, ਸਭ ਤੋਂ ਵੱਧ ਮਹੱਤਵਪੂਰਨ ਚੀਜ਼ ਸੁਵਿਧਾਜਨਕ ਪ੍ਰਯੋਗਸ਼ਾਲਾਵਾਂ ਅਤੇ ਆਧੁਨਿਕ ਲਾਇਬ੍ਰੇਰੀਆਂ ਵਿਚ ਪਹੁੰਚ ਕਰਨਾ ਨਹੀਂ ਹੈ, ਬਲਕਿ ਕੁਝ ਸਮੇਂ ਲਈ ਕਿਸੇ ਮਹਾਨ ਵਿਗਿਆਨੀ ਦੀ ਸੰਗਤ ਪ੍ਰਾਪਤ ਕਰਨਾ ਹੈ। ਕ੍ਰੇਬਜ਼ ਦਾ ਕਹਿਣਾ ਹੈ ਕਿ ਜੇਕਰ ਉਸਨੇ ਓਟੋਬਰਗ ਜਿਹੇ ਮਹਾਨ ਵਿਗਿਆਨੀ ਦੀ ਸੰਗਤ ਨਾ ਕੀਤੀ ਹੁੰਦੀ ਤਾਂ ਹੋ ਸਕਦਾ ਹੈ ਕਿ ਉਹ ਕਦੇ ਵੀ ਡੂੰਘੀ ਵਿਗਿਆਨਕ ਸੋਚ ਵਿਕਸਤ ਨਾ ਕਰ ਪਾਉਂਦਾ।

ਇਸ ਵਿਚਾਰ ਨੂੰ ਕੇਵਲ ਕ੍ਰੇਬਜ਼ ਹੀ ਨਹੀਂ ਸਗੋਂ ਕਈ ਹੋਰ ਮਹਾਨ ਵਿਗਿਆਨੀ ਵੀ ਮੰਨਦੇ ਹਨ ਕਿ ਕਿਸੇ ਮਹਾਨ ਵਿਦਵਾਨ ਦੀ ਸੰਗਤ ਵਿਗਿਆਨਕ ਸੋਝੀ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਮਹਾਨ ਵਿਦਵਾਨਾਂ ਦੀ ਸੰਗਤ ਦਾ ਮੁੱਖ ਲਾਭ ਸਿਰਫ਼ ਵਿਗਿਆਨਕ ਤੱਥ ਅਤੇ ਅੰਕੜਿਆ ਦੀ ਪ੍ਰਾਪਤੀ ਨਹੀਂ, ਕਿਉਂਕਿ ਇਹ ਸਭ ਤਾਂ ਹੋਰ ਕਈ ਸਰੋਤਾਂ ਤੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ, ਬਲਕਿ ਸੰਗਤ ਕਰਨਾ ਇਸ ਲਈ ਮਹੱਤਵਪੂਰਨ ਹੈ ਕਿ ਇਸ ਨਾਲ ਇੱਕ ਵਿਲੱਖਣ ਮਨੋਭਾਵ ਮਹਾਨ ਵਿਅਕਤੀ ਤੋਂ ਉਸਦੇ ਵਿਦਿਆਰਥੀਆਂ ਤੱਕ ਸੰਚਾਰਿਤ ਹੁੰਦਾ ਹੈ, ਜਿਸਨੂੰ ਕ੍ਰੇਬਜ਼ 'ਆਮ ਵਿਗਿਆਨਕ ਰੂਹ' ਕਹਿੰਦਾ ਹੈ। ਇਹੋ ਜਿਹੀ ਸੋਚ ਹੀ ਅਸਲ ਵਿਦਵਾਨ ਦੀ ਪਛਾਣ ਹੈ।

ਉਹ ਇਹ ਵੀ ਲਿਖਦਾ ਹੈ ਕਿ ਇਸ ਰਵੱਈਏ ਵਿੱਚ ਨਿਮਰਤਾ ਅਤੇ ਉਤਸ਼ਾਹ ਦਾ ਹੋਣਾ ਜ਼ਰੂਰੀ ਹੈ, ਕਿਉਂਕਿ ਇਹ ਦੋਵੇਂ ਗੁਣ ਤਰੱਕੀ ਦੀਆਂ

ਉੱਚਾਈਆਂ ਵੱਲ ਜਾਣ ਲਈ ਸਭ ਤੋਂ ਵੱਡੇ ਪੜਾਅ ਹਨ। ਉਤਸ਼ਾਹ ਮਨੁੱਖ ਨੂੰ ਪ੍ਰੇਰਿਤ ਕਰਦਾ ਹੈ, ਉਸ ਵਿੱਚ ਜਿਗਿਆਸਾ ਜਗਾਉਂਦਾ ਹੈ ਅਤੇ ਉਸ ਨੂੰ ਸੱਚ ਦੀ ਲਗਾਤਾਰ ਖੋਜ ਕਰਨ ਲਈ ਉਤਸ਼ਾਹਿਤ ਕਰਦਾ ਹੈ। ਇਹ ਖੋਜ ਆਪਣੇ ਆਪ ਵਿੱਚ ਇੱਕ ਸ਼ਾਨਦਾਰ ਕਿਰਿਆ ਹੈ, ਪਰ ਜੇਕਰ ਖੋਜੀ ਆਪਣੇ ਆਪ ਨੂੰ ਅਟੱਲ ਸੱਚਾਈ ਦੇ ਅੱਗੇ ਸਮਰਪਿਤ ਨਹੀਂ ਕਰਦਾ, ਤਾਂ ਮਹਾਨਤਾ ਉਸਦੇ ਹੱਥ ਨਹੀਂ ਲੱਗਦੀ। ਜੋ ਵਿਅਕਤੀ ਇਹ ਮੰਨ ਲੈਂਦਾ ਹੈ ਕਿ ਉਸਦੀ ਹਸਤੀ ਅਤੇ ਯਤਨ ਇਸ ਵਿਸ਼ਾਲ ਦੁਨੀਆ ਅੱਗੇ ਕੁਝ ਵੀ ਨਹੀਂ, ਉਸ ਵਿਚ ਆਪਣੀਆਂ ਗਲਤੀਆਂ ਮੰਨਣ ਦੀ ਸਮਰੱਥਾ ਜਨਮ ਲਵੇਗੀ ਅਤੇ ਇਹ ਗੁਣ ਇੱਕ ਅਸਲ ਵਿਗਿਆਨੀ ਲਈ ਅਤਿ-ਜ਼ਰੂਰੀ ਹੈ। ਆਪਣੀਆਂ ਕਮਜ਼ੋਰੀਆਂ ਸਵੀਕਾਰ ਕਰਦਿਆਂ ਉਹ ਆਪਣੀ ਇੱਜ਼ਤ ਨਹੀਂ ਗੁਆਉਂਦਾ, ਕਿਉਂਕਿ ਅਸਲ ਵਿਗਿਆਨਕ ਦ੍ਰਿਸ਼ਟੀ ਵਾਲਾ ਮਨੁੱਖ ਸੱਚ ਨੂੰ ਸਭ ਤੋਂ ਉੱਤਮ ਮੰਨਦਾ ਹੈ।

ਉਹ ਸਕੂਲ ਤੋਂ ਕੱਢਿਆ ਗਿਆ ਸੀ

ਬੇਸ਼ਕ ਉਹ ਸ਼ੁਰੂਆਤੀ ਦਿਨਾਂ ਵਿਚ ਬਹੁਤ ਸਹਿਜ ਸੀ, ਪਰ ਬਾਅਦ ਵਿਚ ਅਲਬਰਟ ਆਇੰਸਟਾਈਨ ਨੇ 20ਵੀਂ ਸਦੀ ਦੇ ਵਿਗਿਆਨ ਵਿੱਚ ਕ੍ਰਾਂਤੀ ਲਿਆਉਣ ਵਿੱਚ ਸਫਲਤਾ ਹਾਸਲ ਕੀਤੀ। ਇੱਕ ਆਮ ਪਿਤਾ ਦਾ ਆਮ ਜਿਹਾ ਪੁੱਤਰ, ਜੋ ਤਿੰਨ ਸਾਲ ਦੀ ਉਮਰ ਤੱਕ ਬੋਲ ਨਹੀਂ ਸਕਦਾ ਸੀ ਅਤੇ ਨੌਂ ਸਾਲ ਦੀ ਉਮਰ ਤੱਕ ਉਸ ਵਿੱਚ ਔਸਤ ਯੋਗਤਾਵਾਂ ਵੀ ਨਹੀਂ ਦਿਖਾਈ ਦਿੰਦੀਆਂ ਸਨ। ਇੱਕ ਵਾਰ ਤਾਂ ਉਸਨੂੰ ਸਕੂਲ ਤੋਂ ਵੀ ਕੱਢ ਦਿੱਤਾ ਗਿਆ ਸੀ ਕਿਉਂਕਿ ਉਸਦੇ ਅਧਿਆਪਕ ਨੂੰ ਡਰ ਸੀ ਕਿ ਉਸਦਾ ਕਮਜ਼ੋਰ ਅਕਾਦਮਿਕ ਪ੍ਰਦਰਸ਼ਨ ਹੋਰ ਵਿਦਿਆਰਥੀਆਂ 'ਤੇ ਮਾੜਾ ਅਸਰ ਪਾ ਸਕਦਾ ਹੈ।

ਸਕੂਲੀ ਪੜ੍ਹਾਈ ਪੂਰੀ ਕਰਨ ਉਪਰੰਤ ਉਹ ਪਹਿਲੇ ਯਤਨ ਵਿਚ ਜ਼ਿਊਰਿਖ ਟੈਕਨਿਕਲ ਕਾਲਜ ਵਿੱਚ ਦਾਖਲੇ ਲਈ ਯੋਗ ਨਹੀਂ ਹੋ ਸਕਿਆ। ਪਰ ਪੂਰੀ ਤਿਆਰੀ ਤੋਂ ਬਾਅਦ ਮੁੜ ਕੋਸ਼ਿਸ਼ ਕਰਨ 'ਤੇ ਉਸਨੂੰ ਇਸ ਵਿਚ ਸਫਲਤਾ ਮਿਲ ਗਈ।

ਵੀਹ ਸਾਲ ਦੀ ਉਮਰ ਤੱਕ ਆਇੰਸਟਾਈਨ ਵਿੱਚ ਕੋਈ ਵਿਸ਼ੇਸ਼ ਸਮਰੱਥਾ ਨਹੀਂ ਸੀ ਦਿਖਾਈ ਦਿੰਦੀ। ਦਰਅਸਲ, "ਅਲਬਰਟ ਇੱਕ ਆਲਸੀ ਕੁੱਤਾ

ਹੈ" — ਇਹ ਇੱਕ ਅਧਿਆਪਕ ਦਾ ਉਸ ਬਾਰੇ ਕਿਹਾ ਕਥਨ ਸੀ। ਬਾਅਦ ਵਿੱਚ ਸਖ਼ਤ ਮਿਹਨਤ ਸਦਕਾ ਉਹ ਅਜਿਹੀਆਂ ਉੱਚਾਈਆਂ 'ਤੇ ਪਹੁੰਚ ਗਿਆ ਜਿਹੜੀਆਂ ਹੋਰ ਕਿਸੇ ਆਧੁਨਿਕ ਵਿਗਿਆਨੀ ਦੁਆਰਾ ਸਰ ਨਹੀਂ ਕੀਤੀਆਂ ਗਈਆਂ। ਉਸਦੇ ਜੀਵਨੀਕਾਰ ਨੇ ਲਿਖਿਆ, "ਅਸੀਂ ਇਸ ਗੱਲ ਤੋਂ ਹੌਸਲਾ ਲੈ ਸਕਦੇ ਹਾਂ ਕਿ ਆਇੰਸਟਾਈਨ ਬਣਨ ਲਈ ਚੰਗਾ ਵਿਦਿਆਰਥੀ ਹੋਣਾ ਲਾਜ਼ਮੀ ਨਹੀਂ ਹੈ।"

ਆਇੰਸਟਾਈਨ ਦੀ ਪਹਿਲੀ ਵਿਗਿਆਨਕ ਕਿਤਾਬ ਉਸਦੀ 26 ਸਾਲ ਦੀ ਉਮਰ ਵਿੱਚ ਪ੍ਰਕਾਸ਼ਿਤ ਹੋਈ, ਜਿਸ ਤੋਂ ਬਾਅਦ ਉਸਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ। ਉਹ ਸਾਦਗੀ ਭਰਿਆ ਜੀਵਨ ਜੀਉਂਦਾ ਸੀ, ਸਧਾਰਨ ਭੋਜਨ ਖਾਂਦਾ ਸੀ, ਪਰ ਅਕਸਰ ਦੇਰ ਰਾਤ ਤੱਕ ਕੰਮ ਕਰਦਾ ਸੀ। ਇੱਕ ਵਾਰ ਉਸਨੂੰ ਇਜ਼ਰਾਈਲ ਦਾ ਰਾਸ਼ਟਰਪਤੀ ਬਣਨ ਦੀ ਪੇਸ਼ਕਸ਼ ਹੋਈ, ਪਰ ਉਸਨੇ ਇਨਕਾਰ ਕਰ ਦਿੱਤਾ। ਦਰਅਸਲ, ਉਹ ਮੰਨਦਾ ਸੀ ਕਿ ਰਾਜਨੀਤੀ ਮਨੁੱਖਤਾ ਲਈ ਕੈਂਸਰ ਹੈ। ਉਹ ਹਿਟਲਰ ਦੇ ਜਰਮਨੀ ਤੋਂ ਆਪਣੇ ਸਿਰ ਵੀਹ ਹਜ਼ਾਰ ਮਾਰਕਾਂ ਦਾ ਇਨਾਮ ਲੈ ਕੇ ਨਿਕਲਿਆ, ਪਰ ਵਿਗਿਆਨ ਦੀ ਦੁਨੀਆ ਵਿੱਚ ਆਇੰਸਟਾਈਨ ਦੀ ਇੱਜ਼ਤ ਤੇ ਪ੍ਰਸਿੱਧੀ ਇੰਨੀ ਸੀ ਕਿ ਕੋਈ ਵੀ ਉਸਨੂੰ ਫੜਨ ਦੀ ਹਿੰਮਤ ਨਾ ਕਰ ਸਕਿਆ।

ਇਤਿਹਾਸ ਵਿੱਚ ਬੇਅੰਤ ਉਦਾਹਰਨਾਂ ਦਰਜ ਹਨ ਜੋ ਇਹ ਦਰਸਾਉਂਦੀਆਂ ਹਨ ਕਿ ਮਹਾਨਤਾ ਹਾਸਲ ਕਰਨ ਲਈ ਮਹਾਨ ਵਿਅਕਤੀ ਦੇ ਘਰ ਜਨਮ ਲੈਣਾ ਲਾਜ਼ਮੀ ਨਹੀਂ। ਜੇਕਰ ਮਨੁੱਖ ਕਰੜੀ ਮਿਹਨਤ ਕਰਨ ਲਈ ਤਿਆਰ ਹੋਵੇ ਤਾਂ ਉਹ ਇਕ ਆਮ ਤੇ ਅਗਿਆਤ ਸ਼ੁਰੂਆਤ ਤੋਂ ਵੀ ਮਹਾਨਤਾ ਤੇ ਪ੍ਰਸਿੱਧੀ ਤੱਕ ਪਹੁੰਚ ਸਕਦਾ ਹੈ। ਯਾਦ ਰੱਖਣ ਯੋਗ ਗੱਲ ਇਹ ਹੈ ਕਿ ਜੋ ਲੋਕ ਤੰਗ ਸਥਿਤੀਆਂ ਦਾ ਸਾਹਮਣਾ ਕਰਦੇ ਹਨ, ਉਹ ਜ਼ਿਆਦਾ ਵਧੀਆ ਢੰਗ ਨਾਲ ਵਿਕਸਿਤ ਹੋ ਸਕਦੇ ਹਨ ਕਿਉਂਕਿ ਮੁਸੀਬਤਾਂ, ਪਰੇਸ਼ਾਨੀਆਂ ਉਨ੍ਹਾਂ ਦੀ ਲੁਕਵੀਂ ਸਮਰੱਥਾ ਨੂੰ ਬਾਹਰ ਲਿਆਉਂਦੀ ਹੈ। ਤੰਗ ਸਥਿਤੀਆਂ ਹਰ ਉਸ ਉਮੀਦਵਾਰ ਨੂੰ ਚੁਣੌਤੀ ਦੇ ਨਾਲ-ਨਾਲ ਮੌਕਾ ਵੀ ਦਿੰਦੀਆਂ ਹਨ ਜੋ ਮਹਾਨਤਾ ਹਾਸਲ ਕਰਨਾ ਚਾਹੁੰਦਾ ਹੈ ਅਤੇ ਜੇਕਰ ਉਹ ਇਸ ਚੁਣੌਤੀ ਨੂੰ ਕਬੂਲ ਨਹੀਂ ਕਰਦਾ ਤਾਂ ਉਹ ਗੁਮਨਾਮੀ ਵਿੱਚ ਹੀ ਡੁੱਬ ਜਾਵੇਗਾ, ਜਾਂ ਫਿਰ ਨਸ਼ਟ ਹੋ ਜਾਵੇਗਾ। ਜਿੱਥੇ ਖੁਸ਼ਹਾਲੀ ਦੀਆਂ ਆਸਾਨੀਆਂ ਅਤੇ ਸੁਵਿਧਾਵਾਂ ਉਸ ਨੂੰ ਆਲਸੀ ਅਤੇ ਅਕਿਰਿਆਸ਼ੀਲ ਬਣਾ ਦੇਣਗੀਆਂ, ਉੱਥੇ ਮੁਸੀਬਤ ਦੀ ਚੋਟ ਉਸ ਨੂੰ ਮਕਸਦਭਰੀ ਜ਼ਿੰਦਗੀ ਵੱਲ

ਅਗਰਸਰ ਕਰੇਗੀ। ਸੰਖੇਪ ਵਿੱਚ ਕਹੀਏ ਤਾਂ ਪਰੇਸ਼ਾਨੀ ਮਨੁੱਖ ਵਿੱਚੋਂ ਸਭ ਤੋਂ ਉੱਤਮ ਗੁਣ ਬਾਹਰ ਲਿਆਵੇਗੀ। ਜਿਵੇਂ ਕਿ ਸਰ ਫ਼੍ਰਾਂਸਿਸ ਬੇਕਨ ਆਪਣੇ ਲੇਖ 'ਆਫ਼ ਐਡਵਰਸਿਟੀ' ਵਿੱਚ ਕਹਿੰਦਾ ਹੈ, "ਖੁਸ਼ਹਾਲੀ ਸਭ ਤੋਂ ਵੱਧ ਬੁਰਾਈ ਨੂੰ ਉਜਾਗਰ ਕਰਦੀ ਹੈ, ਪਰ ਮੁਸੀਬਤ ਸਭ ਤੋਂ ਵੱਧ ਨੇਕੀ ਨੂੰ ਉਜਾਗਰ ਕਰਦੀ ਹੈ।"

ਰੱਬ ਦੀ ਸਿਰਜੀ ਸ੍ਰਿਸ਼ਟੀ ਵਿੱਚ ਮਨੁੱਖੀ ਸੰਭਾਵਨਾਵਾਂ ਦੀ ਕੋਈ ਸੀਮਾ ਨਹੀਂ। ਜੀਵਨ ਵਿੱਚ ਇਕ ਆਮ ਸ਼ੁਰੂਆਤ ਹੋਣਾ ਕਦੇ ਵੀ ਨਿਰਾਸ਼ਾ ਦਾ ਕਾਰਨ ਨਹੀਂ ਬਣਨਾ ਚਾਹੀਦਾ। ਜੀਵਨ ਦੇ ਆਮ ਹਾਲਾਤਾਂ, ਜੋ ਕਿ ਸਫਲਤਾ ਵੱਲ ਪੁੱਟੇ ਪਹਿਲੇ ਕਦਮ ਹਨ; ਨੂੰ ਸਮਝਣ ਤੇ ਉਨ੍ਹਾਂ ਦਾ ਸਾਮਣਾ ਕਰਨ ਦੀ ਲੋੜ ਹੈ। ਪਰ ਮਾੜੇ ਹਾਲਾਤਾਂ ਨਾਲ ਲੜਨ ਤੋਂ ਪਹਿਲਾਂ ਸਾਨੂੰ ਸਰ ਫ਼੍ਰਾਂਸਿਸ ਬੇਕਨ ਦੇ ਆਖ਼ਰੀ ਚੇਤਾਵਨੀ ਅਤੇ ਦਿਲਾਸੇ ਭਰੇ ਸ਼ਬਦ ਸੁਣਨੇ ਚਾਹੀਦੇ ਹਨ: "ਖੁਸ਼ਹਾਲੀ ਭੈਅ ਅਤੇ ਨਾਪਸੰਦੀਆਂ ਤੋਂ ਅੱਡ ਨਹੀਂ ਹੁੰਦੀ ਅਤੇ ਮੁਸੀਬਤਾਂ ਆਸ ਤੇ ਸਹਾਰਿਆਂ ਤੋਂ ਰਹਿਤ ਨਹੀਂ ਹੁੰਦੀਆਂ।"

ਗੁੱਸੇ ਦਾ ਇਲਾਜ ਸਿਆਣਪ ਨਾਲ

ਬਰਟ੍ਰੈਂਡ ਰੱਸਲ (1872–1970) ਇੱਕ ਗੈਰ-ਪਾਰੰਪਰਿਕ ਵਿਅਕਤੀ ਸਨ। ਉਹ ਅਕਸਰ ਅਜਿਹੀਆਂ ਗੈਰ-ਪਾਰੰਪਰਿਕ ਗੱਲਾਂ ਕਹਿੰਦੇ ਸਨ, ਜਿਨ੍ਹਾਂ ਨਾਲ ਕਈ ਪਾਰੰਪਰਿਕ ਲੋਕ ਗੁੱਸੇ ਵਿੱਚ ਆ ਜਾਂਦੇ ਸਨ। ਉਹ ਆਪਣੇ ਇੱਕ ਲੈਕਚਰ ਦੌਰਾਨ ਘਟੀ ਇਕ ਘਟਨਾ ਬਾਰੇ ਲਿਖਦੇ ਹਨ: "ਇੱਕ ਵਿਅਕਤੀ ਗੁੱਸੇ ਵਿੱਚ ਖੜ੍ਹਾ ਹੋਇਆ ਅਤੇ ਕਹਿਣ ਲੱਗਾ ਕਿ ਮੈਂ ਬਾਂਦਰ ਵਰਗਾ ਲੱਗਦਾ ਹਾਂ; ਜਿਸ 'ਤੇ ਮੈਂ ਜਵਾਬ ਦਿੱਤਾ, 'ਤਾਂ ਫਿਰ ਤੁਹਾਨੂੰ ਆਪਣੇ ਪੂਰਖਿਆਂ ਦੀ ਆਵਾਜ਼ ਸੁਣਨ ਦਾ ਸੁੱਖ ਮਿਲੇਗਾ।'" (ਆਟੋਬਾਇਓਗ੍ਰਾਫੀ, ਸਫ਼ਾ 565)

ਰੱਸਲ ਦਾ ਇਹ ਜਵਾਬ ਵਿਕਾਸ ਦੇ ਸਿਧਾਂਤ ਵੱਲ ਇਸ਼ਾਰਾ ਕਰਦਾ ਹੈ। ਇਸ ਸਿਧਾਂਤ ਅਨੁਸਾਰ, ਮਨੁੱਖ ਬੰਦਰਾਂ ਦੀ ਪ੍ਰਜਾਤੀ ਤੋਂ ਵਿਕਸਤ ਹੋਏ ਹਨ। ਇੱਥੇ ਮੈਂ ਇਸ ਸਿਧਾਂਤ ਦੀ ਸੱਚਾਈ 'ਤੇ ਚਰਚਾ ਨਹੀਂ ਕਰਾਂਗਾ। ਮੈਂ ਇਥੇ ਇਸ ਘਟਨਾ ਦਾ ਜ਼ਿਕਰ ਇਸ ਲਈ ਕੀਤਾ ਹੈ ਕਿਉਂਕਿ ਇਹ ਬਿਨਾਂ ਭੜਕੇ

ਜਵਾਬ ਦੇਣ ਦੀ ਇੱਕ ਵਧੀਆ ਉਦਾਹਰਨ ਹੈ। ਜਦੋਂ ਕੋਈ ਤੁਹਾਨੂੰ ਮਾੜਾ ਬੋਲੇ ਜਾਂ ਤੁਹਾਡੀ ਅਲੋਚਨਾ ਕਰੇ, ਉਸ ਵੇਲੇ ਜਵਾਬ ਦੇਣ ਦੇ ਦੋ ਤਰੀਕੇ ਹੁੰਦੇ ਹਨ। ਪਹਿਲਾ ਤਰੀਕਾ ਹੈ ਕਿ ਤੁਸੀਂ ਗੁੱਸੇ ਹੋ ਜਾਓ ਅਤੇ ਗੁੱਸੇ ਵਿੱਚ ਹੀ ਪ੍ਰਤੀਕਿਰਿਆ ਦਿਓ। ਇਹ ਸੂਝ ਭਰਪੂਰ ਤਰੀਕਾ ਹੈ।

ਦੂਜਾ ਤਰੀਕਾ ਹੈ ਕਿ ਮਾੜੇ ਸ਼ਬਦ ਸੁਣਨ ਤੋਂ ਬਾਅਦ ਵੀ ਗੁੱਸੇ ਵਿਚ ਨਾ ਆਵੋ। ਭਾਵੇਂ ਕੋਈ ਤੁਹਾਡੇ ਨਾਲ ਕਿੰਨਾ ਵੀ ਮਾੜੇ ਢੰਗ ਨਾਲ ਬੋਲੇ, ਤੁਸੀਂ ਆਪਣੇ ਆਪ 'ਤੇ ਕਾਬੂ ਰੱਖੋ। ਤੁਹਾਡਾ ਜਵਾਬ ਨਾਕਾਰਾਤਮਕ ਪ੍ਰਤੀਕਿਰਿਆ ਵਾਲਾ ਨਾ ਹੋਵੇ, ਸਗੋਂ ਸੋਚ-ਵਿਚਾਰ ਕਰਕੇ ਸਕਾਰਾਤਮਕਤਾ ਭਰਪੂਰ ਹੋਵੇ।

ਪਹਿਲਾ ਤਰੀਕਾ ਸਿਰਫ਼ ਅੱਗ ਵਿਚ ਤੇਲ ਦਾ ਕੰਮ ਕਰੇਗਾ, ਜਦਕਿ ਦੂਜਾ ਤਰੀਕਾ ਅੱਗ ਵਿਚ ਪਾਣੀ ਦਾ ਕੰਮ ਕਰੇਗਾ, ਜਿਸ ਨਾਲ ਅੱਗ ਰੂਪੀ ਗੁੱਸਾ ਬਿਲਕੁਲ ਸ਼ਾਂਤ ਹੋ ਜਾਵੇਗਾ।

ਦੂਜਾ ਤਰੀਕਾ ਉਕਸਾਉਣ ਜਾਂ ਭੜਕਾਉਣ ਵਾਲੇ ਨੂੰ ਚੁੱਪ ਕਰਾਉਣ ਦਾ ਸਭ ਤੋਂ ਵਧੀਆ ਰਾਹ ਹੈ। ਉਕਤ ਘਟਨਾ ਵਿੱਚ ਬਰਟ੍ਰੈਂਡ ਰੱਸਲ ਦਾ ਜਵਾਬ ਕਾਫ਼ੀ ਪ੍ਰਭਾਵਸ਼ਾਲੀ ਸਾਬਤ ਹੋਇਆ, ਜਦਕਿ ਜੇ ਉਹ ਨਕਾਰਾਤਮਕ ਢੰਗ ਨਾਲ ਜਵਾਬ ਦਿੰਦੇ ਤਾਂ ਉਹ ਉਨਾਂ ਪ੍ਰਭਾਵਸ਼ਾਲੀ ਨਾ ਹੁੰਦਾ।

ਜੀਵਨ ਦੀਆਂ ਚੁਣੌਤੀਆਂ

ਸਰ ਵਾਲਟਰ ਸਕਾਟ (1771-1832) ਨੂੰ ਅੱਜ ਅੰਗਰੇਜ਼ੀ ਸਾਹਿਤ ਦਾ ਇੱਕ ਵਿਸ਼ੇਸ਼ ਹਸਤਾਖ਼ਰ ਮੰਨਿਆ ਜਾਂਦਾ ਹੈ। ਪਰ ਜ਼ਿੰਦਗੀ ਦੇ ਸ਼ੁਰੂਆਤੀ ਦੌਰ ਵਿੱਚ ਉਹ ਆਰਥਿਕ ਤੰਗੀਆਂ ਵਿਚ ਇਸ ਕਦਰ ਉਲਝਿਆ ਹੋਇਆ ਸੀ ਕਿ ਉਸਨੂੰ ਦੇਖ ਇਉਂ ਜਾਪਦਾ ਸੀ ਉਹ ਸਿਰਫ ਨਾਕਾਮੀ ਵੱਲ ਵਧ ਰਿਹਾ ਹੈ। ਪਰ ਅਸਲ ਵਿੱਚ ਇਹੀ ਤੰਗੀਆਂ ਉਸਨੂੰ ਆਖ਼ਰਕਾਰ ਕਾਮਯਾਬੀ ਵੱਲ ਲੈ ਗਈਆਂ।

ਜੁਆਨੀ ਤੱਕ ਉਸਨੂੰ ਬਿਲਕੁਲ ਆਮ ਯੋਗਤਾਵਾਂ ਵਾਲਾ ਵਿਅਕਤੀ ਮੰਨਿਆ ਜਾਂਦਾ ਸੀ, ਇਥੋਂ ਤਕ ਕਿ ਇੱਕ ਮਾੜਾ ਕਵੀ ਵੀ ਸਮਝਿਆ ਜਾਂਦਾ ਸੀ। ਇਸ ਸਮੇਂ ਤੱਕ ਉਹ ਕਰਜ਼ਿਆਂ ਦੇ ਬੋਝ ਹੇਠ ਦਬਿਆ ਹੋਇਆ ਸੀ, ਜਿਸ ਹੇਠੋਂ ਉਸਦੀ ਬੇਅਰਥ ਤੇ ਅਪ੍ਰਭਾਵੀ ਕਵਿਤਾ ਵੀ ਉਸਨੂੰ ਬਾਹਰ ਨਹੀਂ ਸੀ ਕੱਢ

ਸਕਦੀ। ਪਰ ਹਾਲਾਤਾਂ ਨੇ ਉਸਨੂੰ ਜਿਸ ਬੇਬਸੀ ਵਿੱਚ ਧੱਕ ਦਿੱਤਾ ਸੀ, ਉਸਨੇ ਉਸਨੂੰ ਤੋੜਨ ਦੀ ਬਜਾਏ ਉਸਦੇ ਅੰਦਰੋਂ ਬੇਮਿਸਾਲ ਨਵੀਆਂ ਅਤੇ ਅਕਲਪਿਤ ਤਾਕਤਾਂ ਨੂੰ ਜਾਗਰੂਕ ਕਰ ਦਿੱਤਾ। ਇਹ ਲੁਕੀਆਂ ਯੋਗਤਾਵਾਂ ਉਸਦੇ ਲਈ ਇੱਕ ਨਵੇਂ ਖੇਤਰ—ਇਤਿਹਾਸਕ ਰੋਮਾਂਸ ਭਰਪੂਰ ਨਾਵਲ ਲਿਖਣ ਲਈ ਸਹਾਇਕ ਸਿੱਧ ਹੋਈਆਂ। ਕਰਜ਼ਿਆਂ ਦਾ ਦਬਾਅ ਉਸਨੂੰ ਅਗਲੇ ਕੁਝ ਸਾਲਾਂ ਦੌਰਾਨ ਬੇਹੱਦ ਸਾਹਿਤਕ ਯਤਨਾਂ ਲਈ ਪ੍ਰੇਰਿਤ ਕਰਦਾ ਰਿਹਾ ਅਤੇ ਕਿਉਂਕਿ ਉਸਨੂੰ ਆਪਣੀਆਂ ਕਿਤਾਬਾਂ ਜਲਦੀ ਅਤੇ ਉੱਚੀ ਕੀਮਤ ’ਤੇ ਵੇਚਣ ਦੀ ਬਹੁਤ ਲੋੜ ਸੀ, ਉਸਨੇ ਆਪਣੀਆਂ ਲਿਖਤਾਂ ਨੂੰ ਉਹਨਾਂ ਕਹਾਣੀਆਂ ਤੱਕ ਸੀਮਿਤ ਰੱਖਿਆ ਜੋ ਪਾਠਕਾਂ ਦੀ ਧਿਆਨ ਖਿੱਚਣ ਵਾਲੀਆਂ ਸਨ। ਇਹ ਅਸਾਧਾਰਣ ਮਿਹਨਤ ਉਸਦੇ ਨਾਵਲਾਂ ਦੀ ਲੋਕਪ੍ਰਿਯਤਾ ਦੀ ਗਾਰੰਟੀ ਬਣੀ। ਉਹ ਬਹੁਤ ਤੇਜ਼ੀ ਨਾਲ ਵਿਕਣ ਲੱਗੇ ਅਤੇ ਉਹ ਆਪਣੇ ਸਾਰੇ ਕਰਜ਼ੇ ਉਤਾਰਨ ਵਿਚ ਸਫਲ ਹੋ ਗਿਆ।

ਸਾਹਿਤ ਦੇ ਖੇਤਰ ਵਿਚ ਪ੍ਰਸਿੱਧੀ ਹਾਸਲ ਕਰਨ ਤੋਂ ਬਾਅਦ, ਉਸਨੂੰ ਅੰਗਰੇਜ਼ੀ ਸਾਹਿਤ ਵਿੱਚ ਪਾਏ ਉਸਦੇ ਯੋਗਦਾਨ ਸਦਕਾ ਸਨਮਾਨਿਤ ਵੀ ਕੀਤਾ ਗਿਆ। ਪਰ ਜੇਕਰ ਸ਼ੁਰੂ ਵਿੱਚ ਉਸ ਉੱਤੇ ਕਰਜ਼ਿਆਂ ਦਾ ਭਾਰ ਨਾ ਹੁੰਦਾ, ਤਾਂ ਸ਼ਾਇਦ ਉਹ ਕਦੇ ਵੀ ਅਜਿਹੀਆਂ ਉੱਚ ਦਰਜੇ ਦੀਆਂ ਸਾਹਿਤਕ ਰਚਨਾਵਾਂ ਨਾ ਕਰਦਾ, ਨਾ ਇੰਨਾ ਪ੍ਰਭਾਵਸ਼ਾਲੀ ਹੁੰਦਾ ਅਤੇ ਨਾ ਹੀ “ਸਰ ਵਾਲਟਰ ਸਕਾਟ” ਬਣਦਾ। ਉਸਨੇ ਮਾੜੇ ਹਾਲਾਤਾਂ ਦਾ ਡੱਟ ਕੇ ਸਾਹਮਣਾ ਕੀਤਾ ਅਤੇ ਇਸੇ ਕਾਰਨ ਉਹ ਅੰਗਰੇਜ਼ੀ ਸਾਹਿਤ ਦੇ ਸਭ ਤੋਂ ਮਹੱਤਵਪੂਰਨ ਲੇਖਕ ਬਣੇ।

ਜੀਵਨ ਦੀਆਂ ਚੁਣੌਤੀਆਂ ਹੀ ਇਨਸਾਨ ਨੂੰ ਬਣਾਉਂਦੀਆਂ ਜਾਂ ਤੋੜਦੀਆਂ ਹਨ।

ਤੁਸੀਂ ਗਰੀਬ ਨਹੀਂ, ਅਮੀਰ ਹੋ

ਇੱਕ ਵਾਰ ਜਦੋਂ ਇੱਕ ਭਿਖਾਰੀ ਸੜਕ ’ਤੇ ਭੀਖ ਮੰਗਦਾ ਫਿਰ ਰਿਹਾ ਸੀ, ਤਾਂ ਇੱਕ ਰਾਹੀ ਉਸ ਵੱਲ ਮੁੜਿਆ ਤੇ ਵੇਖਿਆ ਕਿ ਉਹ ਕਿਸੇ ਵੀ ਤਰੀਕੇ ਨਾਲ ਅਪਾਹਜ ਨਹੀਂ ਸੀ। ਰਾਹੀ ਨੇ ਪੁੱਛਿਆ ਕਿ ਤੂੰ ਭੀਖ ਕਿਉਂ ਮੰਗ ਰਿਹਾ ਹੈ? ਭਿਖਾਰੀ ਨੇ ਜਵਾਬ ਦਿੱਤਾ, “ਮੈਂ ਗਰੀਬ ਹਾਂ।” ਉਸ ਰਾਹੀ ਨੇ ਕਿਹਾ, “ਨਹੀਂ, ਤੁਸੀਂ ਗਰੀਬ ਨਹੀਂ ਹੋ। ਬਲਕਿ ਤੁਸੀਂ ਬਹੁਤ ਅਮੀਰ ਹੋ।” ਭਿਖਾਰੀ ਨੇ ਉਸ

ਨੂੰ ਬੇਨਤੀ ਕੀਤੀ ਕਿ ਉਹ ਉਸ ਦਾ ਮਜ਼ਾਕ ਨਾ ਉੜਾਏ, ਕਿਉਂਕਿ ਉਹ ਸੱਚਮੁੱਚ ਗਰੀਬ ਸੀ। ਰਾਹੀ ਨੇ ਕਿਹਾ, "ਠੀਕ ਹੈ, ਜੋ ਕੁਝ ਤੁਹਾਡੇ ਕੋਲ ਹੈ, ਮੈਨੂੰ ਦੇ ਦਿਓ, ਬਦਲੇ ਵਿੱਚ ਮੈਂ ਤੁਹਾਨੂੰ 50,000 ਰੁਪਏ ਦਿਆਂਗਾ।"

ਭਿਖਾਰੀ ਨੇ ਖੁਸ਼ੀ-ਖੁਸ਼ੀ ਆਪਣਾ ਗੰਦਾ ਥੈਲਾ, ਜਿਸ ਵਿੱਚ ਕੁਝ ਸਿੱਕੇ ਸਨ, ਉਸ ਦੇ ਹਵਾਲੇ ਕਰ ਦਿੱਤਾ ਅਤੇ ਕਿਹਾ, "ਮੇਰੇ ਕੋਲ ਸਿਰਫ ਇਹੀ ਹੈ, ਤੁਸੀਂ ਲੈ ਜਾਓ।" ਆਦਮੀ ਨੇ ਕਿਹਾ, "ਨਹੀਂ, ਤੁਹਾਡੇ ਕੋਲ ਇਸ ਤੋਂ ਇਲਾਵਾ ਵੀ ਬਹੁਤ ਕੁਝ ਹੈ। ਤੁਹਾਡੇ ਕੋਲ ਦੋ ਪੈਰ ਹਨ, ਮੈਨੂੰ ਇੱਕ ਪੈਰ ਦੇ ਦਿਓ ਅਤੇ ਮੈਂ ਤੁਹਾਨੂੰ ਬਦਲੇ ਵਿੱਚ 10,000 ਰੁਪਏ ਦਿਆਂਗਾ।" ਭਿਖਾਰੀ ਨੇ ਇਕਦਮ ਇਨਕਾਰ ਕਰ ਦਿੱਤਾ। ਫਿਰ ਆਦਮੀ ਨੇ ਕਿਹਾ, "ਤੁਹਾਡੇ ਕੋਲ ਦੋ ਹੱਥ ਹਨ, ਮੈਨੂੰ ਇੱਕ ਹੱਥ ਦੇ ਦਿਓ, ਮੈਂ ਤੁਹਾਨੂੰ 20,000 ਰੁਪਏ ਦਿਆਂਗਾ।" ਭਿਖਾਰੀ ਨੇ ਫਿਰ ਇਨਕਾਰ ਕਰ ਦਿੱਤਾ। ਆਦਮੀ ਨੇ ਫਿਰ ਕਿਹਾ, "ਤੁਹਾਡੇ ਕੋਲ ਦੋ ਅੱਖਾਂ ਹਨ, ਮੈਨੂੰ ਇੱਕ ਅੱਖ ਦੇ ਦਿਓ, ਮੈਂ ਤੁਹਾਨੂੰ 20,000 ਰੁਪਏ ਦਿਆਂਗਾ।" ਭਿਖਾਰੀ ਨੇ ਫਿਰ ਨਾਹ ਕਰ ਦਿੱਤੀ।

ਤਦ ਆਦਮੀ ਨੇ ਕਿਹਾ, "ਵੇਖੋ ਤੁਹਾਡੇ ਕੋਲ ਦੋ ਪੈਰ, ਦੋ ਹੱਥ ਅਤੇ ਦੋ ਅੱਖਾਂ ਹਨ। ਮੈਨੂੰ ਤਾਂ ਸਿਰਫ ਇੱਕ-ਇੱਕ ਚਾਹੀਦਾ ਸੀ, ਜਿਨ੍ਹਾਂ ਦੀ ਕੁੱਲ ਕੀਮਤ 50,000 ਰੁਪਏ ਬਣਦੀ ਹੈ। ਜੇ ਅਸੀਂ ਜੋੜਿਆਂ ਦੀ ਕੀਮਤ ਲਗਾਈਏ, ਤਾਂ ਇਹ ਇੱਕ ਲੱਖ ਰੁਪਏ ਬਣਦੀ ਹੈ। ਇਸਦਾ ਮਤਲਬ ਹੈ ਕਿ ਤੁਹਾਡੇ ਸਿਰਫ ਤਿੰਨ ਅੰਗਾਂ ਦੀ ਕੀਮਤ ਘੱਟੋ-ਘੱਟ ਇੱਕ ਲੱਖ ਰੁਪਏ ਹੈ। ਫਿਰ ਤੁਸੀਂ ਆਪਣੇ ਆਪ ਨੂੰ ਗਰੀਬ ਕਿਵੇਂ ਕਹਿ ਸਕਦੇ ਹੋ? ਤੁਸੀਂ ਬੇਹੱਦ ਅਮੀਰ ਹੋ। ਭੀਖ ਮੰਗਣੀ ਛੱਡੋ ਤੇ ਰੱਬ ਦੀ ਦਿੱਤੀ ਇਸ ਅਦਭੁਤ ਦਾਤ ਦਾ ਇਸਤੇਮਾਲ ਕਰੋ, ਬਗੈਰ ਸ਼ਕ ਤੁਸੀਂ ਦੁਨੀਆ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ ਸ਼ੁਮਾਰ ਹੋਵੋਗੇ।" ਰੱਬ ਨੇ ਸਾਨੂੰ ਅਸਧਾਰਣ ਯੋਗਤਾਵਾਂ ਬਖ਼ਸ਼ੀਆਂ ਹਨ, ਪਰ ਅਸੀਂ ਸਾਧਾਰਣ ਹਾਲਾਤਾਂ ਵਿੱਚ ਉਨ੍ਹਾਂ ਦੀ ਅਸਲ ਮਹੱਤਤਾ ਨਹੀਂ ਸਮਝਦੇ। ਸਿਰਫ਼ ਜਦੋਂ ਅਸੀਂ ਉਨ੍ਹਾਂ ਵਿੱਚੋਂ ਕੋਈ ਇੱਕ ਗੁਆ ਲੈਂਦੇ ਹਾਂ, ਤਦ ਹੀ ਪਤਾ ਲੱਗਦਾ ਹੈ ਕਿ ਉਹ ਕਿੰਨੀ ਕੀਮਤੀ ਸੀ।

ਜਿਵੇਂ ਕਿ ਜੇਮਜ਼ ਥਾਮਸ ਦਾ ਉਦਾਹਰਣ ਲੈ ਲਓ, ਜੋ 24 ਸਾਲ ਦਾ ਨੌਜੁਆਨ ਸੀ ਅਤੇ ਪੇਸ਼ੇ ਵਜੋਂ ਮਸ਼ੀਨ ਓਪਰੇਟਰ ਸੀ। ਕਿਸੇ ਬਿਮਾਰੀ ਕਾਰਨ ਉਸਦੇ ਦੋਵੇਂ ਗੁਰਦੇ ਖਰਾਬ ਹੋਣ ਲੱਗੇ। ਉਸ ਨੂੰ ਏਮਜ਼ (ਨਵੀਂ ਦਿੱਲੀ) ਵਿਚ ਦਾਖ਼ਲ

ਕਰਾਇਆ ਗਿਆ, ਜਿੱਥੇ ਡਾਕਟਰਾਂ ਨੇ ਕਿਹਾ ਕਿ ਜਾਨ ਬਚਾਉਣ ਦਾ ਇਕੋ-ਇਕ ਤਰੀਕਾ ਹੈ ਕਿ ਕੋਈ ਇਸਨੂੰ ਆਪਣਾ ਗੁਰਦਾ ਦੇ ਦਵੇ। ਮਨੁੱਖੀ ਸ਼ਰੀਰ ਕੁਦਰਤ ਦਾ ਬਣਾਇਆ ਹੈ, ਇਹ ਕਿਸੇ ਵੀ ਇਨਸਾਨੀ ਫੈਕਟਰੀ 'ਚ ਨਹੀਂ ਬਣਾਇਆ ਜਾ ਸਕਦਾ, ਬੇਸ਼ਕ ਅਸੀਂ ਇਸ ਲਈ ਕਰੋੜਾਂ-ਅਰਬਾਂ ਰੁਪਏ ਵੀ ਕਿਉਂ ਨਾ ਖਰਚ ਲਈਏ। ਅਤੇ ਇੰਨਾ ਹੀ ਨਹੀਂ ਗੁਰਦਾ ਮਿਲਣ ਦੇ ਬਾਅਦ ਵੀ ਉਸ ਨੂੰ ਟ੍ਰਾਂਸਪਲਾਂਟ ਕਰਵਾਉਣ ਲਈ 45,000 ਰੁਪਏ ਚਾਹੀਦੇ ਸਨ। ਉਸਦੇ ਸਰੀਰ ਦਾ ਇਹ ਉਹ ਹਿੱਸਾ ਸੀ ਜਿਸ ਉੱਤੇ ਉਸ ਨੇ ਕਦੇ ਕੋਈ ਖਾਸ ਧਿਆਨ ਨਹੀਂ ਦਿੱਤਾ ਸੀ, ਪਰ ਹੁਣ ਉਸ ਦੀ ਅਸਲ ਕੀਮਤ ਉਸ ਨੂੰ ਚੰਗੀ ਤਰ੍ਹਾਂ ਸਮਝ ਆ ਗਈ ਸੀ (ਟਾਈਮਜ਼ ਆਫ਼ ਇੰਡੀਆ, 10 ਜਨਵਰੀ 1980)।

ਅਸਲ ਵਿੱਚ, ਭਾਵੇਂ ਇਨਸਾਨ ਕੋਲ ਧਨ-ਦੌਲਤ ਨਾ ਹੋਵੇ, ਫਿਰ ਵੀ ਉਸ ਕੋਲ ਵਰਤਣ ਲਈ ਬੇਮਿਸਾਲ ਸਰੀਰ ਤੇ ਅਦਭੁਤ ਦਿਮਾਗ ਹੁੰਦਾ ਹੈ। ਜੇ ਇਨਸਾਨ ਆਪਣੀਆਂ ਸਮਰੱਥਾਵਾਂ ਦਾ ਪੂਰਣ ਉਪਯੋਗ ਕਰੇ, ਤਾਂ ਇਸ ਦੁਨੀਆ ਵਿੱਚ ਕੋਈ ਵੀ ਸਫਲਤਾ ਉਸਦੀ ਪਹੁੰਚ ਤੋਂ ਬਾਹਰ ਨਹੀਂ। ਉਸ ਲਈ ਕੁਝ ਵੀ ਅਸੰਭਵ ਨਹੀਂ। ਜਦੋਂ ਤੁਹਾਡੇ ਕੋਲ ਕੰਮ ਲਈ ਹੱਥ ਹਨ, ਤੁਰਨ ਲਈ ਪੈਰ ਹਨ, ਬੋਲਣ ਲਈ ਜੀਭ ਹੈ, ਤਾਂ ਸਮਝੋ ਤੁਹਾਡੇ ਕੋਲ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਹਨ ਅਤੇ ਕਿਉਂਕਿ ਹੋਰ ਸਭ ਕੁਝ ਭੌਤਿਕ ਸਾਧਨਾਂ ਨਾਲ ਪ੍ਰਾਪਤ ਕੀਤਾ ਸਕਦਾ ਹੈ, ਇਸ ਲਈ ਕੁਝ ਵੀ ਤੁਹਾਡੀ ਪਹੁੰਚ ਤੋਂ ਪਰੇ ਨਹੀਂ ਹੈ।

ਕਮੀ ਜੋ ਮਦਦਗਾਰ ਸਾਬਤ ਹੋਈ

ਮਹਾਤਮਾ ਗਾਂਧੀ ਦੀ ਧਾਰਮਿਕ ਨੇਤਾ ਵਜੋਂ ਵਿਸ਼ਵ-ਪ੍ਰਸਿੱਧੀ ਅਕਸਰ ਇਸ ਗੱਲ ਨੂੰ ਓਹਲੇ ਵਿੱਚ ਰੱਖ ਦਿੰਦੀ ਹੈ ਕਿ ਉਹ ਸੁਭਾਵਿਕ ਤੌਰ 'ਤੇ ਬਹੁਤ ਹੀ ਸ਼ਰਮੀਲੇ ਸਨ। ਜੋ ਲੋਕ ਉਨ੍ਹਾਂ ਦੇ ਨੇਤਾ ਬਣਨ ਤੱਕ ਦੇ ਸਫਰ ਨਾਲ ਜਾਣੂ ਨਹੀਂ ਹਨ, ਉਹ ਅਕਸਰ ਇਹ ਜਾਣ ਕੇ ਹੈਰਾਨ ਰਹਿ ਜਾਂਦੇ ਹਨ ਕਿ ਆਪਣੇ ਸ਼ੁਰੂਆਤੀ ਕਰੀਅਰ ਦੌਰਾਨ ਉਹ ਕਈ ਵਾਰ ਸਿਰਫ਼ ਘਬਰਾਹਟ ਕਰਕੇ ਚੁੱਪ ਰਹਿ ਜਾਂਦੇ ਸਨ।

ਇੱਕ ਵਾਰ ਜਦੋਂ ਉਹ ਲੰਡਨ ਵਿੱਚ ਵਿਦਿਆਰਥੀ ਸਨ, ਉਹਨਾਂ ਨੂੰ ਉਸ ਸ਼ਾਕਾਹਾਰੀ ਸਭਾ ਦੀ ਇੱਕ ਮੀਟਿੰਗ ਵਿੱਚ ਭਾਸ਼ਣ ਦੇਣ ਲਈ ਕਿਹਾ ਗਿਆ,

ਜਿਸ ਦੇ ਉਹ ਮੈਂਬਰ ਸਨ। ਉਹ ਬੋਲਣ ਲਈ ਖੜ੍ਹੇ ਹੋਏ, ਪਰ ਆਪਣੇ ਵਿਚਾਰ ਪ੍ਰਗਟ ਕਰਨ ਵਿੱਚ ਅਸਮਰਥ ਰਹੇ। ਆਖ਼ਰ ਉਹ ਸਿਰਫ਼ ਕੁਝ ਧੰਨਵਾਦੀ ਸ਼ਬਦ ਬੋਲ ਕੇ ਬੈਠ ਗਏ। ਇੱਕ ਹੋਰ ਮੌਕੇ 'ਤੇ ਜਦੋਂ ਉਹਨਾਂ ਨੂੰ ਸ਼ਾਕਾਹਾਰ 'ਤੇ ਬੋਲਣ ਦਾ ਸੱਦਾ ਮਿਲਿਆ ਤਾਂ ਉਹਨਾਂ ਨੇ ਆਪਣੇ ਵਿਚਾਰ ਕਾਗਜ਼ 'ਤੇ ਲਿਖ ਲਏ, ਪਰ ਉਹ ਆਪਣੇ ਲਿਖੇ ਨੂੰ ਵੀ ਉੱਚੀ ਆਵਾਜ਼ ਵਿਚ ਤੇ ਆਤਮ-ਵਿਸ਼ਵਾਸ ਨਾਲ ਨਹੀਂ ਪੜ੍ਹ ਸਕੇ। ਆਖ਼ਰ ਉਹ ਕੰਮ ਕਿਸੇ ਹੋਰ ਨੂੰ ਕਰਨਾ ਪਿਆ।

ਲੰਡਨ ਵਿੱਚ ਕਾਨੂੰਨ ਦੀਆਂ ਪ੍ਰੀਖਿਆਵਾਂ ਪਾਸ ਕਰਨ ਤੋਂ ਬਾਅਦ, ਉਹਨਾਂ ਨੇ ਬੰਬਈ ਵਿੱਚ ਵਕਾਲਤ ਸ਼ੁਰੂ ਕੀਤੀ। ਪਰ ਅਦਾਲਤ ਵਿੱਚ ਪਹਿਲੀ ਹੀ ਪੇਸ਼ੀ ਦੌਰਾਨ ਉਹ ਇਸ ਕਦਰ ਘਬਰਾ ਗਏ ਕਿ ਆਪਣੇ ਕਲਾਇੰਟ ਦਾ ਕੇਸ ਹੀ ਨਹੀਂ ਲੜ ਸਕੇ ਅਤੇ ਉਸ ਨੂੰ ਕਿਸੇ ਹੋਰ ਵਕੀਲ ਕੋਲ ਜਾਣ ਲਈ ਕਹਿਣਾ ਪਿਆ।

ਪਰ ਜਿਵੇਂ ਗਾਂਧੀ ਜੀ ਲਿਖਦੇ ਹਨ, ਇਹ ਕਮਜ਼ੋਰੀ ਆਖ਼ਿਰ ਉਹਨਾਂ ਲਈ ਤਾਕਤ ਵਿਚ ਤਬਦੀਲ ਹੋ ਗਈ:

> "ਮੇਰੀ ਬੋਲਣ ਦੀ ਝਿਜਕ, ਜੋ ਇੱਕ ਸਮੇਂ ਤੰਗ ਕਰਦੀ ਸੀ, ਹੁਣ ਮੈਨੂੰ ਖ਼ੁਸ਼ੀ ਦਿੰਦੀ ਹੈ। ਇਸਦਾ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਇਸ ਨੇ ਮੈਨੂੰ ਸ਼ਬਦਾਂ ਦੀ ਮਹੱਤਤਾ ਦਾ ਬੋਧ ਕਰਵਾਇਆ। ਮੈਂ ਸੁਭਾਵਿਕ ਤੌਰ 'ਤੇ ਆਪਣੇ ਵਿਚਾਰਾਂ ਨੂੰ ਕੰਟਰੋਲ ਕਰਨ ਦੀ ਆਦਤ ਪਾ ਲਈ ਅਤੇ ਹੁਣ ਮੈਂ ਇਹ ਕਹਿਣ ਦੇ ਯੋਗ ਹਾਂ ਕਿ ਬਿਨਾਂ ਸੋਚੇ ਸਮਝੇ ਮੇਰੇ ਮੂੰਹ ਜਾਂ ਕਲਮ ਤੋਂ ਸ਼ਾਇਦ ਹੀ ਕੋਈ ਸ਼ਬਦ ਨਿਕਲੇ।"

ਮਹਾਤਮਾ ਗਾਂਧੀ ਆਪਣੇ ਸੋਚ-ਵਿਚਾਰ ਵਾਲੇ ਅਤੇ ਸਟੀਕ ਬੋਲਣ ਦੇ ਢੰਗ ਲਈ ਮਸ਼ਹੂਰ ਸਨ। ਪਰ ਇਹ ਖ਼ਾਸ ਗੁਣ ਦਰਅਸਲ ਇੱਕ ਹੋਰ ਆਦਤ ਤੋਂ ਉਪਜਿਆ ਸੀ ਜਿਸਨੂੰ ਬਹੁਤ ਘੱਟ ਲੋਕ ਮਹੱਤਵਪੂਰਨ ਮੰਨਦੇ ਸਨ। ਪਹਿਲਾਂ ਸ਼ਰਮਿਲੇਪਨ ਨੇ ਉਨ੍ਹਾਂ ਨੂੰ ਭਾਸ਼ਣ ਦੇਣ ਤੋਂ ਰੋਕਿਆ ਪਰ ਬਾਅਦ ਵਿੱਚ ਇਸ ਹੀ ਕਮੀ ਨੇ ਉਨ੍ਹਾਂ ਨੂੰ ਸੁਹਿਰਦ ਤੇ ਆਤਮ-ਵਿਸ਼ਵਾਸੀ ਬੁਲਾਰਾ ਬਣਾ ਦਿੱਤਾ।

ਮਹਾਤਮਾ ਗਾਂਧੀ ਸ਼ਬਦਾਂ ਦੀ ਮਹੱਤਤਾ ਅਤੇ ਅਰਥਭਰਪੂਰ ਭਾਸ਼ਣਾਂ ਲਈ ਪ੍ਰਸਿੱਧ ਸਨ। ਪਰ ਬਹੁਤ ਘੱਟ ਲੋਕਾਂ ਨੂੰ ਪਤਾ ਸੀ ਕਿ ਇਹ ਪ੍ਰਭਾਵਸ਼ਾਲੀ ਗੁਣ ਇੱਕ ਕਮਜ਼ੋਰੀ ਤੋਂ ਉਤਪੰਨ ਹੋਇਆ ਸੀ।

ਪਛਤਾਵਾ ਨਾ ਕਰੋ

ਇੱਕ ਅਮਰੀਕੀ ਮਨੋਵਿਗਿਆਨੀ ਨੇ ਧਿਆਨ ਦਿੱਤਾ ਕਿ ਹਰ ਵਿਅਕਤੀ ਆਪਣਾ ਸਭ ਤੋਂ ਵੱਧ ਸਮਾਂ ਜਿਸ ਚੀਜ਼ 'ਤੇ ਵਿਅਰਥ ਕਰਦਾ ਹੈ, ਉਹ ਹੈ ਪਛਤਾਵਾ ਕਰਨਾ। ਲੋਕ ਆਪਣੀ ਸਾਰੀ ਤਾਕਤ ਅਤੇ ਊਰਜਾ ਪੁਰਾਣੀਆਂ ਨਕਾਰਾਤਮਕ ਯਾਦਾਂ ਨੂੰ ਚੇਤੇ ਕਰਨ ਅਤੇ ਉਨ੍ਹਾਂ ਬਾਰੇ ਸੋਚ-ਵਿਚਾਰ ਕਰਨ ਵਿਚ ਖਰਚ ਕਰ ਦਿੰਦੇ ਹਨ, ਫਿਰ ਦੁੱਖੀ ਹੁੰਦੇ ਹਨ ਕਿ ਉਨ੍ਹਾਂ ਨੇ ਉਸ ਬੀਤ ਚੁੱਕੀ ਸਥਿਤੀ ਵਿਚ ਸਹੀ ਢੰਗ ਨਾਲ ਐਕਸ਼ਨ ਨਹੀਂ ਲਿਆ ਜਾਂ ਦੋਸਤਾਂ, ਗੁਆਂਢੀਆਂ ਅਤੇ ਰਿਸ਼ਤੇਦਾਰਾਂ ਨੇ ਉਨ੍ਹਾਂ ਨਾਲ ਠੀਕ ਵਿਵਹਾਰ ਨਹੀਂ ਕੀਤਾ। ਕਾਰੋਬਾਰੀ ਸੋਚਦਾ ਹੈ, "ਜੇ ਮੈਂ ਪ੍ਰੋਜੈਕਟ A ਦੀ ਬਜਾਏ ਪ੍ਰੋਜੈਕਟ B ਵਿੱਚ ਨਿਵੇਸ਼ ਕੀਤਾ ਹੁੰਦਾ, ਤਾਂ ਇਹ ਨੁਕਸਾਨ ਨਾ ਹੁੰਦਾ।" ਜਵਾਨ ਔਰਤ ਸੁਪਨੇ ਲੈਂਦੀ ਹੈ, "ਜੇ ਮੈਂ Y ਦੀ ਬਜਾਏ X ਨਾਲ ਵਿਆਹ ਕੀਤਾ ਹੁੰਦਾ, ਤਾਂ ਅੱਜ ਮੈਂ ਬਹੁਤ ਖੁਸ਼ ਹੁੰਦੀ।" ਬਜ਼ੁਰਗ ਜੋੜਾ ਸੋਚਦਾ ਹੈ, "ਜੇ ਅਸੀਂ ਕਿਰਾਇਆ ਦੇਣ ਦੀ ਥਾਂ, ਸ਼ੁਰੂ ਤੋਂ ਘਰ ਲੈ ਕੇ ਕਿਸ਼ਤਾਂ ਭਰਦੇ ਹੁੰਦੇ ਤਾਂ ਅੱਜ ਅਸੀਂ ਘਰ ਦੇ ਮਾਲਕ ਹੁੰਦੇ।" ਅਤੇ ਇਸ ਤਰ੍ਹਾਂ ਇਹ ਕੜੀ ਲਗਾਤਾਰ ਚੱਲਦੀ ਰਹਿੰਦੀ ਹੈ।

ਅਜਿਹੇ ਵਿਚਾਰਾਂ ਵਿਚ ਡੁੱਬੇ ਰਹਿਣਾ ਸਮਾਂ ਅਤੇ ਤਾਕਤ ਦੋਹਾਂ ਦੀ ਬਰਬਾਦੀ ਹੈ। ਜਦੋਂ ਵੀ ਅਜਿਹੇ ਵਿਚਾਰ ਆਉਣ, ਸਾਨੂੰ ਸੋਚਣਾ ਚਾਹੀਦਾ ਹੈ ਕਿ ਕੀ ਇਸ ਸਥਿਤੀ ਵਿਚ ਕੋਈ ਉਪਚਾਰ ਸੰਭਵ ਹੈ? ਕੀ ਕੁਝ ਰਚਨਾਤਮਕ ਕੀਤਾ ਜਾ ਸਕਦਾ ਹੈ? ਰਿਸ਼ਤਿਆਂ ਨੂੰ ਸੁਧਾਰਿਆ ਜਾ ਸਕਦਾ ਹੈ? ਜਾਂ ਬਿਲਕੁਲ ਨਵੀਂ ਸਥਿਤੀ ਦੀ ਕਲਪਨਾ ਕੀਤੀ ਜਾ ਸਕਦੀ ਹੈ? ਜੇ ਇਹਨਾਂ ਸਾਰੇ ਸਵਾਲਾਂ ਦਾ ਜਵਾਬ ਹੈ "ਨਹੀਂ, ਹੁਣ ਹਾਲਾਤ ਕਾਬੂ ਤੋਂ ਬਾਹਰ ਹਨ," ਤਾਂ ਸਾਨੂੰ ਇਹ ਪਰੇਸ਼ਾਨ ਕਰਨ ਵਾਲੇ ਵਿਚਾਰ ਮਨ ਤੋਂ ਕੱਢ ਦੇਣੇ ਚਾਹੀਦੇ ਹਨ ਅਤੇ ਨਵੇਂ ਵਿਚਾਰਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਕਹਿਣਾ ਠੀਕ ਹੈ ਕਿ "ਅਗਲੀ ਵਾਰ ਮੈਂ ਵਧੀਆ ਕਰਾਂਗਾ," ਜਾਂ "ਫੈਸਲਾ ਕਰਨ ਤੋਂ ਪਹਿਲਾਂ ਮੈਂ ਡੂੰਘਾਈ ਨਾਲ ਸੋਚਾਂਗਾ," ਜਾਂ "ਮੈਂ ਆਪ ਧਿਆਨ ਰਖਾਂਗਾ ਕਿ ਰਿਸ਼ਤੇ ਕਦੇ ਵੀ ਖ਼ਰਾਬ ਨਾ ਹੋਣ।" ਜਿੱਥੇ ਇਸ ਗੱਲ ਦੀ ਸੰਭਾਵਨਾ ਹੋਵੇ ਕਿ ਐਸੀਆਂ ਸਥਿਤੀਆਂ ਦਾ ਮੁੜ ਸਾਹਮਣਾ ਹੋ ਸਕਦਾ ਹੈ, ਉੱਥੇ ਇਹ ਇੱਕ ਵਧੀਆ ਸੋਚ ਹੈ, ਜੋ ਮਨੁੱਖ ਨੂੰ ਭਾਵਨਾਤਮਕ ਤੌਰ 'ਤੇ ਮਜ਼ਬੂਤ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਰੱਖਦੀ ਹੈ ਤਾਂ ਜੋ ਉਹ ਇਸ ਤਰ੍ਹਾਂ ਦੀਆਂ ਸਥਿਤੀਆਂ ਅਸਾਨੀ ਨਾਲ ਮੁਕਾਬਲਾ ਕਰ ਸਕੇ।" ਜਿੱਥੇ ਦੂਜਾ

ਮੌਕਾ ਮਿਲਣ ਦੀ ਸੰਭਾਵਨਾ ਨਹੀਂ ਹੁੰਦੀ, ਉੱਥੇ ਚੰਗਾ ਹੁੰਦਾ ਹੈ ਹਾਲਾਤਾਂ ਨੂੰ ਜਿਉਂ ਦਾ ਤਿਉਂ ਸਵੀਕਾਰ ਕਰ ਲਿਆ ਜਾਵੇ ਅਤੇ ਜੇਕਰ ਸੰਭਵ ਹੋਵੇ ਤਾਂ ਸਥਿਤੀਆਂ ਤੋਂ ਉੱਚਾ ਉੱਠ ਕੇ ਉਨ੍ਹਾਂ ਬਾਰੇ ਵਿਚਾਰਿਆ ਜਾਵੇ।

ਅਜਿਹੇ ਰਵੱਈਏ ਤੋਂ ਜੋ ਲਾਭ ਪ੍ਰਾਪਤ ਹੁੰਦਾ ਹੈ ਉਹ ਹੈ ਸਮਾਂ ਅਤੇ ਊਰਜਾ ਦਾ ਬਚਾਅ, ਜੋ ਨਹੀਂ ਤਾਂ ਖੁਦ ਨੂੰ ਕੋਸਣ ਵਿਚ ਬਰਬਾਦ ਹੋ ਜਾਂਦੀ। ਕੌੜੀਆਂ ਯਾਦਾਂ ਨੂੰ ਸਕਾਰਾਤਮਕ ਸੋਚ ਰਾਹੀਂ ਲਾਭਕਾਰੀ ਤਜ਼ਰਬਿਆਂ ਵਿੱਚ ਬਦਲਿਆ ਜਾ ਸਕਦਾ ਹੈ ਜੋ ਕਿ ਸਾਡੇ ਭਵਿੱਖ ਲਈ ਇਕ ਕੀਮਤੀ ਸਬਕ ਹਨ।

ਇਹ ਵੀ ਸਮਝਣਾ ਚਾਹੀਦਾ ਹੈ ਕਿ ਭਵਿੱਖ ਬਾਰੇ ਲਗਾਤਾਰ ਚਿੰਤਤ ਰਹਿਣਾ ਵੀ ਇੰਨਾ ਹੀ ਨੁਕਸਾਨਦਾਇਕ ਹੈ ਜਿੰਨਾ ਬੀਤ ਗਏ ਸਮੇਂ 'ਤੇ ਰੋਣਾ। ਮੁੱਕਦੀ ਗਲ ਇਹ ਹੈ ਕਿ ਭੈਅ ਅਤੇ ਨਕਾਰਾਤਮਕ ਵਿਵਹਾਰ ਨਾਲ ਕੋਈ ਉਜਲਾ ਭਵਿੱਖ ਨਹੀਂ ਬਣਾਇਆ ਜਾ ਸਕਦਾ।

ਇਤਿਹਾਸ ਦਾ ਬਣਨਾ ਤੇ ਬਿਖਰਨਾ

ਬੀ. ਟੱਕਮੈਨ ਅਨੁਸਾਰ, "ਇਤਿਹਾਸ ਗਲਤ ਅੰਦਾਜ਼ਿਆਂ ਦਾ ਖੁਲਾਸਾ ਹੈ।" ਦੂਜੇ ਸ਼ਬਦਾਂ ਵਿੱਚ ਕਹੀਏ ਤਾਂ, ਇਤਿਹਾਸ ਆਮ ਤੌਰ 'ਤੇ ਲੋਕਾਂ ਦੀਆਂ ਉਮੀਦਾਂ ਦੇ ਉਲਟ ਹੀ ਵਿਕਸਿਤ ਹੁੰਦਾ ਹੈ। ਜਦੋਂ ਘਟਨਾਵਾਂ ਵਾਪਰ ਰਹੀਆਂ ਹੁੰਦੀਆਂ ਹਨ, ਤਾਂ ਵੇਖਣ ਵਾਲੇ ਉਨ੍ਹਾਂ ਦੀ ਦਿਸ਼ਾ ਬਾਰੇ ਅੰਦਾਜ਼ਾ ਲਗਾ ਸਕਦੇ ਹਨ; ਪਰ ਇਤਿਹਾਸ ਦੀ ਦਿਸ਼ਾ ਹਰ ਪੇਸ਼ਗੋਈ ਤੋਂ ਪਰੇ ਹੁੰਦੀ ਹੈ ਅਤੇ ਅਖੀਰ ਵਿੱਚ ਲੋਕਾਂ ਨੇ ਜੋ ਸੋਚਿਆ ਹੁੰਦਾ ਹੈ ਨਤੀਜੇ ਉਸਦੇ ਬਿਲਕੁਲ ਉਲਟ ਨਿਕਲਦੇ ਹਨ।

ਇਸ ਦੀ ਇੱਕ ਮਿਸਾਲ ਇਸਲਾਮੀ ਇਤਿਹਾਸ ਵਿੱਚੋਂ ਵੇਖੀ ਜਾ ਸਕਦੀ ਹੈ: ਜਦੋਂ ਹਿਜਰਤ ਦੇ ਛੇਵੇਂ ਸਾਲ ਪੈਗੰਬਰ ਮੁਹੰਮਦ ਅਤੇ ਮੱਕੇ ਦੇ ਕੁਰੈਸ਼ਾਂ ਦਰਮਿਆਨ ਹਦੈਬੀਆ ਦਾ ਸਮਝੌਤਾ ਹੋਇਆ। ਉਸ ਵੇਲੇ ਕੁਰੈਸ਼ ਇਕਮਤ ਸਨ ਕਿ ਮੁਸਲਮਾਨਾਂ ਨੇ ਆਪਣੀ ਤਬਾਹੀ 'ਤੇ ਮੋਹਰ ਲਾ ਦਿੱਤੀ ਹੈ, ਕਿਉਂਕਿ ਉਹਨਾਂ ਨੇ ਅਮਨ ਸ਼ਾਂਤੀ ਨੂੰ ਉਹਨਾਂ ਸ਼ਰਤਾਂ 'ਤੇ ਕਬੂਲ ਕੀਤਾ ਜੋ ਸਾਫ਼ ਤੌਰ 'ਤੇ ਕੁਰੈਸ਼ ਦੇ ਹੱਕ ਵਿੱਚ ਸਨ। ਪਰ ਬਾਅਦ ਵਿੱਚ ਸਾਬਤ ਹੋਇਆ ਕਿ ਇਹ ਪ੍ਰਤੀਤ ਹੁੰਦੀ ਹਾਰ ਮੁਸਲਮਾਨਾਂ ਲਈ ਵੱਡੀ ਜਿੱਤ ਦੇ ਬੀਜ ਲੈ ਕੇ ਆਈ ਸੀ।

ਇਸ ਤਰ੍ਹਾਂ ਦੀ ਘਟਨਾ ਇਤਿਹਾਸ ਵਿੱਚ ਬਾਰ-ਬਾਰ ਵਾਪਰੀ ਹੈ। 1945 ਵਿੱਚ ਜਦੋਂ ਅਮਰੀਕਾ ਨੇ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ’ਤੇ ਐਟਮ ਬੰਬ ਸੁੱਟੇ, ਤਾਂ ਅਮਰੀਕੀਆਂ ਨੂੰ ਲੱਗਿਆ ਕਿ ਜਪਾਨ ਕਈ ਦਹਾਕਿਆਂ ਲਈ ਤਬਾਹੀ ਦੇ ਮਲਬੇ ਵਿੱਚ ਫਸਿਆ ਰਹੇਗਾ। ਪਰ ਐਸਾ ਨਾ ਹੋਇਆ, ਘਟਨਾ ਤੋਂ ਚਾਲੀ ਸਾਲ ਬਾਅਦ ਜਪਾਨ ਆਪਣੀ ਆਰਥਿਕ ਤਾਕਤ ਦੇ ਸਿਖਰ ’ਤੇ ਸੀ ਅਤੇ ਅੱਜ ਵੀ ਦੁਨੀਆਂ ਦੀਆਂ ਸਰਵੋਤਮ ਉਦਯੋਗਿਕ ਤਾਕਤਾਂ ਵਿੱਚੋਂ ਇੱਕ ਹੈ।

ਇਤਿਹਾਸ ਦਾ ਇਹ ਪੰਨਾ ਉਹਨਾਂ ਲਈ ਹੌਸਲਾ ਬਣ ਸਕਦਾ ਹੈ ਜਿਨ੍ਹਾਂ ਨੂੰ ਲੋਕ ਕਮਜ਼ੋਰ ਸਮਝ ਕੇ ਭੁੱਲ ਜਾਂਦੇ ਹਨ। ਤਜ਼ਰਬਾ ਦਸਦਾ ਹੈ ਕਿ ਉਹ ਜਵਾਲਾਮੁਖੀ ਜੋ ਸਾਲਾਂ ਤੋਂ ਸੁੱਤਾ ਪਿਆ ਹੋਵੇ ਉਸ ਵਿਚੋਂ ਵੀ ਅੱਗ ਦੀਆਂ ਲਾਟਾਂ ਨਿਕਲ ਸਕਦੀਆਂ ਹਨ। ਇਸ ਸੰਸਾਰ ਵਿੱਚ ਕਿਸੇ ਚੀਜ਼ ਦੀ ਪੂਰਨ ਤਬਾਹੀ ਕਈ ਵਾਰ ਉਸਦੇ ਨਵੇਂ ਰੂਪ ਵਿੱਚ ਪੈਦਾ ਹੋਣ ਦੀ ਸ਼ੁਰੂਆਤ ਹੁੰਦੀ ਹੈ। ਇੱਕ ਮੁੱਕ ਚੁੱਕੀ ਤਾਕਤ ਫਿਰ ਜੀਵੰਤ ਤਾਕਤ ਬਣਨ ਦੀ ਸਮਰੱਥਾ ਰੱਖਦੀ ਹੈ।

ਇਸ ਲਈ ਕਦੇ ਵੀ ਹੌਸਲਾ ਨਹੀਂ ਹਾਰਨਾ ਚਾਹੀਦਾ, ਭਾਵੇਂ ਘਟਨਾਵਾਂ ਦਾ ਰੁਖ ਕਿੰਨਾ ਵੀ ਮਾੜਾ ਲੱਗੇ। ਜਦੋਂ ਇਤਿਹਾਸ ਦੇ ਸਫ਼ੇ ਪਲਟਦੇ ਹਨ, ਘਟਨਾਵਾਂ ਅਕਸਰ ਉਸ ਦਿਸ਼ਾ ਵੱਲ ਮੋੜ ਲੈਂਦੀਆਂ ਹਨ ਜੋ ਸਾਡੀਆਂ ਸਾਰੀਆਂ ਉਮੀਦਾਂ ਤੋਂ ਬਿਲਕੁਲ ਉਲਟ ਹੁੰਦੀ ਹੈ।

ਅਤੀਤ ਛੱਡ ਕੇ ਅਗਾਂਹ ਵੱਧਣਾ

1969 ਵਿੱਚ ਜਦੋਂ ਅਮਰੀਕਾ ਨੇ ਆਪਣਾ ਪਹਿਲਾ ਅੰਤਰਿਕਸ਼ ਯਾਨ ਲਾਂਚ ਕੀਤਾ, ਤਾਂ ਪਹਿਲੇ ਸਤਰ ਦੇ ਰਾਕਟ ਬੂਸਟਰਾਂ ਨੇ ਐਸੀ ਭਿਆਨਕ ਗੂੰਜ ਪੈਦਾ ਕੀਤੀ ਕਿ ਸੌ ਮੀਲ ਦੇ ਇਲਾਕੇ ਤੱਕ ਸਭ ਕੁਝ ਹਿਲ ਗਿਆ। ਪਰ ਰਾਕਟ ਅੰਦਰ ਬੈਠੇ ਅੰਤਰਿਕਸ਼ ਯਾਤਰੀ ਬਿਨਾਂ ਕਿਸੇ ਪਰੇਸ਼ਾਨੀ ਦੇ ਆਪਣੇ ਸਫ਼ਰ ’ਤੇ ਅੱਗੇ ਵਧਦੇ ਗਏ, ਕਿਉਂਕਿ ਸਿਰਫ਼ 10 ਸੈਕਿੰਡ ਬਾਅਦ ਉਹ ਸ਼ੋਰ ਉਨ੍ਹਾਂ ਤੱਕ ਪਹੁੰਚਣਾ ਬੰਦ ਹੋ ਗਿਆ ਸੀ। ਜੇ ਉਹ ਸ਼ਾਂਤੀ ਨਾਲ ਯਾਤਰਾ ਕਰਨ ਵਿੱਚ

ਸਮਰੱਥ ਸਨ, ਤਾਂ ਇਸ ਦਾ ਕਾਰਨ ਸਿਰਫ਼ ਇਹ ਸੀ ਕਿ ਉਹ ਆਪਣਾ ਖੁਦ ਦਾ ਸ਼ੋਰ ਪਿੱਛੇ ਛੱਡ ਆਏ ਸਨ।

ਇਹ ਸਿਰਫ਼ ਇਸ ਲਈ ਸੰਭਵ ਹੋਇਆ ਕਿਉਂਕਿ ਰਾਕਟ ਦੀ ਗਤੀ 25,000 ਮੀਲ ਪ੍ਰਤੀ ਘੰਟਾ ਸੀ, ਜਦਕਿ ਧੁਨੀ ਦੀ ਗਤੀ ਕੇਵਲ 700 ਮੀਲ ਪ੍ਰਤੀ ਘੰਟਾ ਹੈ। ਜਦੋਂ ਰਾਕਟ ਨੇ ਸਾਊਂਡ ਬੈਰੀਅਰ ਪਾਰ ਕਰ ਲਏ ਤਾਂ ਉਸ ਦਾ ਭਿਆਨਕ ਸ਼ੋਰ ਹੁਣ ਅੰਤਰਿਕਸ਼ ਯਾਤਰੀਆਂ ਦੇ ਕੰਟਰੋਲ ਰੂਮ ਤੱਕ ਨਹੀਂ ਪਹੁੰਚਦਾ ਸੀ।

ਰਾਕਟ ਦੇ ਉਲਟ ਜੇ ਕੋਈ ਜਹਾਜ਼ ਸੁਪਰਸੋਨਿਕ ਨਹੀਂ ਹੈ ਤਾਂ ਉਹ ਪੂਰੀ ਯਾਤਰਾ ਦੌਰਾਨ ਆਪਣੇ ਪੈਦਾ ਕੀਤੇ ਸ਼ੋਰ ਨੂੰ ਨਾਲ ਲੈ ਕੇ ਹੀ ਉੱਡਦਾ ਹੈ। ਕੁਝ ਹੱਦ ਤੱਕ, ਮਨੁੱਖ ਅਤੇ ਇਥੋਂ ਤਕ ਕਿ ਸਮੁੱਚੀਆਂ ਕੌਮਾਂ ਵੀ ਜਹਾਜ਼ ਵਾਂਗ ਹਨ, ਕਿਉਂਕਿ ਉਹ ਆਪਣੀ ਜ਼ਿੰਦਗੀ ਦੇ ਸਫ਼ਰ ਦੌਰਾਨ ਪਰੇਸ਼ਾਨੀ ਪੈਦਾ ਕਰਨ ਵਾਲੇ ਹਾਲਾਤ ਨਾਲ ਹਰ ਵੇਲੇ ਘਿਰੇ ਰਹਿੰਦੇ ਹਨ। ਅਕਸਰ ਇਹ ਕਾਰਨ ਬਹੁਤ ਹੀ ਅਣਸੁਖਾਵੇਂ ਹੁੰਦੇ ਹਨ, ਫਿਰ ਚਾਹੇ ਉਹ ਖੁਦ ਦੇ ਪੈਦਾ ਕੀਤੇ ਹੋਣ ਜਾਂ ਹੋਰਨਾਂ ਵੱਲੋਂ, ਅਸੀਂ ਬਸ ਇਹ ਚਾਹੁੰਦੇ ਹਾਂ ਕਿ ਇਨ੍ਹਾਂ ਤੋਂ ਮੁਕਤੀ ਮਿਲੇ, ਬਿਲਕੁਲ ਉਹਨਾਂ ਰਾਕਟਾਂ ਵਾਂਗ ਜੋ ਆਪਣਾ ਸ਼ੋਰ ਪਿੱਛੇ ਛੱਡ ਜਾਂਦੇ ਹਨ।

ਪਰ ਅਸੀਂ ਇਹ “ਸਾਊਂਡ ਬੈਰੀਅਰ” ਕਿਵੇਂ ਤੋੜ ਸਕਦੇ ਹਾਂ? ਇਸ ਦਾ ਜਵਾਬ ਸਿੱਧਾ ਹੈ— ਵੱਧ ਮਿਹਨਤ, ਅਣਥੱਕ ਕੋਸ਼ਿਸ਼ਾਂ ਅਤੇ ਉੱਚੇ ਲਕਸ਼ ਦੀ ਪ੍ਰਾਪਤੀ ਲਈ ਦ੍ਰਿੜ੍ਹ ਯਤਨ। ਇਹੋ ਜਿਹੇ ਐਕਸ਼ਨ ਹੀ ਸਾਨੂੰ ਮੁਸੀਬਤਾਂ ਦੇ ਅਸਰ ਤੋਂ ਬਚਾ ਸਕਦੀ ਹੈ।

ਸਵੈ-ਸਹਾਇਤਾ ਹੀ ਇੱਕੋ-ਇਕ ਸਕਾਰਾਤਮਕ ਤਾਕਤ ਹੈ ਜੋ ਸਾਨੂੰ ਦੁਨਿਆਵੀ ਝਟਕਿਆਂ ਤੋਂ ਬਚਾ ਸਕਦੀ ਹੈ ਅਤੇ ਸਾਨੂੰ ਇੱਕ ਉੱਚੀ ਤੇ ਸ਼ਾਂਤ ਅਵਸਥਾ ਵਿਚ ਲੈ ਜਾ ਸਕਦੀ ਹੈ। ਜੋ ਮਨੁੱਖੀ ਵਿਕਾਸ ਵਿੱਚ ਰੁਕਾਵਟ ਬਣ ਰਹੀਆਂ ਚੀਜ਼ਾਂ ਨੂੰ ਪਾਰ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਨ, ਸਿਰਫ਼ ਉਹੀ ਲੋਕ ਰਾਕਟ ਵਿੱਚ ਸਫ਼ਰ ਕਰਦੇ ਅੰਤਰਿਕਸ਼ ਯਾਤਰੀਆਂ ਵਾਂਗ “ਸ਼ੋਰ” ਤੋਂ ਸੁਰੱਖਿਅਤ ਹੋ ਸਕਦੇ ਹਨ।

ਇੱਕ ਇੱਜ਼ਤਦਾਰ ਸਥਾਨ

ਦੂਜਿਆਂ ਤੋਂ ਇੱਜ਼ਤ ਪ੍ਰਾਪਤ ਕਰਨ ਦਾ ਇਕੋ-ਇੱਕ ਤਰੀਕਾ ਹੈ ਕਿ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਣ। ਜੇਕਰ ਤੁਸੀਂ ਹੋਰਾਂ ਨੂੰ ਯਕੀਨ ਦਵਾ ਦਿਓ ਕਿ ਤੁਸੀਂ ਉਹਨਾਂ ਦੀਆਂ ਲੋੜਾਂ ਪੂਰੀਆਂ ਕਰ ਸਕਦੇ ਹੋ ਤਾਂ ਉਨ੍ਹਾਂ ਲਈ ਤੁਹਾਨੂੰ ਨਜ਼ਰਅੰਦਾਜ਼ ਕਰਨਾ ਅਸੰਭਵ ਹੋ ਜਾਵੇਗਾ।

ਇੱਕ ਪੜ੍ਹਿਆ-ਲਿਖਿਆ ਨੌਜਵਾਨ ਇੱਕ ਕੁੜੀ ਨਾਲ ਵਿਆਹ ਕਰਦਾ ਹੈ ਜਿਸ ਦੀ ਸੂਰਤ ਪਰਿਵਾਰ ਦੀਆਂ ਉਮੀਦਾਂ ਅਨੁਸਾਰ ਨਹੀਂ ਸੀ। ਇਸ ਗੱਲ ਨੂੰ ਲੈ ਕੇ ਉਸ ਦੀ ਨਨਾਣ ਨੇ ਜਨਤਕ ਤੌਰ ’ਤੇ ਲਾੜੀ ਪ੍ਰਤੀ ਅਸਵੀਕਾਰਤਾ ਜਤਾਈ। ਪਰਿਵਾਰ ਦੇ ਹਰ ਮੈਂਬਰ ਨੇ ਲਾੜੀ ਨਾਲ ਇਸ ਤਰ੍ਹਾਂ ਵਤੀਰਾ ਕੀਤਾ ਜਿਵੇਂ ਉਸਦੀ ਕੋਈ ਅਹਿਮੀਅਤ ਹੀ ਨਾ ਹੋਵੇ। ਉਹ ਲਾੜੀ ਨੂੰ ਤਿਰਛੀ ਨਿਗਾਹ ਨਾਲ ਘੂਰਦੇ, ਕਿਉਂਕਿ ਉਹ ਉਨ੍ਹਾਂ ਦੇ ਵਿਚਕਾਰ ਇੱਕ ਅਣਚਾਹੀ ਵਸਤੂ ਵਾਂਗ ਲੱਗਦੀ ਸੀ। ਸਾਫ਼ ਸੀ ਕਿ ਉਹ ਬਿਨ੍ਹਾਂ ਕਿਸੇ ਉਦੇਸ਼ ਦੇ ਉਨ੍ਹਾਂ ਦੇ ਘਰ ਵਿੱਚ ਆਈ ਹੈ।

ਹਾਲਾਂਕਿ ਕੁੜੀ ਸੂਰਤ ਤੋਂ ਬਹੁਤ ਸੋਹਣੀ ਨਹੀਂ ਸੀ, ਪਰ ਉਹ ਸਿਆਣੀ ਲੱਗਦੀ ਸੀ ਅਤੇ ਪਰਿਵਾਰ ਦੇ ਗਲਤ ਵਤੀਰੇ ’ਤੇ ਕੋਈ ਨਰਾਜ਼ਗੀ ਨਹੀਂ ਜਤਾਉਂਦੀ ਸੀ। ਉਸ ਨੂੰ ਪਤਾ ਸੀ ਕਿ ਸੁੰਦਰਤਾ ਅਸਥਾਈ ਹੁੰਦੀ ਹੈ ਜਦੋਂ ਕਿ ਚੰਗਾ ਵਿਵਹਾਰ ਸਦਾ ਲਈ ਨਾਲ ਰਹਿੰਦਾ ਹੈ। ਉਸ ਨੇ ਸੋਚਿਆ ਕਿ ਜਦੋਂ ਉਹ ਆਪਣੀ ਸੂਰਤ ਦੇ ਆਧਾਰ ’ਤੇ ਉਨ੍ਹਾਂ ਦੀ ਪ੍ਰਸ਼ੰਸਾ ਨਹੀਂ ਹਾਸਲ ਕਰ ਸਕਦੀ, ਤਾਂ ਉਹ ਆਪਣੇ ਵਿਵਹਾਰ ਰਾਹੀਂ ਉਨ੍ਹਾਂ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕਰ ਸਕਦੀ ਹੈ।

ਉਸ ਨੇ ਚੁੱਪਚਾਪ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਲੈ ਲਈਆਂ। ਉਹ ਘਰ ਨੂੰ ਸੰਭਾਲਦੀ ਤੇ ਚਲਾਉਂਦੀ, ਮਹਿਮਾਨਾਂ ਦੀ ਖ਼ਾਤਿਰਦਾਰੀ ਕਰਦੀ, ਰਸੋਈ ਦਾ ਕੰਮ ਕਰਦੀ, ਹਰ ਕਿਸੇ ਦੀ ਲੋੜ ਦਾ ਧਿਆਨ ਰੱਖਦੀ ਆਦਿ। ਇਹ ਉਸ ਦੀ ਰੋਜ਼ਾਨਾ ਦੀ ਰੁਟੀਨ ਬਣ ਗਿਆ। ਉਸ ਦਾ ਸੋਚਣਾ ਸੀ ਕਿ ਇਹ ਸਭ ਕਰਨਾ ਉਸ ਦਾ ਫਰਜ਼ ਹੈ, ਭਾਵੇਂ ਕੋਈ ਉਸਨੂੰ ਕਹੇ ਜਾਂ ਨਾ ਕਹੇ।

ਉਸ ਔਰਤ ਨੇ ਕਦੇ ਕੋਈ ਨਕਾਰਾਤਮਕ ਗੱਲ ਨਹੀਂ ਕਹੀ ਅਤੇ ਨਾ ਹੀ ਪਰਿਵਾਰਕ ਮੈਂਬਰਾਂ ਨੂੰ ਕਿਸੇ ਕੰਮ ਤੋਂ ਜਵਾਬ ਦਿੱਤਾ। ਉਸ ਨੇ ਸਿਰਫ਼ ਆਪਣੇ ਕੰਮ 'ਤੇ ਧਿਆਨ ਦਿੱਤਾ। ਨਤੀਜਾ ਇਹ ਹੋਇਆ ਕਿ ਜਲਦੀ ਹੀ ਪਰਿਵਾਰਕ ਮੈਂਬਰਾਂ ਦਾ ਉਸ ਪ੍ਰਤੀ ਵਤੀਰਾ ਬਦਲ ਗਿਆ।

'ਘਰ, ਪਿੰਡ ਜਾਂ ਦੇਸ਼' ਜਗਾਹ ਕੋਈ ਵੀ ਹੋਵੇ ਲਾੜੀ ਵਾਲਾ ਵਤੀਰਾ ਰੱਖਣਾ ਸਿਆਣਪ ਦੀ ਨਿਸ਼ਾਨੀ ਹੈ। ਇੱਜ਼ਤ ਪ੍ਰਾਪਤ ਕਰਨ ਦਾ ਇਕੋ ਰਾਜ਼ ਹੈ ਕਿ ਦੂਜਿਆਂ ਦੀਆਂ ਲੋੜਾਂ ਪੂਰੀਆਂ ਕਰਕੇ ਆਪਣੇ ਆਪ ਨੂੰ ਸਾਬਤ ਕੀਤਾ ਜਾਵੇ। ਫਿਰ ਲੋਕ ਸਿਰਫ਼ ਤੁਹਾਨੂੰ ਇੱਜ਼ਤ ਹੀ ਨਹੀਂ ਦੇਣਗੇ, ਸਗੋਂ ਪੂਰੀ ਤਰ੍ਹਾਂ ਤੁਹਾਡੇ ਉੱਤੇ ਨਿਰਭਰ ਹੋ ਜਾਣਗੇ।

ਦੂਜਿਆਂ ਨੂੰ ਰਾਹ ਦੇਣਾ

ਵੱਡੇ ਸ਼ਹਿਰਾਂ ਵਿੱਚ ਹਰ ਰੋਜ਼ ਲੱਖਾਂ ਲੋਕ ਬੱਸਾਂ, ਕਾਰਾਂ ਅਤੇ ਵੈਨਾਂ ਵਿੱਚ ਸਫਰ ਕਰਕੇ ਉੱਤਰ, ਦੱਖਣ, ਪੂਰਬ ਅਤੇ ਪੱਛਮ ਦਿਸ਼ਾਵਾਂ ਵੱਲ ਜਾਂਦੇ ਹਨ। ਉਹ ਚੌੜੀਆਂ ਸੜਕਾਂ 'ਤੇ ਤੇਜ਼ ਰਫਤਾਰ ਨਾਲ ਇ ਤਰ੍ਹਾਂ ਦੌੜਦੇ ਹਨ ਜਿਵੇਂ ਗਰਿੱਡ ਪੈਟਰਨ ਵਾਂਗ ਇੱਕ-ਦੂਜੇ ਨੂੰ ਕੱਟ ਰਹੇ ਹੋਣ, ਇਹ ਗਰਿੱਡ ਪੈਟਰਨ ਜ਼ਮੀਨ ਦੀ ਬਣਤਰ ਅਨੁਸਾਰ ਕਈ ਵਾਰ ਸਮਰੂਪਤਾ ਵਿਚ ਨਜ਼ਰ ਆਉਂਦਾ ਹੈ ਤੇ ਕਈ ਵਾਰ ਅਸਮਰੂਪਤਾ ਵਿਚ। ਫਿਰ ਵੀ ਟ੍ਰੈਫ਼ਿਕ ਦੇ ਪ੍ਰਵਾਹ ਵਿੱਚ ਕਦੇ ਵੀ ਕੋਈ ਗੁੰਝਲ, ਟਕਰਾਅ ਜਾਂ ਝਗੜੇ ਨਹੀਂ ਹੁੰਦੇ ਕਿਉਂਕਿ ਹਰ ਵੱਡੇ ਸ਼ਹਿਰ ਵਿੱਚ ਹਰ ਚੌਰਾਹੇ 'ਤੇ ਟ੍ਰੈਫ਼ਿਕ ਲਾਈਟਾਂ ਦਾ ਸਿਸਟਮ ਹੁੰਦਾ ਹੈ। ਲਾਲ ਬੱਤੀਆਂ ਇੱਕ ਦਿਸ਼ਾ ਵਲ ਜਾਂਦਾ ਟ੍ਰੈਫ਼ਿਕ ਰੋਕ ਦਿੰਦੀਆਂ ਹਨ, ਜਦਕਿ ਇਸਦੇ ਵਿਪਰੀਤ ਹਰੀ ਬੱਤੀਆਂ ਇਹ ਦਰਸਾਉਂਦੀਆਂ ਹਨ ਕਿ ਹੁਣ ਅੱਗੇ ਵਧਣਾ ਸੁਰੱਖਿਅਤ ਹੈ।

ਜੇ ਸਾਰੇ ਚਾਲਕ ਸੜਕ ਦੇ ਨਿਯਮ ਮੰਨਣ, ਲਾਲ ਬੱਤੀ 'ਤੇ ਰੁਕਣ ਅਤੇ ਹਰੀ ਬੱਤੀ 'ਤੇ ਚੱਲਣ ਤਾਂ ਟ੍ਰੈਫ਼ਿਕ ਦਾ ਪ੍ਰਵਾਹ ਸੁਚੱਜਾ ਤੇ ਹਾਦਸਾ-ਮੁਕਤ ਹੋ ਸਕਦਾ ਹੈ। ਡਰਾਈਵਰਾਂ ਨੂੰ ਦੂਜਿਆਂ ਨੂੰ ਰਾਹ ਦੇਣ ਦੀ ਲੋੜ ਦਾ ਆਦਰ ਕਰਨਾ ਚਾਹੀਦਾ ਹੈ। ਜ਼ਿੰਦਗੀ ਦੇ ਮਾਮਲਿਆਂ ਵਿੱਚ ਵੀ ਸਥਿਤੀ ਬਿਲਕੁਲ ਐਸੀ ਹੀ ਹੈ। ਲੋਕਾਂ ਨੂੰ ਦੂਜਿਆਂ ਨੂੰ ਰਾਹ ਦੇਣ ਅਤੇ ਉਨ੍ਹਾਂ ਦੇ ਹੱਕ ਦੇਣ ਦੀ ਮਹੱਤਤਾ ਨੂੰ ਸਮਝਣਾ ਪਵੇਗਾ। ਸਿਰਫ਼ ਇਸੇ ਤਰੀਕੇ ਨਾਲ ਉਹ ਆਪਣੇ ਹੱਕਾਂ ਲਈ ਦਾਅਵਾ

ਕਰ ਸਕਦੇ ਹਨ। ਜੇ ਉਹ ਐਸਾ ਨਹੀਂ ਕਰਦੇ, ਤਾਂ ਉਹ ਉਨ੍ਹਾਂ ਡਰਾਈਵਰਾਂ ਵਾਂਗ ਹੋਣਗੇ ਜੋ ਸੜਕਾਂ 'ਤੇ ਗੜਬੜ, ਗੁੰਝਲ ਅਤੇ ਜਾਮ ਲਗਾਉਂਦੇ ਹਨ।

ਨੈਤਿਕ ਵਿਰਾਸਤ

ਕਰੀਮ ਬਖ਼ਸ਼ ਇੱਕ ਸ਼ਰੀਫ ਤੇ ਧਾਰਮਿਕ ਵਿਅਕਤੀ ਸੀ ਜੋ ਪਿੰਡ ਵਿੱਚ ਸ਼ਾਂਤੀ ਸਹਿਤ ਰਹਿੰਦਾ ਹੋਇਆ ਥੋੜ੍ਹੀ ਜਿਹੀ ਆਮਦਨੀ 'ਤੇ ਗੁਜ਼ਾਰਾ ਕਰਦਾ ਸੀ। ਜਦੋਂ 65 ਸਾਲ ਦੀ ਉਮਰ ਵਿੱਚ ਉਸ ਦਾ ਦੇਹਾਂਤ ਹੋਇਆ ਤਾਂ ਉਸਨੇ ਆਪਣੇ ਪਰਿਵਾਰ ਲਈ ਕੋਈ ਵੱਡੀ ਧਨ-ਦੌਲਤ ਦੀ ਵਿਰਾਸਤ ਨਹੀਂ ਛੱਡੀ। ਉਸ ਦੀ ਮੌਤ ਤੋਂ ਬਾਅਦ ਉਸ ਦਾ ਵੱਡਾ ਪੁੱਤਰ ਰਹੀਮ ਪਿੰਡ ਛੱਡਕੇ ਸ਼ਹਿਰ ਆ ਬਸਿਆ ਤਾਂ ਜੋ ਪਰਿਵਾਰ ਦਾ ਗੁਜ਼ਾਰਾ ਕਰ ਸਕੇ। ਜੋ ਵੀ ਥੋੜ੍ਹੀ ਬਹੁਤ ਪੂੰਜੀ ਉਸ ਕੋਲ ਸੀ, ਉਹ ਉਸਨੇ ਇੱਕ ਛੋਟਾ ਕਾਰੋਬਾਰ ਸ਼ੁਰੂ ਕਰਨ 'ਤੇ ਲਗਾ ਦਿੱਤੀ।

ਕਰੀਮ ਬਖ਼ਸ਼ ਨੇ ਭਾਵੇਂ ਪਰਿਵਾਰ ਲਈ ਕੋਈ ਧਨ ਨਹੀਂ ਛੱਡਿਆ, ਪਰ ਜੋ ਸਿਧਾਂਤ (ਸੰਤੋਖ ਦਾ ਸੁਨੇਹਾ, ਸਾਦੀ ਜ਼ਿੰਦਗੀ ਅਤੇ ਟਕਰਾਅ ਤੋਂ ਬਚਣ ਦੀ ਸੋਚ) ਉਹ ਵਿਰਾਸਤ ਵਿਚ ਛੱਡ ਗਿਆ ਉਹ ਬਹੁਤ ਅਣਮੋਲ ਸੀ। ਇਹਨਾਂ ਸਿਧਾਂਤਾਂ 'ਤੇ ਚੱਲਦਿਆਂ ਰਹੀਮ ਨੇ ਹੌਲੀ-ਹੌਲੀ ਪਰ ਪੱਕੇ ਪੈਰੀਂ ਤਰੱਕੀ ਕੀਤੀ, ਭਾਵੇਂ ਸ਼ੁਰੂਆਤੀ ਨਿਵੇਸ਼ ਨਾ ਦੇ ਬਰਾਬਰ ਹੀ ਸੀ। ਟਕਰਾਅ ਤੋਂ ਬਚਣ ਦੀ ਉਸਦੀ ਅੰਦਰਲੀ ਖ਼ਾਹਿਸ਼ ਨੇ ਉਸਦੇ ਕਾਰੋਬਾਰ ਦਾ ਰਾਹ ਸੁਖਾਲਾ ਕਰ ਦਿੱਤਾ। ਸਾਰੇ ਉਸ ਨਾਲ ਖੁਸ਼ ਸਨ, ਲੋੜ ਵੇਲੇ ਮਦਦ ਕਰਦੇ ਸਨ। ਸਰੋਤ ਘੱਟ ਹੋਣ ਦੇ ਬਾਵਜੂਦ ਉਸ ਨੂੰ ਕਦੇ ਵੀ ਕਰਜ਼ੇ ਦੀ ਪਰੇਸ਼ਾਨੀ ਨਹੀਂ ਆਈ, ਕਿਉਂਕਿ ਉਹ ਬਹੁਤ ਇਮਾਨਦਾਰ ਇਨਸਾਨ ਸੀ ਅਤੇ ਆਪਣੇ ਵਾਅਦੇ ਦਾ ਪੱਕਾ ਸੀ। ਜਦੋਂ ਵੀ ਕੋਈ ਉਸ ਨਾਲ ਮਾੜਾ ਕਰਦਾ, ਉਹ ਉਲਟਾ ਉਸ ਲਈ ਦੁਆ ਕਰਦਾ। ਜਦੋਂ ਵੀ ਕਦੇ ਉਸਦਾ ਦਿਮਾਗ ਕਿਸੇ ਲਾਲਚ ਜਾਂ ਬੇਇਮਾਨੀ ਵਾਲੇ ਕੰਮ ਵਲ ਜਾਂਦਾ ਤਾਂ ਉਸਦੇ ਮਨ ਵਿੱਚ ਮਾਸੂਮ ਪਿਤਾ ਦਾ ਚਿਹਰਾ ਆ ਜਾਂਦਾ ਅਤੇ ਉਸ ਨੂੰ ਮਹਿਸੂਸ ਹੁੰਦਾ ਕਿ ਉਸਦੀ ਗ਼ਲਤੀ ਨਾਲ ਉਸਦੇ ਗਰੀਬ ਪਿਤਾ ਦੀ ਰੂਹ ਕਬਰ ਵਿੱਚ ਤੜਪੇਗੀ। ਇਹ ਸੋਚ ਤੁਰੰਤ ਉਸਦੇ ਮਨ ਤੋਂ ਸਾਰੇ ਲਾਲਚ ਦੂਰ ਕਰ ਦਿੰਦੀ ਅਤੇ ਉਹ ਫਿਰ ਉਹੀ ਰਸਤਾ ਪਕੜ ਲੈਂਦਾ ਜੋ ਉਸਦੇ ਪਿਤਾ ਨੇ ਦੱਸਿਆ ਸੀ। ਰਹੀਮ ਦਾ ਕਾਰੋਬਾਰ ਭਾਵੇਂ ਛੋਟਾ ਸੀ, ਪਰ ਉਸਦੀ ਨਿਮਰਤਾ, ਸੱਚਾਈ ਅਤੇ

ਨਿਸ਼ਕਾਮਤਾ ਨੇ ਉਸਨੂੰ ਉਹੀ ਇੱਜ਼ਤ, ਮਾਣ ਅਤੇ ਸ਼ਾਨ ਬਖ਼ਸ਼ੀ ਜੋ ਕਿਸੇ ਵੱਡੇ ਕਾਰੋਬਾਰੀ ਨੂੰ ਮਿਲਦੀ ਹੈ।

ਜਦੋਂ ਕਾਰੋਬਾਰ ਚੰਗਾ ਚੱਲਣ ਲੱਗਾ, ਤਾਂ ਉਸਨੇ ਇਕ ਹੈਲਪਰ ਦੀ ਲੋੜ ਮਹਿਸੂਸ ਕੀਤੀ। ਉਸਨੇ ਆਪਣੇ ਭਰਾਵਾਂ ਨੂੰ ਇੱਕ-ਇੱਕ ਕਰਕੇ ਪਿੰਡ ਤੋਂ ਬੁਲਾਇਆ। ਆਖ਼ਿਰ ਚਾਰੇ ਭਰਾ ਇਕੱਠੇ ਹੋ ਗਏ। ਸੌਖੇ ਪ੍ਰਬੰਧ ਲਈ ਕਾਰੋਬਾਰ ਚਾਰ ਵੱਖ-ਵੱਖ ਵਿਭਾਗਾਂ ਵਿੱਚ ਵੰਡਿਆ ਗਿਆ ਅਤੇ ਹਰ ਭਰਾ ਨੂੰ ਇੱਕ ਵਿਭਾਗ ਸੌਂਪ ਦਿੱਤਾ ਗਿਆ। ਸੁਤੰਤਰ ਰੂਪ ਵਿਚ ਆਪਣਾ-ਆਪਣਾ ਕਾਰਜ ਕਰਦਿਆਂ ਹੋਇਆਂ ਵੀ ਕੁਝ ਸਮੇਂ ਤਕ ਉਹ ਸਾਰੇ ਇੱਕ ਹੀ ਛੱਤ ਹੇਠ ਖੁਸ਼ੀ ਨਾਲ ਰਹਿੰਦੇ ਰਹੇ।

ਕੁਝ ਸਮੇਂ ਬਾਅਦ ਰਹੀਮ ਬਖ਼ਸ਼ ਨੂੰ ਮਹਿਸੂਸ ਹੋਇਆ ਕਿ ਉਸਦੇ ਭਰਾ ਕਾਰੋਬਾਰ ਵਿੱਚ ਉਤਨੀ ਦਿਲਚਸਪੀ ਨਹੀਂ ਲੈ ਰਹੇ ਜਿੰਨੀ ਲੋੜੀਂਦੀ ਹੈ। ਇਸ ਸਭ ਦੇਖਦਿਆਂ ਉਸਦੇ ਮਨ ਵਿਚ ਦੋ ਵਿਕਲਪ ਆਏ— ਪਹਿਲਾ ਜਾਂ ਤਾਂ ਸਾਰਿਆਂ ਨਾਲੋਂ ਵੱਡਾ ਤੇ ਮਾਲਕ ਹੋਣ ਦੇ ਨਾਤੇ ਸਾਰਾ ਕੰਮ ਮੁੜ ਆਪਣੇ ਹੱਥ ਵਿੱਚ ਲੈ ਲਵੇ ਤੇ ਭਰਾਵਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਦੇਵੇ (ਜਿਸ ਨਾਲ ਰਿਸ਼ਤੇ ਖ਼ਰਾਬ ਹੋਣ ਦਾ ਖ਼ਤਰਾ ਸੀ), ਦੂਜਾ ਜਾਂ ਫਿਰ ਸਭ ਕੁਝ ਜਿਉਂ ਦਾ ਤਿਉਂ ਚੱਲਣ ਦੇਵੇ ਅਤੇ ਕਾਰੋਬਾਰ ਦੇ ਤਬਾਹ ਹੋਣ ਦੇ ਨਤੀਜੇ ਸਹੇ। ਪਰ ਕਈ ਦਿਨਾਂ ਦੀ ਗੰਭੀਰ ਵਿਚਾਰ ਮਗਰੋਂ ਉਸਦੇ ਮਨ ਵਿੱਚ ਇਕ ਤੀਜਾ ਵਿਕਲਪ ਆਇਆ। ਉਸਨੇ ਸਾਰੇ ਭਰਾਵਾਂ ਨੂੰ ਇਕੱਠਾ ਕੀਤਾ ਅਤੇ ਕਿਹਾ ਕਿ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਹਰ ਭਰਾ ਆਪਣੇ ਵਿਭਾਗ ਦਾ ਮਾਲਕ ਬਣੇ ਅਤੇ ਉਸਨੂੰ ਸੁਤੰਤਰ ਤੌਰ ’ਤੇ ਮੁੱਖ ਕਾਰੋਬਾਰ ਵਜੋਂ ਚਲਾਏ। ਉਸਨੇ ਕਿਹਾ, “ਇਸ ਤਰ੍ਹਾਂ ਸਾਡੇ ਪਿਤਾ ਦੀ ਰੂਹ ਨੂੰ ਸੂਕੂਨ ਮਿਲੇਗਾ ਅਤੇ ਉਮੀਦ ਹੈ ਕਿ ਇਹ ਸਾਡੇ ਲਈ ਲਾਭਕਾਰੀ ਸਾਬਤ ਹੋਵੇਗਾ, ਕਿਉਂਕਿ ਇਹ ਸਿਰਫ਼ ਰੱਬ ਦੀ ਮਿਹਰ ਹੈ ਕਿ ਅਜੇ ਤੱਕ ਸਾਡੇ ਚਾਰਾਂ ’ਤੇ ਕੋਈ ਵੱਡੀ ਮੁਸੀਬਤ ਨਹੀਂ ਆਈ।” ਸਾਰੇ ਭਰਾਵਾਂ ਨੇ ਇਹ ਸੁਝਾਅ ਮਨਜ਼ੂਰ ਕੀਤਾ ਅਤੇ ਕਾਰੋਬਾਰ ਦੀ ਵੰਡ ਲਈ ਵੱਡੇ ਭਰਾ ਨੂੰ ਪੂਰਾ ਹੱਕ ਦੇ ਦਿੱਤਾ। ਲਾਟਰੀ ਰਾਹੀਂ ਵੰਡ ਕੀਤੀ ਗਈ ਅਤੇ ਸਭ ਸੰਤੁਸ਼ਟ ਹੋਏ।

ਫਿਰ ਚਾਰੇ ਭਰਾ ਪੂਰੇ ਜਜ਼ਬੇ ਅਤੇ ਦਿਲੋ-ਜਾਨ ਨਾਲ ਆਪਣੇ ਕੰਮ ਵਿੱਚ ਲੱਗ ਗਏ। ਹੁਣ ਉਨ੍ਹਾਂ ਦੇ ਬੱਚੇ ਵੀ ਮਦਦ ਲਈ ਕਾਰੋਬਾਰ ਵਿੱਚ ਸ਼ਾਮਲ ਹਨ। ਚਾਰੇ ਭਰਾਵਾਂ ਦੇ ਆਪਸੀ ਰਿਸ਼ਤੇ ਸੁਧਰ ਗਏ ਹਨ ਅਤੇ ਉਹ ਹਰ ਵੇਲੇ ਇੱਕ-ਦੂਜੇ ਦੀ

ਮਦਦ ਲਈ ਤਿਆਰ ਰਹਿੰਦੇ ਹਨ। ਭਾਵੇਂ ਹੁਣ ਉਨ੍ਹਾਂ ਨੇ ਵੱਖਰੇ ਘਰ ਬਣਾ ਲਏ ਹਨ, ਰਹੀਮ ਬਖ਼ਸ਼ ਅਜੇ ਵੀ ਵੱਡੇ ਭਰਾ ਦੇ ਨਾਤੇ ਸਨਮਾਨਿਤ ਹੈ ਅਤੇ ਉਸਦੀ ਰਾਇ ਅਹਿਮ ਰਹਿੰਦੀ ਹੈ। ਘਰ ਦੀਆਂ ਔਰਤਾਂ ਤੇ ਬੱਚੇ ਵੀ ਜ਼ਰੂਰਤ ਪੈਣ ’ਤੇ ਇੱਕ-ਦੂਜੇ ਦੀ ਮਦਦ ਕਰਦੇ ਹਨ, ਕਿਉਂਕਿ ਉਹ ਅਜੇ ਵੀ ਆਪਣੇ ਆਪ ਨੂੰ ਇੱਕ ਵੱਡਾ ਤੇ ਸਾਂਝਾ ਪਰਿਵਾਰ ਸਮਝਦੇ ਹਨ।

ਅਕਸਰ ਪਿਤਾ ਸਮਝਦੇ ਹਨ ਕਿ ਆਪਣੇ ਬੱਚਿਆਂ ਲਈ ਸਭ ਤੋਂ ਵਧੀਆ ਵਿਰਾਸਤ ਧਨ ਤੇ ਜਾਇਦਾਦ ਹੈ। ਪਰ ਹਕੀਕਤ ਇਹ ਹੈ ਕਿ ਸਭ ਤੋਂ ਖੁਸ਼ਕਿਸਮਤ ਬੱਚੇ ਉਹ ਹਨ ਜਿਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਸਿਧਾਂਤਾਂ ਵਾਲੀ ਜ਼ਿੰਦਗੀ ਦਾ ਆਦਰਸ਼ਕ ਮਾਡਲ ਦੇ ਕੇ ਜਾਂਦੇ ਹਨ। ਜੋ ਇਸ ਦੁਨੀਆ ਤੋਂ ਜਾਣ ਤੋਂ ਪਹਿਲਾਂ ਆਪਣੇ ਬੱਚਿਆਂ ਨੂੰ ਸਿਖਾ ਜਾਂਦੇ ਹਨ— ਮਿਹਨਤ ’ਤੇ ਭਰੋਸਾ ਕਰੋ, ਵਿਰੋਧ ਤੋਂ ਬਚੋ, ਸੰਤੁਸ਼ਟ ਰਹੋ, ਤੁਰੰਤ ਲਾਭ ਦੀ ਥਾਂ ਭਵਿੱਖ ਵਿਚ ਮਿਲਣ ਵਾਲੇ ਮੌਕਿਆਂ ’ਤੇ ਨਜ਼ਰ ਰੱਖੋ ਅਤੇ ਆਸ ਜਾਂ ਉਮੀਦ ’ਚ ਸਮਾਂ ਵਿਅਰਥ ਕਰਨ ਦੀ ਬਜਾਏ ਯਥਾਰਥਕ ਸੋਚ ਅਪਣਾਓ— ਉਹ ਆਪਣੀ ਅਜਿਹੀ ਨੈਤਿਕ ਵਿਰਾਸਤ ਛੱਡ ਜਾਂਦੇ ਹਨ ਜੋ ਦੁਨੀਆ ਦੀ ਸਭ ਤੋਂ ਵੱਡੀ ਦੌਲਤ ਨਾਲੋਂ ਵੀ ਵੱਧ ਕੀਮਤੀ ਤੇ ਸਥਿਰ ਹੁੰਦੀ ਹੈ। ਪਰ ਅਫ਼ਸੋਸ ਕਿੰਨੇ ਪਿਤਾ ਹਨ ਜੋ ਇਸ ਮਹਾਨ ਯਥਾਰਥ ਨੂੰ ਸਮਝਦੇ ਹਨ?

ਅਤੀਤ ਨੂੰ ਸ਼ਰਧਾਂਜਲੀ

ਜਾਰਜ ਬਰਨਾਰਡ ਸ਼ਾ ਨੇ ਕਦੇ ਸ਼ੇਕਸਪੀਅਰ ਬਾਰੇ ਕਿਹਾ ਸੀ, “ਉਹ ਮੇਰੇ ਨਾਲੋਂ ਕਾਫ਼ੀ ਲੰਮਾ ਸੀ, ਪਰ ਮੈਂ ਉਸਦੇ ਮੋਢਿਆਂ ਸਹਾਰੇ ਖੜਾ ਹਾਂ।” ਇਹ ਇੱਕ ਮਹਾਨ ਆਧੁਨਿਕ ਲੇਖਕ ਅਤੇ ਦਾਰਸ਼ਨਿਕ ਵੱਲੋਂ ਆਪਣੇ ਸਭ ਤੋਂ ਮਸ਼ਹੂਰ ਪੂਰਵਜ ਲਈ ਇੱਕ ਢੁਕਵੀਂ ਸ਼ਰਧਾਂਜਲੀ ਸੀ। ਲਗਭਗ ਢਾਈ ਸੌ ਸਾਲ ਪਹਿਲਾਂ, ਸ਼ੇਕਸਪੀਅਰ ਨੇ ਅੰਗ੍ਰੇਜ਼ੀ ਭਾਸ਼ਾ ਨੂੰ ਉਸਦੀ ਕਾਵਿ ਰੂਪ-ਰੇਖਾ ਰਾਹੀਂ ਨਿਖਾਰਿਆ ਅਤੇ ਸੰਵਾਰਿਆ ਸੀ ਅਤੇ ਉਸਦੇ ਸਾਹਿਤਕ ਉਤਰਾਧਿਕਾਰੀਆਂ ਨੇ ਉਸਦੇ ਚੰਗੇ ਕੰਮ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ। ਇਹ ਨਿਰੰਤਰ ਚੱਲ ਰਹੇ ਨਿਖਾਰ ਅਤੇ ਸਮ੍ਰਿੱਧੀ ਦੀ ਪ੍ਰਕਿਰਿਆ ਹੀ ਸੀ, ਜਿਸ ਨੇ ਸ਼ਾ ਨੂੰ ਉਹਨਾਂ ਸਾਹਿਤਕ ਚੋਟੀਆਂ ਤੱਕ ਪਹੁੰਚਣ ਯੋਗ ਬਣਾਇਆ, ਜਿਨ੍ਹਾਂ ਲਈ ਉਹ ਅੱਜ

ਸੰਸਾਰ ਪ੍ਰਸਿੱਧ ਹੈ। ਪਰ ਜੇ ਸ਼ਾ ਦੇ ਪੂਰਵਜ ਉਸ ਲਈ ਇਹ "ਮੋਢਾ" ਪ੍ਰਦਾਨ ਨਾ ਕਰਦੇ ਤਾਂ ਉਹ ਕਿੰਨੀ ਵੀ ਕੋਸ਼ਿਸ਼ ਕਰਦਾ ਪਰ ਉਸ ਜਗਤ ਪ੍ਰਸਿੱਧੀ ਦੇ ਪੱਧਰ ਤੱਕ ਨਾ ਪਹੁੰਚਦਾ ਜਿੱਥੇ ਉਹ ਅੱਜ ਹੈ।

ਪੂਰਵਜਾਂ ਦੀਆਂ ਉਪਲਬਧੀਆਂ 'ਤੇ ਸਾਡੀ ਨਿਰਭਰਤਾ ਹਰ ਰਚਨਾਤਮਕ ਅਤੇ ਨਿਰਮਾਣਾਤਮਕ ਪ੍ਰਕਿਰਿਆ ਦੀ ਇੱਕ ਅਹਿਮ ਵਿਸ਼ੇਸ਼ਤਾ ਹੈ। ਜੇ ਸਾਡੇ ਪੂਰਵਜਾਂ ਨੇ ਆਪਣਾ ਯੋਗਦਾਨ ਨਾ ਪਾਇਆ ਹੁੰਦਾ ਤਾਂ ਸਾਡੇ ਲਈ ਕਿਸੇ ਵੀ ਖੇਤਰ ਵਿੱਚ ਉਦੇਸ਼ ਜਾਂ ਕਾਮਯਾਬੀ ਹਾਸਲ ਕਰਨਾ ਅਸੰਭਵ ਸੀ। ਕਈ ਵਾਰ ਤਾਂ ਅਸੀਂ ਇਹ ਵੀ ਨਹੀਂ ਜਾਣਦੇ ਕਿ ਸਾਡੇ ਉਦੇਸ਼ ਕੀ ਹੋਣੇ ਚਾਹੀਦੇ ਹਨ।

ਸਾਡੇ ਸਾਰੇ ਸਫਰ ਉਸ ਥਾਂ ਤੋਂ ਹੀ ਸ਼ੁਰੂ ਹੁੰਦੇ ਹਨ ਜਿੱਥੇ ਅਸੀਂ ਖੜੇ ਹਾਂ ਅਤੇ ਆਪਣੀ ਅੰਤਿਮ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਸਾਨੂੰ ਸਾਰੇ ਦਰਮਿਆਨੀ ਪੜਾਅ ਪਾਰ ਕਰਨੇ ਪੈਂਦੇ ਹਨ। ਅਸੀਂ ਉਹ ਸਭ ਕੁਝ ਅਣਡਿੱਠਾ ਕਰਕੇ ਜੋ ਸਾਡੇ ਸਫ਼ਰ ਦੌਰਾਨ ਆਉਣਾ ਲਾਜ਼ਮੀ ਹੈ, ਸਿੱਧਾ ਛਾਲ ਮਾਰ ਕੇ ਭਵਿੱਖ ਵਿੱਚ ਨਹੀਂ ਪਹੁੰਚ ਸਕਦੇ। ਪਰ ਸਫਰ ਸ਼ੁਰੂ ਕਰਨ ਤੋਂ ਪਹਿਲਾਂ ਸਾਨੂੰ ਆਪਣੇ ਅਤੀਤ ਤੋਂ ਵੀ ਪ੍ਰੇਰਣਾ ਲੈਣੀ ਪੈਂਦੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਘਰ ਦੀ ਉੱਪਰੀ ਮੰਜ਼ਿਲ ਤਦ ਤੱਕ ਨਹੀਂ ਬਣਾਈ ਜਾ ਸਕਦੀ ਜਦ ਤੱਕ ਹੇਠਲੀਆਂ ਕੰਧਾਂ ਪੂਰੀਆਂ ਨਾ ਹੋ ਜਾਣ।

ਜਿਨ੍ਹਾਂ ਲੋਕਾਂ ਦੇ ਮਨ ਰੋਮਾਂਟਿਕ ਕਵਿਤਾ ਦੇ ਪ੍ਰਭਾਵ ਨਾਲ ਧੁੰਦਲੇ ਹੋ ਚੁੱਕੇ ਹਨ ਅਤੇ ਉਕਸਾਉਣ ਵਾਲੀ ਭਾਸ਼ਣਬਾਜ਼ੀ ਤੋਂ ਤੱਪ ਚੁੱਕੇ ਹਨ ਤੇ ਹਕੀਕਤ ਤੋਂ ਟੁੱਟ ਗਏ ਹਨ, ਉਹੀ ਲੋਕ ਅਕਸਰ ਬੁਨਿਆਦੀ ਤੱਥਾਂ ਨੂੰ ਭੁੱਲ ਜਾਂਦੇ ਹਨ। ਬੇਅੰਤ ਭਾਵਨਾਤਮਕ ਵਿਚਾਰ ਉਨ੍ਹਾਂ ਦੀ ਸੋਚ ਨੂੰ ਤਰਕਹੀਣ ਬਣਾ ਦਿੰਦੇ ਹਨ ਅਤੇ ਇਹਨਾਂ ਵਿਚਾਰਾਂ ਨਾਲ ਉਨ੍ਹਾਂ ਦੀ ਸੋਚਣ ਸ਼ਕਤੀ ਇੰਨੀ ਘੱਟ ਜਾਂਦੀ ਹੈ ਕਿ ਉਹ ਇਹ ਸਮਝਣ ਵਿੱਚ ਵੀ ਨਾਕਾਮ ਰਹਿੰਦੇ ਹਨ ਕਿ "ਵਿਰੋਧ ਅਤੇ ਮੰਗ" ਭਰਪੂਰ ਜੀਵਨ-ਦ੍ਰਿਸ਼ਟੀਕੋਣ ਕਿੰਨਾ ਗਲਤ ਹੋ ਸਕਦਾ ਹੈ। ਉਹ ਅਕਸਰ ਬਿਨਾਂ ਉੱਚ ਸਿੱਖਿਆ ਪ੍ਰਾਪਤ ਕੀਤੇ ਜਾਂ ਵਪਾਰ ਤੇ ਉਦਯੋਗ ਵਿੱਚ ਡੂੰਘਾ ਤਜ਼ਰਬਾ ਹਾਸਲ ਕੀਤੇ ਹੀ ਰਾਜਨੀਤੀ ਵਿੱਚ ਛਲਾਂਗ ਲਾ ਦਿੰਦੇ ਹਨ। ਇਹ ਉਹ ਲੋਕ ਹੁੰਦੇ ਹਨ ਜੋ ਆਪਣੇ ਪਿੱਛੜੇਪਣ ਤੋਂ ਮੁਸ਼ਕਲ ਨਾਲ ਹੀ ਵਾਕਿਫ਼ ਹੁੰਦੇ ਹਨ ਅਤੇ ਇਸ ਕਰਕੇ ਆਪਣੀ ਜ਼ਿੰਦਗੀ ਦੇ ਹਾਲਾਤ ਸੁਧਾਰਨ ਲਈ ਕੁਝ ਨਹੀਂ ਕਰਦੇ। ਉਹ ਸਮਾਜ ਤੋਂ ਮੰਗਾਂ ਕਰਨ ਵਿੱਚ ਤਾਂ ਤੇਜ਼ ਹੁੰਦੇ ਹਨ ਪਰ ਇਸ ਬਾਰੇ ਸੋਚਣ ਦੀ ਪਰਵਾਹ

ਨਹੀਂ ਕਰਦੇ ਕਿ ਉਹਨਾਂ ਨੂੰ ਖੁਦ ਕਿਹੜਾ ਯੋਗਦਾਨ ਪਾਉਣਾ ਚਾਹੀਦਾ ਹੈ। ਇਹ ਸੋਚ ਕੇ ਦੁੱਖ ਹੁੰਦਾ ਹੈ ਕਿ ਅਜਿਹੇ ਲੋਕ ਇੱਕ ਅਜਿਹੀ ਪੀੜ੍ਹੀ ਪੈਦਾ ਕਰ ਸਕਦੇ ਹਨ ਜੋ ਹੋਰ ਵੀ ਵੱਧ ਅੰਦਰਮੁਖੀ ਅਤੇ ਬਿਲਕੁਲ ਵੀ ਸਵੈ-ਨਿਰਭਰ ਨਾ ਹੋਵੇ।

ਜੇ ਮੌਜੂਦਾ ਪੀੜ੍ਹੀ ਦਾ ਇੰਨਾ ਵੱਡਾ ਹਿੱਸਾ ਸਿਰਫ਼ ਖੋਖਲੇ ਭਾਸ਼ਣਾਂ ਦੇ ਪ੍ਰਭਾਵ ਹੇਠ ਬੇਕਾਬੂ ਹੋ ਰਿਹਾ ਹੈ ਤਾਂ ਭਵਿੱਖ ਦੀਆਂ ਪੀੜ੍ਹੀਆਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ, ਜਿਹੜੀਆਂ ਸ਼ਾਇਦ ਮਾਨਸਿਕ ਪੱਧਰ ’ਤੇ ਹੋਰ ਵੀ ਕਮਜ਼ੋਰ ਹੋਣਗੀਆਂ? ਉਨ੍ਹਾਂ ਨੂੰ ਅੱਜ ਅਤੇ ਹਮੇਸ਼ਾਂ ਲਈ ਇਹ ਸਮਝਣਾ ਪਵੇਗਾ ਕਿ ਸਿਰਫ਼ ਸ਼ਬਦਾਂ ਨਾਲ ਕਰਮਾਂ ਦੀ ਫ਼ਸਲ ਨਹੀਂ ਕੱਟੀ ਜਾ ਸਕਦੀ।

ਜਦੋਂ ਕੁਦਰਤ ਇੱਕ ਦਰੱਖ਼ਤ ਉਗਾਉਣ ਦਾ ਇਰਾਦਾ ਕਰਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਆਪਣੇ ਅੰਦਰ ਇੱਕ ਬੀਜ ਦੀ ਪਰਵਿਰਸ਼ ਕਰਦੀ ਹੈ। ਇਹ ਲੋਕਾਈ ਲਈ ਕੁਦਰਤ ਵੱਲੋਂ ਦਿੱਤਾ ਗਿਆ ਇੱਕ ਅਣਕਿਹਾ ਸਬਕ ਹੈ ਕਿ ਜੇਕਰ ਤੁਸੀਂ ਦਰੱਖ਼ਤ ਚਾਹੁੰਦੇ ਹੋ ਤਾਂ ਬੀਜ ਬੀਜਣ ਤੋਂ ਸ਼ੁਰੂਆਤ ਕਰੋ; ਸਿੱਧਾ ਦਰੱਖ਼ਤ ਪੈਦਾ ਕਰਨ ਦਾ ਵਿਚਾਰ ਰਖੋਗੇ ਤਾਂ ਤੁਹਾਨੂੰ ਕੁਝ ਹਾਸਲ ਨਹੀਂ ਹੋਵੇਗਾ।

ਆਪਣੀਆਂ ਸੀਮਾਵਾਂ ਤੋਂ ਪਾਰ ਜਾਣਾ

ਅੱਖਾਂ ਦੇ ਚਸ਼ਮੇ ਵੇਚਣ ਵਾਲੇ ਆਮ ਤੌਰ ’ਤੇ ਆਪਣੀ ਦੁਕਾਨ ’ਚ ਹੀ ਅੱਖਾਂ ਦੀ ਜਾਂਚ ਦੀ ਸਹੂਲਤ ਰੱਖਦੇ ਹਨ, ਤਾਂ ਜੋ ਗਾਹਕ ਇੱਕੋ ਥਾਂ ਅੱਖਾਂ ਦੀ ਜਾਂਚ ਵੀ ਕਰਵਾ ਸਕਣ ਅਤੇ ਚਸ਼ਮੇ ਵੀ ਖਰੀਦ ਸਕਣ। ਮੇਰੀ ਜਾਣ-ਪਛਾਣ ਵਾਲਿਆਂ ’ਚੋਂ ਇੱਕ ਨੇ ਚਸ਼ਮੇ ਦੀ ਦੁਕਾਨ ਖੋਲੀ। ਉਹ ਦੁਕਾਨ ਕਾਫ਼ੀ ਛੋਟੀ ਸੀ, ਭਾਵ ਇੰਨੀ ਛੋਟੀ ਕਿ ਉਸ ਵਿੱਚ ਦੂਰ ਦੀ ਨਜ਼ਰ ਦੀ ਜਾਂਚ ਨਹੀਂ ਹੋ ਸਕਦੀ ਸੀ। ਅੱਖਾਂ ਦੀ ਜਾਂਚ ਕਰਨ ਲਈ ਜੋ ਚਾਰਟ ਹੁੰਦਾ ਹੈ ਉਹ ਮਰੀਜ਼ ਤੋਂ 18 ਫੁੱਟ ਦੀ ਦੂਰੀ ’ਤੇ ਹੋਣਾ ਚਾਹੀਦਾ ਹੈ, ਜਦਕਿ ਉਸ ਦੀ ਦੁਕਾਨ ਸਿਰਫ਼ 9 ਫੁੱਟ ਲੰਬੀ ਸੀ। ਮੇਰਾ ਦੋਸਤ ਇਸ ਗੱਲ ’ਤੇ ਬਿਲਕੁਲ ਚਿੰਤਤ ਨਹੀਂ ਸੀ। ਜਦ ਉਸ ਤੋਂ ਪੁੱਛਿਆ ਗਿਆ ਕਿ ਐਨੀ ਛੋਟੀ ਜਗ੍ਹਾ ’ਚ ਅੱਖਾਂ ਦੀ ਜਾਂਚ ਕਿਵੇਂ ਕਰੇਗਾ, ਤਾਂ ਉਸ ਨੇ ਕਿਹਾ, “ਸੌਖਾ ਹੈ! ਕੰਧ ’ਤੇ ਸ਼ੀਸ਼ਾ ਲਗਾ ਦਿੰਦੇ ਹਾਂ, ਦੂਰੀ ਦੋਗੁਣੀ ਹੋ ਜਾਵੇਗੀ।” ਫਿਰ ਗਾਹਕਾਂ ਨੂੰ ਸ਼ੀਸ਼ੇ ਰਾਹੀਂ ਚਾਰਟ ਪੜ੍ਹਨ ਲਈ ਕਿਹਾ ਜਾ

ਸਕਦਾ ਸੀ, ਕਿਉਂਕਿ ਸ਼ੀਸ਼ੇ ਨਾਲ ਦੂਰੀ ਦੋਗੁਣੀ ਲਗੇਗੀ। ਇਸ ਤਰ੍ਹਾਂ ਜਗ੍ਹਾ ਦੀ ਕਮੀ ਦੇ ਬਾਵਜੂਦ ਉਸ ਨੇ ਆਪਣੀ ਸਮੱਸਿਆ ਦਾ ਹੱਲ ਲੱਭ ਲਿਆ।

ਇਹ ਸਿਧਾਂਤ ਜ਼ਿੰਦਗੀ ਦੇ ਜ਼ਿਆਦਾਤਰ ਖੇਤਰਾਂ 'ਚ ਲਾਗੂ ਹੁੰਦਾ ਹੈ। ਜਦੋਂ ਮੌਕੇ ਘੱਟ ਹੁੰਦੇ ਹਨ, ਜਦੋਂ ਹਦਾਂ ਤੰਗ ਲੱਗਦੀਆਂ ਹਨ, ਤਾਂ ਨਿਰਾਸ਼ ਹੋਣ ਦੀ ਲੋੜ ਨਹੀਂ। ਸਿਰਫ਼ ਦਿਮਾਗ ਚਲਾਉਣ ਦੀ ਗੱਲ ਹੈ ਤੇ ਤੁਸੀਂ ਆਪਣੀ "9 ਫੁੱਟ ਦੀ ਦੁਕਾਨ" ਨੂੰ "18 ਫੁੱਟ" 'ਚ ਬਦਲ ਸਕਦੇ ਹੋ।

ਜੇ ਘਰ ਛੋਟਾ ਹੈ ਤਾਂ ਉੱਪਰ ਮੰਜ਼ਿਲਾਂ ਬਣਾਕੇ ਉਸਨੂੰ ਵੱਡਾ ਕੀਤਾ ਜਾ ਸਕਦਾ ਹੈ। ਜੇ ਨਿਵੇਸ਼ ਕਰਨ ਲਈ ਸਰੋਤ ਘੱਟ ਹਨ, ਤਾਂ ਤੁਹਾਡੀ ਇਮਾਨਦਾਰੀ ਹੀ ਕਾਮਯਾਬੀ ਦੀ ਸਭ ਤੋਂ ਵੱਡੀ ਪੁਸ਼ਟੀ ਹੈ। ਜੇ ਯੂਨੀਵਰਸਿਟੀ ਦੀਆਂ ਡਿਗਰੀਆਂ ਜਾਂ ਉੱਚੀਆਂ ਯੋਗਤਾਵਾਂ ਨਹੀਂ ਹਨ, ਤਾਂ ਤੁਹਾਡਾ ਸੁਭਾਅ ਤੇ ਮਿਹਨਤ ਕਾਫੀ ਹੱਦ ਤੱਕ ਇਸ ਘਾਟ ਨੂੰ ਪੂਰਾ ਕਰ ਸਕਦੇ ਹਨ। ਜੇ ਵਿਰੋਧੀ ਨੂੰ ਲੜ ਕੇ ਨਹੀਂ ਹਰਾਇਆ ਜਾ ਸਕਦਾ, ਤਾਂ ਉਸ ਦਾ ਦਿਲ ਜਿੱਤਣਾ ਸਭ ਤੋਂ ਵੱਧ ਅਕਲਮੰਦੀ ਦੀ ਗੱਲ ਹੈ। ਜੇ ਰਾਜਨੀਤੀ 'ਚ ਤੁਹਾਡੀ ਪਕੜ ਘੱਟ ਹੈ, ਤਾਂ ਤੁਸੀਂ ਆਰਥਿਕ ਖੇਤਰ 'ਚ ਸਫਲ ਹੋ ਕੇ ਉੱਨੀ ਹੀ ਮਹੱਤਵਪੂਰਨ ਮੰਜ਼ਿਲ ਹਾਸਲ ਕਰ ਸਕਦੇ ਹੋ। ਜਦੋਂ ਤੁਹਾਨੂੰ ਇਹ ਮਹਿਸੂਸ ਹੋਵੇ ਕਿ ਤੁਸੀਂ ਕਮਜ਼ੋਰ ਸਥਿਤੀ ਵਿੱਚ ਹੋ ਕਿਉਂਕਿ ਤੁਹਾਡੇ ਸਮਰਥਕ ਘੱਟ ਗਿਣਤੀ ਵਿੱਚ ਹਨ, ਤਾਂ ਤੁਸੀਂ ਏਕਤਾ ਪੈਦਾ ਕਰਨ ਵਾਲੀਆਂ ਤਾਕਤਾਂ ਨੂੰ ਉਤਸ਼ਾਹਿਤ ਕਰਕੇ ਅਤੇ ਉਪਲਬਧ ਮਨੁੱਖੀ ਸਰੋਤਾਂ ਦੀ ਪ੍ਰਭਾਵਸ਼ਾਲੀ ਸੰਗਠਨਾ ਲਈ ਯਤਨ ਕਰਕੇ ਇਸ ਘਾਟ ਨੂੰ ਪੂਰਾ ਕਰ ਸਕਦੇ ਹੋ।

ਹਰ "ਛੋਟੀ ਦੁਕਾਨ" ਨੂੰ "ਵੱਡੀ ਦੁਕਾਨ" ਬਣਾਇਆ ਜਾ ਸਕਦਾ ਹੈ। ਦੁਕਾਨ ਛੋਟੀ ਸਿਰਫ਼ ਤਦ ਤੱਕ ਹੈ ਜਦ ਤੱਕ ਤੁਸੀਂ ਆਪਣੀ ਸੋਚ ਨਾਲ ਇਸਨੂੰ ਵਧਾਉਂਦੇ ਨਹੀਂ। ਰੱਬ ਵੱਲੋਂ ਮਿਲੇ ਕੁਦਰਤੀ ਤੋਹਫ਼ਿਆਂ ਦੀ ਸਹੀ ਵਰਤੋਂ ਕਰਕੇ ਤੁਸੀਂ ਆਪਣੀਆਂ ਸੀਮਾਵਾਂ ਤੋਂ ਪਾਰ ਜਾ ਸਕਦੇ ਹੋ।

ਧੀਰਜ ਦਾ ਸੁਨੇਹਾ

ਰਾਜਸਥਾਨ ਦਾ ਇਕ ਵਿਦਿਆਰਥੀ ਆਪਣੀ ਹਾਈ ਸਕੂਲ ਦੀ ਪ੍ਰੀਖਿਆ 'ਚ ਫੇਲ ਹੋ ਗਿਆ। ਅਗਲੇ ਸਾਲ ਉਸਨੇ ਮੁੜ ਪ੍ਰੀਖਿਆ ਦਿੱਤੀ, ਪਰ ਫਿਰ

ਅਸਫਲ ਰਿਹਾ। ਤੀਜੀ ਵਾਰੀ ਵੀ ਫੇਲ ਹੋਣ ਤੋਂ ਬਾਅਦ, ਉਸਦੇ ਅੰਦਰ ਇੰਨੀ ਸ਼ਰਮਿੰਦਗੀ ਪੈਦਾ ਹੋ ਗਈ ਕਿ ਉਸਨੇ ਘਰ ਛੱਡ ਦਿੱਤਾ ਕਿਉਂਕਿ ਉਹ ਆਪਣੇ ਪਰਿਵਾਰ ਦਾ ਸਾਹਮਣਾ ਕਰਨ ਦੇ ਯੋਗ ਨਹੀਂ ਸੀ।

ਉਹ ਬਿਨਾਂ ਕਿਸੇ ਉਦੇਸ਼ ਦੇ ਤੁਰਦਾ ਚਲਾ ਗਿਆ। ਲੰਮਾ ਸਮਾਂ ਚੱਲਣ ਤੋਂ ਬਾਅਦ ਉਹ ਆਪਣੀ ਪਿਆਸ ਬੁਝਾਉਣ ਲਈ ਇੱਕ ਖੂਹ ਕੋਲ ਰੁਕਿਆ। ਉੱਥੇ ਕੁਝ ਔਰਤਾਂ ਤੇ ਬੱਚੇ ਆਪਣੇ ਘੜੇ ਭਰਨ ਦੀ ਵਾਰੀ ਦੀ ਉਡੀਕ ਕਰ ਰਹੇ ਸਨ। ਉੱਥੇ ਉਸਦੀ ਨਜ਼ਰ ਇੱਕ ਐਸੀ ਚੀਜ਼ ’ਤੇ ਪਈ ਜਿਸ ਨੇ ਉਸਦੀ ਜ਼ਿੰਦਗੀ ਹੀ ਬਦਲ ਦਿੱਤੀ। ਇਹ ਚੀਜ਼ ਆਕਾਰ ਵਿਚ ਤਾਂ ਛੋਟੀ ਸੀ, ਪਰ ਮਹੱਤਵ ਬਹੁਤ ਵੱਡਾ ਸੀ। ਉਹ ਉਸਤੋਂ ਇੰਨਾ ਪ੍ਰਭਾਵਿਤ ਹੋ ਗਿਆ ਕਿ ਉਸਦੀ ਪਿਆਸ ਹੀ ਮੁੱਕ ਗਈ। ਉਸਨੂੰ ਅਚਾਨਕ ਮਹਿਸੂਸ ਹੋਇਆ ਕਿ ਉਸਨੇ ਪਾਣੀ ਤੋਂ ਵੀ ਵੱਡੀ ਦੌਲਤ ਲੱਭ ਲਈ ਹੈ।

ਗੱਲ ਬੜੀ ਸਾਦੀ ਸੀ— ਗਾਂਵ ਦੇ ਲੋਕ ਆਮ ਤੌਰ ’ਤੇ ਖੂਹ ’ਤੇ ਦੋ ਮਿੱਟੀ ਦੇ ਘੜੇ ਲਿਆਉਂਦੇ ਸਨ। ਇੱਕ ਘੜਾ ਖੂਹ ਵਿੱਚ ਰੱਸੀ ਨਾਲ ਪਾਣੀ ਕੱਢਣ ਲਈ ਸੁੱਟਿਆ ਜਾਂਦਾ, ਦੂਜਾ ਨੇੜੇ ਪਥਰ ’ਤੇ ਰੱਖਿਆ ਜਾਂਦਾ। ਹੈਰਾਨੀ ਦੀ ਗੱਲ ਇਹ ਸੀ ਕਿ ਜਿੱਥੇ ਘੜਾ ਹਰ ਵਾਰੀ ਰੱਖਿਆ ਜਾਂਦਾ ਸੀ, ਉਸ ਪਥਰ ਦਾ ਉਹ ਹਿੱਸਾ ਘਿਸ-ਘਿਸ ਕੇ ਖੱਡ ਬਣ ਚੁੱਕੀ ਸੀ। ਉਹ ਸੋਚਣ ਲੱਗਾ, ਘੜਾ ਤਾਂ ਮਿੱਟੀ ਦਾ ਹੈ, ਪਰ ਜਦੋਂ ਉਹ ਇੱਕੋ ਥਾਂ ਵਾਰ-ਵਾਰ ਰੱਖਿਆ ਗਿਆ ਤਾਂ ਉਸਨੇ ਪੱਥਰ ਵਰਗੇ ਕਠੋਰ ਪਦਾਰਥ ਨੂੰ ਵੀ ਘਿਸ ਦਿੱਤਾ। ਸਿਰਫ਼ ਲਗਾਤਾਰ ਕਿਰਿਆ ਨਾਲ ਹੀ ਮਜ਼ਬੂਤ ਤੱਤ ਕਮਜ਼ੋਰ ਅਗੇ ਝੁੱਕ ਗਿਆ। ਉਸਨੇ ਆਪਣੇ ਨੂੰ ਸਵਾਲ ਕੀਤਾ “ਜੇ ਮੈਂ ਵੀ ਅਣਥੱਕ ਤੇ ਅਡੋਲ ਰਹਾਂ ਤਾਂ ਪ੍ਰੀਖਿਆ ’ਚ ਕਿਉਂ ਨਾ ਕਾਮਯਾਬ ਹੋਵਾਂ? ਮੈਂ ਵੀ ਆਪਣੀਆਂ ਕਮੀਆਂ ਨੂੰ ਵੱਧ ਮਿਹਨਤ ਨਾਲ ਦੂਰ ਕਰ ਸਕਦਾ ਹਾਂ!”

ਅਜਿਹੇ ਵਿਚਾਰਾਂ ਨੇ ਉਸਦੇ ਕਦਮ ਰੋਕ ਲਏ। ਉਸਨੇ ਤੁਰੰਤ ਘਰ ਵਾਪਸ ਜਾਣ ਦਾ ਫੈਸਲਾ ਕੀਤਾ ਅਤੇ ਦੁਬਾਰਾ ਪੂਰੀ ਮਿਹਨਤ ਨਾਲ ਪੜ੍ਹਾਈ ਸ਼ੁਰੂ ਕਰ ਦਿੱਤੀ। ਅਗਲੇ ਸਾਲ, ਚੌਥੀ ਵਾਰੀ ਉਸਨੇ ਹਾਈ ਸਕੂਲ ਦੀ ਪ੍ਰੀਖਿਆ ਦਿੱਤੀ। ਇਸ ਵਾਰੀ ਨਤੀਜਾ ਹੈਰਾਨ ਕਰਨ ਵਾਲਾ ਤੇ ਪਿਛਲੇ ਸਾਲਾਂ ਤੋਂ ਬਿਲਕੁਲ ਉਲਟ ਸੀ। ਉਸਦੇ ਅੰਕ ਇੰਨੇ ਵਧੀਆ ਸਨ ਕਿ ਉਸਨੂੰ ਜਮਾਤ ਵਿਚੋਂ ਪਹਿਲਾ ਸਥਾਨ ਹਾਸਲ ਹੋਇਆ। ਤਿੰਨ ਵਾਰ ਫੇਲ ਹੋਣ ਤੋਂ ਬਾਅਦ ਹੁਣ ਉਹ ਇਕ ਬੁਧੀਮਾਨ

ਵਿਦਿਆਰਥੀ ਬਣ ਗਿਆ ਸੀ। ਪੱਥਰ ਤੋਂ ਮਿਲੀ ਸਿੱਖਿਆ ਨੇ ਚਮਤਕਾਰ ਵਾਂਗ ਕੰਮ ਕੀਤਾ ਅਤੇ ਉਸਦੀ ਸੋਚ ਹੀ ਬਦਲ ਗਈ। ਉਹੀ ਵਿਦਿਆਰਥੀ ਜੋ ਕਦੇ ਫੇਲ ਹੋਣ ਦੇ ਡਰ ਕਰਕੇ ਘਰੋਂ ਭੱਜ ਗਿਆ ਸੀ, ਹੁਣ ਹਰ ਪ੍ਰੀਖਿਆ 'ਚ ਪ੍ਰਥਮ ਆਉਣ ਲੱਗ ਪਿਆ। ਜਦੋਂ ਉਸਨੇ ਐਮ.ਏ. 'ਚ ਟੌਪ ਕੀਤਾ ਤਾਂ ਉਸਨੂੰ ਵਿਦੇਸ਼ 'ਚ ਪੜ੍ਹਾਈ ਲਈ ਸਕਾਲਰਸ਼ਿਪ ਮਿਲੀ ਅਤੇ ਉੱਥੇ ਜਾ ਕੇ ਉਸਨੇ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ।

ਇਹ ਘਟਨਾ ਭਾਵੇਂ ਕਿਸੇ ਇੱਕ ਪਿੰਡ ਦੀ ਹੈ, ਪਰ ਅਸਲ 'ਚ ਹਰ ਥਾਂ ਐਸਾ ਇਕ "ਪੱਥਰ" ਮੌਜੂਦ ਹੁੰਦਾ ਹੈ ਜੋ ਇਨਸਾਨ ਨੂੰ ਸਿੱਖਿਆ ਦੇ ਸਕਦਾ ਹੈ, ਉਸ ਦੀਆਂ ਕਮਜ਼ੋਰੀਆਂ ਅਤੇ ਅਸਫਲਤਾਵਾਂ ਵੱਲ ਇਸ਼ਾਰਾ ਕਰ ਸਕਦਾ ਹੈ, ਪਰ ਇਹ ਤਾਂ ਹੀ ਮੁਮਕਿਨ ਹੈ ਜੇਕਰ ਮਨੁੱਖ ਪੱਥਰ ਦੇ ਸੁਨੇਹੇ ਨੂੰ ਸਮਝਣ ਲਈ ਚੇਤੰਨ ਹੋਵੇ। ਜੇ ਮਨੁੱਖ ਧਿਆਨ ਨਾਲ ਦੇਖੇ ਤਾਂ ਉਸ ਨੂੰ ਆਪਣੇ ਆਲੇ-ਦੁਆਲੇ ਕੋਈ ਨਾ ਕੋਈ ਅਜਿਹਾ "ਪੱਥਰ" ਜ਼ਰੂਰ ਮਿਲ ਜਾਵੇਗਾ ਜੋ ਉਸ ਨੂੰ ਮੁੜ ਸਹੀ ਰਾਹ 'ਤੇ ਲਿਆ ਸਕਦਾ ਹੈ।

ਪੂਰਵ ਗਿਆਨ ਦਾ ਲਾਭ

1970 ਵਿੱਚ ਇੱਕ ਭਾਰਤੀ ਰਾਜਨੇਤਾ ਨੇ ਫਰਾਂਸ ਦਾ ਦੌਰਾ ਕੀਤਾ, ਜਿੱਥੇ ਉਸ ਦੀ ਮੁਲਾਕਾਤ ਗੌਲਿਸਟ ਪਾਰਟੀ ਨਾਲ ਸੰਬੰਧਤ ਇੱਕ ਫ਼੍ਰਾਂਸਿਸੀ ਰਾਜਨੇਤਾ ਨਾਲ ਹੋਈ। ਉਨ੍ਹਾਂ ਦੀ ਵਾਰਤਾਲਾਪ ਦਾ ਇੱਕ ਹਿੱਸਾ 'ਦ ਟਾਈਮਜ਼ ਆਫ਼ ਇੰਡੀਆ', 18 ਜੁਲਾਈ 1983 ਵਿੱਚ ਛਪਿਆ ਸੀ:

ਗੌਲਿਸਟ: ਪੈਰਿਸ ਵਿੱਚ ਤੁਸੀਂ ਕੁਝ ਖਾਸ ਕਰਨਾ ਚਾਹੋਗੇ?

ਭਾਰਤੀ: ਮੈਂ ਡੇ ਗੌਲੇ ਦਾ ਬਹੁਤ ਵੱਡਾ ਪ੍ਰਸ਼ੰਸਕ ਹਾਂ ਤੇ ਉਸ ਨਾਲ ਇਕ ਯਾਦਗਾਰੀ ਮੁਲਾਕਾਤ ਕਰਨਾ ਚਾਹੁੰਦਾ ਹਾਂ।

ਗੌਲਿਸਟ: ਪਰ ਸਾਹਿਬ, ਉਹ ਤਾਂ ਮਰ ਚੁੱਕੇ ਹਨ।

ਭਾਰਤੀ: ਕੀ? ਭਾਰਤ ਵਿੱਚ ਬ੍ਰੀਫਿੰਗ ਦੌਰਾਨ ਕਿਸੇ ਨੇ ਮੈਨੂੰ ਨਹੀਂ ਦੱਸਿਆ।

ਗੌਲਿਸਟ: ਸ਼ਾਇਦ ਉਹਨਾਂ ਨੇ ਸਮਝ ਲਿਆ ਹੋਵੇ ਕਿ ਤੁਹਾਨੂੰ ਪਤਾ ਹੋਵੇਗਾ। ਉਹ ਚਾਰ ਸਾਲ ਪਹਿਲਾਂ ਮਰ ਗਏ ਸਨ।"

ਇਸ ਉਦਾਹਰਨ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਹਰ ਗੱਲ ਸ਼ਬਦਾਂ ਵਿੱਚ ਨਹੀਂ ਦੱਸੀ ਜਾ ਸਕਦੀ; ਕੁਝ ਚੀਜ਼ਾਂ ਇਨਸਾਨ ਨੂੰ ਆਪਣੇ ਆਪ ਪਤਾ ਹੋਣੀਆਂ ਚਾਹੀਦੀਆਂ ਹਨ। ਜੇ ਕਿਸੇ ਨੂੰ ਪਹਿਲਾਂ ਹੀ ਅੱਧੀ ਗੱਲ ਪਤਾ ਹੈ, ਤਾਂ ਉਸਨੂੰ ਬਾਕੀ ਅੱਧੀ ਦੱਸੀ ਜਾ ਸਕਦੀ ਹੈ; ਪਰ ਜੇ ਕਿਸੇ ਦੇ ਮਨ ਵਿੱਚ ਉਸ ਬਾਰੇ ਅੱਧੀ ਜਾਣਕਾਰੀ ਵੀ ਨਹੀਂ, ਤਾਂ ਉਹ ਪੂਰੀ ਗੱਲ ਕਿਵੇਂ ਸਮਝ ਸਕੇਗਾ? ਭਾਵੇਂ ਕੋਈ ਗੱਲ ਬਿਲਕੁਲ ਵਾਜਬ ਤੇ ਪੱਕੇ ਸਬੂਤਾਂ ਵਾਲੀ ਹੋਵੇ, ਪਰ ਜੇ ਉਸ ਬਾਰੇ ਪਹਿਲਾਂ ਤੋਂ ਕੁਝ ਜਾਣਕਾਰੀ ਨਾ ਹੋਵੇ, ਤਾਂ ਉਹ ਸਮਝ ਤੋਂ ਪਰੇ ਰਹਿੰਦੀ ਹੈ।

ਜੇ ਕੋਈ ਕਿਸੇ ਨੂੰ ਕਹੇ, "ਫ਼ਲਾਂ ਬੱਲੇਬਾਜ਼ ਨੇ ਸੈਂਚਰੀ ਮਾਰੀ," ਤਾਂ ਉਹ ਤੁਰੰਤ ਸਮਝ ਜਾਵੇਗਾ ਕਿ ਇਸਦਾ ਮਤਲਬ ਕ੍ਰਿਕਟ ਵਿੱਚ ਸੌ ਰਨ ਬਣਾਉਣਾ ਹੈ। ਪਰ ਜੇ ਕੋਈ ਕਹੇ, "ਕਿਸੇ ਕੌਮ ਦੀ ਤਰੱਕੀ ਲਈ ਸੌ ਸਾਲ ਦੀ ਕਠਿਨ ਮਿਹਨਤ ਚਾਹੀਦੀ ਹੈ," ਤਾਂ ਕੋਈ ਵੀ ਉਸਦੀ ਅਸਲ ਗਹਿਰਾਈ ਨਹੀਂ ਸਮਝ ਸਕੇਗਾ; ਕਿਉਂਕਿ ਕੋਈ ਨਹੀਂ ਜਾਣਦਾ ਕਿ ਇੰਨੇ ਲੰਮੇ ਸਮੇਂ ਤੱਕ ਖ਼ੁਦ ਨੂੰ ਰਚਨਾਤਮਕ ਕੰਮ ਲਈ ਸਮਰਪਿਤ ਕਰਨਾ ਕੀ ਹੁੰਦਾ ਹੈ।

ਅਡਿੱਗ ਸਹਿਨਸ਼ੀਲਤਾ

ਮੁਗਲ ਸ਼ਹਿਜ਼ਾਦਾ ਔਰੰਗਜ਼ੇਬ ਦਾ ਆਪਣੇ ਪਿਤਾ ਸ਼ਾਹਜਹਾਂ ਨਾਲ ਕੁਝ ਰਾਜਨੀਤਿਕ ਮਸਲਿਆਂ 'ਤੇ ਟਕਰਾਅ ਪੈਦਾ ਹੋ ਗਿਆ। ਇਸ ਕਰਕੇ ਉਸ ਨੇ 1658 ਵਿੱਚ ਪਿਤਾ ਸ਼ਾਹਜਹਾਂ ਨੂੰ ਤਖ਼ਤ ਤੋਂ ਹਟਾ ਕੇ ਆਗਰਾ ਕਿਲੇ ਵਿੱਚ ਕੈਦ ਕਰ ਦਿੱਤਾ। ਉੱਥੇ ਉਸ ਨੂੰ ਸਖ਼ਤ ਨਜ਼ਰਬੰਦੀ ਹੇਠ ਰੱਖਦਿਆਂ ਹੋਇਆ ਜੀਵਨ ਦੀਆਂ ਆਮ ਲੋੜੀਂਦੀਆਂ ਵਸਤਾਂ ਤੋਂ ਵੀ ਵਾਂਝਾ ਰੱਖਿਆ ਗਿਆ। ਉਹ ਆਪਣਾ ਸਮਾਂ ਸਿਰਫ਼ ਕਿਲੇ ਵਿੱਚੋਂ ਤਾਜ ਮਹਿਲ ਨੂੰ ਤੱਕਦੇ ਅਤੇ ਸ਼ਾਇਰੀ ਪੜ੍ਹਦੇ ਗੁਜ਼ਾਰਦਾ ਸੀ।

ਡਾ. ਆਰ.ਸੀ. ਮਜੂਮਦਾਰ, ਡਾ. ਐਚ.ਸੀ. ਰਾਏਚੌਧਰੀ ਅਤੇ ਡਾ. ਕਾਲੀਂਕਰ ਦੱਤਾ ਦੁਆਰਾ ਸੰਪਾਦਿਤ ਪੁਸਤਕ "ਐਨ ਐਡਵਾਂਸਡ ਹਿਸਟਰੀ ਆਫ਼ ਇੰਡੀਆ" ਵਿੱਚ ਸ਼ਾਹਜਹਾਂ ਦੇ ਆਖ਼ਰੀ ਦਿਨਾਂ ਬਾਰੇ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ:

"ਉਸ ਨੇ ਧਰਮ ਵਿੱਚ ਆਸਰਾ ਲੱਭਿਆ ਅਤੇ ਸੰਤੋਖ ਦੇ ਭਾਵ ਨਾਲ ਆਪਣਾ ਆਖ਼ਰੀ ਸਮਾਂ ਪ੍ਰਾਰਥਨਾ ਅਤੇ ਧਿਆਨ ਵਿੱਚ ਰਹਿੰਦਿਆਂ ਹੋਇਆਂ ਉਦੋਂ ਤਕ ਆਪਣੀ ਧੀ ਜਹਾਨਆਰਾ ਦੀ ਸੰਗਤ ਵਿੱਚ ਗੁਜ਼ਾਰਿਆ ਜਦੋਂ ਤੱਕ ਮੌਤ ਨੇ ਉਸਨੂੰ ਸਾਰੀਆਂ ਪੀੜਾਵਾਂ ਤੋਂ ਮੁਕਤ ਨਾ ਕਰ ਦਿੱਤਾ।" (ਸਫ਼ਾ 477)

ਕਿਹਾ ਜਾਂਦਾ ਹੈ ਕਿ ਕੈਦ ਦੀ ਜ਼ਿੰਦਗੀ ਤੋਂ ਉਕਤਾ ਕੇ ਸ਼ਾਹਜਹਾਂ ਨੇ ਔਰੰਗਜ਼ੇਬ ਨੂੰ ਇੱਕ ਸ਼ੇਅਰ ਲਿਖ ਭੇਜਿਆ ਸੀ:

"ਸਾਨੂੰ ਮਾਰ ਦੇ ਜਾਂ ਸਾਨੂੰ ਆਜ਼ਾਦ ਕਰ ਦੇ।"

ਔਰੰਗਜ਼ੇਬ ਨੇ ਜਵਾਬ ਵਿੱਚ ਇੱਕ ਹੋਰ ਸ਼ੇਅਰ ਭੇਜਿਆ:

"ਜਦੋਂ ਸੂਝਵਾਨ ਪੰਛੀ ਜਾਲ ਵਿੱਚ ਫਸ ਜਾਵੇ, ਤਾਂ ਉਸਨੂੰ ਸਬਰ ਨਾਲ ਬੈਠੇ ਰਹਿਣਾ ਚਾਹੀਦਾ ਹੈ।"

ਭਾਵੇਂ ਇਹ ਸੱਚ ਦੀ ਜਗ੍ਹਾ ਮਿਥਕ ਕਥਾ ਹੋਵੇ, ਪਰ ਇਸ ਵਿੱਚ ਇੱਕ ਸਬਕ ਹੈ। ਕਈ ਵਾਰ ਕਿਸੇ ਹਾਦਸੇ ਜਾਂ ਆਪਣੀ ਗਲਤੀ ਕਰਕੇ ਇਨਸਾਨ ਅਜਿਹੀਆਂ ਪਰਿਸਥਿਤੀਆਂ ਵਿੱਚ ਫਸ ਜਾਂਦਾ ਹੈ ਜੋ ਅਸਹਿ ਹੁੰਦੀਆਂ ਹਨ ਅਤੇ ਜਿਨ੍ਹਾਂ ਤੋਂ ਖੁਦ ਨੂੰ ਬਾਹਰ ਕੱਢਣਾ ਸੰਭਵ ਨਹੀਂ ਹੁੰਦਾ। ਅਜਿਹੇ ਸਮੇਂ ਵਿੱਚ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ ਸਿਰਫ ਭਾਵਨਾਵਾਂ ਵਿੱਚ ਬਹਿ ਕੇ ਕਦਮ ਚੁੱਕਣਾ ਮੂਰਖਤਾ ਹੁੰਦੀ ਹੈ। ਜਿਸ ਤਰ੍ਹਾਂ ਜਦੋਂ ਕੋਈ ਪੰਛੀ ਜਾਲ ਵਿੱਚ ਫਸ ਜਾਵੇ ਤਾਂ ਉਦੋਂ ਜਿੰਨਾਂ ਜ਼ਿਆਦਾ ਉਹ ਪਰ ਮਾਰਦਾ ਹੈ, ਓਨਾ ਹੀ ਵੱਧ ਫੱਸਦਾ ਜਾਂਦਾ ਹੈ। ਉਸੇ ਤਰ੍ਹਾਂ ਜਦੋਂ ਅਸੀਂ ਸਬਰ ਗਵਾ ਬੈਠਦੇ ਹਾਂ ਤਾਂ ਹੋਰ ਵੱਧ ਗੁੰਝਲਾਂ ਵਿੱਚ ਫਸ ਜਾਂਦੇ ਹਾਂ। ਇਹ ਗੱਲ ਇਨਸਾਨਾਂ 'ਤੇ ਵੀ ਲਾਗੂ ਹੁੰਦੀ ਹੈ ਅਤੇ ਕੌਮਾਂ 'ਤੇ ਵੀ।

ਚੀਜ਼ਾਂ ਨੂੰ ਸਕਾਰਾਤਮਕ ਦ੍ਰਿਸ਼ਟੀਕੋਣ ਤੋਂ ਦੇਖਣਾ

ਸੂਫੀ ਸ਼ਫੀਕ ਬਲਖੀ ਅਤੇ ਸੂਫੀ ਇਬ੍ਰਾਹੀਮ ਅਦਹਮ ਸਮਕਾਲੀ ਸਨ। ਕਿਹਾ ਜਾਂਦਾ ਹੈ ਕਿ ਇੱਕ ਵਾਰ ਸ਼ਫੀਕ ਬਲਖੀ ਆਪਣੇ ਮਿੱਤਰ ਇਬ੍ਰਾਹੀਮ ਅਦਹਮ ਕੋਲ ਆਇਆ ਅਤੇ ਕਹਿਣ ਲੱਗਾ ਕਿ ਉਹ ਵਪਾਰਕ ਯਾਤਰਾ 'ਤੇ ਜਾ ਰਿਹਾ ਹੈ ਤੇ ਇਸ ਯਾਤਰਾ ਵਿਚ ਕਈ ਮਹੀਨੇ ਲੱਗਣੇ ਹਨ ਇਸ ਲਈ ਉਹ ਜਾਣ ਤੋਂ ਪਹਿਲਾਂ ਮਿਲਣ ਆਇਆ ਹੈ। ਇਸ ਮੁਲਾਕਾਤ ਤੋਂ ਕੁਝ ਦਿਨਾਂ ਬਾਅਦ,

ਇਬ੍ਰਾਹੀਮ ਅਦਹਮ ਨੇ ਵੇਖਿਆ ਕਿ ਸ਼ਫੀਕ ਬਲਖੀ ਮੁੜ ਮਸਜਿਦ ਵਿੱਚ ਆ ਗਿਆ ਹੈ। ਉਸ ਨੇ ਪੁੱਛਿਆ ਕਿ ਉਹ ਆਪਣੀ ਯਾਤਰਾ ਤੋਂ ਇੰਨਾ ਜਲਦੀ ਕਿਵੇਂ ਪਰਤ ਆਇਆ। ਸ਼ਫੀਕ ਬਲਖੀ ਨੇ ਦੱਸਿਆ ਕਿ ਆਪਣੇ ਵਪਾਰਕ ਦੌਰੇ ਦੌਰਾਨ ਉਹ ਇੱਕ ਅਜਿਹੀ ਥਾਂ ’ਤੇ ਪਹੁੰਚਿਆ ਜੋ ਵਿਰਾਨ ਸੀ, ਇਸ ਲਈ ਉਸ ਨੇ ਉੱਥੇ ਆਪਣਾ ਡੇਰਾ ਲਗਾ ਲਿਆ। ਉੱਥੇ ਉਸ ਨੇ ਇੱਕ ਅਜਿਹਾ ਪੰਛੀ ਵੇਖਿਆ ਜੋ ਅਪਾਹਜ ਸੀ ਅਤੇ ਉੱਡ ਨਹੀਂ ਸਕਦਾ ਸੀ। ਸ਼ਫੀਕ ਬਲਖੀ ਨੂੰ ਪੰਛੀ ’ਤੇ ਤਰਸ ਆ ਗਿਆ। ਉਸ ਨੇ ਸੋਚਿਆ ਕਿ ਇਸ ਵਿਰਾਨ ਜਗ੍ਹਾ ’ਤੇ ਇਹ ਪੰਛੀ ਕਿਵੇਂ ਜੀਵਤ ਰਹਿੰਦਾ ਹੋਵੇਗਾ? ਉਹ ਸੋਚ ਹੀ ਰਿਹਾ ਸੀ ਕਿ ਇੰਨੇ ਨੂੰ ਇਕ ਹੋਰ ਪੰਛੀ ਚੁੰਝ ਵਿਚ ਖਾਣਾ ਲੈ ਕੇ ਆਇਆ ਤੇ ਉਸ ਅਪਾਹਜ ਪੰਛੀ ਨੂੰ ਦੇ ਕੇ ਉਥੋਂ ਚਲਾ ਗਿਆ।

ਇਹ ਵੇਖ ਕੇ ਸ਼ਫੀਕ ਬਲਖੀ ਬੋਲਿਆ: “ਸੁਭਾਨ ਅੱਲਾਹ! ਜਦੋਂ ਅੱਲਾਹ ਤਾਲਾ ਇਸ ਤਰ੍ਹਾਂ ਇੱਕ ਪੰਛੀ ਲਈ ਰਿਜ਼ਕ ਭੇਜ ਸਕਦਾ ਹੈ, ਤਾਂ ਫਿਰ ਮੈਨੂੰ ਆਪਣੇ ਗੁਜ਼ਾਰੇ ਲਈ ਇੱਕ ਥਾਂ ਤੋਂ ਦੂਜੇ ਥਾਂ ਭਟਕਣ ਦੀ ਕੀ ਲੋੜ ਹੈ?” ਇਸ ਲਈ ਮੈਂ ਆਪਣਾ ਸਫ਼ਰ ਰੱਦ ਕਰ ਦਿੱਤਾ ਅਤੇ ਘਰ ਵਾਪਸ ਆ ਗਿਆ। ਇਹ ਸੁਣ ਕੇ ਇਬ੍ਰਾਹੀਮ ਅਦਹਮ ਨੇ ਕਿਹਾ: “ਸ਼ਫੀਕ, ਤੂੰ ਅਪਾਹਜ ਪੰਛੀ ਵਾਂਗ ਕਿਉਂ ਬਣਨਾ ਚਾਹੁੰਦਾ ਹੈ? ਤੂੰ ਉਸ ਪੰਛੀ ਦੀ ਸ਼੍ਰੇਣੀ ਵਿੱਚ ਕਿਉਂ ਨਹੀਂ ਆਉਣਾ ਚਾਹੁੰਦਾ ਜੋ ਆਪਣਾ ਗੁਜ਼ਾਰਾ ਵੀ ਕਰਦਾ ਹੈ ਅਤੇ ਮਿਹਨਤ ਕਰਕੇ ਦੂਜਿਆਂ ਦੀ ਮਦਦ ਵੀ ਕਰਦਾ ਹੈ?” ਇਹ ਸੁਣ ਕੇ ਸ਼ਫੀਕ ਬਲਖੀ ਨੇ ਇਬ੍ਰਾਹੀਮ ਅਦਹਮ ਦਾ ਹੱਥ ਚੁੰਮਿਆ ਅਤੇ ਕਿਹਾ: “ਅਬੂ ਇਸਹਾਕ ਤੁਸੀਂ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ। ਤੁਸੀਂ ਜੋ ਕਿਹਾ, ਬਿਲਕੁਲ ਸਹੀ ਕਿਹਾ।”

ਇੱਕ ਹੀ ਘਟਨਾ ਵਿੱਚੋਂ ਇੱਕ ਨੇ ਨਿਰਾਸ਼ਾ ਦਾ ਸਬਕ ਲਿਆ, ਜਦਕਿ ਦੂਜੇ ਨੇ ਹੌਸਲੇ ਦਾ। ਹਰ ਘਟਨਾ ਦੇ ਹਮੇਸ਼ਾਂ ਦੋ ਪੱਖ ਹੁੰਦੇ ਹਨ। ਕਿਸੇ ਵਿਅਕਤੀ ਵੱਲੋਂ ਕਿਸੇ ਘਟਨਾ ਨੂੰ ਕਿਵੇਂ ਵੇਖਿਆ ਜਾਂਦਾ ਹੈ, ਇਹ ਉਸ ਦੀ ਆਪਣੀ ਯੋਗਤਾ ਦੀ ਗੱਲ ਹੁੰਦੀ ਹੈ। ਇੱਕ ਪੱਖ ਤੋਂ ਕੋਈ ਗੱਲ ਗਲਤ ਲੱਗਦੀ ਹੈ, ਦੂਜੇ ਪੱਖ ਤੋਂ ਉਹੀ ਗੱਲ ਸਹੀ ਲੱਗਦੀ ਹੈ। ਕਿਸੇ ਘਟਨਾ ਨੂੰ ਇੱਕ ਦ੍ਰਿਸ਼ਟੀਕੋਣ ਤੋਂ ਵੇਖਣ ’ਤੇ ਨਕਾਰਾਤਮਕ ਸਿੱਖਿਆ ਮਿਲਦੀ ਹੈ ਤੇ ਦੂਜੇ ਦ੍ਰਿਸ਼ਟੀਕੋਣ ਤੋਂ ਵੇਖਣ ’ਤੇ ਸਕਾਰਾਤਮਕ ਸਿੱਖਿਆ ਮਿਲਦੀ ਹੈ।

ਮਿਹਨਤ ਕਦੇ ਵਿਅਰਥ ਨਹੀਂ ਜਾਂਦੀ

ਬੈਂਗਲੋਰ ਦੇ ਇਆਨਾ ਦੇਵਾਂਗੱਡੀ ਉਸ ਵੇਲੇ ਕੈਂਬ੍ਰਿਜ ਵਿੱਚ ਵਿਦਿਆਰਥੀ ਸੀ ਜਦੋਂ ਜਵਾਹਰਲਾਲ ਨੇਹਰੂ ਉੱਥੇ ਪੜ੍ਹਾਈ ਕਰਨ ਗਏ ਸਨ। ਉਨ੍ਹਾਂ ਦਾ ਨੇਹਰੂ ਨਾਲ ਗੂੜ੍ਹਾ ਸੰਬੰਧ ਬਣ ਗਿਆ। ਇਸ ਸੰਬੰਧ ਦੇ ਕਾਰਨ ਹੀ ਉਨ੍ਹਾਂ ਦੇ ਪੁੱਤਰ, ਦੇਰਨ ਦੇਵਾਂਗੱਡੀ ਨੇ ਬਚਪਨ ਵਿੱਚ ਨੇਹਰੂ ਬਾਰੇ ਬਹੁਤ ਕੁਝ ਸੁਣਿਆ। ਨੇਹਰੂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ, ਦੇਰਨ ਅਕਸਰ ਉਨ੍ਹਾਂ ਦੀ ਨਕਲ ਕਰਿਆ ਕਰਦਾ ਸੀ। ਬਾਅਦ ਵਿੱਚ ਦੇਰਨ ਇੱਕ ਫ਼ਿਲਮ ਅਦਾਕਾਰ ਬਣ ਗਿਆ।

ਜਦੋਂ ਐਟਨਬਰੋ ਨੇ 25 ਕਰੋੜ ਰੁਪਏ (ਲਗਭਗ 25 ਮਿਲੀਅਨ ਡਾਲਰ) ਦੀ ਲਾਗਤ ਨਾਲ ਗਾਂਧੀ ’ਤੇ ਫ਼ਿਲਮ ਬਣਾਉਣ ਦੀ ਯੋਜਨਾ ਬਣਾਈ, ਤਾਂ ਦੇਰਨ ਨੂੰ ਨੇਹਰੂ ਦੀ ਭੂਮਿਕਾ ਲਈ ਚੁਣਿਆ ਗਿਆ। ਹਾਲਾਂਕਿ, ਛੇ ਮਹੀਨੇ ਬਾਅਦ ਫ਼ਿਲਮ ਨਿਰਮਾਤਾਵਾਂ ਨੇ ਉਸਨੂੰ ਦੱਸਿਆ ਕਿ ਉਸਨੂੰ ਅਦਾਕਾਰਾਂ ਦੀ ਸੂਚੀ ਤੋਂ ਹਟਾ ਦਿੱਤਾ ਗਿਆ ਹੈ ਅਤੇ ਉਸ ਦੀ ਥਾਂ ’ਤੇ ਰੋਸ਼ਨ ਸੇਠ ਨੂੰ ਇਸ ਭੂਮਿਕਾ ਲਈ ਚੁਣਿਆ ਗਿਆ ਹੈ। ਇਹ ਫ਼ੈਸਲਾ ਦੇਰਨ ਦੇਵਾਂਗੱਡੀ ਨੂੰ ਭੂਮਿਕਾ ਦੀ ਪੇਸ਼ਕਸ਼ ਹੋਣ ਦੇ ਛੇ ਮਹੀਨੇ ਬਾਅਦ ਕੀਤਾ ਗਿਆ, ਜਿਨ੍ਹਾਂ ਦੌਰਾਨ ਉਸਨੇ ਆਪਣੀ ਭੂਮਿਕਾ ਨੂੰ ਨਿਖਾਰਨ ਲਈ ਕਾਫ਼ੀ ਮਿਹਨਤ ਕੀਤੀ ਸੀ। ਇਸ ਖ਼ਬਰ ਨੇ ਉਸਨੂੰ ਇੰਨਾ ਹਿਲਾ ਦਿੱਤਾ ਕਿ ਉਸਨੇ ਆਤਮਹੱਤਿਆ ਕਰ ਲਈ।

ਦੇਰਨ ਦੇਵਾਂਗੱਡੀ ਨੇ ਐਨਾ ਵੱਡਾ ਕਦਮ ਕਿਉਂ ਚੁੱਕਿਆ? ਕੀ ਇਸ ਲਈ ਕਿ ਉਸਨੇ ਇੱਕ ਅਜਿਹੀ ਯੋਗਤਾ ਵਿਕਸਿਤ ਕਰਨ ਲਈ ਬੜੀ ਮਿਹਨਤ ਕੀਤੀ ਸੀ ਜਿਸਦਾ ਹੁਣ ਕੋਈ ਉਪਯੋਗ ਨਹੀਂ ਸੀ? ਲੱਗਦਾ ਹੈ ਕਿ ਇਸ ਗੱਲ ਨੇ ਉਸਨੂੰ ਐਨੀ ਡੂੰਘੀ ਉਦਾਸੀ ਵਿੱਚ ਧੱਕ ਦਿੱਤਾ ਕਿ ਉਸਨੇ ਆਪਣੀ ਜਾਨ ਲੈ ਲਈ।

ਲੋਕ ਅਕਸਰ ਇਸ ਗੱਲ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ ਕਿ ਕੜੇ ਸੰਘਰਸ਼ ਨਾਲ ਹਾਸਲ ਕੀਤਾ ਹੁਨਰ ਅਤੇ ਯੋਗਤਾਵਾਂ ਇੱਕ ਨਿਵੇਸ਼ ਹੁੰਦੀਆਂ ਹਨ। ਭਾਵੇਂ ਇਸਦਾ ਤੁਰੰਤ ਲਾਭ ਨਾ ਵੀ ਮਿਲੇ, ਪਰ ਜ਼ਿੰਦਗੀ ਵਿਚ ਕੀਤੀ ਮਿਹਨਤ ਕਦੇ ਵੀ ਵਿਅਰਥ ਨਹੀਂ ਜਾਂਦੀ। ਦੇਰ-ਸਵੇਰ ਕੜੀ ਮਿਹਨਤ ਨਾਲ ਹਾਸਲ ਕੀਤੀਆਂ ਯੋਗਤਾਵਾਂ ਨੂੰ ਵਰਤਣ ਦੇ ਮੌਕੇ ਜ਼ਰੂਰ ਮਿਲਦੇ ਹਨ।

ਨਿਰਾਸ਼ਾ ਨਾਲ ਜੰਗ

ਕੁਝ ਸਾਲ ਪਹਿਲਾਂ ਸਾਡੀ ਜਾਣ-ਪਛਾਣ ਦੀ ਇਕ ਮੁਸਲਮਾਨ ਕੁੜੀ ਨੂੰ ਇਹ ਨਿਰਾਸ਼ਾ ਸਹਿਣੀ ਪਈ ਕਿ ਉਸਦੇ ਅਤਿ ਧਾਰਮਿਕ ਪਿਤਾ ਉਸਨੂੰ ਆਧੁਨਿਕ ਸਕੂਲੀ ਸਿੱਖਿਆ ਦਵਾਉਣ ਲਈ ਤਿਆਰ ਨਹੀਂ ਸਨ ਅਤੇ ਉਸਨੂੰ ਕੋਨਵੈਂਟ ਸਕੂਲ ਭੇਜਣ ਤੋਂ ਇਨਕਾਰ ਕਰ ਬੈਠੇ। ਉਹ ਅੰਗਰੇਜ਼ੀ ਸਿੱਖਣ ਲਈ ਬਹੁਤ ਉਤਸੁਕ ਸੀ ਤੇ ਇਹ ਸੋਚ ਕੇ ਸਮਾਂ ਬਰਬਾਦ ਕਰਨ ਦੀ ਬਜਾਏ ਕਿ ਪਿਤਾ ਨੇ ਇਨਕਾਰ ਕਰ ਦਿੱਤਾ ਹੈ; ਉਸਨੇ ਖੁਦ ਹੀ ਅੰਗ੍ਰੇਜ਼ੀ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਲਗਾਤਾਰ ਮਿਹਨਤ ਨਾਲ ਉਹ ਇਸ ਭਾਸ਼ਾ ਵਿੱਚ ਇੰਨੀ ਨਿਪੁੰਨ ਹੋ ਗਈ ਕਿ ਇਕ ਪ੍ਰਾਈਵੇਟ ਉਮੀਦਵਾਰ ਵਜੋਂ ਮੈਟ੍ਰਿਕ ਦੀ ਪਰੀਖਿਆ ਦੇਣ ਲਈ ਤਿਆਰ ਸੀ। ਬਦਕਿਸਮਤੀ ਨਾਲ ਪਹਿਲੀ ਕੋਸ਼ਿਸ਼ ਵਿੱਚ ਉਹ ਇਕ ਵਿਸ਼ੇ ’ਚ ਫੇਲ੍ਹ ਹੋ ਗਈ, ਪਰ ਇਸ ਨਾਲ ਉਸਦਾ ਹੌਂਸਲਾ ਟੁੱਟਿਆ ਨਹੀਂ। ਇਸਦੇ ਉਲਟ ਉਹ ਪਹਿਲਾਂ ਨਾਲੋਂ ਹੋਰ ਵੀ ਜ਼ਿਆਦਾ ਮਿਹਨਤ ਕਰਨ ਲੱਗ ਪਈ ਅਤੇ ਅਗਲੇ ਸਾਲ ਉਸਨੇ ਬਹੁਤ ਹੀ ਵਧੀਆ ਨੰਬਰਾਂ ਨਾਲ ਇਮਤਿਹਾਨ ਪਾਸ ਕਰ ਲਿਆ।

ਉਸਨੇ ਆਪਣੀ ਪੜ੍ਹਾਈ ਇਸੇ ਤਰੀਕੇ ਨਾਲ ਜਾਰੀ ਰੱਖੀ, ਆਪਣੀ ਗਲੀ-ਮੁਹੱਲੇ ਵਿੱਚੋਂ ਜਿੰਨੀ ਥੋੜ੍ਹੀ-ਬਹੁਤ ਮਦਦ ਮਿਲ ਸਕਦੀ ਸੀ, ਉਹ ਲੈਂਦੀ ਰਹੀ। ਪ੍ਰੀ-ਯੂਨੀਵਰਸਿਟੀ ਪਰੀਖਿਆ ਸਫਲਤਾਪੂਰਵਕ ਪਾਸ ਕਰਨ ਤੋਂ ਬਾਅਦ, ਉਸਨੇ ਅੰਗਰੇਜ਼ੀ ਵਿਸ਼ੇ ਵਿੱਚ ਬੀ.ਏ. (ਆਨਰਜ਼) ਕੀਤਾ ਅਤੇ ਫਿਰ ਐਮ.ਏ. ਵੀ। ਫਿਰ ਵੀ, ਉਹ ਆਪਣੀ ਸਿੱਖਿਆ ਨਾਲ ਸੰਤੁਸ਼ਟ ਨਹੀਂ ਸੀ, ਕਿਉਂਕਿ ਯੂਨੀਵਰਸਿਟੀ ਦੀ ਡਿਗਰੀ ਹਾਸਲ ਕਰਨ ਦੇ ਬਾਵਜੂਦ ਵੀ ਅੰਗਰੇਜ਼ੀ ਲਿਖਣ ਵਿੱਚ ਉਸਦੀ ਨਿਪੁੰਨਤਾ ਉੱਚ ਦਰਜੇ ਦੀ ਨਹੀਂ ਬਣੀ ਸੀ। ਉਸਨੂੰ ਲੱਗਦਾ ਸੀ ਕਿ ਕਿਸੇ ਕਾਬਲ ਅਧਿਆਪਕ ਦੀ ਮਦਦ ਤੋਂ ਬਿਨਾਂ ਇਹ ਸੰਭਵ ਨਹੀਂ, ਪਰ ਉਸਨੇ ਇਹ ਕਹਾਵਤ ਯਾਦ ਰੱਖੀ— “ਜਿੱਥੇ ਚਾਹ, ਉੱਥੇ ਰਾਹ” ਅਤੇ ਉਸਦਾ ਹੌਂਸਲਾ ਨਹੀਂ ਟੁੱਟਿਆ। ਉਸਦਾ ਇਹ ਪੱਕਾ ਤੇ ਅਡੋਲ ਵਿਸ਼ਵਾਸ ਕਿ “ਰੱਬ ਉਹਨਾਂ ਦੀ ਮਦਦ ਜ਼ਰੂਰ ਕਰਦਾ ਹੈ ਜੋ ਆਪਣੀ ਮਦਦ ਆਪ ਕਰਦੇ ਹਨ” ਉਸਦੇ ਬਹੁਤ ਕੰਮ ਆਇਆ।

ਆਪਣੇ ਸੰਘਰਸ਼ ਦੌਰਾਨ ਲੰਡਨ ਵਿਚ ਛਪੀ ਇਕ ਪੁਸਤਕ ਉਸਦੇ ਹੱਥ ਲੱਗੀ, ਜਿਸਨੇ ਅਧਿਆਪਕ ਨਾ ਮਿਲਣ ਦੀ ਸਮੱਸਿਆ ਦਾ ਹੱਲ ਦੇ ਦਿੱਤਾ। ਪੁਸਤਕ ਦਾ ਲੇਖਕ ਜੋ ਕਿ ਇਕ ਅੰਗਰੇਜ਼ ਸੀ, ਨੇ ਉਹਨਾਂ ਵਿਦੇਸ਼ੀਆਂ ਨੂੰ ਸਲਾਹ

ਦਿੱਤੀ ਕਿ ਜੋ ਅੰਗਰੇਜ਼ੀ ਸਿੱਖਣ ਵਿੱਚ ਰੁਚੀ ਰੱਖਦੇ ਹਨ ਜੇਕਰ ਉਹਨਾਂ ਕੋਲ ਕੋਈ ਚੰਗਾ ਅਧਿਆਪਕ ਉਪਲਬਧ ਨਾ ਹੋਵੇ ਤਾਂ ਉਹ ਇਕ ਚੰਗੀ ਕਿਤਾਬ ਦੀ ਮਦਦ ਨਾਲ ਲਿਖਣ ਦੀ ਪ੍ਰੈਕਟਿਸ ਕਰਨ। ਸਭ ਤੋਂ ਪਹਿਲਾਂ, ਵਿਦਿਆਰਥੀ ਕਿਤਾਬ ਵਿਚੋਂ ਕੁਝ ਹਿੱਸੇ ਚੁਣ ਕੇ ਆਪਣੀ ਮਾਤਭਾਸ਼ਾ ਵਿੱਚ ਅਨੁਵਾਦ ਕਰਨ। ਇਹ ਕਿਤਾਬ ਫਿਰ ਤਦ ਤੱਕ ਨਾ ਛੇੜੀ ਜਾਵੇ ਜਦ ਤੱਕ ਉਹਨਾਂ ਅਨੁਵਾਦਿਤ ਹਿੱਸਿਆਂ ਦਾ ਮੁੜ ਅੰਗਰੇਜ਼ੀ ਵਿੱਚ ਅਨੁਵਾਦ ਨਾ ਕੀਤਾ ਜਾਵੇ। ਫਿਰ ਉਨ੍ਹਾਂ ਦੀ ਮੂਲ ਨਾਲ ਤੁਲਨਾ ਕੀਤੀ ਜਾਵੇ, ਗਲਤੀਆਂ ਸੋਧੀਆਂ ਜਾਣ ਤੇ ਉਹ ਚੇਤੇ ਰੱਖੇ ਜਾਣ।

ਇਸ ਢੰਗ ਦੀ ਮਹੱਤਤਾ ਨੂੰ ਸਮਝਦਿਆਂ ਉਸਨੇ ਇਸਨੂੰ ਦੋ ਸਾਲ ਤੱਕ ਅਪਣਾਇਆ, ਕਿਤਾਬਾਂ ਅਤੇ ਰਸਾਲਿਆਂ ਵਿਚੋਂ ਵੱਖ-ਵੱਖ ਵਿਸ਼ਿਆਂ, ਸ਼ਬਦ-ਭੰਡਾਰ ਅਤੇ ਲਿਖਣ ਦੀਆਂ ਸ਼ੈਲੀਆਂ ਵਾਲੇ ਹਿੱਸੇ ਚੁਣ ਕੇ ਅਨੁਵਾਦ ਕੀਤਾ। ਇਹ ਵਿਧੀ ਇੰਨੀ ਸਫਲ ਸਾਬਤ ਹੋਈ ਕਿ ਉਹ ਨਾ ਸਿਰਫ ਆਪਣਾ ਸਾਰਾ ਪੱਤਰ-ਵਿਵਹਾਰ ਆਪ ਕਰ ਸਕਦੀ ਸੀ, ਸਗੋਂ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਆਮ ਦਿਲਚਸਪੀ ਵਾਲੇ ਵਿਸ਼ਿਆਂ ’ਤੇ ਰਚਨਾਤਮਕ ਲੇਖ ਲਿਖ ਵੀ ਸਕਦੀ ਸੀ। ਉਸਦਾ ਇਹ ਹੁਨਰ ਉਸਦੇ ਭਰਾ ਦੇ ਐਕਸਪੋਰਟ ਕਾਰੋਬਾਰ ਵਿੱਚ ਵੀ ਮਦਦਗਾਰ ਸਾਬਤ ਹੋਇਆ।

ਉਸਦਾ ਅਪਣਾਇਆ ਤਰੀਕਾ ਕਿਸੇ ਵੀ ਵਿਦੇਸ਼ੀ ਭਾਸ਼ਾ ਨੂੰ ਸਿੱਖਣ ਲਈ ਲਾਗੂ ਕੀਤਾ ਜਾ ਸਕਦਾ ਹੈ। ਇਸ ਲਈ ਇਹ ਗੱਲ ਸਪਸ਼ਟ ਹੈ ਕਿ ਸਾਨੂੰ ਸਿਖਰ ’ਤੇ ਪਹੁੰਚਣ ਲਈ ਸਿਰਫ਼ ਜਾਣੇ-ਪਛਾਣੇ, ਪਰੰਪਰਾਗਤ ਅਤੇ ਆਸਾਨ ਪਹੁੰਚ ਵਾਲੇ ਨਹੀਂ ਸਗੋਂ ਕਈ ਹੋਰ ਵੱਖ-ਵੱਖ ਰਾਹ ਮਿਲ ਸਕਦੇ ਹਨ। ਸਾਡੇ ਰਾਹ ਵਿੱਚ ਕੁਝ ਦਰਵਾਜ਼ੇ ਬੰਦ ਮਿਲ ਸਕਦੇ ਹਨ, ਪਰ ਦੂਜੇ ਪਾਸੇ ਹੋਰ ਦਰਵਾਜ਼ੇ ਹਮੇਸ਼ਾਂ ਖੁੱਲ੍ਹੇ ਰਹਿੰਦੇ ਹਨ। ਸਵਾਲ ਸਿਰਫ਼ ਸਹੀ ਦਰਵਾਜ਼ੇ ਵਿੱਚ ਦਾਖ਼ਲ ਹੋ ਕੇ ਆਪਣੀ ਮੰਜ਼ਿਲ ਤੱਕ ਪਹੁੰਚਣ ਦਾ ਹੈ। ਅਜੋਕੇ ਯੁੱਗ ਵਿੱਚ ਕਾਮਯਾਬੀ ਸਿਰਫ ਉਹਨਾਂ ਪੱਲੇ ਹੈ ਜੋ ਆਪਣੇ ਆਲੇ-ਦੁਆਲੇ ਵਿਚ ਮੌਜੂਦ ਮੌਕਿਆਂ ਲਈ ਚੁਕੰਨੇ ਹਨ। ਅਸਫਲਤਾ ਦਾ ਕਾਰਣ ਮੌਕਿਆਂ ਦੀ ਕਮੀ ਨਹੀਂ, ਸਗੋਂ ਮੌਜੂਦਾ ਮੌਕਿਆਂ ਨੂੰ ਫੜਨ ਦੀ ਇੱਛਾਸ਼ਕਤੀ ਅਤੇ ਆਪਣੇ ਰਾਹ ’ਤੇ ਦ੍ਰਿੜਤਾ ਤੇ ਊਰਜਾ ਨਾਲ ਤੁਰਨ ਦੀ ਕਮੀ ਹੈ।

ਪੈਸੇ ਦਾ ਸਦਉਪਯੋਗ

"ਇਹ ਮੇਰੀ ਸਾਰੀ ਜ਼ਿੰਦਗੀ ਦੀ ਪੂੰਜੀ ਹੈ।" ਇਹ ਕਹਿੰਦੇ ਹੋਏ ਇੱਕ ਬਜ਼ੁਰਗ ਵਿਦਵਾਨ, ਜਿਸ ਨੇ ਸਾਰੀ ਆਪਣੀ ਉਮਰ ਸਾਦਗੀ ਨਾਲ ਪੜ੍ਹਨ ਅਤੇ ਲਿਖਣ ਵਿੱਚ ਬਿਤਾਈ ਸੀ, ਆਪਣੇ ਨਵ-ਵਿਆਹੇ ਧੀ ਅਤੇ ਜਵਾਈ ਦੇ ਹੱਥ ਵਿੱਚ ਦਸ ਹਜ਼ਾਰ ਰੁਪਏ ਦਾ ਚੈਕ ਰੱਖ ਦਿੱਤਾ। ਬਜ਼ੁਰਗ ਨੇ ਜੋੜੇ ਨੂੰ ਸਮਝਾਇਆ ਕਿ ਇਹ ਰਕਮ ਉਸਨੇ ਸਾਦਾ ਜੀਵਨ ਜੀਓ ਕੇ ਅਤੇ ਫ਼ਜ਼ੂਲਖ਼ਰਚੀ ਨਾ ਕਰ ਕੇ ਆਪਣੀ ਬਹੁਤ ਘੱਟ ਆਮਦਨ ਵਿੱਚੋਂ ਬਚਤ ਕਰਕੇ ਇਕੱਠੀ ਕੀਤੀ ਸੀ। "ਮੈਂ ਇਹ ਸਾਰਾ ਪੈਸਾ ਸ਼ਾਨੋ-ਸ਼ੌਕਤ ਵਾਲਾ ਵਿਆਹ ਕਰਕੇ ਖਰਚ ਕਰ ਸਕਦਾ ਸੀ, ਪਰ ਮੈਂ ਇਸਨੂੰ ਤੁਹਾਡੇ ਹਵਾਲੇ ਕਰਨਾ ਜ਼ਿਆਦਾ ਉਚਿਤ ਸਮਝਿਆ ਤਾਂ ਕਿ ਤੁਸੀਂ ਜੀਵਨ ਦੀ ਚੰਗੀ ਸ਼ੁਰੂਆਤ ਕਰ ਸਕੋ।"

ਨੌਜਵਾਨ ਜੋੜਾ ਇਸ ਫ਼ੈਸਲੇ ਲਈ ਬਹੁਤ ਆਭਾਰੀ ਸੀ ਅਤੇ ਉਹਨਾਂ ਨੇ ਇਸ ਪੈਸੇ ਨੂੰ ਛੋਟੇ ਕਾਰੋਬਾਰ ਵਿੱਚ ਲਗਾਉਣ ਵਿੱਚ ਦੇਰ ਨਾ ਕੀਤੀ। ਸ਼ੁਰੂ ਵਿੱਚ ਉਨ੍ਹਾਂ ਨੂੰ ਇਸ ਵਿੱਚ ਕਾਮਯਾਬੀ ਹਾਸਲ ਕਰਨ ਲਈ ਬਹੁਤ ਮਿਹਨਤ ਕਰਨੀ ਪਈ ਅਤੇ ਕਈ ਮੁਸ਼ਕਲ ਪੜਾਵਾਂ ਵਿੱਚੋਂ ਲੰਘਣਾ ਪਿਆ। ਪਰ ਉਨ੍ਹਾਂ ਨੇ ਹੌਸਲਾ ਨਹੀਂ ਹਾਰਿਆ ਅਤੇ ਆਖ਼ਿਰਕਾਰ ਇੱਕ ਸਮਾਂ ਆਇਆ ਜਦੋਂ ਉਨ੍ਹਾਂ ਦਾ ਕਾਰੋਬਾਰ ਕਾਫੀ ਵੱਧ ਗਿਆ ਅਤੇ ਆਪਣੇ ਬੱਚਿਆਂ ਦਾ ਭਵਿੱਖ ਸੁਨਿਸ਼ਚਿਤ ਕਰਕੇ ਉਹ ਸੁਖੀ ਆਰਾਮਦਾਇਕ ਜੀਵਨ ਜੀਉਣ ਲੱਗੇ। ਪਰ ਜੇ ਉਸ ਬਜ਼ੁਰਗ ਵਿਦਵਾਨ ਦੀ ਦੂਰਅੰਦੇਸ਼ੀ ਅਤੇ ਸਮਾਜ ਦੇ ਦਬਾਅ ਹੇਠ ਨਾ ਆਉਣ ਦਾ ਹੌਸਲਾ ਨਾ ਹੁੰਦਾ ਤਾਂ ਸ਼ਾਇਦ ਉਨ੍ਹਾਂ ਕੋਲ ਜੀਵਨ ਦੀ ਸ਼ੁਰੂਆਤ ਕਰਨ ਲਈ ਕੋਈ ਸਾਧਨ ਹੀ ਨਾ ਹੁੰਦਾ ਅਤੇ ਉਹ ਆਪਣਾ ਜੀਵਨ ਗਰੀਬੀ ਵਿੱਚ ਹੀ ਮੁਕਾ ਲੈਂਦੇ।

ਵਿਆਹ ਜੀਵਨ ਦਾ ਬਹੁਤ ਹੀ ਗੰਭੀਰ ਤੇ ਮਹੱਤਵਪੂਰਨ ਫੈਸਲਾ ਹੁੰਦਾ ਹੈ, ਨਾ ਕਿ ਕੋਈ ਜਲਦਬਾਜ਼ੀ ਜਾਂ ਦਿਖਾਵਾ ਕਰਨ ਦਾ ਸਾਧਨ। ਇਹ ਉਹ ਦਿਨ ਹੈ ਜਦੋਂ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਸਮਝਦਾਰੀ, ਗੰਭੀਰਤਾ ਤੇ ਭਵਿੱਖ ਵਿਚ ਮਾਤਾ -ਪਿਤਾ ਬਣਨ ਦੇ ਨਜ਼ਰੀਏ ਤੋਂ ਸੰਭਾਲਿਆ ਜਾਂਦਾ ਹੈ। ਇਹ ਉਹ ਦਿਨ ਹੈ ਜਦੋਂ ਇੱਕ ਮਰਦ ਅਤੇ ਔਰਤ "ਮਜ਼ਬੂਤ ਸੰਧੀ (firm contract)" (ਕੁਰਾਨ 4:21) ਵਿੱਚ ਪ੍ਰਵੇਸ਼ ਕਰਦੇ ਹਨ, ਨਾ ਕਿ ਇਸਲਈ ਕਿ ਉਹ ਦੋਸਤਾਂ,

ਗੁਆਂਢੀਆਂ ਅਤੇ ਰਿਸ਼ਤੇਦਾਰਾਂ ਨੂੰ ਆਪਣੀ ਰਹੀਸੀ ਦਿਖਾ ਸਕਣ। ਫਜ਼ੂਲ ਖ਼ਰਚਿਆਂ ਦੀ ਥਾਂ ਵਿਆਹ ਹਮੇਸ਼ਾਂ ਸਧਾਰਣ ਅਤੇ ਸੋਬਰ ਹੋਣਾ ਚਾਹੀਦਾ ਹੈ।

ਕਿਉਂਕਿ ਪੈਸਾ ਬੜੀ ਮਿਹਨਤ ਨਾਲ ਕਮਾਇਆ ਜਾਂਦਾ ਹੈ ਅਤੇ ਜੋੜਨਾ ਬਹੁਤ ਮੁਸ਼ਕਲ ਹੁੰਦਾ ਹੈ ਇਸ ਲਈ ਹਰ ਕਿਸੇ ਨੂੰ ਆਪਣੀ ਸਾਰੀ ਉਮਰ ਦੀ ਕਮਾਈ ਦਿਖਾਵੇ ਦੀ ਚਮਕ-ਧਮਕ 'ਤੇ ਖ਼ਰਚ ਕਰਨ ਤੋਂ ਪਹਿਲਾਂ ਉਪਰੋਕਤ ਵਿਚਾਰ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਹਰ ਪੱਖ ਤੋਂ ਸੋਚੀਏ ਤਾਂ ਕੀ ਇਹ ਬਿਹਤਰ ਨਹੀਂ ਹੋਵੇਗਾ ਕਿ ਦਿਖਾਵੇ ਤੋਂ ਪੂਰੀ ਤਰ੍ਹਾਂ ਬਚਿਆ ਜਾਵੇ ਅਤੇ ਇਹ ਸੋਚਿਆ ਜਾਵੇ ਕਿ ਨੌਜਵਾਨ ਜੋੜੇ ਦੀ ਕਿਸ ਤਰੀਕੇ ਨਾਲ ਸਹਾਇਤਾ ਕੀਤੀ ਜਾ ਸਕਦੀ ਹੈ? ਜੇ ਇਹ ਰਵਾਇਤ ਪ੍ਰਚਲਿੱਤ ਹੋ ਜਾਵੇ, ਤਾਂ ਇਹ ਨਾ ਸਿਰਫ਼ ਨੌਜਵਾਨਾਂ ਨੂੰ ਲਾਭ ਦੇਵੇਗੀ, ਸਗੋਂ ਦੇਸ਼ ਦੀ ਤਰੱਕੀ ਵਿੱਚ ਵੀ ਸਕਾਰਾਤਮਕ ਯੋਗਦਾਨ ਪਾਏਗੀ। ਉਹ ਲੱਖਾਂ ਰੁਪਏ, ਜੋ ਆਮ ਤੌਰ 'ਤੇ ਛਿਣ ਪਲ ਦੇ ਦਿਖਾਵੇ ਮਾਤਰ ਲਈ ਖ਼ਰਚ ਕੀਤੇ ਜਾਂਦੇ ਹਨ, ਦੇਸ਼ ਦੀ ਅਰਥਵਿਵਸਥਾ ਦੇ ਉਹਨਾਂ ਖੇਤਰਾਂ ਵਿੱਚ ਲਗਾਏ ਜਾ ਸਕਦੇ ਹਨ ਜੋ ਇਸ ਵੇਲੇ ਆਰਥਿਕ ਤੰਗੀਆਂ ਕਾਰਨ ਅੱਖੋ-ਪਰੋਖੇ ਰਹੇ ਹਨ ਅਤੇ ਇਸ ਤਰ੍ਹਾਂ ਦੇਸ਼ ਦੀ ਆਰਥਿਕ ਉਨਤੀ ਦੇ ਅਨੁਕੂਲ ਹਾਲਾਤ ਪੈਦਾ ਹੋਣਗੇ।

ਹਾਲਾਤਾਂ ਨਾਲ ਸਮਝੌਤਾ ਕਰਨਾ

19 ਜੁਲਾਈ, 1981 ਨੂੰ ਦਿੱਲੀ-ਅਹਿਮਦਾਬਾਦ ਟ੍ਰੇਨ ਆਪਣੇ ਨਿਰਧਾਰਿਤ ਸਮੇਂ ਅਨੁਸਾਰ ਸਟੇਸ਼ਨ ਤੋਂ ਚੱਲੀ। ਪਰ ਮਿਹਸਾਣਾ ਸਟੇਸ਼ਨ 'ਤੇ ਇਸ ਨੂੰ ਚਾਲੀ ਮਿੰਟ ਦੀ ਦੇਰੀ ਹੋ ਗਈ। ਜਦੋਂ ਟ੍ਰੇਨ ਮਿਹਸਾਣਾ ਸਟੇਸ਼ਨ ਤੋਂ ਅੱਗੇ ਵਧੀ ਤਾਂ ਡਰਾਈਵਰ ਨੇ ਟ੍ਰੇਨ ਨੂੰ ਆਮ ਨਾਲੋਂ ਤੇਜ਼ ਦੌੜਾਇਆ ਤਾਂ ਜੋ ਇਹ ਅਹਿਮਦਾਬਾਦ ਆਪਣੇ ਨਿਰਧਾਰਿਤ ਸਮੇਂ 'ਤੇ ਪਹੁੰਚ ਸਕੇ। ਜਦੋਂ ਟ੍ਰੇਨ ਡਾਂਗਰਵਾ ਤੋਂ ਦੋ ਕਿਲੋਮੀਟਰ ਦੂਰ ਸੀ ਤਾਂ ਡਰਾਈਵਰ ਨੇ ਦੇਖਿਆ ਕਿ ਪਟੜੀ ਤੋਂ ਕੁਝ ਫਿਸ਼ਪਲੇਟ ਗਾਇਬ ਸਨ। ਉਸ ਨੇ ਤੁਰੰਤ ਟ੍ਰੇਨ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਜੋ ਕੋਈ ਹਾਦਸਾ ਨਾ ਹੋਵੇ, ਪਰ ਤੇਜ਼ ਚੱਲ ਰਹੀ ਟ੍ਰੇਨ ਅਚਾਨਕ ਬ੍ਰੇਕ ਨਾਲ ਕਾਬੂ ਵਿੱਚ ਨਾ ਆ ਸਕੀ। ਇੰਜਣ ਅਤੇ ਉਸ ਨਾਲ ਜੁੜੀਆਂ ਬਾਰ੍ਹਾਂ ਬੋਗੀਆਂ ਪਟੜੀ ਤੋਂ ਉਤਰ ਗਈਆਂ

ਅਤੇ ਸਾਰੀ ਟ੍ਰੇਨ ਪਾਸੇ ਖੱਡ ਵਿੱਚ ਜਾ ਡਿੱਗੀ। ਕਈ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋਏ।

ਇਸ ਘਟਨਾ ਤੋਂ ਇਹ ਸਬਕ ਮਿਲਦਾ ਹੈ ਕਿ ਹਾਲਾਤਾਂ ਨੂੰ ਅਣਡਿੱਠਾ ਕਰਕੇ ਆਪਣੀ ਜ਼ਿੰਦਗੀ ਵਿੱਚ ਤੇਜ਼ੀ ਨਾਲ ਅੱਗੇ ਨਹੀਂ ਵਧਿਆ ਜਾ ਸਕਦਾ, ਕਿਉਂਕਿ ਇਸ ਦੁਨੀਆ ਵਿੱਚ ਤੁਸੀਂ ਕੱਲੇ ਨਹੀਂ ਦੌੜ ਰਹੇ, ਹੋਰ ਵੀ ਲੋਕ ਕਾਮਯਾਬੀ ਪਿੱਛੇ ਭੱਜ ਰਹੇ ਹਨ। ਇਸ ਦੁਨੀਆ ਵਿੱਚ ਉਹੀ ਵਿਅਕਤੀ ਆਪਣਾ ਸਫਰ ਕਾਮਯਾਬੀ ਨਾਲ ਮੁਕੰਮਲ ਕਰ ਸਕਦਾ ਹੈ ਜੋ ਬਾਹਰੀ ਮਾਹੌਲ ਨੂੰ ਸਮਝ ਕੇ ਉਸ ਨਾਲ ਸਮਝੌਤਾ ਕਰ ਲਵੇ। ਇਹੀ ਗੱਲ ਕੌਮਾਂ ’ਤੇ ਵੀ ਲਾਗੂ ਹੁੰਦੀ ਹੈ। ਜੇ ਇਸ ਸਮਝਦਾਰੀ ਭਰੇ ਸਿਧਾਂਤ ਨੂੰ ਨਾ ਅਪਣਾਇਆ ਜਾਵੇ ਤਾਂ ਸਫਰ ਦੇ ਦੌਰਾਨ ਕੋਈ ਵੀ ਦੁਰਘਟਨਾ ਹੋ ਸਕਦੀ ਹੈ ਅਤੇ ਸਾਡੀਆਂ ਸਾਰੀਆਂ ਯੋਜਨਾਵਾਂ ’ਤੇ ਪਾਣੀ ਫੇਰ ਸਕਦੀ ਹੈ।

ਮੌਜੂਦਾ ਸਮੇਂ ਵਿੱਚ ਮੁਸਲਮਾਨਾਂ ਨੇ ਵੱਡੇ-ਵੱਡੇ ਉਪਰਾਲੇ ਕੀਤੇ ਹਨ ਪਰ ਸਾਰੇ ਅਸਫਲ ਰਹੇ ਹਨ। ਇਸ ਅਸਫਲਤਾ ਦੀ ਇੱਕੋ ਹੀ ਵਜ੍ਹਾ ਦੱਸੀ ਜਾਂਦੀ ਹੈ ਕਿ “ਦੂਜਿਆਂ ਦੀਆਂ ਸਾਜ਼ਿਸ਼ਾਂ ਨੇ ਸਾਡੀਆਂ ਯੋਜਨਾਵਾਂ ਨੂੰ ਨਾਕਾਮ ਕਰ ਦਿੱਤਾ।” ਪਰ ਇਹ ਬਹਾਨਾ ਸਿਰਫ਼ ਇਸ ਗੱਲ ਵਲ ਇਸ਼ਾਰਾ ਕਰਦਾ ਹੈ ਕਿ ਹਾਲਾਤਾਂ ਦੇ ਅਨੁਕੂਲ ਸਮਝੌਤਾ ਨਹੀਂ ਕੀਤਾ ਗਿਆ।

ਲੋਕ ਬੇਸਮਝੀ ਨਾਲ ਆਪਣੀਆਂ ਗੱਡੀਆਂ ਸੜਕਾਂ ’ਤੇ ਚਲਾਉਂਦੇ ਰਹਿੰਦੇ ਹਨ ਬਿਨਾਂ ਇਸ ਦੀ ਪਰਵਾਹ ਕੀਤੇ ਕਿ ਕੋਈ ਚਲਾਕੀ ਨਾਲ “ਫਿਸ਼ਪਲੇਟਾਂ” ਉਖਾੜ ਕੇ ਵਾਹਨ ਨੂੰ ਪਟੜੀ ਤੋਂ ਉਤਾਰਣ ਦੀ ਯੋਜਨਾ ਬਣਾ ਚੁੱਕਾ ਹੈ।

“ਵਾਹਨ” ਭਾਵੇਂ ਤੁਹਾਡਾ ਹੋ ਸਕਦਾ ਹੈ, ਪਰ ਉਹ “ਸੜਕ” ਜਿਸ ’ਤੇ ਤੁਸੀਂ ਆਪਣੀ ਗੱਡੀ ਚਲਾਉਣੀ ਹੈ, ਉਹ ਤੁਹਾਡੀ ਨਹੀਂ ਹੈ। ਇਹ ਸੱਚ ਚਾਹੇ ਕਿੰਨਾ ਵੀ ਕੌੜਾ ਹੋਵੇ, ਪਰ ਇਹ ਹਕੀਕਤ ਹੈ ਅਤੇ ਇਸ ਦੁਨੀਆ ਵਿੱਚ ਕੋਈ ਵੀ ਵਿਅਕਤੀ ਇਸ ਸੱਚਾਈ ਨੂੰ ਅਣਡਿੱਠਾ ਕਰਕੇ ਕਾਮਯਾਬੀ ਹਾਸਲ ਨਹੀਂ ਕਰ ਸਕਦਾ।

ਜੋ ਲੋਕ ਇਸ ਹਕੀਕਤ ਨੂੰ ਅਣਡਿੱਠਾ ਕਰਕੇ ਦੁਨੀਆ ਦੀ ਸੜਕ ’ਤੇ ਆਪਣੀਆਂ ਗੱਡੀਆਂ ਦੌੜਾਉਂਦੇ ਹਨ, ਉਹ ਕਦੇ ਵੀ ਆਪਣੀ ਮੰਜ਼ਿਲ ’ਤੇ ਨਹੀਂ ਪਹੁੰਚ ਸਕਦੇ। ਉਨ੍ਹਾਂ ਦੇ ਕਰਮਾਂ ਵਿੱਚ ਸਿਰਫ਼ ਅਸਫਲਤਾ ਹੀ ਲਿਖੀ ਗਈ ਹੈ

ਜੋ ਉਨ੍ਹਾਂ ਦੀ ਆਪਣੀ ਗਲਤ ਸੋਚ ਦਾ ਨਤੀਜਾ ਹੈ। ਪਰ ਉਹ ਆਪਣੀ ਮਾੜੀ ਕਿਸਮਤ ਨੂੰ ਹੋਰਾਂ ਦੀ ਸਾਜ਼ਿਸ਼ ਦਾ ਨਤੀਜਾ ਆਖ ਕੇ ਰੋਂਦੇ ਰਹਿੰਦੇ ਹਨ।

ਸ਼ੁਰੂਆਤ ਤੋਂ ਪਹਿਲਾਂ, ਅੰਤ ਬਾਰੇ ਸੋਚੋ

ਹਾਜ਼ੀਆਂ ਦਾ ਇੱਕ ਕਾਫ਼ਲਾ ਮੱਕਾ ਵਿਖੇ ਹਿਰਾ ਦੀ ਗੁਫ਼ਾ ਦੇ ਦਰਸ਼ਨ ਲਈ ਨਿਕਲਿਆ। ਉਥੇ ਪਹਾੜ ਵੱਲ ਇੱਕ ਰਸਤਾ ਜਾਂਦਾ ਹੈ ਜਿਸ ’ਤੇ ਹਿਰਾ ਦੀ ਗੁਫ਼ਾ ਸਥਿਤ ਹੈ। ਲੋਕ ਵਾਹਨਾਂ ਰਾਹੀਂ ਪਹਾੜ ਤੱਕ ਪਹੁੰਚਦੇ ਅਤੇ ਫਿਰ ਪੈਦਲ ਪਹਾੜ ’ਤੇ ਚੜ੍ਹਾਈ ਕਰਦੇ। ਜਦੋਂ ਲੋਕ ਪਹਾੜ ਚੜ੍ਹਣ ਲੱਗੇ, ਉਨ੍ਹਾਂ ਵਿੱਚੋਂ ਕੁਝ ਨੇ ਇਸ ਸਥਾਨ ਦੀ ਪਵਿੱਤਰਤਾ ਤੇ ਰੂਹਾਨੀਅਤ ਨੂੰ ਮਹਿਸੂਸ ਕਰਦਿਆਂ ਹੋਇਆਂ ਰਾਹ ਵਿੱਚ ਹੀ ਜੁੱਤੀਆਂ ਉਤਾਰ ਦਿੱਤੀਆਂ। ਉਹ ਸਵੇਰ ਵੇਲੇ ਚੜ੍ਹਾਈ ਕਰ ਰਹੇ ਸਨ, ਇਸ ਲਈ ਨੰਗੇ ਪੈਰ ਚੱਲਣ ਵਿੱਚ ਕੋਈ ਵੱਡੀ ਮੁਸ਼ਕਲ ਨਹੀਂ ਆਈ। ਪਰ ਜਦੋਂ ਉਹ ਹੇਠਾਂ ਉਤਰ ਰਹੇ ਸਨ ਤਾਂ ਦੁਪਹਿਰ ਹੋ ਚੁੱਕੀ ਸੀ ਅਤੇ ਪਹਾੜ ਦੇ ਲਾਲ ਪੱਥਰ ਤਪੇ ਹੋਏ ਸਨ। ਪਰਿਣਾਮਸਰੂਪ ਉਨ੍ਹਾਂ ਦੇ ਪੈਰਾਂ ’ਤੇ ਛਾਲੇ ਪੈ ਗਏ। ਕਈ ਦਿਨ ਉਹ ਤਕਲੀਫ਼ ਵਿੱਚ ਰਹੇ।

ਚਾਹੇ ਇਹ ਯਾਤਰਾ ਕਿਸੇ ਪਹਾੜ ਦੀ ਹੋਵੇ ਜਾਂ ਜੀਵਨ ਦੀ, ਦੋਹਾਂ ਲਈ ਕਾਮਯਾਬੀ ਦਾ ਅਸੂਲ ਇੱਕੋ ਹੈ— ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਇਹ ਅੰਦਾਜ਼ਾ ਲਗਾ ਲਿਆ ਜਾਵੇ ਕਿ ਇਸਦਾ ਅੰਤ ਕਿਵੇਂ ਤੇ ਕਿੱਥੇ ਹੋਵੇਗਾ। ਜੋ ਵਿਅਕਤੀ ਆਪਣੀ ਯਾਤਰਾ ਦੀ ਸ਼ੁਰੂਆਤ ਤੋਂ ਹੀ ਇਸਦੇ ਅੰਤ ਬਾਰੇ ਨਹੀਂ ਸੋਚਦਾ, ਉਹ ਰਸਤੇ ਵਿੱਚ ਐਸੀਆਂ ਮੁਸ਼ਕਲਾਂ ਵਿੱਚ ਫਸ ਜਾਂਦਾ ਹੈ ਜੋ ਉਸਦੀ ਯਾਤਰਾ ਨੂੰ ਵਿਅਰਥ ਕਰ ਦਿੰਦੀਆਂ ਹਨ। ਕੁਦਰਤ ਦਾ ਇਹ ਨਿਯਮ ਇੰਨਾ ਅਟੱਲ ਹੈ ਕਿ ਧਰਮੀ ਮਨੁੱਖ ਵੀ ਗ਼ਲਤੀ ਕਰ ਬੈਠਣ ਤੋਂ ਬਾਅਦ, ਇਸਦੇ ਪਰਿਣਾਮ ਤੋਂ ਬਚ ਨਹੀਂ ਸਕਦਾ। ਜੇਕਰ ਕੋਈ ਮਨੁੱਖ ਨੇਕ ਭਾਵਨਾਵਾਂ ਨਾਲ ਕੋਈ ਕੰਮ ਕਰੇ ਪਰ ਉਸਦੇ ਪਰਿਣਾਮ ਬਾਰੇ ਵਿਚਾਰ ਨਾ ਕਰੇ, ਤਾਂ ਉਸਦਾ ਅੰਜਾਮ ਵੀ ਵੈਸਾ ਹੀ ਹੋਵੇਗਾ ਜਿਵੇਂ ਕਿਸੇ ਨੇ ਜਾਣੇ ਵਿਚ ਗ਼ਲਤੀ ਕੀਤੀ ਹੋਵੇ। ਕਿਸੇ ਦੀ ਸੱਚੀ ਨੀਅਤ ਵੀ ਉਸਨੂੰ ਉਸ ਦੀਆਂ ਗ਼ਲਤੀਆਂ ਦੇ ਨਤੀਜਿਆਂ ਤੋਂ ਨਹੀਂ ਬਚਾ ਸਕਦੀ।

ਖੁਸ਼ੀ ਕਿਵੇਂ ਪ੍ਰਾਪਤ ਕਰੀਏ?

"ਖੁਸ਼ੀ ਕੋਈ ਮੰਜ਼ਿਲ ਨਹੀਂ ਜਿਸ 'ਤੇ ਪਹੁੰਚਿਆ ਜਾਵੇ, ਸਗੋਂ ਇਹ ਤਾਂ ਸਫ਼ਰ ਦੀ ਗੱਲ ਹੈ।" ਮਾਰਗਰੇਟ ਲੀ ਰਨਬੈਕ ਦੀ ਇਹ ਬਹੁਤ ਹੀ ਮਹੱਤਵਪੂਰਨ ਟਿੱਪਣੀ ਵਿਚਾਰਯੋਗ ਹੈ, ਕਿਉਂਕਿ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਖੁਸ਼ੀ ਇੱਕ ਮੰਜ਼ਿਲ ਹੈ ਜਿੱਥੇ ਅਸੀਂ ਕੜੀ ਮਿਹਨਤ ਸਦਕਾ ਇਕ ਦਿਨ ਜ਼ਰੂਰ ਪਹੁੰਚ ਜਾਵਾਂਗੇ। ਪਰ ਸੱਚ ਇਹ ਹੈ ਕਿ ਖੁਸ਼ੀ ਪ੍ਰਾਪਤ ਕਰਨ ਲਈ ਕੀਤੀ ਗਈ ਨਿਰੰਤਰ ਕੋਸ਼ਿਸ਼ ਅਕਸਰ ਨਾਕਾਮ ਰਹਿੰਦੀ ਹੈ। ਅਸੀਂ ਸੋਚਦੇ ਹਾਂ ਕਿ ਜੇ ਅਸੀਂ ਕਾਫ਼ੀ ਦੌਲਤ ਇਕੱਠੀ ਕਰ ਲਈ, ਬੇਅੰਤ ਪਦਾਰਥ ਜੋੜ ਲਏ, ਫੈਸ਼ਨਦਾਰ ਕੱਪੜੇ ਪਾ ਲਏ, ਦੋਸਤਾਂ ਦਾ ਵੱਡਾ ਗਰੁੱਪ ਬਣਾ ਲਿਆ, ਅਦਭੁਤ ਸਫ਼ਰ ਕੀਤੇ ਆਦਿ ਤਾਂ ਅਸੀਂ ਖੁਸ਼ ਰਹਾਂਗੇ। ਪਰ ਅਕਸਰ ਇਹ ਸਭ ਕੁਝ ਮਿਲਣ ਦੇ ਬਾਵਜੂਦ ਮਨੁੱਖ ਦੇ ਅੰਦਰ ਬੇਚੈਨੀ, ਕਿਸੇ ਕਮੀ ਦਾ ਅਹਿਸਾਸ ਅਤੇ ਕਈ ਵਾਰ ਉਦਾਸੀ ਹੀ ਰਹਿੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਅਸੀਂ ਖੁਸ਼ੀ ਨੂੰ ਵੱਖ-ਵੱਖ ਸੁੱਖਾਂ ਦੇ ਸਮੂਹ ਵਾਂਗ ਦੇਖ ਲਿਆ ਹੈ ਅਤੇ ਉਸਨੂੰ ਇੱਕ ਟੀਚਾ ਬਣਾ ਕੇ ਉਸਦੀ ਪ੍ਰਾਪਤੀ ਲਈ ਦੌੜ ਰਹੇ ਹਾਂ। ਪਰ ਜਿੰਨਾ ਜ਼ਿਆਦਾ ਅਸੀਂ ਇਸ ਟੀਚੇ ਵੱਲ ਦੌੜਦੇ ਹਾਂ, ਇਹ ਸਾਥੋਂ ਉੱਨਾ ਹੀ ਦੂਰ ਹੁੰਦਾ ਜਾਂਦਾ ਹੈ।

ਇੱਕ ਹੋਰ ਵਿਚਾਰ ਇਹ ਵੀ ਹੈ ਕਿ ਮੁਸ਼ਕਲਾਂ, ਜ਼ਿੰਮੇਵਾਰੀਆਂ ਅਤੇ ਔਖੀਆਂ ਸਥਿਤੀਆਂ ਤੋਂ ਬਚ ਕੇ ਖੁਸ਼ੀ ਹਾਸਲ ਕੀਤੀ ਜਾ ਸਕਦੀ ਹੈ। ਪਰ ਇਹ ਨਕਾਰਾਤਮਕ ਸੋਚ ਵੀ ਉਸੇ ਤਰ੍ਹਾਂ ਨਾਕਾਮ ਰਹਿੰਦੀ ਹੈ, ਜਿਵੇਂ ਅੰਨ੍ਹੇਵਾਹ ਸੁਖਾਂ ਦੀ ਭਾਲ ਵਿਚ ਭੱਜੀ ਜਾਣਾ। ਇਸ ਸਮੱਸਿਆ ਦਾ ਸਭ ਤੋਂ ਅਜੀਬ ਪੱਖ ਇਹ ਹੈ ਕਿ ਅਕਸਰ ਉਹੀ ਲੋਕ ਸਭ ਤੋਂ ਵੱਧ ਪ੍ਰਸੰਨਤਾ ਦੀ ਅਵਸਥਾ ਤੱਕ ਪਹੁੰਚਦੇ ਹਨ ਜੋ ਕਦੇ ਆਪਣੀ ਖੁਸ਼ੀ ਬਾਰੇ ਸੋਚਦੇ ਹੀ ਨਹੀਂ। ਉਹ ਲੋਕ ਜਿਨ੍ਹਾਂ ਨੂੰ ਖੁਸ਼ੀ ਅਚਾਨਕ ਮਿਲ ਜਾਂਦੀ ਹੈ, ਦਰਅਸਲ ਉਹੀ ਹੁੰਦੇ ਹਨ ਜਿਨ੍ਹਾਂ ਨੇ ਮਨ ਵਿੱਚ ਧਾਰ ਲਿਆ ਹੁੰਦਾ ਹੈ ਕਿ ਉਹ ਖੁਸ਼ੀ ਤੇ ਪੁਰਸਕਾਰ ਦੀ ਪਰਵਾਹ ਕੀਤੇ ਬਿਨਾਂ ਆਪਣੇ ਆਪ ਨੂੰ ਕਿਸੇ ਸਾਰਥਕ ਕੰਮ ਲਈ ਸਮਰਪਿਤ ਕਰ ਦੇਣਗੇ। ਅਕਸਰ ਖੁਸ਼ੀ ਦੀ ਉਮੀਦ ਨਾ ਰੱਖਣ ਵਾਲਿਆਂ ਨੂੰ ਅਜਿਹੀਆਂ ਗਤੀਵਿਧੀਆਂ ਵਿਚੋਂ ਹੀ ਵੱਡੀ ਖੁਸ਼ੀ ਪ੍ਰਾਪਤ ਹੋ ਜਾਂਦੀ ਹੈ।

ਖੁਸ਼ੀ ਦਰਅਸਲ ਇੱਕ ਬਹੁਤ ਹੀ ਨਾਜ਼ੁਕ ਮਨੋ-ਅਵਸਥਾ ਹੈ। ਆਓ ਮੰਨ ਲਈਏ ਕਿ ਅਸੀਂ ਖੁਸ਼ੀ ਕਦੇ ਨਹੀਂ ਪ੍ਰਾਪਤ ਕਰ ਸਕਦੇ ਕਿਉਂਕਿ ਸ਼ਾਇਦ

ਅਸੀਂ ਬਹੁਤ ਹੀ ਮਾੜੇ ਜਾਂ ਮੁਸੀਬਤਾਂ ਭਰੇ ਹਾਲਾਤਾਂ ਵਿੱਚ ਜੀਉਣ ਲਈ ਮਜ਼ਬੂਰ ਹਾਂ। ਇਸ ਸਥਿਤੀ ਨਾਲ ਨਜਿੱਠਣ ਦਾ ਸਭ ਤੋਂ ਉੱਤਮ ਢੰਗ ਇਹ ਹੈ ਕਿ ਅਸੀਂ ਇਸਨੂੰ ਸਵੀਕਾਰ ਕਰ ਲਈਏ ਅਤੇ ਫਿਰ ਇਹ ਸੋਚੀਏ ਕਿ ਇਸ ਦੇ ਸਕਾਰਾਤਮਕ ਪੱਖ ਕੀ ਹੋ ਸਕਦੇ ਹਨ। ਪਹਿਲਾ, ਇਸ ਤਰ੍ਹਾਂ ਦੇ ਹਾਲਾਤਾਂ ਨੂੰ ਸਵੀਕਾਰ ਕਰਨਾ ਮਜ਼ਬੂਤ ਮਨੋ-ਅਵਸਥਾ ਅਤੇ ਸੁਲਝੇ ਕਿਰਦਾਰ ਦੀ ਨਿਸ਼ਾਨੀ ਹੁੰਦੀ ਹੈ। ਦੂਜਾ, ਹਰੇਕ ਔਕੜ ਨੂੰ ਪਾਰ ਕਰਨ ਦੀ ਪ੍ਰਕਿਰਿਆ ਉਸੇ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਲੋਹੇ ਨੂੰ ਤਪਾ ਕੇ ਮਜ਼ਬੂਤ ਕੀਤਾ ਜਾਂਦਾ ਹੈ ਜਾਂ ਕਿਸੇ ਸਾਧਾਰਣ ਧਾਤ ਨੂੰ ਘਸ ਕੇ ਸੋਨੇ ਵਾਂਗ ਚਮਕਾਇਆ ਜਾਂਦਾ ਹੈ। ਜਦੋਂ ਅਸੀਂ ਖੁਸ਼ੀ ਨੂੰ ਭੁਲਾ ਕੇ ਆਪਣੇ ਸਾਹਮਣੇ ਮੌਜੂਦ ਕਾਰਜਾਂ ’ਤੇ ਧਿਆਨ ਕੇਂਦਰਤ ਕਰਦੇ ਹਾਂ ਤਾਂ ਅਸੀਂ ਆਪਣੇ ਆਪ ਨੂੰ ਮਨੁੱਖੀ ਕਿਰਦਾਰ ਦੇ ਉੱਚ ਪੱਧਰ ’ਤੇ ਚੁੱਕ ਲੈਂਦੇ ਹਾਂ। ਅਕਸਰ ਉਸ ਵੇਲੇ ਜਦੋਂ ਅਸੀਂ ਇਸਦੀ ਉਮੀਦ ਨਹੀਂ ਕਰਦੇ, ਖੁਸ਼ੀ ਆਪਣੇ ਆਪ ਸਾਡੇ ਹਿੱਸੇ ਆ ਜਾਂਦੀ ਹੈ।

ਪਰ ਇਹ ਸੋਚਣਾ ਕਿ ਖੁਸ਼ੀ ਇਕ ਸਦੀਵੀ ਅਵਸਥਾ ਹੈ, ਕੇਵਲ ਇਕ ਭਰਮ ਹੈ। ਖੁਸ਼ੀ ਬਿਨਾ ਕਿਸੇ ਕਾਰਨ ਦੇ ਆ ਵੀ ਸਕਦੀ ਹੈ ਤੇ ਜਾ ਵੀ ਸਕਦੀ ਹੈ। ਜੇ ਕੋਈ ਸਦਾ ਆਪਣੇ ਖੁਸ਼ ਨਾ ਹੋਣ ਬਾਰੇ ਸੋਚਦਾ ਰਹੇ, ਤਾਂ ਉਹ ਹੋਰ ਵੀ ਗਹਿਰੀ ਉਦਾਸੀ ਵਿੱਚ ਡੁੱਬ ਸਕਦਾ ਹੈ। ਖੁਸ਼ੀ ਦੀ ਅਭਾਵ ਨੂੰ ਸਵੀਕਾਰ ਕਰਨਾ ਚਾਹੀਦਾ ਹੈ, ਉਸ ਨੂੰ ਅਣਦੇਖਾ ਕਰਨਾ ਚਾਹੀਦਾ ਹੈ ਜਾਂ ਉਸਨੂੰ ਇਕ ਅਨੁਭਵ ਵਜੋਂ ਸਕਾਰਾਤਮਕ ਢੰਗ ਨਾਲ ਲੈਣਾ ਚਾਹੀਦਾ ਹੈ। ਪਰ ਇਸਨੂੰ ਕਦੇ ਵੀ ਖੁਦ ਲਈ ਪਰੇਸ਼ਾਨੀ ਨਹੀਂ ਬਣਨ ਦੇਣਾ ਚਾਹੀਦਾ। ਇਹ ਸਮਝਣਾ ਚਾਹੀਦਾ ਹੈ ਕਿ ਜਿਵੇਂ ਖੁਸ਼ੀ ਸਦਾ ਲਈ ਨਹੀਂ ਰਹਿੰਦੀ, ਤਿਵੇਂ ਹੀ ਦੁਖ ਵੀ ਸਦਾ ਲਈ ਨਹੀਂ ਰਹਿੰਦਾ। ਸਭ ਤੋਂ ਵੱਡੀ ਗਲਤੀ ਇਹ ਹੈ ਕਿ ਮਨੁੱਖ ਆਪਣੀ ਹੀ ਖੁਸ਼ੀ ਵਿੱਚ ਉਲਝ ਜਾਵੇ ਤੇ ਹੋਰ ਸਭ ਕੁਝ ਅਣਡਿੱਠਾ ਕਰ ਦੇਵੇ। ਅਸਲ ਖੁਸ਼ੀ ਅਕਸਰ ਉਸ ਵੇਲੇ ਮਿਲਦੀ ਹੈ ਜਦੋਂ ਇਨਸਾਨ ਆਪਣਾ ਮਨ, ਆਪਣਾ ਪਿਆਰ, ਆਪਣਾ ਧਿਆਨ, ਆਪਣੇ ਸਰੋਤ ਅਤੇ ਆਪਣੀ ਸਮੁੱਚੀ ਜ਼ਿੰਦਗੀ ਹੀ ਹੋਰਨਾਂ ਲਈ ਸਮਰਪਿਤ ਕਰ ਦਿੰਦਾ ਹੈ।

ਲੋਕਹਿੱਤ

ਇੱਕ ਕਹਾਵਤ ਹੈ ਕਿ ਇੱਕ ਵਾਰੀ ਬਾਦਸ਼ਾਹ ਅਕਬਰ ਨੇ ਆਪਣੇ ਮੁੱਖ ਦਰਬਾਰੀ ਬੀਰਬਲ ਨੂੰ ਕਿਹਾ: "ਬੀਰਬਲ, ਕਿੰਨਾ ਵਧੀਆ ਹੁੰਦਾ ਜੇ ਇੱਕ ਬਾਦਸ਼ਾਹ ਹਮੇਸ਼ਾਂ ਲਈ ਬਾਦਸ਼ਾਹ ਹੀ ਰਹੇ।" ਬੀਰਬਲ ਨੇ ਜਵਾਬ ਦਿੱਤਾ: "ਜੀ ਹੁਜ਼ੂਰ, ਤੁਸੀਂ ਠੀਕ ਕਹਿੰਦੇ ਹੋ। ਪਰ ਜੇ ਐਸਾ ਹੁੰਦਾ ਤਾਂ ਅੱਜ ਆਪ ਜੀ ਨੂੰ ਬਾਦਸ਼ਾਹ ਬਣਨ ਦਾ ਮੌਕਾ ਕਿਵੇਂ ਮਿਲਦਾ?"

ਅਕਬਰ ਨੇ ਬਾਦਸ਼ਾਹਤ ਨੂੰ ਕੇਵਲ ਆਪਣੇ ਸੰਦਰਭ ਵਿੱਚ ਸੋਚਿਆ। ਉਸਨੇ ਵਿਚਾਰਿਆ ਕਿ ਜੇ ਦੁਨੀਆ ਵਿੱਚ ਇਹ ਰਵਾਇਤ ਬਣ ਜਾਂਦੀ ਕਿ ਜੋ ਇੱਕ ਵਾਰੀ ਬਾਦਸ਼ਾਹ ਬਣ ਗਿਆ, ਉਹ ਹਮੇਸ਼ਾਂ ਲਈ ਬਾਦਸ਼ਾਹ ਹੀ ਰਹੇ ਤਾਂ ਉਹ ਹਮੇਸ਼ਾਂ ਲਈ ਬਾਦਸ਼ਾਹ ਰਹਿੰਦਾ। ਪਰ ਅਕਬਰ ਇਹ ਭੁੱਲ ਗਿਆ ਕਿ ਜੇ ਉਸਦਾ ਸੋਚਿਆ ਇਹ ਸਿਧਾਂਤ ਦੁਨੀਆ ਵਿੱਚ ਲਾਗੂ ਹੋ ਜਾਂਦਾ ਤਾਂ ਉਸਦੇ ਆਪਣੇ ਬਾਦਸ਼ਾਹ ਬਨਣ ਦਾ ਮੌਕਾ ਹੀ ਨਹੀਂ ਬਣਦਾ।

ਇਹ ਅਕਸਰ ਹੁੰਦਾ ਹੈ ਕਿ ਮਨੁੱਖ ਦੀ ਸੋਚ ਸਿਰਫ਼ ਆਪਣੇ ਉੱਤੇ ਕੇਂਦ੍ਰਿਤ ਰਹਿੰਦੀ ਹੈ। ਉਹ ਆਪਣੇ ਹੀ ਨਿੱਜੀ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਯੋਜਨਾਵਾਂ ਬਣਾਉਂਦਾ ਹੈ। ਉਹ ਭੁੱਲ ਜਾਂਦਾ ਹੈ ਕਿ ਇਸ ਸੰਸਾਰ ਵਿੱਚ ਉਹ ਇਕੱਲਾ ਨਹੀਂ ਹੈ। ਪਰ ਜਲਦੀ ਹੀ ਬਾਹਰੀ ਦੁਨੀਆ ਦੀਆਂ ਹਕੀਕਤਾਂ ਉਸਦੇ ਸਾਹਮਣੇ ਆ ਖੜੀਆਂ ਹੁੰਦੀਆਂ ਹਨ ਅਤੇ ਉਸਦੀਆਂ ਬਣਾਈਆਂ ਯੋਜਨਾਵਾਂ ਨਾਕਾਮ ਹੋ ਜਾਂਦੀਆਂ ਹਨ। ਉਸ ਵੇਲੇ ਇਹ ਗੱਲ ਸਮਝ ਆਉਂਦੀ ਹੈ ਕਿ ਅਸਲ ਵਿੱਚ ਲੋਕਹਿੱਤ ਨੂੰ ਕੇਂਦਰ ਵਿੱਚ ਰੱਖਣ ਨਾਲ ਹੀ ਨਿਜੀ ਹਿੱਤ ਪੂਰਾ ਹੋ ਸਕਦਾ ਹੈ।

ਭਾਵੇਂ ਤੁਸੀਂ ਸਿਰਫ਼ ਆਪਣਾ ਹੀ ਭਲਾ ਚਾਹੁੰਦੇ ਹੋ, ਫਿਰ ਵੀ ਤੁਹਾਨੂੰ ਦੂਜਿਆਂ ਦੇ ਹਿੱਤ ਨੂੰ ਨਾਲ ਰੱਖਣਾ ਪਵੇਗਾ। ਤੁਹਾਡਾ ਹਿੱਤ ਦਰਅਸਲ ਲੋਕਹਿੱਤ ਨਾਲ ਜੁੜਿਆ ਹੋਇਆ ਹੈ। ਇਸ ਸੰਸਾਰ ਵਿੱਚ ਹਰ ਕੋਈ ਇੱਕੋ ਜਹਾਜ਼ ਵਿੱਚ ਸਫ਼ਰ ਕਰ ਰਿਹਾ ਹੈ। ਜਹਾਜ਼ ਦੀ ਸੁਰੱਖਿਆ ਵਿੱਚ ਹੀ ਆਪਣੀ ਸੁਰੱਖਿਆ ਵੀ ਲੁਕੀ ਹੋਈ ਹੈ।

ਮੌਕਾ ਮਿਲਣ 'ਤੇ ਅਕਸਰ ਲੋਕ ਇਹ ਗਲਤੀ ਕਰਦੇ ਹਨ ਕਿ ਉਹ ਕਾਨੂੰਨ ਤੇ ਨਿਯਮ ਸਿਰਫ਼ ਨਿੱਜ ਕੇਂਦਤਿਰ ਬਣਾਉਂਦੇ ਹਨ। ਜਿੱਥੇ ਉਹਨਾਂ ਨੂੰ ਆਪਣਾ ਫ਼ਾਇਦਾ ਦਿਸਦਾ ਹੈ, ਉੱਥੇ ਉਹ ਹਾਂ ਕਰ ਦਿੰਦੇ ਹਨ। ਪਰ ਸੋਚ ਦਾ ਇਹ ਢੰਗ

ਅਕਸਰ ਉਹਨਾਂ ਦੇ ਆਪਣੇ ਹੀ ਵਿਰੁੱਧ ਚਲਾ ਜਾਂਦਾ ਹੈ ਕਿਉਂਕਿ ਕੋਈ ਵੀ ਮਨੁੱਖ ਦੁਨੀਆ ਵਿੱਚ ਹਮੇਸ਼ਾਂ ਲਈ ਇੱਕੋ ਹਾਲਤ ਵਿੱਚ ਨਹੀਂ ਰਹਿੰਦਾ।

ਮੌਕੇ ਕਦੇ ਕਿਸੇ ਦੇ ਹੱਕ ਵਿੱਚ ਹੁੰਦੇ ਹਨ ਤੇ ਕਦੇ ਕਿਸੇ ਹੋਰ ਦੇ। ਮੌਕੇ ਸਿਰਫ਼ ਇੱਕ ਵਿਅਕਤੀ ਤੱਕ ਸੀਮਤ ਨਹੀਂ ਰਹਿੰਦੇ, ਉਹ ਤਾਂ ਹਮੇਸ਼ਾਂ ਇੱਕ ਤੋਂ ਦੂਜੇ ਮਨੁੱਖ ਵਲ ਸਫਰ ਕਰਦੇ ਰਹਿੰਦੇ ਹਨ।

ਇਹੋ ਜਿਹੇ ਹਾਲਾਤ ਵਿੱਚ ਸਿਰਫ਼ ਆਪਣੇ ਹੀ ਹਿੱਤ ਨੂੰ ਦੇਖਕੇ ਨਿਯਮ ਬਣਾਉਣਾ ਸਿਆਣਪ ਨਹੀਂ ਕਿਉਂਕਿ ਹਾਲਾਤ ਬਦਲ ਸਕਦੇ ਹਨ ਅਤੇ ਜੋ ਪਹਿਲਾਂ ਲਾਭਦਾਇਕ ਦਿਸਦਾ ਸੀ, ਉਹ ਬਾਅਦ ਵਿੱਚ ਨੁਕਸਾਨਦਾਇਕ ਵੀ ਬਣ ਸਕਦਾ ਹੈ। ਖ਼ੁਦਗਰਜ਼ੀ ਵਾਲੀ ਸੋਚ ਨਾ ਆਪਣੇ ਹੱਕ ਵਿੱਚ ਹੁੰਦੀ ਹੈ ਤੇ ਨਾ ਹੀ ਮਨੁੱਖਤਾ ਦੇ ਹੱਕ ਵਿੱਚ।

ਕਾਰਵਾਈ ਕਰਨੀ ਹੈ ਜਾਂ ਨਹੀਂ

ਦਿ ਟਾਈਮਜ਼ ਆਫ਼ ਇੰਡੀਆ ਅਤੇ ਹਿੰਦੁਸਤਾਨ ਟਾਈਮਜ਼ ਵਿੱਚ 14 ਦਸੰਬਰ 1983 ਨੂੰ ਛਪੀਆਂ ਖ਼ਬਰਾਂ ਮੁਤਾਬਕ, ਦਿੱਲੀ ਪੁਲਿਸ ਦੇ ਕੁਝ ਅਫਸਰ ਮੈਟਾਡੋਰ ਵੈਨ ਵਿੱਚ ਸਵਾਰ ਹੋ ਕੇ ਇੱਕ ਚਿੱਟੀ ਫਿਅਟ ਕਾਰ ਦਾ ਪਿੱਛਾ ਕਰ ਰਹੇ ਸਨ। ਇਹ ਕਾਰ ਇਨਕਮ ਟੈਕਸ ਦਫ਼ਤਰ ਦੇ ਨੇੜੇ ਇੱਕ ਗਲੀ ਵਿੱਚ ਅਚਾਨਕ ਯੂ-ਟਰਨ ਲੈ ਕੇ ਤੇਜ਼ ਰਫਤਾਰ ਨਾਲ ਭੱਜਣ ਲੱਗੀ। ਕਾਰ ਦਾ ਚਾਲਕ ਸਪੱਸ਼ਟ ਤੌਰ ’ਤੇ ਗਸ਼ਤ ਕਰ ਰਹੀ ਪੁਲਿਸ ਟੀਮ ਨੂੰ ਦੇਖ ਕੇ ਘਬਰਾ ਗਿਆ ਸੀ। ਜਿਵੇਂ ਹੀ ਪੁਲਿਸ ਵੈਨ ਕਾਰ ਦੇ ਨੇੜੇ ਪਹੁੰਚਣ ਲੱਗੀ, ਉਸ ਕਾਰ ਦੇ ਇੱਕ ਸਵਾਰ ਨੇ ਵੈਨ ’ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਹੁਣ ਪੁਲਿਸ ਨੂੰ ਇਹ ਪੁਸ਼ਟੀ ਹੋ ਗਈ ਕਿ ਇਹ ਅਪਰਾਧੀ ਹਨ ਜੋ ਫਰਾਰ ਹੋ ਰਹੇ ਹਨ। ਇਸ ਲਈ ਉਨ੍ਹਾਂ ਨੇ ਵੀ ਮੁਕਾਬਲਾ ਕੀਤਾ। ਪਰ ਤੇਜ਼ ਰਫਤਾਰ ਅਪਰਾਧੀਆਂ ਦੀ ਕਾਰ ਆਖ਼ਿਰਕਾਰ ਨਜ਼ਰੋਂ ਓਝਲ ਹੋ ਗਈ। ਉਸੇ ਸ਼ਾਮ ਸ਼ਾਹਦਰਾ ਹਸਪਤਾਲ ਦੇ ਨੇੜੇ ਇੱਕ ਲਾਸ਼ ਪਈ ਮਿਲੀ। ਪਤਾ ਲੱਗਾ ਕਿ ਇਹ ਸੁਭਾਸ਼ ਦੀ ਲਾਸ਼ ਸੀ, ਉਹ ਅਪਰਾਧੀ ਜੋ ਘੱਟੋ-ਘੱਟ 20 ਡਾਕਿਆਂ ਦੇ ਮਾਮਲਿਆਂ ਵਿੱਚ ਸ਼ਾਮਲ ਸੀ ਅਤੇ ਜਿਸ ਦੇ ਸਿਰ ’ਤੇ ਪੁਲਿਸ ਨੇ 15 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ, ਚਾਹੇ ਜਿੰਦਾ ਫੜਿਆ ਜਾਵੇ ਜਾਂ ਮੁਰਦਾ। ਪੁਲਿਸ ਦੀਆਂ ਗੋਲੀਆਂ ਨਾਲ ਜ਼ਖ਼ਮੀ ਹੋਣ

ਤੋਂ ਕੁਝ ਸਮੇਂ ਬਾਅਦ ਉਸ ਦੀ ਮੌਤ ਹੋ ਗਈ ਸੀ ਅਤੇ ਉਸਦੇ ਸਾਥੀਆਂ ਨੇ ਉਸਨੂੰ ਕਾਰ ਤੋਂ ਬਾਹਰ ਸੁੱਟ ਦਿੱਤਾ ਸੀ।

ਇਸ ਘਟਨਾ ਦਾ ਮਾਰੂ ਪਰਿਣਾਮ ਇਹ ਦਰਸਾਉਂਦਾ ਹੈ ਕਿ ਕਈ ਵਾਰ ਮੁਸੀਬਤ ਤੋਂ ਬਚਣ ਲਈ ਜਲਦੀ ਵਿੱਚ ਚੁੱਕੇ ਗਏ ਕਦਮ ਮੁੜ ਆਪਣੇ ’ਤੇ ਹੀ ਭਾਰੀ ਪੈ ਜਾਂਦੇ ਹਨ। ਇਹ ਪੂਰੀ ਸੰਭਾਵਨਾ ਸੀ ਕਿ ਜੇ ਚਿੱਟੀ ਕਾਰ ਵਿਚ ਸਵਾਰ ਅਪਰਾਧੀ ਸਹਿਜਤਾ ਨਾਲ ਉਥੋਂ ਲੰਘ ਜਾਂਦੇ ਤਾਂ ਉਹ ਸ਼ੱਕ ਦੇ ਘੇਰੇ ਵਿੱਚ ਬਿਲਕੁਲ ਨਾ ਆਉਂਦੇ ਅਤੇ ਪੁਲਿਸ ਦੀਆਂ ਗੋਲੀਆਂ ਤੋਂ ਬਚ ਸਕਦੇ ਸਨ। ਪਰ ਉਹਨਾਂ ਦੀ ਘਬਰਾਹਟ ਅਤੇ ਹਿੰਸਾ ਨੇ ਉਨ੍ਹਾਂ ਨੂੰ ਹੋਰ ਵੀ ਵੱਡੀ ਮੁਸੀਬਤ ਵਿੱਚ ਪਾ ਦਿੱਤਾ।

ਇਸ ਦੁਨੀਆਂ ਵਿੱਚ ਕੋਈ ਵੀ ਮਨੁੱਖ ਐਸਾ ਨਹੀਂ ਜਿਸਦੀ ਸਿਆਣਪ ਕਦੇ ਨਾ ਕਦੇ ਪਰਖੀ ਨਾ ਗਈ ਹੋਵੇ। ਜੋ ਹਮੇਸ਼ਾ ਲੜਨ ਲਈ ਤਿਆਰ ਰਹਿੰਦੇ ਹਨ, ਉਹ ਅਕਸਰ ਅਸਫਲਤਾ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਸੰਸਾਰ ਵਿੱਚ ਕਾਮਯਾਬ ਹੋਣ ਲਈ ਸਾਨੂੰ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਕਦੋਂ ਕਾਰਵਾਈ ਕਰਨੀ ਹੈ ਅਤੇ ਕਦੋਂ ਆਪਣੇ ਆਪ ’ਤੇ ਕਾਬੂ ਰੱਖਣਾ ਹੈ। ਕਈ ਵਾਰ ਮਨੁੱਖ ਕੋਲ ਕੋਈ ਚੋਣ ਨਹੀਂ ਬੱਚਦੀ ਅਤੇ ਉਸਨੂੰ ਆਪਣਾ ਸਫ਼ਰ ਸਿੱਧਾ ਜਾਰੀ ਰੱਖਣਾ ਪੈਂਦਾ ਹੈ। ਪਰ ਕਈ ਵਾਰ ਖੱਬੇ ਜਾਂ ਸੱਜੇ ਮੁੜ ਜਾਣਾ ਜ਼ਿਆਦਾ ਸਿਆਣਪ ਵਾਲੀ ਗੱਲ ਹੁੰਦੀ ਹੈ। ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਅਕਲਮੰਦੀ ਦੀ ਇਕ ਨਿਰੰਤਰ ਪਰਖ ਹਨ ਅਤੇ ਅੰਤ ਵਿੱਚ ਉਹੀ ਲੋਕ ਕਾਮਯਾਬ ਹੁੰਦੇ ਹਨ ਜੋ ਸਭ ਤੋਂ ਕਠਨ ਮਾਪਦੰਡਾਂ ’ਤੇ ਖਰੇ ਉਤਰਦੇ ਹਨ।

ਨੁਕਸਾਨ ਦੀ ਭਰਪਾਈ ਦਾ ਸਿਆਣਾ ਤਰੀਕਾ

ਇੱਕ ਵਾਰ ਦੋ ਕਿਸਾਨਾਂ ਵਿਚ ਜ਼ਮੀਨਾਂ ਦੀ ਹੱਦ ਨੂੰ ਲੈ ਕੇ ਝਗੜਾ ਹੋ ਗਿਆ। ਇਹ ਝਗੜਾ ਜੋ ਸ਼ੁਰੂ ਵਿੱਚ ਸਿਰਫ਼ ਇੱਕ ਜ਼ਮੀਨ ਦੇ ਟੁਕੜੇ ਬਾਰੇ ਸੀ, ਹੌਲੀ-ਹੌਲੀ ਇੱਜ਼ਤ ਦਾ ਮਸਲਾ ਬਣ ਗਿਆ। ਉਨ੍ਹਾਂ ਨੇ ਸੋਚਿਆ ਕਿ ਹੁਣ ਪਿੱਛੇ ਹਟਣਾ ਇੱਜ਼ਤ ਗਵਾਉਣ ਦੇ ਬਰਾਬਰ ਹੋਵੇਗਾ। ਇਸ ਤਰ੍ਹਾਂ ਛੋਟੀ ਜਿਹੀ ਗੱਲ ਤੋਂ ਸ਼ੁਰੂ ਹੋਇਆ ਝਗੜਾ ਵਿਸ਼ਾਲ ਰੂਪ ਲੈ ਗਿਆ ਅਤੇ ਦੋਵਾਂ ਪੱਖਾਂ ਵਿਚੋਂ ਕੋਈ

ਵੀ ਸਮਝੌਤਾ ਕਰਨ ਲਈ ਤਿਆਰ ਨਾ ਹੋਇਆ। ਹਾਲਾਤ ਬਦ ਤੋਂ ਬਦਤਰ ਹੋ ਗਏ। ਕਤਲ ਹੋਏ, ਫ਼ਸਲਾਂ ਕੱਟ ਕੇ ਸਾੜੀਆਂ ਗਈਆਂ ਅਤੇ ਆਖ਼ਰਕਾਰ ਮਾਮਲਾ ਅਦਾਲਤ ਵਿਚ ਪਹੁੰਚਿਆ। ਲੰਬੀ ਕਾਰਵਾਈ ਤੋਂ ਬਾਅਦ ਕੇਸ ਉਸ ਸਮੇਂ ਮੁਕਿਆ ਜਦੋਂ ਦੋਵਾਂ ਪੱਖਾਂ ਨੇ ਇਸ ਪ੍ਰਕਿਰਿਆ ਵਿਚ ਖੇਤ, ਬਾਗ਼, ਗਹਿਣੇ ਆਦਿ ਸਭ ਕੁਝ ਗਵਾ ਦਿੱਤਾ। ਘੱਟ ਕੀਮਤੀ ਚੀਜ਼ ਨੂੰ ਹਾਸਲ ਕਰਨ ਦੀ ਕੋਸ਼ਿਸ਼ ਵਿੱਚ ਉਨ੍ਹਾਂ ਨੇ ਸਭ ਕੁਝ ਗਵਾ ਦਿੱਤਾ।

ਇੱਕ ਹੋਰ ਕਿਸਾਨ ਵੀ ਇਸੇ ਤਰ੍ਹਾਂ ਦੀ ਸਥਿਤੀ ਵਿੱਚ ਫਸ ਗਿਆ। ਪਰ ਤੁਰੰਤ ਕਾਰਵਾਈ ਕਰਨ ਦੀ ਬਜਾਏ ਉਸਨੇ ਰੁਕ ਕੇ ਗੰਭੀਰਤਾ ਨਾਲ ਵਿਚਾਰ ਕੀਤਾ। ਉਸਨੇ ਆਪਣੇ ਦੋਸਤਾਂ ਨਾਲ ਵੀ ਸਲਾਹ-ਮਸ਼ਵਰਾ ਕੀਤਾ ਕਿ ਕਿਹੜੇ ਕਦਮ ਚੁੱਕਣੇ ਚਾਹੀਦੇ ਹਨ। ਅੰਤ ਵਿੱਚ ਉਹ ਇਸ ਨਤੀਜੇ ’ਤੇ ਪਹੁੰਚਿਆ ਕਿ ਹੱਦਬੰਦੀ ਵਾਲਾ ਰੌਲਾ ਅਸਲ ਹੱਦ ’ਤੇ ਨਹੀਂ ਸਗੋਂ ਕਿਸੇ ਹੋਰ ਪੱਖ ’ਤੇ ਸੁਲਝਾਇਆ ਜਾਣਾ ਚਾਹੀਦਾ ਹੈ।

ਉਸਨੇ ਮਾਮਲੇ ਨੂੰ ਅੱਜ ਦੀ ਬਜਾਏ ਬੀਤੇ ਦਿਨ ਦੇ ਸੰਦਰਭ ਵਿੱਚ ਦੇਖਣਾ ਸ਼ੁਰੂ ਕੀਤਾ। ਆਪਣੇ ਖੇਤ ਦੇ ਇੱਕ ਹਿੱਸੇ ’ਤੇ ਹੋਏ ਕਬਜ਼ੇ ਕਾਰਨ ਬਹੁਤ ਦੁਖੀ ਹੋਇਆ ਅਤੇ ਉਸਨੇ ਵੀ ਉਹੀ ਇੱਜ਼ਤ ਤੇ ਅਣਖ ਦੀ ਭਾਵਨਾ ਨੂੰ ਮਹਿਸੂਸ ਕੀਤਾ ਜੋ ਉਹ ਕਿਸਾਨ ਕਰ ਰਹੇ ਸਨ, ਜਿਨ੍ਹਾਂ ਨੇ ਜਲਦੀਬਾਜ਼ੀ ਵਿੱਚ ਗਲਤ ਕਦਮ ਚੁੱਕਿਆ ਸੀ।

ਉਸ ਨੇ ਸੋਚਿਆ ਕਿ ਉਸ ਦੇ ਵਿਰੋਧੀ ਦੀ ਉਸ ਦੀ ਜ਼ਮੀਨ ’ਤੇ ਕਬਜ਼ਾ ਕਰਨ ਦੀ ਹਿੰਮਤ ਕਿਵੇਂ ਹੋਈ? ਬਹੁਤ ਵਿਚਾਰ ਕਰਨ ਤੋਂ ਬਾਅਦ ਉਹ ਇਸ ਨਤੀਜੇ ’ਤੇ ਪਹੁੰਚਿਆ ਕਿ ਇਸ ਮਾਮਲੇ ਵਿੱਚ ਉਸ ਦੀ ਆਪਣੀ ਕਮਜ਼ੋਰੀ ਨੇ ਹੀ ਉਸ ਦੇ ਦੁਸ਼ਮਣ ਨੂੰ ਹਿੰਮਤ ਦਿੱਤੀ ਸੀ। ਇਹ ਸਿਰਫ਼ ਹੱਦਬੰਦੀ ਦਾ ਮਾਮਲਾ ਨਹੀਂ ਸੀ, ਸਗੋਂ ਸਮਾਜ ਵਿੱਚ ਉਸ ਦੀ ਨੀਵੀਂ ਸਥਿਤੀ ਦਾ ਮਾਮਲਾ ਸੀ। ਕਿਉਂਕਿ ਉਸਦੀ ਆਪਣੀ ਪੋਜ਼ੀਸ਼ਨ ਕਮਜ਼ੋਰ ਸੀ, ਉਹ ਆਪਣੇ ਗੁਆਂਢੀ ਵਿੱਚ ਇੰਨਾਂ ਡਰ ਪੈਦਾ ਨਹੀਂ ਕਰ ਸਕਿਆ ਕਿ ਉਹ ਉਸਦੀ ਜਾਇਜ਼ ਜ਼ਮੀਨ ’ਤੇ ਕਬਜ਼ਾ ਕਰਨ ਤੋਂ ਰੁਕ ਜਾਏ। ਠੰਡੇ ਦਿਮਾਗ ਨਾਲ ਸੋਚਦੇ ਹੋਏ ਉਹ ਇਸ ਨਤੀਜੇ ’ਤੇ ਪਹੁੰਚਿਆ ਕਿ ਜੇਕਰ ਉਹ ਆਪਣਾ ਸਥਿਤੀ ਜਾਂ ਪੋਜ਼ੀਸ਼ਨ ਸੁਧਾਰ ਲਵੇ ਤਾਂ ਉਹ ਆਪਣੇ ਵਿਰੋਧੀ ਨਾਲ ਬਗੈਰ ਹਥਿਆਰਾਂ ਵਾਲੀ ਜੰਗ ਵਿੱਚ ਜ਼ਿਆਦਾ ਮਜ਼ਬੂਤੀ ਨਾਲ ਮੁਕਾਬਲਾ ਕਰ ਸਕੇਗਾ।

ਫਿਰ ਉਸਦਾ ਵਿਰੋਧੀ ਉਸਦੇ ਅਧਿਕਾਰ 'ਤੇ ਕਬਜ਼ਾ ਕਰਨ ਦੀ ਹਿੰਮਤ ਨਹੀਂ ਕਰੇਗਾ। ਇਸ ਲਈ ਬਦਲਾ ਲੈਣ ਦੀ ਤੁਰੰਤ ਭਾਵਨਾ ਨੂੰ ਕਾਬੂ ਕਰਕੇ ਉਸਨੇ ਪਹਿਲਾਂ ਨਾਲੋਂ ਵੱਧ ਮਿਹਨਤ ਕਰਨੀ ਸ਼ੁਰੂ ਕੀਤੀ। ਜੋ ਤਾਕਤ ਵਿਰੋਧੀ ਨਾਲ ਲੜਨ ਲਈ ਖਰਚ ਹੋਣੀ ਸੀ, ਉਹ ਹੁਣ ਰਚਨਾਤਮਕ ਕੰਮਾਂ 'ਚ ਵਰਤੀ ਜਾਣ ਲੱਗੀ। ਐਸੀ ਸਕਾਰਾਤਮਕ ਸੋਚ ਨੇ ਉਸ ਵਿੱਚ ਨਵੀਂ ਆਸ ਤੇ ਹਿੰਮਤ ਪੈਦਾ ਕੀਤੀ। ਉਸਨੇ ਸਿਰਫ਼ ਆਪਣੇ ਖੇਤਾਂ 'ਚ ਹੀ ਵੱਧ ਮਿਹਨਤ ਨਹੀਂ ਕੀਤੀ, ਸਗੋਂ ਇੱਕ ਕਾਰੋਬਾਰ ਵੀ ਸ਼ੁਰੂ ਕੀਤਾ। ਉਸਦੀ ਨਵ-ਜਾਗ੍ਰਿਤ ਚੇਤਨਾ ਨੇ ਉਸ ਵਿੱਚ ਨਵਾਂ ਜੋਸ਼ ਭਰਿਆ ਅਤੇ ਖ਼ਰਚੇ ਘਟਾ ਕੇ ਉਸਨੇ ਆਪਣੀ ਆਮਦਨ ਵਧਾਉਣ ਦੇ ਯਤਨ ਕੀਤੇ। ਇਸ ਤੋਂ ਇਲਾਵਾ ਉਸਨੇ ਆਪਣੇ ਸਾਰੇ ਬੱਚਿਆਂ ਨੂੰ ਸਕੂਲ ਭੇਜਿਆ ਅਤੇ ਉਨ੍ਹਾਂ ਨੂੰ ਉੱਚ ਸਿੱਖਿਆ ਦੇਣ ਦਾ ਨਿਰਣਾ ਕੀਤਾ।

ਜਿਵੇਂ ਪਹਿਲੇ ਕਿਸਾਨ ਨੇ ਵੀ ਵੀਹ ਸਾਲ ਆਪਣੇ ਵਿਰੋਧੀ ਨਾਲ ਮੁਕੱਦਮਾ ਲੜਨ ਵਿਚ ਗੁਜ਼ਾਰ ਦਿੱਤੇ, ਇਸ ਕਿਸਾਨ ਨੂੰ ਵੀ ਆਪਣੇ ਯਤਨਾਂ ਦੇ ਫਲ ਵੇਖਣ ਲਈ ਵੀਹ ਸਾਲ ਲੱਗੇ। ਪਰ ਪਹਿਲੇ ਲਈ ਇਹ ਵੀਹ ਸਾਲ ਬਰਬਾਦੀ ਦੇ ਸਨ, ਜਦਕਿ ਦੂਜੇ ਲਈ ਇਹ ਮਹਾਨ ਉਪਲਬਧੀਆਂ ਵਾਲੇ ਸਨ। ਉਸਦੇ ਬੱਚਿਆਂ ਨੂੰ ਉੱਚ ਸਿੱਖਿਆ ਮਿਲੀ ਅਤੇ ਉਹ ਵੱਡੀਆਂ ਨੌਕਰੀਆਂ 'ਤੇ ਲੱਗ ਗਏ। ਉਸਨੇ ਆਪਣੇ ਖੇਤਾਂ ਨੂੰ ਇੰਨਾ ਵਿਕਸਤ ਕਰ ਲਿਆ ਕਿ ਬੈਲਾਂ ਦੀ ਥਾਂ ਟਰੈਕਟਰ ਖਰੀਦਣਾ ਪਿਆ। ਉਸਦੇ ਸਰੋਤ ਕਾਫ਼ੀ ਵਧ ਗਏ। ਉਹੀ ਕਿਸਾਨ ਜਿਸਨੇ ਕਦੇ ਉਸਦਾ ਹੱਕ ਮਾਰਿਆ ਸੀ, ਅੱਜ ਆਪਣੀ ਸਾਰੀ ਜ਼ਮੀਨ ਉਸਨੂੰ ਵੇਚ ਗਿਆ।

ਜਿਸਨੇ ਹੱਦ ਦੇ ਝਗੜੇ ਨੂੰ ਹੱਦ 'ਤੇ ਹੀ ਸੁਲਝਾਉਣ ਦੀ ਕੋਸ਼ਿਸ਼ ਕੀਤੀ ਸੀ, ਉਹ ਹਾਰ ਗਿਆ; ਜਦਕਿ ਜਿਸਨੇ ਮਸਲੇ ਨੂੰ ਹੋਰ ਪੱਖ ਤੋਂ ਸੁਲਝਾਉਣ ਦੀ ਕੋਸ਼ਿਸ਼ ਕੀਤੀ, ਉਸਨੇ ਸਿਰਫ਼ ਵਿਵਾਦਿਤ ਜ਼ਮੀਨ ਹੀ ਨਹੀਂ ਸਗੋਂ ਆਪਣੇ ਵਿਰੋਧੀ ਦਾ ਸਾਰਾ ਖੇਤ ਹਾਸਲ ਕਰ ਲਿਆ।

ਜਦੋਂ ਬਿਜਲੀ ਦਾ ਬਲਬ ਜਾਂ ਪੱਖਾ ਕੰਮ ਕਰਨਾ ਬੰਦ ਕਰਦਾ ਹੈ, ਤਾਂ ਅਸੀਂ ਉਹਨਾਂ ਨੂੰ ਠੀਕ ਕਰਨ ਲਈ ਸਾਰਾ ਧਿਆਨ ਪੱਖੇ ਤੇ ਬਲਬ ਤੇ ਕੇਂਦ੍ਰਿਤ ਨਹੀਂ ਕਰਦੇ ਕਿਉਂਕਿ ਸਾਨੂੰ ਪਤਾ ਹੁੰਦਾ ਹੈ ਕਿ ਨੁਕਸ ਅਕਸਰ ਬਲਬ ਜਾਂ ਪੱਖੇ ਦੇ ਅੰਦਰ ਨਹੀਂ, ਬਲਕਿ ਬਾਹਰ ਹੁੰਦਾ ਹੈ। ਸਿਰਫ਼ ਸਹੀ ਥਾਂ 'ਤੇ ਮੁਰੰਮਤ ਕਰਕੇ ਅਸੀਂ ਸਮੱਸਿਆ ਦਾ ਹੱਲ ਕੱਢ ਸਕਦੇ ਹਾਂ। ਉਦਾਹਰਣ ਲਈ, ਜੇ ਫਿਊਜ਼ ਬਦਲ ਦਿੱਤਾ ਜਾਵੇ, ਤਾਂ ਬਲਬ ਮੁੜ ਜਲ ਉੱਠਦਾ ਹੈ ਅਤੇ ਪੱਖਾ ਮੁੜ ਚੱਲਣ

ਲੱਗਦਾ ਹੈ। ਮਨੁੱਖੀ ਮਾਮਲੇ ਵੀ ਅਕਸਰ ਇਸੇ ਪ੍ਰਕਿਰਤੀ ਦੇ ਹੁੰਦੇ ਹਨ। ਪਰ ਦੁੱਖ ਦੀ ਗੱਲ ਇਹ ਹੈ ਕਿ ਜਿਹੜਾ ਤਜ਼ਰਬਾ ਅਸੀਂ ਭੌਤਿਕ ਮਾਮਲਿਆਂ ਵਿੱਚ ਚੇਤੇ ਰੱਖਦੇ ਹਾਂ, ਉਸਨੂੰ ਅਸੀਂ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਦੌਰਾਨ ਅਕਸਰ ਭੁੱਲ ਜਾਂਦੇ ਹਾਂ।

ਆਮ ਤੌਰ ’ਤੇ ਜਦੋਂ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ ਰਵਾਇਤੀ ਤਰੀਕਾ ਇਹੀ ਹੁੰਦਾ ਹੈ ਕਿ ਉਸਨੂੰ ਤੁਰੰਤ ਮੌਜੂਦਾ ਹਾਲਾਤਾਂ ਦੇ ਸੰਦਰਭ ਵਿੱਚ ਹੀ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਪਰ ਕਿਉਂਕਿ ਮੌਜੂਦਾ ਘਟਨਾਵਾਂ ਅਕਸਰ ਪਿਛਲੀਆਂ ਘਟਨਾਵਾਂ ਅਤੇ ਹਾਲਾਤਾਂ ਨਾਲ ਜੁੜੀਆਂ ਹੁੰਦੀਆਂ ਹਨ, ਇਸ ਲਈ ਹੋਰ ਪੱਖਾਂ ਤੋਂ ਅਸਲ ਕਾਰਨਾਂ ਦੀ ਖੋਜ ਕਰਨਾ ਜ਼ਿਆਦਾ ਬਿਹਤਰ ਹੈ।

ਟਕਰਾਅ ਤੋਂ ਹਰ ਕੀਮਤ ’ਤੇ ਬਚਣਾ ਚਾਹੀਦਾ ਹੈ ਅਤੇ ਕੋਈ ਵੀ ਅਜਿਹਾ ਤੱਤ ਜਾਂ ਵਿਚਾਰ ਜੋ ਸਕਾਰਾਤਮਕ ਪਰਿਣਾਮ ਦੇਣ ਦੇ ਯੋਗ ਹੋਵੇ, ਨੂੰ ਨਾ ਰੱਦ ਕਰਨਾ ਚਾਹੀਦਾ ਹੈ ਅਤੇ ਨਾ ਹੀ ਨਜ਼ਰਅੰਦਾਜ਼। ਭਾਵੇਂ ਇਹ ਤਰੀਕਾ ਲੰਮਾ ਅਤੇ ਜਟਿਲ ਲੱਗੇ, ਪਰ ਇਹੋ ਇਕਲੌਤਾ ਤਰੀਕਾ ਹੈ ਜੋ ਸਮਾਜ ਵਿੱਚ ਸੁਹਿਰਦ ਜੀਵਨ ਸ਼ੈਲੀ ਵੱਲ ਲੈ ਕੇ ਜਾ ਸਕਦਾ ਹੈ।

ਇਸ ਬਾਬਤ ਇਬਨ ਮਾਜ਼ਾਹ (824-887 ਈ.) ਦੇ ਮਹੱਤਵਪੂਰਨ ਬਚਨ ਇਸ ਤਰ੍ਹਾਂ ਹਨ:

> “ਜਦੋਂ ਖੁਦਾ ਸ਼ੁਕਰ ਅਦਾ ਕਰਨ ਦਾ ਰਾਹ ਖੋਲ੍ਹਦਾ ਹੈ ਤਾਂ ਇਸਦੇ ਨਾਲ ਹੋਰ ਬਖਸ਼ਿਸ਼ਾਂ ਦਾ ਰਾਹ ਵੀ ਖੋਲ੍ਹਦਾ ਹੈ ਅਤੇ ਜਦੋਂ ਉਹ ਪ੍ਰਾਰਥਨਾ ਦਾ ਰਾਹ ਖੋਲ੍ਹਦਾ ਹੈ ਤਾਂ ਉਹ ਉਸਨੂੰ ਪੂਰੇ ਕਰਨ ਦਾ ਰਾਹ ਵੀ ਖੋਲ੍ਹਦਾ ਹੈ। ਅਤੇ ਜਦੋਂ ਉਹ ਤੋਬਾ ਦਾ ਰਸਤਾ ਖੋਲ੍ਹਦਾ ਹੈ, ਤਾਂ ਉਹ ਮਾਫ਼ੀ ਦਾ ਰਾਹ ਵੀ ਖੋਲ੍ਹਦਾ ਹੈ।”

ਦੂਜੀ ਗਲਤੀ ਨਾ ਕਰੋ

ਇਕ ਸਰਕਾਰੀ ਕਰਮਚਾਰੀ ਸੀ, ਜਿਸਦਾ ਸ਼ਹਿਰ ਵਿੱਚ ਆਪਣਾ ਘਰ ਸੀ ਅਤੇ ਉਹ ਸੁਖੀ ਜੀਵਨ ਬਤੀਤ ਕਰ ਰਿਹਾ ਸੀ। ਜਦੋਂ ਉਸਦੀ ਧੀ ਦੇ ਵਿਆਹ ਦਾ ਸਮਾਂ ਆਇਆ ਤਾਂ ਉਸਨੇ ਦਫ਼ਤਰ ਤੋਂ ਵੱਡਾ ਕਰਜ਼ਾ ਲੈ ਲਿਆ। ਵਿਆਹ

ਤੋਂ ਬਾਅਦ ਉਸਨੂੰ ਇਕ ਨਵੀਂ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਹਰ ਮਹੀਨੇ ਉਸਦੀ ਤਨਖ਼ਾਹ ਦਾ ਅੱਧਾ ਹਿੱਸਾ ਕਰਜ਼ੇ ਦੀ ਕਿਸ਼ਤ ਵਜੋਂ ਕੱਸ਼ਿਟਆ ਜਾਣ ਲੱਗਾ। ਇਸ ਕਾਰਨ ਘਰ ਚਲਾਉਣਾ ਔਖਾ ਹੋ ਗਿਆ। ਇਸ ਲਈ ਉਸਨੇ ਅਤੇ ਉਸਦੀ ਪਤਨੀ ਨੇ ਸੋਚਿਆ ਕਿ ਵਿੱਤੀ ਸਮੱਸਿਆ ਹੱਲ ਕਰਨ ਲਈ ਘਰ ਦਾ ਇਕ ਹਿੱਸਾ ਕਿਰਾਏ ’ਤੇ ਦੇ ਦਿੱਤਾ ਜਾਵੇ। ਉਹਨਾਂ ਨੇ ਆਪਣੇ ਲਈ ਇਕ ਵੱਡਾ ਕਮਰਾ ਬਾਥਰੂਮ ਸਮੇਤ ਰੱਖਿਆ ਤੇ ਬਾਕੀ ਘਰ ਕਿਰਾਏ ’ਤੇ ਚੜ੍ਹਾ ਦਿੱਤਾ।

ਉਹ ਪੰਜ ਸਾਲ ਇਸੇ ਤਰ੍ਹਾਂ ਰਹੇ। ਪਰ ਫਿਰ ਕਿਰਾਏਦਾਰ ਦੇ ਮਨ ਵਿੱਚ ਸਾਰਾ ਘਰ ਹੜਪਣ ਦਾ ਵਿਚਾਰ ਆ ਗਿਆ। ਉਸਨੇ ਬਹਾਨਾ ਬਣਾਇਆ ਕਿ ਉਸਦੇ ਵਿਆਹ ਲਈ ਕਾਫੀ ਰਿਸ਼ਤੇਦਾਰ ਆ ਰਹੇ ਹਨ ਜੋ ਇਸ ਘਰ ਵਿਚ ਰੁਕਣਗੇ। ਉਸਨੇ ਮਾਲਕ ਨੂੰ ਬੇਨਤੀ ਕੀਤੀ ਕਿ ਉਹ ਅਤੇ ਉਸਦੀ ਪਤਨੀ ਦੋ ਹਫ਼ਤਿਆਂ ਲਈ ਆਪਣਾ ਕਮਰਾ ਖਾਲੀ ਕਰ ਦੇਣ, ਤਾਂ ਜੋ ਉਸਦੇ ਮਹਿਮਾਨ ਰਹਿ ਸਕਣ। ਦੋ ਹਫ਼ਤਿਆਂ ਬਾਅਦ ਉਹ ਆਪਣੇ ਕਮਰੇ ਵਿਚ ਵਾਪਸ ਆ ਸਕਦੇ ਹਨ। ਕਿਰਾਏਦਾਰ ਨੇ ਮਾਲਕ ਲਈ ਅਸਥਾਈ ਥਾਂ ਦਾ ਵੀ ਵੱਧੀਆ ਬੰਦੋਬਸਤ ਕਰ ਦਿੱਤਾ ਅਤੇ ਉਸਨੂੰ ਮਨਾਉਣ ਵਿੱਚ ਕਾਮਯਾਬ ਹੋ ਗਿਆ। ਪਰ ਦੋ ਹਫ਼ਤਿਆਂ ਬਾਅਦ ਜਦੋਂ ਮਾਲਕ ਵਾਪਸ ਆਇਆ ਅਤੇ ਆਪਣੇ ਘਰ ਵਿੱਚ ਜਾਣਾ ਚਾਹਿਆ, ਤਾਂ ਕਿਰਾਏਦਾਰ ਨੇ ਉਸਨੂੰ ਅੰਦਰ ਜਾਣ ਤੋਂ ਰੋਕ ਦਿੱਤਾ ਅਤੇ ਕਿਹਾ: “ਹੁਣ ਇਹ ਘਰ ਮੇਰਾ ਹੈ।”

ਮਾਲਕ ਦੇ ਕੁਝ ਦੋਸਤਾਂ ਨੇ ਉਸਨੂੰ ਸਲਾਹ ਦਿੱਤੀ ਕਿ ਜੇ ਕੇਸ ਕੀਤਾ ਗਿਆ ਤਾਂ ਸਮੱਸਿਆ ਹੱਲ ਹੋਣ ਵਿੱਚ ਘੱਟੋ-ਘੱਟ ਦੱਸ ਸਾਲ ਲੱਗ ਜਾਣਗੇ, ਇਸ ਲਈ ਕੁਝ ਲੋਕ ਇਕੱਠੇ ਕਰਕੇ ਜ਼ਬਰਦਸਤੀ ਘਰ ਵਿੱਚ ਦਾਖ਼ਲ ਹੋ ਜਾਏ ਅਤੇ ਕਿਰਾਏਦਾਰ ਨੂੰ ਕੱਢ ਦੇਵੇ। ਉਸਨੇ ਉਹੀ ਕੀਤਾ। ਪਰ ਕਿਰਾਏਦਾਰ ਚਲਾਕ ਸੀ, ਉਸਨੇ ਤੁਰੰਤ ਪੁਲਿਸ ਬੁਲਾ ਲਈ ਅਤੇ ਮਾਲਕ ਖ਼ਿਲਾਫ਼ ਅਪਰਾਧਕ ਕੇਸ ਦਰਜ ਕਰਵਾ ਦਿੱਤਾ। ਕੇਸ ਦੀ ਕਾਰਵਾਈ ਦੱਸ ਸਾਲ ਤੋਂ ਵੱਧ ਚੱਲਦੀ ਰਹੀ ਅਤੇ ਹੋਰ ਕੇਸ ਵੀ ਜੁੜਦੇ ਗਏ। ਨਤੀਜਾ ਇਹ ਹੋਇਆ ਕਿ ਮਾਲਕ ਬਰਬਾਦ ਹੋ ਗਿਆ ਅਤੇ ਘਰ ਦੀ ਮਲਕੀਅਤ ਅਜੇ ਵੀ ਉਸ ਨੂੰ ਨਹੀਂ ਮਿਲੀ। ਅੰਤ ਵਿੱਚ, ਅਪਰਾਧਕ ਕੇਸ ਕਾਰਨ ਉਹ ਆਪਣੀ ਨੌਕਰੀ ਤੋਂ ਵੀ ਮੁਅੱਤਲ ਹੋ ਗਿਆ।

ਜਦੋਂ ਇਕ ਵਾਰੀ ਗਲਤੀ ਹੋ ਜਾਵੇ ਤਾਂ ਫਿਰ ਦੂਜੀ ਗਲਤੀ ਨਹੀਂ ਕਰਨੀ ਚਾਹੀਦੀ। ਜੇ ਇਕ ਗਲਤੀ ਨਾਲ ਕੁਝ ਗੁਆ ਲਿਆ ਹੈ, ਤਾਂ ਦੂਜੀ ਗਲਤੀ ਕਰਕੇ ਆਪਣੇ ਨੁਕਸਾਨ ਨੂੰ ਹੋਰ ਵਧਾਉਣਾ ਕਦੇ ਠੀਕ ਨਹੀਂ ਹੁੰਦਾ।

ਹਰ ਬੱਦਲ ਪਿੱਛੇ ਉਮੀਦ ਦੀ ਇਕ ਕਿਰਨ ਹੁੰਦੀ ਹੈ

ਸਰ ਵਿਨਸਟਨ ਚਰਚਿਲ ਦੇ ਮਹਾਨ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬਣਨ ਤੋਂ ਕਾਫੀ ਸਮਾਂ ਪਹਿਲਾਂ, ਉਹ ਬੋਅਰ ਯੁੱਧ ਦੌਰਾਨ ਮੋਰਨਿੰਗ ਪੋਸਟ ਦੇ ਫੌਜੀ ਰਿਪੋਰਟਰ ਵਜੋਂ ਦੱਖਣੀ ਅਫ਼ਰੀਕਾ ਗਏ। ਆਪਣੇ ਕੰਮ ਦੌਰਾਨ ਉਹ ਬੋਅਰ ਫੌਜੀਆਂ ਵੱਲੋਂ ਕੁਝ ਬ੍ਰਿਟਿਸ਼ ਸਿਪਾਹੀਆਂ ਸਮੇਤ ਗ੍ਰਿਫ਼ਤਾਰ ਕਰ ਲਏ ਗਏ। ਕਿਉਂਕਿ ਬੋਅਰ ਫੌਜੀਆਂ ਨੇ ਫੌਜੀ ਜਵਾਨਾਂ ਅਤੇ ਜੰਗੀ ਰਿਪੋਰਟਰਾਂ ਵਿੱਚ ਕੋਈ ਅੰਤਰ ਨਾ ਕੀਤਾ, ਇਸ ਲਈ ਚਰਚਿਲ ਨੂੰ ਵੀ ਜੇਲ੍ਹ ਵਿੱਚ ਪਾ ਦਿੱਤਾ ਗਿਆ। ਚਰਚਿਲ ਨੇ ਤੁਰੰਤ ਉਸ ਵੇਲੇ ਦੇ ਦੱਖਣੀ ਅਫ਼ਰੀਕਾ ਦੇ ਪ੍ਰਧਾਨ ਮੰਤਰੀ ਜਾਨ ਕ੍ਰਿਸਚੀਅਨ ਸਮਟਸ ਨੂੰ ਸੰਦੇਸ਼ ਭੇਜ ਕੇ ਤੁਰੰਤ ਰਿਹਾਈ ਦੀ ਮੰਗ ਕੀਤੀ। ਉਸਨੇ ਦਲੀਲ ਦਿੱਤੀ ਕਿ ਅੰਤਰਰਾਸ਼ਟਰੀ ਸਮਝੌਤੇ ਦੇ ਅਧੀਨ ਯੁੱਧ ਮਿਸ਼ਨ ’ਤੇ ਜਾਣ ਵਾਲੇ ਅਖ਼ਬਾਰੀ ਰਿਪੋਰਟਰਾਂ ਨੂੰ ਕੈਦ ਨਹੀਂ ਕੀਤਾ ਜਾ ਸਕਦਾ। ਬਾਅਦ ਵਿੱਚ ਵਾਸ਼ਿੰਗਟਨ ਦੇ ਵਾਈਟ ਹਾਊਸ ਵਿੱਚ ਇੱਕ ਡਿਨਰ ਪਾਰਟੀ ਦੌਰਾਨ, ਜਿੱਥੇ ਸਮਟਸ ਅਤੇ ਚਰਚਿਲ ਦੋਵੇਂ ਮੌਜੂਦ ਸਨ, ਸਮਟਸ ਨੇ ਹੱਸਦੇ-ਹੱਸਦੇ ਦੱਸਿਆ ਕਿ ਉਹ ਚਰਚਿਲ ਦੀ ਅਰਜ਼ੀ ’ਤੇ ਵਿਚਾਰ ਕਰਨਾ ਸ਼ੁਰੂ ਹੀ ਕਰ ਰਹੇ ਸਨ ਕਿ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਚਰਚਿਲ ਤਾਂ ਪਹਿਲਾਂ ਹੀ ਜੇਲ੍ਹ ਤੋਂ ਭੱਜ ਨਿਕਲੇ ਹਨ।

ਕਈ ਸਾਲਾਂ ਬਾਅਦ ਜਦੋਂ ਚਰਚਿਲ ਬ੍ਰਿਟਿਸ਼ ਕੈਬਿਨੇਟ ਦੇ ਮੈਂਬਰ ਬਣੇ, ਸਮਟਸ ਨੇ ਮੁੜ ਇਸ ਘਟਨਾ ਦੀ ਯਾਦ ਦਿਵਾਈ। ਸਮਟਸ ਨੂੰ ਇਹ ਸੁਣ ਕੇ ਹੈਰਾਨੀ ਹੋਈ ਕਿ ਚਰਚਿਲ ਨੂੰ ਆਪਣੇ ਕੇਸ ਦੇ ਨਿਪਟਾਰੇ ਵਿੱਚ ਹੋਈ ਦੇਰੀ ’ਤੇ ਕੋਈ ਅਫ਼ਸੋਸ ਨਹੀਂ ਸੀ। ਚਰਚਿਲ ਨੇ ਸਮਟਸ ਨੂੰ ਸਮਝਾਇਆ ਕਿ ਜੇਕਰ ਉਹ ਤੁਰੰਤ ਰਿਹਾਅ ਹੋ ਜਾਂਦਾ, ਤਾਂ ਉਸਦਾ 9,000 ਪੌਂਡ ਦਾ ਨੁਕਸਾਨ ਹੋ ਜਾਂਦਾ। ਕਿਉਂਕਿ ਉਹਨਾਂ ਨੇ ਆਪਣੀ ਰੋਮਾਂਚਕ ਜੇਲ੍ਹ-ਤੋੜ ਕੇ ਭੱਜਣ ਦੀ ਕਹਾਣੀ ਇੱਕ ਮੈਗਜ਼ੀਨ ਨੂੰ ਵੇਚ ਕੇ 9,000 ਪੌਂਡ ਕਮਾਏ ਸਨ।

ਇਸ ਤੋਂ ਸਿੱਖਣ ਵਾਲੀ ਗੱਲ ਇਹ ਹੈ ਕਿ ਇਨਸਾਨ ਨੂੰ ਹਮੇਸ਼ਾ ਹਾਲਾਤਾਂ ਦਾ ਸਕਾਰਾਤਮਕ ਪੱਖ ਦੇਖਣਾ ਚਾਹੀਦਾ ਹੈ, ਕਿਉਂਕਿ ਹਰ ਬੱਦਲ ਪਿੱਛੇ ਉਮੀਦ ਦੀ ਇਕ ਕਿਰਨ ਹੁੰਦੀ ਹੈ।

ਇਕ ਉਦੇਸ਼ਪੂਰਣ ਜੀਵਨ

ਇੱਕ ਐਕਸਪ੍ਰੈੱਸ ਰੇਲ ਆਪਣੀ ਮੰਜ਼ਿਲ ਵੱਲ ਪੂਰੀ ਰਫ਼ਤਾਰ ਨਾਲ ਦੌੜੀ ਜਾ ਰਹੀ ਹੈ। ਰਸਤੇ ਵਿੱਚ ਖਿੜੀਆਂ ਫ਼ਸਲਾਂ, ਝਲਕਦੇ ਚਸ਼ਮੇ ਅਤੇ ਹਰੇ-ਭਰੇ ਜੰਗਲ ਉਸ ਦੇ ਦੋਵਾਂ ਪਾਸਿਆਂ 'ਤੇ ਨਜ਼ਰ ਆ ਰਹੇ ਹਨ। ਪਰ ਭਾਵੇਂ ਇਹ ਸਭ ਕੁਝ ਕਿੰਨਾ ਵੀ ਸੁਹਾਵਣਾ ਹੋਵੇ, ਐਕਸਪ੍ਰੈੱਸ ਰੇਲ ਦਾ ਉਨ੍ਹਾਂ ਵਿੱਚ ਕੋਈ ਰੁਝਾਨ ਨਹੀਂ। ਉਹ ਮੈਦਾਨਾਂ ਤੇ ਪਹਾੜਾਂ, ਧਰਤੀ ਤੇ ਦਰਿਆਵਾਂ ਉੱਤੇ ਬਿਨਾ ਗਤੀ ਘਟਾਏ ਦੌੜਦੀ ਜਾਂਦੀ ਹੈ। ਰਾਹ ਵਿਚ ਛੋਟੇ-ਛੋਟੇ ਸਟੇਸ਼ਨ ਵੀ ਆਉਂਦੇ ਹਨ, ਪਰ ਉਹ ਵੀ ਉਸ ਦੀ ਇਸ ਦੌੜ ਨੂੰ ਨਹੀਂ ਰੋਕ ਸਕਦੇ। ਰੇਲ ਇਸ ਤਰ੍ਹਾਂ ਦੌੜਦੀ ਹੈ ਜਿਵੇਂ ਕਿਤੇ ਰੁਕਣਾ ਹੀ ਨਾ ਹੋਵੇ।

ਇਕ ਉਦੇਸ਼ਪੂਰਣ ਜੀਵਨ ਵੀ ਕੁਝ ਐਸਾ ਹੀ ਹੁੰਦਾ ਹੈ। ਜਿਸ ਮਨੁੱਖ ਦੇ ਜੀਵਨ ਵਿੱਚ ਕੋਈ ਨਿਰਧਾਰਿਤ ਉਦੇਸ਼ ਹੋਵੇ, ਉਹ ਉਸ ਦੀ ਪੂਰਤੀ ਹਿਤ ਬੇਰੋਕ ਤੇ ਕੇਂਦ੍ਰਿਤ ਹੋ ਕੇ ਲੱਗਾ ਰਹਿੰਦਾ ਹੈ। ਉਹ ਫਜ਼ੂਲ ਗੱਲਾਂ 'ਤੇ ਆਪਣਾ ਸਮਾਂ ਵਿਅਰਥ ਨਹੀਂ ਕਰਦਾ। ਇੱਕ ਉਦੇਸ਼ਪੂਰਣ ਮਨੁੱਖ ਉਸ ਯਾਤਰੀ ਵਾਂਗ ਹੁੰਦਾ ਹੈ ਜੋ ਆਪਣਾ ਹਰ ਪਲ, ਹਰ ਸਾਹ ਮੰਜ਼ਿਲ ਵੱਲ ਵਧਣ ਵਿੱਚ ਲਗਾ ਦਿੰਦਾ ਹੈ। ਰਾਹ ਵਿੱਚ ਕਈ ਮਾਇਆ ਰੂਪੀ ਆਕਰਸ਼ਣ ਉਸ ਨੂੰ ਆਪਣੇ ਵੱਲ ਖਿੱਚਦੇ ਹਨ, ਪਰ ਉਹ ਉਨ੍ਹਾਂ ਵੱਲ ਵੇਖਦਾ ਤੱਕ ਨਹੀਂ। ਤੱਪਦੇ ਸੂਰਜ ਦੇ ਸੇਕ ਤੋਂ ਬਚਣ ਲਈ ਛਾਂ ਉਸ ਨੂੰ ਆਵਾਜ਼ ਦਿੰਦੀ ਹੈ, ਸ਼ਾਨਦਾਰ ਮਹਿਲ ਉਸ ਨੂੰ ਆਰਾਮ ਲਈ ਸੱਦਾ ਦਿੰਦੇ ਹਨ। ਪਰ ਉਸ ਕੋਲ ਇਨ੍ਹਾਂ ਸਭ ਚੀਜ਼ਾਂ ਲਈ ਸਮਾਂ ਨਹੀਂ। ਉਸ ਦੀ ਨਜ਼ਰ ਸਿਰਫ਼ ਮੰਜ਼ਿਲ 'ਤੇ ਟਿਕੀ ਰਹਿੰਦੀ ਹੈ। ਜ਼ਿੰਦਗੀ ਦੇ ਉਤਾਰ-ਚੜ੍ਹਾਵ ਉਸ ਦੇ ਰਾਹ ਦਾ ਰੋੜਾ ਨਹੀਂ ਬਣਦੇ। ਉਸ ਦੇ ਸਫ਼ਰ ਦੀ ਰਫ਼ਤਾਰ ਅਤੇ ਦਿਸ਼ਾ ਅਟੱਲ ਰਹਿੰਦੀ ਹੈ।

ਉਹ ਕਿਸੇ ਭਟਕਦੇ ਯਾਤਰੀ ਵਾਂਗ ਨਹੀਂ ਜੋ ਕਦੇ ਇੱਕ ਪਾਸੇ ਤੇ ਕਦੇ ਦੂਜੇ ਪਾਸੇ ਭੱਜਦਾ ਫਿਰਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਉਹ ਕਿੱਥੇ ਜਾ ਰਿਹਾ ਹੈ। ਉਸਨੂੰ ਆਪਣਾ ਰਾਹ ਸਾਫ਼ ਦਿਸਦਾ ਹੈ। ਮੰਜ਼ਿਲ ਤੱਕ ਪਹੁੰਚਣ ਤੋਂ ਪਹਿਲਾਂ ਰੁਕਣ ਜਾਂ ਧਿਆਨ ਭਟਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਜੇ ਜੀਵਨ ਨੂੰ ਅਸਲ ਅਰਥ ਦੇਣੇ ਹਨ ਤਾਂ ਟੀਚਾ ਨਿਰਧਾਰਿਤ ਕਰਨਾ ਲਾਜ਼ਮੀ ਹੈ ਅਤੇ ਰਾਹੀ ਨੂੰ ਇਹ ਯਕੀਨ ਵੀ ਹੋਵੇ ਕਿ ਜੋ ਟੀਚਾ ਉਸਨੇ ਮਿਥਿਆ

ਹੈ ਉਹ ਸੱਚਮੁੱਚ ਮਹੱਤਵਪੂਰਨ ਹੈ। ਉਸ ਨੂੰ ਪੂਰਾ ਕਰਨ ਲਈ ਮਨੁੱਖ ਨੂੰ ਆਪਣੀ ਅੰਤਰ-ਆਤਮਾ ਦਾ ਪੂਰਾ ਸਹਿਯੋਗ ਮਿਲਣਾ ਚਾਹੀਦਾ ਹੈ। ਟੀਚਾ ਉਸ ਦੀ ਰਗ-ਰਗ ਵਿੱਚ ਖ਼ੂਨ ਵਾਂਗ ਵਹਿਣਾ ਚਾਹੀਦਾ ਹੈ। ਧਿਆਨ ਕੇਂਦ੍ਰਿਤ ਕਰਕੇ ਜਦੋਂ ਮਨੁੱਖ ਆਪਣੇ ਮਨ ਨੂੰ ਕਿਸੇ ਵੱਡੇ ਟੀਚੇ ਨਾਲ ਜੋੜਦਾ ਹੈ ਤਾਂ ਉਹ ਇਕ ਜਾਨਵਰ ਤੋਂ ਵੱਖਰੀ ਹੋਂਦ ਗ੍ਰਹਿਣ ਕਰ ਲੈਂਦਾ ਹੈ। ਉੱਚੇ ਟੀਚੇ ਮਿਥਣ ਨਾਲ ਮਨੁੱਖ ਦੀ ਜ਼ਿੰਦਗੀ ਵਿੱਚ ਵੱਡਾ ਬਦਲਾਅ ਆ ਜਾਂਦਾ ਹੈ। ਉਹ ਬਿਲਕੁਲ ਵੱਖਰਾ ਮਨੁੱਖ ਬਣ ਜਾਂਦਾ ਹੈ। ਉਸ ਦੀ ਆਪਣੇ ਟੀਚੇ ਪ੍ਰਤੀ ਲਗਨ ਐਸੀ ਹੋ ਜਾਂਦੀ ਹੈ ਕਿ ਉਸ ਨੂੰ ਛੋਟੀਆਂ-ਮੋਟੀਆਂ ਗੱਲਾਂ ਲਈ ਸਮਾਂ ਹੀ ਨਹੀਂ ਮਿਲਦਾ। ਉਹ ਆਪਣੇ ਟੀਚੇ ਦੀ ਪ੍ਰਾਪਤੀ ਲਈ ਇਸ ਕਦਰ ਡਟਿਆ ਰਹਿੰਦਾ ਹੈ ਕਿ ਮੰਜ਼ਿਲ ਤੱਕ ਪਹੁੰਚਣ ਤੋਂ ਪਹਿਲਾਂ ਉਸਨੂੰ ਚੈਨ ਹੀ ਨਹੀਂ ਮਿਲਦਾ।

ਪੂਰੀ ਸ਼ਮੂਲੀਅਤ

ਇਲਾਇਅਸ ਹਾਉ (1819-1867) ਦਾ ਜਨਮ ਮੈਸਾਚੂਸੇਟਸ, ਅਮਰੀਕਾ ਵਿੱਚ ਹੋਇਆ। ਕੇਵਲ 48 ਸਾਲ ਦੀ ਉਮਰ ਵਿੱਚ ਉਸ ਦੀ ਮੌਤ ਹੋ ਗਈ। ਭਾਵੇਂ ਉਸ ਦੀ ਉਮਰ ਛੋਟੀ ਸੀ, ਪਰ ਕੱਪੜਿਆਂ ਦੀ ਦੁਨੀਆ (ਸਿਲਾਈ ਮਸ਼ੀਨ) ਵਿੱਚ ਉਸ ਦਾ ਯੋਗਦਾਨ ਹਮੇਸ਼ਾਂ ਯਾਦ ਕੀਤਾ ਜਾਵੇਗਾ।

ਇਲਾਇਅਸ ਹਾਉ ਦੀ ਬਣਾਈ ਸਿਲਾਈ ਮਸ਼ੀਨ ਸ਼ੁਰੂਆਤ ਵਿੱਚ ਕੱਪੜੇ ਸੀਣ ਲਈ ਨਹੀਂ, ਸਗੋਂ ਜੁੱਤੀਆਂ ਸੀਣ ਲਈ ਵਰਤੀ ਜਾਂਦੀ ਸੀ। ਸਭ ਤੋਂ ਵੱਡੀ ਪ੍ਰਗਤੀ ਇਹ ਸੀ ਕਿ ਇੱਕ ਸ਼ਟਲ ਹੇਠਲਾ ਧਾਗਾ ਲੈ ਕੇ ਜਾਂਦੀ ਸੀ ਅਤੇ ਇੱਕ ਸੂਈ ਉੱਪਰਲਾ ਧਾਗਾ ਲੈ ਕੇ, ਸੂਈ ਦੇ ਅੱਗਲੇ ਸਿਰੇ ’ਤੇ ਬਣੇ ਛੇਦ ਵਿਚੋਂ ਲੰਘਦੀ ਸੀ, ਜਿਸ ਨਾਲ “ਲਾਕ-ਸਟਿੱਚ” ਤਿਆਰ ਹੁੰਦੀ ਸੀ।

ਹਜ਼ਾਰਾਂ ਸਾਲਾਂ ਤੱਕ ਮਨੁੱਖ ਨੇ ਸੂਈ ਦਾ ਛੇਦ ਹਮੇਸ਼ਾਂ ਨੀਵੇਂ ਸਿਰ ’ਤੇ ਹੀ ਬਣਾਇਆ ਸੀ। ਇਸ ਲਈ ਆਮ ਰਿਵਾਜ਼ ਮੁਤਾਬਕ, ਇਲਾਇਅਸ ਹਾਉ ਨੇ ਵੀ ਆਪਣੀ ਮਸ਼ੀਨ ਦੀ ਸੂਈ ਦੇ ਅਧਾਰ ’ਤੇ ਛੇਦ ਕੀਤਾ। ਪਰ ਇਹੀ ਉਸ ਦੀ ਖੋਜ ਵਿੱਚ ਵੱਡੀ ਰੁਕਾਵਟ ਬਣ ਗਈ। ਅਖੀਰ, ਉਸ ਦੇ ਇਕ ਸੁਪਨੇ ਨੇ ਉਸ ਨੂੰ ਰਸਤਾ ਦਿਖਾਇਆ।

ਜਦੋਂ ਉਹ ਆਪਣੀ ਮਸ਼ੀਨ ਨੂੰ ਪੂਰਾ ਕਰਨ ਲਈ ਦਿਮਾਗ ਖਪਾ ਰਿਹਾ ਸੀ, ਉਸ ਨੇ ਸੁਪਨਾ ਵੇਖਿਆ ਕਿ ਉਸਨੂੰ ਕਿਸੇ ਆਦੀਵਾਸੀ ਕਬੀਲੇ ਵੱਲੋਂ ਕੈਦ ਕਰ ਲਿਆ ਗਿਆ ਹੈ ਤੇ 24 ਘੰਟਿਆਂ ਦੇ ਅੰਦਰ-ਅੰਦਰ ਸਹੀ ਢੰਗ ਨਾਲ ਕੰਮ ਕਰਦੀ ਸਿਲਾਈ ਮਸ਼ੀਨ ਬਣਾਉਣ ਦਾ ਹੁਕਮ ਦਿੱਤਾ ਗਿਆ ਹੈ, ਨਹੀਂ ਤਾਂ ਉਸ ਨੂੰ ਭਾਲਿਆਂ ਨਾਲ ਮਾਰ ਦਿੱਤਾ ਜਾਵੇਗਾ। ਉਸ ਨੇ ਬਹੁਤ ਕੋਸ਼ਿਸ਼ ਕੀਤੀ ਪਰ ਉਹ ਇਹ ਕੰਮ ਨਹੀਂ ਕਰ ਸਕਿਆ। 24 ਘੰਟੇ ਖ਼ਤਮ ਹੁੰਦੇ ਹੀ ਉਹਨਾਂ ਨੇ ਭਾਲੇ ਚੁੱਕ ਲਏ। ਭੈਅ ਵਿਚ ਵੀ ਉਸਨੇ ਧਿਆਨ ਕੇਂਦ੍ਰਿਤ ਕਰਨ ਦੀ ਕੋਸ਼ਿਸ਼ ਕੀਤੀ, ਉਸ ਨੇ ਵੇਖਿਆ ਕਿ ਹਰ ਭਾਲੇ ਦੇ ਸਿਰੇ ’ਤੇ ਇੱਕ ਛੇਦ ਬਣਿਆ ਹੋਇਆ ਹੈ। ਉਹ ਉਸ ਛੇਦ ਵੱਲ ਤੱਕਦਾ ਰਿਹਾ ਤੇ ਅਚਾਨਕ ਜਾਗ ਪਿਆ। ਹੱਲ ਉਸ ਦੇ ਸਾਹਮਣੇ ਸੀ— ਛੇਦ ਹੇਠਾਂ ਨਹੀਂ, ਸਗੋਂ ਸਿਰੇ ’ਤੇ ਹੋਣਾ ਚਾਹੀਦਾ ਹੈ। ਇਸ ਸੁਪਨੇ ਨੇ ਹੀ ਉਸ ਨੂੰ 1845 ਵਿੱਚ ਇੱਕ ਐਸੀ ਸਿਲਾਈ ਮਸ਼ੀਨ ਬਣਾਉਣ ਲਈ ਪ੍ਰੇਰਿਤ ਕੀਤਾ ਜੋ ਇੱਕ ਮਿੰਟ ਵਿੱਚ 250 ਟਾਂਕੇ ਲਾ ਸਕਦੀ ਸੀ।

ਸੁਪਨਾ ਕੀ ਹੈ? ਇਹ ਪੂਰੀ ਸ਼ਮੂਲੀਅਤ ਦਾ ਨਤੀਜਾ ਹੈ। ਜਿਹੜਾ ਕੁਝ ਅਸੀਂ ਦਿਨ ਵਿੱਚ ਸੋਚਦੇ ਹਾਂ, ਉਹੀ ਰਾਤ ਨੂੰ ਸੁਪਨੇ ਬਣ ਜਾਂਦੇ ਹਨ। ਹਾਉ ਆਪਣੀ ਮਸ਼ੀਨ ਇਸ ਲਈ ਬਣਾਉਣ ਵਿੱਚ ਸਫ਼ਲ ਹੋਇਆ ਕਿਉਂਕਿ ਉਹ ਉਸ ਕੰਮ ਵਿੱਚ ਇਸ ਹੱਦ ਤੱਕ ਡੁੱਬ ਗਿਆ ਸੀ ਕਿ ਉਹ ਸੁਪਨਿਆਂ ਵਿੱਚ ਵੀ ਉਸੇ ਨੂੰ ਵੇਖਣ ਲੱਗ ਪਿਆ। ਕੋਈ ਵੀ ਉਪਰਾਲਾ—ਚਾਹੇ ਨਵੀਂ ਖੋਜ ਕਰਨੀ ਹੋਵੇ ਜਾਂ ਮਨੁੱਖੀ ਜੀਵਨ ਵਿੱਚ ਕ੍ਰਾਂਤੀ ਲਿਆਉਣੀ ਹੋਵੇ—ਤਦ ਹੀ ਸਫ਼ਲ ਹੁੰਦਾ ਹੈ ਜਦੋਂ ਉਸ ਵਿੱਚ ਪੂਰੀ ਤਰ੍ਹਾਂ ਸ਼ਮੂਲੀਅਤ ਹੁੰਦੀ ਹੈ। ਜਦੋਂ ਮਨੁੱਖ ਆਪਣੇ ਟੀਚੇ ਨੂੰ ਚੇਤਨਾ ਦੇ ਪੱਧਰ ਤੱਕ ਵਸਾ ਲੈਂਦਾ ਹੈ ਤਾਂ ਉਹ ਸੁਪਨਿਆਂ ਵਿੱਚ ਵੀ ਪ੍ਰਗਟ ਹੁੰਦਾ ਹੈ।

ਜੀਵਨ ਵਿੱਚ ਉਦੇਸ਼ ਹੋਣਾ

1931 ਵਿੱਚ ਜਪਾਨ ਨੇ ਚੀਨ ਦੇ ਉੱਤਰ-ਪੂਰਬੀ ਖੇਤਰ ਮੰਚੂਰੀਆ ਨੂੰ ਜਿੱਤ ਲਿਆ ਅਤੇ ਉੱਥੇ ਆਪਣੀ ਪਸੰਦ ਦੀ ਸਰਕਾਰ ਕਾਇਮ ਕੀਤੀ। ਇਸ ਤੋਂ ਬਾਅਦ ਚੀਨ ਦੇ ਜਪਾਨ ਨਾਲ ਸਬੰਧ ਖ਼ਰਾਬ ਹੋ ਗਏ। 7 ਜੁਲਾਈ 1937 ਨੂੰ ਬੀਜਿੰਗ (ਪੇਕਿੰਗ) ਵਿੱਚ ਮਾਰਕੋ ਪੋਲੋ ਘਟਨਾ ਵਾਪਰੀ। ਇਸ ਘਟਨਾ ਨੇ

ਦੱਬੀਆਂ ਭਾਵਨਾਵਾਂ ਨੂੰ ਜਗਾਇਆ, ਜਿਸ ਕਾਰਨ ਦੋਨਾਂ ਦੇਸ਼ਾਂ ਵਿਚਕਾਰ ਜੰਗ ਹੋਈ। ਆਖ਼ਰਕਾਰ ਇਸ ਦਾ ਅੰਤ ਦੂਜੇ ਵਿਸ਼ਵ ਯੁੱਧ ਨਾਲ ਹੋਇਆ। ਉਸ ਸਮੇਂ ਤੋਂ ਜਪਾਨ ਅਤੇ ਚੀਨ ਵਿਚਕਾਰ ਵਿਰੋਧ ਬਣੇ ਰਹੇ। ਕੁਝ ਸਾਲਾਂ ਬਾਅਦ ਦੋਨਾਂ ਦੇਸ਼ਾਂ ਵਿਚਕਾਰ ਇੱਕ ਸਮਝੌਤਾ ਹੋਇਆ, ਜਿਸ ਮੁਤਾਬਕ ਜਪਾਨ ਨੇ ਚੀਨ ਵਿੱਚ ਇੱਕ ਸਟੀਲ ਮਿਲ ਕਾਇਮ ਕਰਨੀ ਸੀ। ਪਰ ਸਮਝੌਤੇ ਉੱਤੇ ਹਸਤਾਖਰ ਹੋਣ ਤੋਂ ਬਾਅਦ ਚੀਨ ਦੀ ਸਰਕਾਰ ਨੇ ਅਚਾਨਕ ਇਸਨੂੰ ਰੱਦ ਕਰ ਦਿੱਤਾ।

ਹਾਲਾਂਕਿ ਜਪਾਨ ਲਈ ਨਵੇਂ ਮੌਕੇ ਉਸ ਵੇਲੇ ਖੁੱਲ੍ਹੇ ਜਦੋਂ ਚੀਨ ਦੇ ਨਵੇਂ ਪ੍ਰਧਾਨ ਮੰਤਰੀ ਡੈਂਗ ਜ਼ਿਆਓਪਿੰਗ ਨੇ ਕਮਿਊਨਿਜ਼ਮ ਦੇ ਵੱਖਵਾਦੀ ਰੂਪ ਨੂੰ ਖ਼ਤਮ ਕਰਕੇ ਇੱਕ ਓਪਨ ਡੋਰ ਪਾਲਿਸੀ ਅਪਣਾਈ। ਇਸ ਨਾਲ ਜਪਾਨ ਨੂੰ ਚੀਨ ਨਾਲ ਨਵੇਂ ਸਬੰਧ ਬਣਾਉਣ ਦਾ ਮੌਕਾ ਮਿਲਿਆ ਅਤੇ ਜਪਾਨੀ ਮੁੜ ਵੱਡੀ ਗਿਣਤੀ ਵਿੱਚ ਚੀਨ ਜਾਣ ਲੱਗੇ। ਜੇ ਤੁਸੀਂ ਅੱਜੋਕੇ ਸਮੇਂ ਵਿਚ ਚੀਨ ਜਾਣਾ ਚਾਹੋ ਤਾਂ ਤੁਹਾਨੂੰ ਘੱਟੋ-ਘੱਟ ਤਿੰਨ ਮਹੀਨੇ ਪਹਿਲਾਂ ਆਪਣੀ ਹਵਾਈ ਟਿਕਟ ਬੁੱਕ ਕਰਨੀ ਪਵੇਗੀ, ਕਿਉਂਕਿ ਜਪਾਨ ਤੋਂ ਚੀਨ ਜਾਣ ਵਾਲੀ ਹਰ ਉਡਾਣ ਫੁੱਲ ਹੁੰਦੀ ਹੈ।

ਚੀਨ ਵਪਾਰ ਲਈ ਵੱਡੇ ਮੌਕੇ ਪ੍ਰਦਾਨ ਕਰਦਾ ਹੈ, ਜਿਨ੍ਹਾਂ ਦਾ ਜਪਾਨ ਸੰਭਵ ਤੌਰ ’ਤੇ ਵੱਧ ਤੋਂ ਵੱਧ ਲਾਭ ਲੈਣਾ ਚਾਹੁੰਦਾ ਹੈ। ਵਪਾਰਕ ਸੰਪਰਕ ਨੂੰ ਆਸਾਨ ਬਣਾਉਣ ਲਈ, ਜਪਾਨੀਆਂ ਨੇ ਪਿਛਲੀਆਂ ਸਾਰੀਆਂ ਦਰਦ ਭਰੀਆਂ ਯਾਦਾਂ ਨੂੰ ਤੁਰੰਤ ਮਨ ਤੋਂ ਕੱਢ ਦਿੱਤਾ। ਜਿਵੇਂ ਇੱਕ ਸੈਲਾਨੀ ਦਾ ਕਥਨ ਹੈ: ਜਪਾਨ ਨੇ ਫੈਸਲਾ ਕੀਤਾ ਕਿ ਉਹ ਸਾਰਾ ਅਪਮਾਨਜਨਕ ਵਿਵਹਾਰ ਇਕੱਲੇ ਹੀ ਸਹੇਗਾ। ਉਸੇ ਸੈਲਾਨੀ ਨੇ ਲਿਖਿਆ ਕਿ ਟੋਕਿਓ ਵਿੱਚ ਆਪਣੀ ਵਿਜ਼ਿਟ ਦੌਰਾਨ (ਜੂਨ 1987), ਰੇਡੀਓ ਬੀਜਿੰਗ ਨੇ ਐਲਾਨ ਕੀਤਾ ਕਿ ਚੀਨ ਇੱਕ ਅਜਾਇਬਘਰ ਬਣਾਵੇਗਾ ਜਿਸ ਵਿੱਚ ਤਸਵੀਰਾਂ ਦੇ ਮਾਧਿਅਮ ਰਾਹੀਂ ਉਹ ਅਨਿਆਇ ਅਤੇ ਜ਼ੁਲਮ ਦਰਸਾਇਆ ਜਾਵੇਗਾ ਜੋ ਜਪਾਨੀਆਂ ਨੇ ਚੀਨੀਆਂ ਉੱਤੇ ਕੀਤਾ ਸੀ। ਇਹ ਅਜਾਇਬਘਰ 1987 ਵਿੱਚ ਮਾਰਕੋ ਪੋਲੋ ਘਟਨਾ ਦੀ 50ਵੀਂ ਵਰ੍ਹੇਗੰਢ ਮਨਾਉਣ ਲਈ ਉਦਘਾਟਿਤ ਕੀਤਾ ਜਾਣਾ ਸੀ।

ਜਦੋਂ ਜਪਾਨੀਆਂ ਤੋਂ ਇਸ ਰਿਪੋਰਟ ’ਤੇ ਟਿੱਪਣੀ ਮੰਗੀ ਗਈ ਤਾਂ ਉਹ ਚੁੱਪ ਰਹੇ। ਜਦੋਂ ਉਨ੍ਹਾਂ ਨੂੰ ਬੋਲਣ ਲਈ ਉਕਸਾਇਆ ਗਿਆ ਤਾਂ ਉਹ ਕਹਿੰਦੇ: “ਤੁਸੀਂ ਜਾਣਦੇ ਹੋ ਸਾਡੇ ਚੀਨੀ ਦੋਸਤ ਅਕਸਰ ਸਾਡੀ ਨਬਜ਼ ਦੱਬਦੇ ਹਨ ਅਤੇ ਸਾਡੇ ਜ਼ਮੀਰ ਨੂੰ ਝੰਜੋੜਦੇ ਹਨ।” ਜਪਾਨ ਦਾ ਇੱਕ ਹੀ ਮੰਤਵ ਸੀ ਅਤੇ ਉਹ ਸੀ

ਆਪਣੇ ਵਪਾਰਕ ਹਿਤਾਂ ਨੂੰ ਅੱਗੇ ਵਧਾਉਣਾ। ਇਹ ਮੰਤਵ ਉਨ੍ਹਾਂ ਲਈ ਚਰਿੱਤਰ ਨਿਰਮਾਣ ਵਾਲਾ ਬਣ ਗਿਆ, ਕਿਉਂਕਿ ਇਸ ਨੇ ਉਨ੍ਹਾਂ ਨੂੰ ਸਹਿਨਸ਼ੀਲਤਾ ਸਿਖਾਈ, ਫਜ਼ੂਲ ਗੱਲਾਂ ਤੋਂ ਬਚਣ ਦੀ ਕਲਾ ਸਿਖਾਈ ਅਤੇ ਸਿਰਫ਼ ਜਦੋਂ ਲੋੜ ਹੋਵੇ ਤਦ ਹੀ ਬੋਲਣ ਦੀ ਆਦਤ ਪਾਈ। ਇੱਕ ਨਿਰਧਾਰਤ ਉਦੇਸ਼ ਹੋਣ ਕਾਰਣ ਉਨ੍ਹਾਂ ਨੇ ਪਿਛਲੀਆਂ ਸ਼ਿਕਾਇਤਾਂ, ਗਿਲਿਆਂ ਅਤੇ ਯੁੱਧ ਦੇ ਕਾਰਨਾਂ ਨੂੰ ਕਿਤੇ ਦੱਬ ਦਿੱਤਾ, ਤਾਂ ਜੋ ਉਨ੍ਹਾਂ ਦੇ ਉਦੇਸ਼ ਪ੍ਰਾਪਤੀ ਦੇ ਰਾਹ ਵਿੱਚ ਕੋਈ ਰੁਕਾਵਟ ਨਾ ਰਹੇ।

ਇਹ ਮਨੋਵਿਗਿਆਨ ਦਾ ਸਧਾਰਣ ਸਿਧਾਂਤ ਹੈ, ਚਾਹੇ ਉਦੇਸ਼ ਕਾਰੋਬਾਰ ਕਰਨਾ ਹੋਵੇ ਜਾਂ ਕੋਈ ਹੋਰ ਯੋਜਨਾ ਪੂਰੀ ਕਰਨੀ ਹੋਵੇ। ਜਦੋਂ ਕੋਈ ਸਮੂਹ ਇਸ ਰਾਹ ’ਤੇ ਚੱਲਣ ਦੀ ਸਮਰੱਥਾ ਗਵਾ ਬੈਠਦਾ ਹੈ, ਤਾਂ ਇਹ ਦਰਸਾਉਂਦਾ ਹੈ ਕਿ ਉਨ੍ਹਾਂ ਨੇ ਜੀਵਨ ਦਾ ਉਦੇਸ਼ ਹੀ ਗਵਾ ਦਿੱਤਾ ਹੈ। ਜਦੋਂ ਉਨ੍ਹਾਂ ਦੇ ਸਾਹਮਣੇ ਕੋਈ ਸਪਸ਼ਟ ਉਦੇਸ਼ ਨਹੀਂ ਹੁੰਦਾ, ਤਾਂ ਇਸ ਤਰ੍ਹਾਂ ਦੇ ਸਮੂਹ ਦੇ ਵਿਅਕਤੀਆਂ ਦੇ ਸੁਭਾਉ ਵਿੱਚ ਨਿਘਾਰ ਆ ਜਾਂਦਾ ਹੈ।

ਇਸ ਵੇਲੇ ਮੁਸਲਮਾਨਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਹੈ ਕਿ ਉਨ੍ਹਾਂ ਦਾ ਕੋਈ ਚਰਿੱਤਰ ਨਹੀਂ ਬਚਿਆ। ਤੁਸੀਂ ਵੇਖੋਗੇ ਕਿ ਹਰ ਖੇਤਰ ਵਿੱਚ ਲੋਕ ਆਪਣਾ ਚਰਿੱਤਰ ਗੁਆ ਬੈਠੇ ਹਨ। ਉਨ੍ਹਾਂ ਦੇ ਮੋਢਿਆਂ ’ਤੇ ਕੋਈ ਮਜ਼ਬੂਤ ਨੀਂਹ ਨਹੀਂ ਰੱਖੀ ਜਾ ਸਕਦੀ। ਜਿੱਥੇ ਵੀ ਉਨ੍ਹਾਂ ਦਾ ਉਪਯੋਗ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਕੱਚੀ ਇੱਟਾਂ ਦੀ ਕੰਧ ਵਾਂਗ ਅਸਥਿਰ ਸਾਬਤ ਹੁੰਦੇ ਹਨ।

ਇਸ ਕਮਜ਼ੋਰੀ ਦਾ ਮੁੱਖ ਕਾਰਨ ਇਹ ਹੈ ਕਿ ਅੱਜ ਸਾਡੇ ਲੋਕਾਂ ਨੇ ਜੀਵਨ ਦੇ ਉਦੇਸ਼ ਦੀ ਮਹੱਤਤਾ ਹੀ ਭੁਲਾ ਦਿੱਤੀ ਹੈ। ਕੌਮ ਵਜੋਂ ਉਹ ਉਦੇਸ਼ਹੀਨ ਹੋ ਗਏ ਹਨ। ਉਨ੍ਹਾਂ ਵਿੱਚ ਮੌਜੂਦਾ ਦੁਨੀਆਂ ਜਾਂ ਪਰਲੋਕ ਵਿੱਚ ਭਵਿੱਖ ਬਣਾਉਣ ਦੀ ਤਾਕਤ ਹੀ ਨਹੀਂ ਰਹੀ। ਇਹੀ ਉਨ੍ਹਾਂ ਦੀ ਅਸਲ ਕਮਜ਼ੋਰੀ ਹੈ। ਜੇਕਰ ਇਸ ਚੇਤਨਾ ਨੂੰ ਮੁੜ ਜਗਾਇਆ ਜਾ ਸਕੇ, ਤਾਂ ਉਹ ਫਿਰ ਜੀਉਂਦੇ ਜਾਗਦੇ ਲੋਕ ਬਣ ਜਾਣਗੇ— ਉਹੀ ਚੰਗੇ ਚਰਿੱਤਰ ਵਾਲੇ ਲੋਕ, ਜਿਵੇਂ ਕਿ ਉਹ ਪਹਿਲਾਂ ਸਨ। ਇਹ ਸਭ ਤੋਂ ਜ਼ਰੂਰੀ ਹੈ ਕਿ ਵਿਅਕਤੀਆਂ ਨੂੰ ਇਹ ਸਮਝਾਇਆ ਜਾਵੇ ਕਿ ਜੀਵਨ ਵਿੱਚ ਉਦੇਸ਼ ਦਾ ਹੋਣਾ ਕਿੰਨਾ ਮਹੱਤਵਪੂਰਨ ਹੈ ਕਿਉਂਕਿ ਉਦੇਸ਼ ਮਨੁੱਖ ਦੀ ਸਮਰੱਥਾ ਨੂੰ ਜਗਾਉਂਦਾ ਤੇ ਵਧਾਉਂਦਾ ਹੈ। ਇਹ ਉਸਨੂੰ ਮੁੜ ਇੱਕ ਅਸਲ ਇਨਸਾਨ ਬਣਾ ਦਿੰਦਾ ਹੈ।

ਇਨਸਾਨੀ ਸਰੀਰ ਦਾ ਸਾਰਾ ਖ਼ੂਨ

ਨੋਬਲ ਪੁਰਸਕਾਰ ਅਤੇ ਹੋਰ ਕਈ ਸਨਮਾਨ ਪ੍ਰਾਪਤ ਕਰਨ ਵਾਲੇ ਪ੍ਰੋਫੈਸਰ ਪੌਲ ਡਿਰੈਕ ਨੂੰ ਨਿਊਟਨ ਅਤੇ ਆਇਨਸਟਾਈਨ ਤੋਂ ਬਾਅਦ ਆਧੁਨਿਕ ਸਮਿਆਂ ਦਾ ਸਭ ਤੋਂ ਵੱਡਾ ਵਿਗਿਆਨੀ ਮੰਨਿਆ ਜਾਂਦਾ ਹੈ। ਅਕਤੂਬਰ 1984 ਵਿੱਚ ਉਹਦਾ ਅਮਰੀਕਾ ਦੇ ਫਲੋਰੀਡਾ ਵਿੱਚ 84 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਮੁੱਖ ਤੌਰ ’ਤੇ ਕੁਆਂਟਮ ਮਕੈਨਿਕਲ ਥਿਊਰੀ ਦੇ ਵਿਕਾਸ (ਜੋ ਕਿ ਐਟਮ ਦੇ ਸਭ ਤੋਂ ਛੋਟੇ ਹਿੱਸੇ ਦਾ ਭੌਤਿਕ ਵਿਗਿਆਨ ਹੈ) ਅਤੇ ਐਂਟੀ ਮੈਟਰ ਦੀ ਪ੍ਰਭਾਵਸ਼ਾਲੀ ਭਵਿੱਖਵਾਣੀ (ਜਿਸ ਤੋਂ ਪਹਿਲਾਂ ਇਹ ਪ੍ਰਯੋਗਸ਼ਾਲਾ ਵਿੱਚ ਖੋਜਿਆ ਨਹੀਂ ਗਿਆ ਸੀ) ਲਈ ਜਾਣਿਆ ਜਾਂਦਾ ਹੈ। ਉਸ ਦਾ “ਐਂਟੀ ਮੈਟਰ” ਅਤੇ “ਐਂਟੀ ਯੂਨੀਵਰਸ” ਆਧੁਨਿਕ ਬ੍ਰਹਿਮੰਡ ਦੀ ਖਾਸੀਅਤ, ਸਮੱਗਰੀ, ਉਸਦੀ ਉਤਪੱਤੀ ਅਤੇ ਵਿਕਾਸ ਨੂੰ ਸਮਝਾਉਣ ਵਾਲੀਆਂ ਪ੍ਰਮੁੱਖ ਭੌਤਿਕ ਧਾਰਨਾਵਾਂ ਬਣ ਗਈਆਂ। ਜੇ.ਜੀ. ਕ੍ਰੋਵਦਰ ਨੇ ਦ ਗਾਰਡੀਅਨ (4 ਨਵੰਬਰ, 1984) ਵਿਚ ਡਿਰੈਕ ਬਾਰੇ ਲਿਖੀ ਸ਼ਰਧਾਂਜਲੀ ਵਿਚ ਉਸਨੂੰ ਬਹੁਤ ਹੀ ਉਚਿਤ ਸਿਰਲੇਖ ਦਿੱਤਾ— “ਐਂਟੀ ਯੂਨੀਵਰਸ ਦਾ ਪੈਗੰਬਰ”।

ਡਿਰੈਕ ਦੀ ਪਹਿਲੀ ਐਂਟੀ-ਪਾਰਟਿਕਲ, ਜਿਸ ਨੂੰ ਪੋਜ਼ਿਟ੍ਰਾਨ ਕਿਹਾ ਗਿਆ; ਦੀ ਖੋਜ ਨੇ ਨਿਊਕਲੀਅਰ ਫਿਜ਼ਿਕਸ ਦੀ ਦੁਨੀਆ ਵਿੱਚ ਕ੍ਰਾਂਤੀ ਲਿਆ ਦਿੱਤੀ। ਵਿਦਿਆਰਥੀ ਹਮੇਸ਼ਾ ਇਹ ਜਾਣਨ ਦੇ ਇੱਛੁਕ ਹੁੰਦੇ ਸਨ ਕਿ ਡਿਰੈਕ ਨੇ ਇਹ ਦੁਨੀਆ ਹਿਲਾ ਦੇਣ ਵਾਲੀ ਖੋਜ ਕਿਵੇਂ ਕੀਤੀ? ਉਸਦਾ ਜਵਾਬ ਅਕਸਰ ਥੋੜ੍ਹਾ ਹੈਰਾਨ ਕਰਨ ਵਾਲਾ ਹੁੰਦਾ ਸੀ। ਕ੍ਰੋਵਦਰ ਲਿਖਦਾ ਹੈ, ਜਦੋਂ ਲੋਕ ਉਸ ਤੋਂ ਪੁੱਛਦੇ ਕਿ ਉਸ ਨੂੰ ਪਦਾਰਥ ਦੇ ਸਬ-ਐਟਾਮਿਕ ਸਰੂਪ ਬਾਰੇ ਇਹ ਚੌਕਾ ਦੇਣ ਵਾਲੇ ਵਿਚਾਰ ਕਿਵੇਂ ਆਏ? ਤਾਂ ਉਹ ਧੀਰਜ ਨਾਲ ਸਮਝਾਉਂਦਾ: “ਮੈਂ ਆਪਣੇ ਸਟਡੀ ਰੂਮ ਦੇ ਫਰਸ਼ ’ਤੇ ਲੇਟ ਜਾਂਦਾ ਸੀ, ਪੈਰ ਉੱਪਰ ਕਰ ਲੈਂਦਾ ਸੀ ਤਾਂ ਜੋ ਖ਼ੂਨ ਸਿਰ ਵੱਲ ਦੌੜੇ।” ਡਿਰੈਕ ਦਾ ਇਹ ਜਵਾਬ ਮਜ਼ਾਕ ਵਾਂਗ ਲੱਗ ਸਕਦਾ ਹੈ, ਪਰ ਦਰਅਸਲ ਉਹ ਸੱਚ ਕਹਿੰਦਾ ਸੀ। ਮਹਾਨ ਬੌਧਿਕ ਕਾਰਜ ਕੇਵਲ ਉਸੇ ਵੇਲੇ ਸੰਭਵ ਹਨ ਜਦੋਂ ਮਨੁੱਖ ਆਪਣੇ ਸਰੀਰ ਦਾ ਸਾਰਾ ਖ਼ੂਨ ਸਿਰ ਵੱਲ ਲੈ ਜਾਵੇ— ਅਰਥਾਤ, ਆਪਣੀ ਪੂਰੀ ਤਾਕਤ ਅਤੇ ਊਰਜਾ ਉਸ ਬੌਧਿਕ ਖੋਜ ਵਿੱਚ ਲਗਾ ਦੇਵੇ ਜੋ ਉਸ ਨੇ ਆਪਣੇ ਜ਼ਿੰਮੇ ਲਈ ਹੈ।

ਅਫਸੋਸ, ਬਹੁਤ ਘੱਟ ਲੋਕ ਹੀ ਅਜਿਹਾ ਕਰਦੇ ਹਨ। ਜ਼ਿਆਦਾਤਰ ਲੋਕ ਆਪਣੇ ਯਤਨਾਂ ਨੂੰ ਵੱਖ-ਵੱਖ ਕਾਰਜਾਂ ਵਿਚ ਵੰਡ ਲੈਂਦੇ ਹਨ। ਇੱਕ ਹੀ ਉਦੇਸ਼ ’ਤੇ ਕੇਂਦ੍ਰਿਤ ਨਾ ਹੋਣ ਕਾਰਨ, ਉਹਨਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਅਧੂਰੀਆਂ ਅਤੇ ਬੇਅਸਰ ਰਹਿ ਜਾਂਦੀਆਂ ਹਨ। ਹਰ ਸਾਰਥਕ ਕੰਮ ਮਨੁੱਖ ਤੋਂ ਉਸਦੀ ਸਾਰੀ ਤਾਕਤ ਦੀ ਮੰਗ ਕਰਦਾ ਹੈ। ਕਿਸੇ ਵੀ ਕੰਮ ਵਿੱਚ ਕਾਮਯਾਬ ਹੋਣ ਦਾ ਇੱਕੋ ਰਾਹ ਹੈ— ਉਸਨੂੰ ਆਪਣੀ ਪੂਰੀ ਸਮਰੱਥਾ ਦੇ ਨਾਲ ਕਰਨਾ।

ਦ੍ਰਿੜ੍ਹ ਨਿਸ਼ਚੇ ਨਾਲ ਪ੍ਰਾਪਤੀ

ਨਵੰਬਰ 1922 ਵਿੱਚ 34 ਸਾਲਾ ਸਪੇਨੀ ਪਾਦਰੀ ਫਾਦਰ ਹੈਨਰੀ ਹੈਰਾਸ (1889-1956) ਬੰਬਈ ਦੇ ਬੰਦਰਗਾਹ ’ਤੇ ਉਤਰੇ। ਭਾਰਤ ਨੇ ਉਹਨਾਂ ਨੂੰ ਇਸ ਕਦਰ ਮੋਹ ਲਿਆ ਕਿ ਉਹਨਾਂ ਨੂੰ ਮਹਿਸੂਸ ਹੋਇਆ ਕਿ ਇਹ ਈਸਾਈ ਮਿਸ਼ਨਰੀ ਕਾਰਜਾਂ ਲਈ ਉਪਜਾਊ ਧਰਤੀ ਸਾਬਤ ਹੋਵੇਗੀ। ਇਸੇ ਕਾਰਨ ਉਹਨਾਂ ਨੇ ਇੱਥੇ ਵੱਸਣ ਅਤੇ ਆਪਣੇ ਧਾਰਮਿਕ ਕਾਰਜਾਂ ਨੂੰ ਅੱਗੇ ਵਧਾਉਣ ਦਾ ਨਿਰਣਾ ਕੀਤਾ।

ਵਿਦੇਸ਼ੀ ਹੋਣ ਕਰਕੇ ਉਹਨਾਂ ਨੂੰ ਭਾਰਤ ਵਿਚ ਰਹਿਣ ਲਈ ਕੋਈ ਠੋਸ ਕਾਰਣ ਲੱਭਣਾ ਸੀ, ਜਿਸ ਉਪਰੰਤ ਉਹ ਆਪਣੇ ਧਾਰਮਿਕ ਕਾਰਜਾਂ ਦੀ ਸ਼ੁਰੂਆਤ ਕਰ ਸਕਦੇ। ਉਹਨਾਂ ਨੇ ਨਿਰਣਾ ਕੀਤਾ ਕਿ ਉਹ ਅਧਿਆਪਕ ਬਣਨਗੇ, ਆਪਣੀ ਪਛਾਣ ਬਨਾਉਣਗੇ ਅਤੇ ਫਿਰ ਕਾਲਜ ਕੈਂਪਸ ਦੇ ਅੰਦਰ ਅਤੇ ਬਾਹਰ ਪ੍ਰਚਾਰ ਕਰਨਗੇ। ਇਸੇ ਉਦੇਸ਼ ਨਾਲ ਉਹ ਬੰਬਈ ਦੇ ਸੇਂਟ ਜ਼ੇਵਿਅਰਜ਼ ਕਾਲਜ ਦੇ ਪ੍ਰਿੰਸੀਪਲ ਨੂੰ ਮਿਲੇ। ਫਾਦਰ ਹੈਰਾਸ ਦੇ ਸਰਟੀਫਿਕੇਟਾਂ ਦੀ ਜਾਂਚ ਕਰਨ ਤੋਂ ਬਾਅਦ ਅਤੇ ਇਹ ਵੇਖ ਕੇ ਕਿ ਨੌਜਵਾਨ ਪਾਦਰੀ ਆਪਣੇ ਦੇਸ਼ ਸਪੇਨ ਤੋਂ ਇਤਿਹਾਸ ਵਿੱਚ ਡਿਗਰੀ ਪ੍ਰਾਪਤ ਹੈ, ਪ੍ਰਿੰਸੀਪਲ ਨੇ ਉਹਨਾਂ ਤੋਂ ਪੁੱਛਿਆ ਕਿ ਉਹ ਇਤਿਹਾਸ ਦੀ ਕਿਹੜੀ ਸ਼ਾਖਾ ਪੜ੍ਹਾਉਣਾ ਚਾਹੁੰਦੇ ਹੈ। ਫਾਦਰ ਹੈਰਾਸ ਨੇ ਤੁਰੰਤ ਜਵਾਬ ਦਿੱਤਾ: “ਭਾਰਤੀ ਇਤਿਹਾਸ।” ਪ੍ਰਿੰਸੀਪਲ ਨੇ ਫਿਰ ਪੁੱਛਿਆ ਕਿ ਉਸਨੂੰ ਇਸ ਵਿਸ਼ੇ ਬਾਰੇ ਕੀ ਪਤਾ ਹੈ। ਉਹਨਾਂ ਦਾ ਸਿੱਧਾ ਜਵਾਬ ਸੀ: “ਕੁਝ ਵੀ ਨਹੀਂ।” ਇਹ ਸੁਣ ਕੇ ਪ੍ਰਿੰਸੀਪਲ ਹੈਰਾਨ ਹੋਇਆ ਕਿ ਉਹ ਇਸ ਵਿਸ਼ੇ ਨੂੰ ਕਿਵੇਂ ਪੜ੍ਹਾਵੇਗਾ। ਫਾਦਰ ਹੈਰਾਸ ਦਾ ਸਿੱਧਾ ਜਵਾਬ ਸੀ: “ਮੈਂ ਇਸਨੂੰ

ਪੜ੍ਹਾਂਗਾ।" ਸ਼ਾਇਦ ਉਹਨਾਂ ਦੀਆਂ ਗੱਲਾਂ ਜਾਂ ਉਹਨਾਂ ਦੇ ਚਿਹਰੇ 'ਤੇ ਕੋਈ ਐਸੀ ਗੰਭੀਰਤਾ ਅਤੇ ਨਿਸ਼ਚੇ ਦੀ ਛਾਪ ਸੀ, ਜਿਸ ਨੇ ਪ੍ਰਿੰਸੀਪਲ ਨੂੰ ਪ੍ਰਭਾਵਿਤ ਕੀਤਾ। ਪ੍ਰਿੰਸੀਪਲ ਨੇ ਉਹਨਾਂ ਨੂੰ ਇਹ ਮੁਸ਼ਕਲ ਜ਼ਿੰਮੇਵਾਰੀ ਦੇ ਦਿੱਤੀ।

ਫਾਦਰ ਹੈਰਾਸ ਨੇ ਇਸ ਚੁਣੌਤੀ ਨੂੰ ਐਸੀ ਲਗਨ ਨਾਲ ਸਵੀਕਾਰਿਆ ਕਿ ਉਹ ਨਾ ਕੇਵਲ ਭਾਰਤੀ ਇਤਿਹਾਸ ਦਾ ਯੋਗ ਅਧਿਆਪਕ ਬਣਿਆ, ਸਗੋਂ ਜਾਦੂਨਾਥ ਸਰਕਾਰ ਅਤੇ ਡਾ. ਸੁਰੇਂਦਰ ਨਾਥ ਸੇਨ ਵਰਗੇ ਮਹਾਨ ਇਤਿਹਾਸਕਾਰਾਂ ਦੀ ਕਤਾਰ ਵਿੱਚ ਵੀ ਸ਼ਾਮਲ ਹੋ ਗਿਆ। ਬੰਬਈ ਦਾ ਹੈਰਾਸ ਇੰਸਟੀਚਿਊਟ ਉਹਨਾਂ ਦੀ ਯਾਦ ਵਿਚ ਸੁਸ਼ੋਭਿਤ ਜੀਵੰਤ ਸਮਾਰਕ ਹੈ। ਜੇ ਫਾਦਰ ਹੈਰਾਸ ਵਿੱਚ ਮਿਸ਼ਨਰੀ ਜੋਸ਼ ਨਾ ਹੁੰਦਾ ਤਾਂ ਸ਼ਾਇਦ ਉਹ ਯੂਰਪੀ ਇਤਿਹਾਸ, ਜਿਸ ਨਾਲ ਉਹ ਪੂਰੀ ਤਰ੍ਹਾਂ ਜਾਣੂ ਸਨ, ਨੂੰ ਪੜ੍ਹਾਉਣ ਦੀ ਚੋਣ ਕਰਦੇ ਅਤੇ ਮਹੀਨੇ ਦੇ ਅੰਤ ਵਿੱਚ ਆਪਣੀ ਨਿਯਮਿਤ ਤਨਖਾਹ ਲੈ ਕੇ ਸੰਤੁਸ਼ਟ ਰਹਿੰਦੇ। ਪਰ ਉਹਨਾਂ ਦਾ ਅਸਲ ਟੀਚਾ ਭਾਰਤੀ ਨੌਜਵਾਨਾਂ ਨਾਲ ਨੇੜਤਾ ਵਧਾਉਣਾ ਸੀ। ਇਸ ਲਈ ਉਹਨਾਂ ਨੇ ਇਕ ਅਜਿਹੇ ਵਿਸ਼ੇ ਨੂੰ ਪੜਾਉਣ ਦੀ ਮੁਸ਼ਕਲ ਡਿਊਟੀ ਲਈ, ਜਿਸ ਬਾਰੇ ਉਹਨਾਂ ਨੂੰ ਕੁਝ ਵੀ ਨਹੀਂ ਪਤਾ ਸੀ।

ਜਦੋਂ ਕਿਸੇ ਦੇ ਜੀਵਨ ਵਿੱਚ ਟੀਚਾ ਕਲੀਅਰ ਹੁੰਦਾ ਹੈ ਤਾਂ ਉਹ ਬਾਕੀ ਸਾਰੀਆਂ ਗੱਲਾਂ ਨੂੰ ਪਿੱਛੇ ਛੱਡ ਕੇ ਸਿਰਫ਼ ਉਸਨੂੰ ਹਾਸਲ ਕਰਨ 'ਤੇ ਧਿਆਨ ਕੇਂਦਰਿਤ ਕਰ ਲੈਂਦਾ ਹੈ। ਅਸਥਾਈ ਲਾਭ, ਸੌਖੀ ਜ਼ਿੰਦਗੀ ਜਾਂ ਛੋਟੇ ਮੁਨਾਫ਼ੇ ਉਸਨੂੰ ਨਹੀਂ ਭਾਉਂਦੇ। ਜਿਹੜੇ ਘਾਟੇ ਅਤੇ ਮੁਸ਼ਕਲਾਂ ਉਸਨੂੰ ਆਪਣੇ ਉਦੇਸ਼ ਦੇ ਨੇੜੇ ਲੈ ਜਾਂਦੇ ਹਨ, ਉਹਨਾਂ ਨੂੰ ਵੀ ਉਹ ਖਿੜੇ-ਮੱਥੇ ਸਹਾਰਦਾ ਹੈ।

ਕ੍ਰੇਮੋਨਾ ਦਾ ਜੈਰਾਰਡ

ਸੰਨ 1114 ਵਿੱਚ ਕ੍ਰੇਮੋਨਾ (Cremona), ਲੋਂਬਾਰਡੀ ਵਿੱਚ ਜਨਮ ਲੈਣ ਵਾਲਾ ਜੈਰਾਰਡ (Gerard) ਇੱਕ ਮੱਧਕਾਲੀਨ ਵਿਦਵਾਨ ਸੀ, ਜਿਸ ਨੇ ਕਈ ਪ੍ਰਮੁੱਖ ਯੂਨਾਨੀ ਅਤੇ ਅਰਬੀ ਲੇਖਕਾਂ ਦੀ ਰਚਨਾਵਾਂ ਦਾ ਲਾਤੀਨੀ ਭਾਸ਼ਾ ਵਿੱਚ ਅਨੁਵਾਦ ਕੀਤਾ। ਉਹਨਾਂ ਭਾਸ਼ਾਵਾਂ ਵਿੱਚ ਵਿਗਿਆਨਕ ਅਤੇ ਦਾਰਸ਼ਨਿਕ ਸਾਹਿਤ ਦਾ ਵੱਡਾ ਖਜ਼ਾਨਾ ਮੌਜੂਦ ਸੀ, ਜਿਸ ਨੂੰ ਦੁਨੀਆ ਲਈ ਉਪਲਬਧ ਕਰਵਾਉਣਾ ਬਹੁਤ ਜ਼ਰੂਰੀ ਸੀ। ਇਸ ਤਰੀਕੇ ਨਾਲ ਉਸ ਨੇ ਆਪਣੇ ਦੇਸ਼ਵਾਸੀਆਂ ਲਈ ਉਹੀ

ਸੇਵਾ ਕੀਤੀ ਜੋ ਹੁਨੈਨ ਇਬਨ ਇਸਹਾਕ (Huanin Ibn Ishaq) ਨੇ ਪੂਰਬੀ ਅਰਬ ਲਈ ਕੀਤੀ ਸੀ।

ਉਹ ਖ਼ਾਸ ਤੌਰ ’ਤੇ ਸਪੇਨ ਦੇ ਸ਼ਹਿਰ ‘ਟੋਲੇਡੋ’ ਗਿਆ ਤਾਂ ਜੋ ਅਰਬੀ ਸਿੱਖ ਸਕੇ ਅਤੇ ਦੂਜੀ ਸਦੀ ਦੇ ਯੂਨਾਨੀ ਖਗੋਲ ਵਿਦਵਾਨ, ਭੂਗੋਲਵੇਤਾ ਅਤੇ ਗਣਿਤਸ਼ਾਸਤਰੀ ਪਟੋਲੇਮੀ (Ptolemy) ਦੀ ਰਚਨਾ ਅਲਮਾਜੈਸਟ (Almagest) ਪੜ੍ਹ ਸਕੇ। ਅਲਮਾਜੈਸਟ ਪ੍ਰਾਚੀਨ ਵਿਦਵਾਨਾਂ ਦੇ ਖਗੋਲ ਸ਼ਾਸਤਰੀ ਗਿਆਨ ਦਾ ਇੱਕ ਵਿਸ਼ਾਲ ਸੰਗ੍ਰਹਿ ਸੀ, ਜੋ ਮੱਧ ਯੁੱਗ ਅਤੇ ਪੁਨਰਜਾਗਰਣ ਤੱਕ ਪ੍ਰਮਾਣਿਕ ਮੰਨਿਆ ਜਾਂਦਾ ਰਿਹਾ। ਇਸ ਤਰ੍ਹਾਂ, ਇਹ ਜੈਰਾਰਡ ਦੇ ਸਭ ਤੋਂ ਮਹੱਤਵਪੂਰਨ ਅਨੁਵਾਦਾਂ ਵਿੱਚੋਂ ਇੱਕ ਸੀ। ਇਸ ਕਾਰਜ ਵਿੱਚ ਉਸ ਦੀ ਸਹਾਇਤਾ ਦੋ ਹੋਰ ਵਿਦਵਾਨਾਂ ਨੇ ਕੀਤੀ— ਇੱਕ ਇਸਾਈ ਅਤੇ ਦੂਜਾ ਯਹੂਦੀ। ਇਸ ਦੇ ਨਾਲ-ਨਾਲ ਹੋਰ ਕਈ ਪੁਸਤਕਾਂ ਰਾਹੀਂ ਯੂਨਾਨੀ ਅਤੇ ਅਰਬੀ ਵਿਗਿਆਨ ਦੇ ਦਰਵਾਜ਼ੇ ਪਹਿਲੀ ਵਾਰ ਪੱਛਮ ਵਾਸਤੇ ਖੁੱਲ੍ਹ ਗਏ।

ਚਿਕਿਤਸਾ ਦੇ ਖੇਤਰ ਵਿੱਚ ਉਸ ਨੇ ਬੁਕਰਾਤ ਅਤੇ ਗੈਲਨ ਦੀਆਂ ਪੁਸਤਕਾਂ, ਹੁਨੈਨ ਅਤੇ ਅਲ-ਕਿੰਦੀ ਦੀਆਂ ਲਗਭਗ ਸਾਰੀਆਂ ਰਚਨਾਵਾਂ, ਅਬੂਲ ਕਾਸਿਮ ਜ਼ਹਰਾਵੀ ਦੀ ਸਰਜਰੀ ’ਤੇ ਲਿਖੀ ਕਿਤਾਬ ਅਤੇ ਕਈ ਹੋਰ ਭੌਤਿਕ ਵਿਗਿਆਨ ਦੀਆਂ ਪੁਸਤਕਾਂ ਦਾ ਅਨੁਵਾਦ ਕੀਤਾ, ਜਿਸ ਵਿੱਚ ਅਰਸਤੂ (Aristotle) ਨਾਲ ਜੋੜਿਆ ਜਾਣ ਵਾਲਾ ਫ਼ੌਸਿਲ ਬਾਰੇ ਪਰਚਾ ਵੀ ਸ਼ਾਮਲ ਹੈ। ਇਨ੍ਹਾਂ ਤੋਂ ਇਲਾਵਾ ਉਸ ਨੇ ਇਬਨ ਸੀਨਾ ਦੀ ਕਾਨੂੰਨ ’ਤੇ ਲਿਖੀ ਵਿਸ਼ਾਲ ਰਚਨਾ ਅਤੇ ਅਲ-ਕਿੰਦੀ, ਅਲ-ਫ਼ਰਾਬੀ, ਇਸਹਾਕ, ਸਾਬਿਤ ਆਦਿ ਦੀਆਂ ਕਈ ਹੋਰ ਪੁਸਤਕਾਂ ਨੂੰ ਲਾਤੀਨੀ ਵਿੱਚ ਰੂਪਾਂਤਰਿਤ ਕੀਤਾ।

1187 ਵਿੱਚ ਟੋਲੇਡੋ ਵਿਖੇ ਜੈਰਾਰਡ ਬਿਮਾਰ ਹੋ ਗਿਆ ਅਤੇ ਉਸ ਨੂੰ ਮਹਿਸੂਸ ਹੋਇਆ ਕਿ ਉਸ ਦਾ ਅੰਤ ਨੇੜੇ ਹੈ। ਉਸ ਨੇ ਸੋਚਿਆ, “ਇਹ ਅਰਬੀ ਪੁਸਤਕਾਂ ਬਹੁਤ ਕੀਮਤੀ ਹਨ। ਜਦੋਂ ਮੈਂ ਨਹੀਂ ਰਹਾਂਗਾ ਤਾਂ ਇਨ੍ਹਾਂ ਦਾ ਪੱਛਮੀ ਭਾਸ਼ਾਵਾਂ ਵਿੱਚ ਅਨੁਵਾਦ ਕੌਣ ਕਰੇਗਾ?” ਇਹ ਵਿਚਾਰ ਉਸ ਨੂੰ ਅੰਦਰੋਂ ਝੰਝੋੜ ਗਏ ਅਤੇ ਉਸ ਵਿੱਚ ਨਵੀਂ ਹਿੰਮਤ ਤੇ ਜ਼ੋਸ਼ ਪੈਦਾ ਹੋਇਆ। ਬੇਹੱਦ ਮਾੜੀ ਹਾਲਤ ਦੇ ਬਾਵਜੂਦ ਉਸ ਨੇ ਅਮੁੱਲ ਸੰਗ੍ਰਹਿ ਦੀਆਂ ਬਾਕੀ ਪੁਸਤਕਾਂ ਦਾ ਅਨੁਵਾਦ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ। ਕਿਹਾ ਜਾਂਦਾ ਹੈ ਕਿ ਮੌਤ

ਤੋਂ ਪਹਿਲਾਂ ਸਿਰਫ਼ ਇੱਕ ਮਹੀਨੇ ਵਿੱਚ ਉਸ ਨੇ 80 ਪੁਸਤਕਾਂ ਦਾ ਅਨੁਵਾਦ ਪੂਰਾ ਕੀਤਾ।

ਜਦੋਂ ਮਨੁੱਖ ਕਿਸੇ ਕਾਰਜ ਨੂੰ ਕਰਨ ਲਈ ਸੱਚਮੁੱਚ ਪ੍ਰੇਰਿਤ ਹੁੰਦਾ ਹੈ, ਤਾਂ ਉਹ ਕਿਸੇ ਵੀ ਕੀਮਤ ’ਤੇ ਉਸ ਨੂੰ ਮੁਕੰਮਲ ਕਰਦਾ ਹੈ, ਫਿਰ ਚਾਹੇ ਉਸਦੇ ਹਲਾਤ ਕਿੰਨੇ ਵੀ ਮਾੜੇ ਹੋਣ ਜਾਂ ਉਹ ਮੌਤ ਕੰਡੇ ਹੀ ਕਿਉਂ ਨਾ ਹੋਵੇ। ਅਸਲ ਚੀਜ਼ ਹੈ ਮਨੁੱਖ ਦੀ ਇੱਛਾ ਅਤੇ ਕੰਮ ਕਰਨ ਦੀ ਪ੍ਰੇਰਣਾ। ਸਿਹਤ ਅਤੇ ਬਲ ਦੂਜੇ ਦਰਜੇ ’ਤੇ ਆਉਂਦੇ ਹਨ।

ਇੱਕ ਪਲ ਦੀ ਵੀ ਵਿਹਲ ਨਹੀਂ

ਅਲੇਕਜ਼ੈਂਡਰ ਇਸਾਏਵਿਚ ਸੋਲਜ਼ੇਨਿਤਸਿਨ (ਮੌਤ 2008), ਰੂਸੀ ਨਾਵਲਕਾਰ, ਜੋ ਆਪਣੇ ਲੋਕਾਂ ਦੀਆਂ ਦੁੱਖ-ਤਕਲੀਫਾਂ ਤੋਂ ਗਹਿਰੀ ਤਰ੍ਹਾਂ ਪ੍ਰਭਾਵਿਤ ਸੀ, ਨੇ ਆਪਣੀਆਂ ਕਹਾਣੀਆਂ ਵਿੱਚ ਉਹਨਾਂ ਦੀ ਦੁੱਖਾਂ ਭਰੀ ਜ਼ਿੰਦਗੀ ਨੂੰ ਖੁਲ੍ਹ ਕੇ ਬਿਆਨ ਕੀਤਾ। ਇਸ ਕਾਰਨ ਉਹ ਲਾਜ਼ਮੀ ਤੌਰ ’ਤੇ ਸੋਵੀਅਤ ਸਰਕਾਰ ਦੇ ਗੁੱਸੇ ਦਾ ਸ਼ਿਕਾਰ ਹੋਇਆ ਅਤੇ 1976 ਵਿੱਚ ਉਸਨੇ ਮਜ਼ਬੂਰ ਹੋ ਕੇ ਅਮਰੀਕਾ ਦੇ ਵਰਮਾਂਟ ਸ਼ਹਿਰ ਵਿੱਚ ਸ਼ਰਨ ਲਈ, ਜਿੱਥੇ ਉਹ ਚੁੱਪਚਾਪ ਕਿਤਾਬਾਂ ਲਿਖਣ ਦਾ ਕਾਰਜ ਕਰਦਾ ਰਿਹਾ।

ਮਈ 1982 ਵਿੱਚ ਉਸਨੂੰ ਅਮਰੀਕੀ ਸਰਕਾਰ ਵੱਲੋਂ ਇੱਕ ਸਰਕਾਰੀ ਸਮਾਰੋਹ ਵਿੱਚ ਸ਼ਿਰਕਤ ਕਰਨ ਦਾ ਨਿਮੰਤਰਣ ਮਿਲਿਆ ਜੋ ਉਸਦੇ ਹੀ ਸਨਮਾਨ ਵਿੱਚ ਵਾਸ਼ਿੰਗਟਨ ਦੇ ਵਾਈਟ ਹਾਊਸ ਵਿੱਚ ਹੋਣਾ ਸੀ। ਹੋਰ ਅਧਿਕਾਰੀਆਂ ਦੇ ਨਾਲ ਨਾਲ, ਅਮਰੀਕਾ ਦੇ ਰਾਸ਼ਟਰਪਤੀ ਖੁਦ ਵੀ ਇਸ ਮੌਕੇ ’ਤੇ ਹਾਜ਼ਰ ਹੋਣ ਵਾਲੇ ਸਨ। ਇਸ ਪ੍ਰੋਗਰਾਮ ਵਿੱਚ ਸੋਲਜ਼ੇਨਿਤਸਿਨ ਅਤੇ ਅਮਰੀਕੀ ਰਾਸ਼ਟਰਪਤੀ ਮਿਸਟਰ ਰੇਗਨ ਦੀ 15 ਮਿੰਟ ਦੀ ਵਿਸ਼ੇਸ਼ ਮੁਲਾਕਾਤ ਵੀ ਸ਼ਾਮਲ ਸੀ। ਪਰ, ਸੋਲਜ਼ੇਨਿਤਸਿਨ ਨੇ 3 ਮਈ 1982 ਨੂੰ ਰਾਸ਼ਟਰਪਤੀ ਨੂੰ ਜਵਾਬ ਦਿੰਦਿਆਂ ਖੇਦ ਪ੍ਰਗਟਾਇਆ ਕਿ ਉਹ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਨਹੀਂ ਕਰ ਸਕੇਗਾ। ਉਸਨੇ ਲਿਖਿਆ: “ਮੇਰੇ ਜੀਵਨ ਦੀ ਮਿਆਦ ਮੈਨੂੰ ਰਸਮੀ ਮੁਲਾਕਾਤਾਂ ਲਈ ਸਮਾਂ ਨਹੀਂ ਦਿੰਦੀ।”

ਉਸਦਾ ਸਪਸ਼ਟ ਅਤੇ ਠੋਸ ਉਦੇਸ਼— ਆਪਣੇ ਦੇਸ਼ਵਾਸੀਆਂ ਦੀਆਂ ਦਿਲ ਨੂੰ ਛੂਹਣ ਵਾਲੀਆਂ ਕਹਾਣੀਆਂ ਨੂੰ ਨਾਵਲ ਵਿੱਚ ਦਰਸਾਉਣਾ—ਉਸਦੇ ਮਨ ਉੱਤੇ ਇਸ ਕਦਰ ਹਾਵੀ ਸੀ ਕਿ ਉਸਨੂੰ ਲੱਗਿਆ ਉਸਦੇ ਕੋਲ ਇੱਕ ਪਲ ਦੀ ਵੀ ਵਿਹਲ ਨਹੀਂ। ਇਸ ਲਈ ਉਹ ਉਹਨਾਂ ਸਮਾਰੋਹਾਂ ਦੇ ਸੱਦੇ ਅਸਵੀਕਾਰ ਕਰਨ ਲਈ ਮਜ਼ਬੂਰ ਸੀ ਜਿਹੜੇ ਉਸਦਾ ਕੀਮਤੀ ਸਮਾਂ ਲੈ ਸਕਦੇ ਸਨ, ਭਾਵੇਂ ਫਿਰ ਸੱਦਾ ਖੁਦ ਅਮਰੀਕੀ ਰਾਸ਼ਟਰਪਤੀ ਵੱਲੋਂ ਹੀ ਕਿਉਂ ਨਾ ਆਇਆ ਹੋਵੇ।

ਜਦੋਂ ਕਿਸੇ ਮਨੁੱਖ ਦੇ ਸਾਹਮਣੇ ਕੋਈ ਨਿਸ਼ਚਿਤ ਤੇ ਸਾਰਥਕ ਉਦੇਸ਼ ਹੋਵੇ ਤਾਂ ਉਹ ਆਪਣੇ ਸਮੇਂ ਦੀ ਬੇਹੱਦ ਕਦਰ ਕਰਦਾ ਹੈ। ਪਰ ਜਦੋਂ ਉਸਦੇ ਕੋਲ ਉਦੇਸ਼ ਨਾ ਹੋਵੇ ਤਾਂ ਸਮਾਂ ਉਸਦੇ ਲਈ ਬੋਝ ਬਣ ਜਾਂਦਾ ਹੈ। ਫਿਰ ਉਹ ਰਸਮੀ ਸਮਾਗਮਾਂ ਅਤੇ ਵਿਅਰਥ ਰੁਚੀਆਂ ਵਿੱਚ ਹੀ ਸੁੱਖ ਲੱਭਦਾ ਹੈ। ਉਹ ਆਪਣੀ ਜ਼ਿੰਦਗੀ ਦੇ ਅਸਲ ਮਨੋਰਥ ਦੀ ਭਾਲ ਨਹੀਂ ਕਰਦਾ, ਬਲਕਿ ਦੂਜਿਆਂ ਉੱਤੇ ਨਿਰਭਰ ਰਹਿੰਦਾ ਹੈ ਕਿ ਉਹ ਉਸਨੂੰ ਵਿਅਸਤ ਕਰਨ। ਇਸ ਤਰੀਕੇ ਨਾਲ ਉਹ ਬਿਨਾ ਹੈਂਡਲ ਵਾਲੀ ਜੀਵਨ ਦੀ ਕਸ਼ਤੀ ਵਾਂਗ ਬਹਿੰਦਾ ਰਹਿੰਦਾ ਹੈ ਅਤੇ ਆਪਣੀ ਵਿਅਰਥ ਜ਼ਿੰਦਗੀ ਦੇ ਅੰਤ ’ਤੇ ਪਹੁੰਚਦਾ ਹੈ। ਉਪਰੀ ਤੌਰ ’ਤੇ ਤਾਂ ਉਹ ਭਰਪੂਰ ਅਤੇ ਰੁੱਝਿਆ ਜੀਵਨ ਜੀਓ ਲੈਂਦਾ ਹੈ, ਪਰ ਜਦੋਂ ਡੂੰਘਾਈ ਨਾਲ ਦੇਖਦਾ ਹੈ ਤਾਂ ਉਸਨੂੰ ਸਮਝ ਆਉਂਦੀ ਹੈ ਉਸਨੇ ਬਹੁਤ ਦੇਰ ਕਰ ਦਿੱਤੀ ਹੈ, ਉਸਦੀਆਂ ਪ੍ਰਾਪਤੀਆਂ ਕੁਝ ਵੀ ਨਹੀਂ ਹਨ ਅਤੇ ਉਸਨੇ ਆਪਣਾ ਕੀਮਤੀ ਜੀਵਨ ਖਾਲੀ, ਨਿਰਾਰਥਕ ਕੰਮਾਂ ਵਿੱਚ ਬਰਬਾਦ ਕਰ ਦਿੱਤਾ ਹੈ।

ਹਾਲੇ ਕੁਝ ਕੰਮ ਬਾਕੀ ਹੈ

ਬ੍ਰਿਟਿਸ਼ਾਂ ਦੇ ਸਰਵਉੱਚ ਅਧਿਕਾਰੀਆਂ ਵਿੱਚੋਂ ਇੱਕ ਲਾਰਡ ਰਾਬਰਟ ਕਲਾਈਵ (1725–1774), ਜਿਸਨੇ 18ਵੀਂ ਸਦੀ ਦੌਰਾਨ ਭਾਰਤ ਨੂੰ ਬ੍ਰਿਟਿਸ਼ ਕਾਲੋਨੀ ਵਿਚ ਤਬਦੀਲ ਕਰਨ ਦੀ ਬੇਅੰਤ ਕੋਸ਼ਿਸ਼ਾਂ ਕੀਤੀਆਂ, 1743 ਵਿੱਚ ਸਿਰਫ਼ ਅਠਾਰਾਂ ਸਾਲ ਦੀ ਉਮਰ ਵਿੱਚ ਮਦਰਾਸ ਆਇਆ ਅਤੇ ਈਸਟ ਇੰਡੀਆ ਕੰਪਨੀ ਵਿੱਚ ਕਲਰਕ ਵਜੋਂ ਨੌਕਰੀ ਸ਼ੁਰੂ ਕੀਤੀ। ਉਸ ਦੀ ਤਨਖ਼ਾਹ ਸਾਲਾਨਾ ਕੇਵਲ ਪੰਜ ਪਾਊਂਡ ਸੀ। ਇਹ ਰਕਮ ਉਸਦੇ ਖ਼ਰਚੇ ਪੂਰੇ ਕਰਨ ਲਈ ਨਾਕਾਫੀ ਸੀ। ਉਹ ਕਰਜ਼ਿਆਂ ਵਿਚ ਡੁੱਬ ਗਿਆ ਅਤੇ ਨਿਰਾਸ਼ਾ ਤੇ ਡਿਪ੍ਰੈਸ਼ਨ ਕਾਰਨ ਆਪਣੇ ਸਹਿਕਰਮੀਆਂ ਅਤੇ ਅਧਿਕਾਰੀਆਂ ਨਾਲ ਝਗੜਾ ਕਰਨ ਲੱਗ ਪਿਆ।

ਫਿਰ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਉਸਦੀ ਜ਼ਿੰਦਗੀ ਹੀ ਬਦਲ ਦਿੱਤੀ। ਇਕ ਦਿਨ ਆਪਣੇ ਅਸਫਲ ਜੀਵਨ ਨੂੰ ਖਤਮ ਕਰਨ ਲਈ ਉਸ ਨੇ ਬੰਦੂਕ ਸਿਰ 'ਤੇ ਰੱਖ ਕੇ ਟ੍ਰਿਗਰ ਦਬਾ ਦਿੱਤਾ। ਪਰ ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਬੰਦੂਕ ਚੱਲੀ ਹੀ ਨਹੀਂ। ਜਦੋਂ ਉਸ ਨੇ ਬੰਦੂਕ ਖੋਲ ਕੇ ਦੇਖੀ ਤਾਂ ਉਹ ਗੋਲੀਆਂ ਨਾਲ ਭਰੀ ਹੋਈ ਸੀ। ਹਾਲਾਂਕਿ ਉਸਨੇ ਖੁਦਕੁਸ਼ੀ ਕਰਨ ਲਈ ਮਨ ਪੱਕਾ ਕੀਤਾ ਹੋਇਆ ਸੀ, ਪਰ ਫਿਰ ਵੀ ਉਹ ਜਿੰਦਾ ਬਚ ਗਿਆ।

ਇਹ ਬਹੁਤ ਹੀ ਅਜੀਬ ਘਟਨਾ ਸੀ। ਇਸ ਘਟਨਾ ਉਪਰੰਤ ਰਾਬਰਟ ਕਲਾਈਵ ਅੱਖਾਂ ਵਿਚ ਅੱਥਰੂ ਭਰ ਕੇ ਖੁਦ ਨੂੰ ਆਖਣ ਲੱਗਾ: "ਨਿਸ਼ਚਿਤ ਤੌਰ 'ਤੇ ਸਰਬਸ਼ਕਤੀਮਾਨ ਨੇ ਤੈਨੂੰ ਕਿਸੇ ਮਹੱਤਵਪੂਰਨ ਕਾਰਜ ਲਈ ਬਚਾਇਆ ਹੈ!" ਹੁਣ ਉਸ ਨੇ ਕਲਰਕ ਦੀ ਨੌਕਰੀ ਛੱਡ ਦਿੱਤੀ ਅਤੇ ਬ੍ਰਿਟਿਸ਼ ਫ਼ੌਜ ਵਿੱਚ ਭਰਤੀ ਹੋ ਗਿਆ। ਉਸ ਵੇਲੇ ਬ੍ਰਿਟਿਸ਼ ਅਤੇ ਫ੍ਰੈਂਚ ਦੋਵੇਂ ਹੀ ਭਾਰਤ ਵਿੱਚ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਅਖ਼ੀਰਕਾਰ ਦੋਹਾਂ ਵਿਚਕਾਰ ਯੁੱਧ ਹੋਇਆ। ਇਸ ਜੰਗ ਵਿੱਚ ਰਾਬਰਟ ਕਲਾਈਵ ਨੇ ਅਸਾਧਾਰਣ ਯੋਗਤਾ ਅਤੇ ਬਹਾਦਰੀ ਦਾ ਪ੍ਰਮਾਣ ਦੇ ਕੇ ਆਪਣੇ ਆਪ ਨੂੰ ਸਾਬਤ ਕਰ ਦਿੱਤਾ। ਪਰਿਣਾਮਸਰੂਪ ਉਸ ਨੇ ਬਹੁਤ ਵੱਡੇ ਅਹੁਦੇ ਹਾਸਲ ਕੀਤੇ ਅਤੇ ਬ੍ਰਿਟਿਸ਼ ਫੌਜ ਦਾ ਕਮਾਂਡਰ-ਇਨ-ਚੀਫ਼ ਨਿਯੁਕਤ ਹੋਇਆ। ਕਲਾਈਵ, ਜੋ ਨਿਰਾਸ਼ਾ ਵਿੱਚ ਆਤਮਹੱਤਿਆ ਕਰਨਾ ਚਾਹੁੰਦਾ ਸੀ, ਅਖ਼ੀਰਕਾਰ ਭਾਰਤ ਦਾ ਪਹਿਲਾ ਬ੍ਰਿਟਿਸ਼ ਜੇਤੂ ਬਣ ਗਿਆ।

ਸਾਡੇ ਸਭ ਨਾਲ ਵੀ ਕਦੇ ਨਾ ਕਦੇ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ ਜਦੋਂ ਅਸੀਂ ਕਿਸੇ ਬਹੁਤ ਹੀ ਖ਼ਤਰਨਾਕ ਹਾਲਾਤ ਵਿਚੋਂ ਸੁਰੱਖਿਅਤ ਬਚ ਜਾਂਦੇ ਹਾਂ, ਜਿਵੇਂ ਕੋਈ ਚਮਤਕਾਰ ਹੋ ਗਿਆ ਹੋਵੇ। ਪਰ ਬਹੁਤ ਥੋੜੇ ਲੋਕ ਹੀ ਇਸ ਤੋਂ ਸਬਕ ਲੈਂਦੇ ਹਨ, ਜਿਵੇਂ ਕਿ ਰਾਬਰਟ ਕਲਾਈਵ ਨੇ ਲਿਆ ਸੀ। ਬਹੁਤ ਘੱਟ ਲੋਕ ਹੀ ਇਹ ਸਮਝ ਪਾਉਂਦੇ ਹਨ ਕਿ: "ਤੁਹਾਡਾ ਸਮਾਂ ਅਜੇ ਨਹੀਂ ਆਇਆ, ਤੁਹਾਨੂੰ ਇਸ ਦੁਨੀਆ ਵਿੱਚ ਹਾਲੇ ਕੁਝ ਕੰਮ ਪੂਰੇ ਕਰਨੇ ਬਾਕੀ ਹਨ।"

ਹਰ ਵਿਅਕਤੀ ਦੀ ਕਿਸਮਤ ਵਿਚ ਪ੍ਰਮਾਤਮਾ ਨੇ ਇੱਕ ਨਿਸ਼ਚਿਤ ਸਮਾਂ ਅਤੇ ਕੁਝ ਮਹੱਤਵਪੂਰਨ ਅਵਸਰ ਲਿਖੇ ਹੋਏ ਹਨ। ਇਹ ਸਮਾਂ ਅਤੇ ਅਵਸਰ ਉਸ ਤੋਂ ਤਦੋਂ ਤੱਕ ਪ੍ਰਾਪਤ ਨਹੀਂ ਕੀਤੇ ਜਾ ਸਕਦੇ ਜਦੋਂ ਤੱਕ ਸਰਬਸ਼ਕਤੀਮਾਨ

ਦੀ ਆਪਣੀ ਮਰਜ਼ੀ ਨਾ ਹੋਵੇ। ਜੇ ਰਾਤ ਤੋਂ ਬਾਅਦ ਪ੍ਰਮਾਤਮਾ ਤੁਹਾਨੂੰ ਸਵੇਰ ਦਾ ਸੂਰਜ ਵਿਖਾਉਂਦਾ ਹੈ ਤਾਂ ਇਹ ਸਮਝੋ ਕਿ ਤੁਹਾਡੇ ਕੋਲ ਹਾਲੇ ਹੋਰ ਦਿਨ ਬਾਕੀ ਹਨ ਆਪਣੇ ਕੰਮ ਪੂਰੇ ਕਰਨ ਲਈ। ਜੇਕਰ ਤੁਸੀਂ ਇਸ ਦੁਨੀਆ ਦੇ ਇਨ੍ਹਾਂ ਭਿਆਨਕ ਹਾਦਸਿਆਂ ਤੋਂ ਖੁਦ ਨੂੰ ਬਚਾਉਣ ਵਿੱਚ ਕਾਮਯਾਬ ਰਹਿੰਦੇ ਹੋ, ਤਾਂ ਇਸਦਾ ਅਰਥ ਇਹ ਹੈ ਕਿ ਪ੍ਰਮਾਤਮਾ ਦੀ ਯੋਜਨਾ ਅਨੁਸਾਰ ਤੁਹਾਡੇ ਲਈ ਦੁਨੀਆ ਵਿਚ ਹਾਲੇ ਉਹ ਕਾਰਜ ਪੂਰੇ ਕਰਨੇ ਬਾਕੀ ਹਨ ਜੋ ਅਜੇ ਤੱਕ ਅਧੂਰੇ ਹਨ।

ਸਾਵਧਾਨੀ ਨਾਲ ਅੱਗੇ ਵੱਧਣਾ

ਜਦੋਂ ਦਰਿਆ ਪਾਰ ਕਰਨੇ ਹੁੰਦੇ ਹਨ, ਤਾਂ ਛੋਟੇ ਜਾਨਵਰ ਤੈਰ ਕੇ ਪਾਰ ਕਰ ਲੈਂਦੇ ਹਨ ਅਤੇ ਵੱਡੇ ਪਰ ਹਲਕੇ ਜਾਨਵਰ ਤੇਜ਼ੀ ਨਾਲ ਤੁਰ ਕੇ ਪਾਰ ਕਰ ਜਾਂਦੇ ਹਨ। ਪਰ ਜਦੋਂ ਇੱਕ ਹਾਥੀ ਦਰਿਆ ਪਾਰ ਕਰਨ ਲਈ ਤਿਆਰ ਹੁੰਦਾ ਹੈ, ਤਾਂ ਉਹ ਹੋਰ ਜਾਨਵਰਾਂ ਵਾਂਗ ਤੁਰੰਤ ਕਦਮ ਨਹੀਂ ਰੱਖਦਾ। ਸਭ ਤੋਂ ਪਹਿਲਾਂ ਉਹ ਦਰਿਆ ਦੇ ਤਲੇ ਨੂੰ ਕਠੋਰ ਜਾਂ ਨਰਮ ਹੋਣ ਲਈ ਜਾਂਚਦਾ ਹੈ ਅਤੇ ਆਪਣੇ ਅੱਗਲੇ ਪੈਰ ਨਾਲ ਪੂਰਾ ਬੋਝ ਨਹੀਂ ਪਾਂਦਾ। ਫਿਰ ਜਦੋਂ ਉਸਨੂੰ ਆਪਣੇ ਮੈਦਾਨ ਦੀ ਪੱਕੀ ਸਮਝ ਆ ਜਾਂਦੀ ਹੈ, ਤਦੋਂ ਉਹ ਅੱਗੇ ਵਧਦਾ ਹੈ। ਪਾਰ ਕਰਨ ਦੌਰਾਨ ਵੀ ਉਸਦੀ ਚਾਲ ਹੌਲੀ ਹੁੰਦੀ ਹੈ, ਕਿਉਂਕਿ ਉਸਨੂੰ ਇਹ ਡਰ ਹੁੰਦਾ ਹੈ ਕਿ ਕਿਤੇ ਨਰਮ ਖਇਚੜ ਵਿੱਚ ਫਸ ਨਾ ਜਾਵੇ। ਉਹ ਹਰ ਕਦਮ ‘ਤੇ ਤਲਾ ਜਾਂਚਦਾ ਹੋਇਆ ਸਾਵਧਾਨੀ ਨਾਲ ਅੱਗੇ ਵਧਦਾ ਹੈ।

ਹਾਥੀ ਨੂੰ ਇਹ ਕੰਮ ਕਿਸਨੇ ਸਿਖਾਇਆ? ਨਿਸ਼ਚਿਤ ਹੀ ਪਰਮਾਤਮਾ ਨੇ ਹੀ ਉਸਨੂੰ ਜੀਵਨ ਬਚਾਉਣ ਦੀ ਇਹ ਸਿੱਖਿਆ ਦਿੱਤੀ ਹੈ ਅਤੇ ਇਸ ਪ੍ਰਕਿਰਿਆ ਰਾਹੀਂ ਉਸ ‘ਤੇ ਆਪਣੀ ਦਿਵਿਆ ਮੋਹਰ ਲਾਈ ਹੈ। ਪਰਮਾਤਮਾ ਨੇ ਸਾਨੂੰ ਇਹ ਉਦਾਹਰਨ ਦਿੱਤੀ ਹੈ ਕਿ ਜਦੋਂ ਸਾਡੇ ਰਸਤੇ ‘ਤੇ ਖ਼ਤਰੇ ਦੇ ਸੰਕੇਤ ਮਿਲਣ, ਤਾਂ ਸਾਨੂੰ ਲਾਪਰਵਾਹੀ ਨਾਲ ਨਹੀਂ ਵਧਣਾ ਚਾਹੀਦਾ, ਸਗੋਂ ਉਸੇ ਤਰ੍ਹਾਂ ਸਾਵਧਾਨੀ ਨਾਲ ਅੱਗੇ ਵਧਣਾ ਚਾਹੀਦਾ ਹੈ, ਜਿਵੇਂ ਹਾਥੀ “ਅੱਗੇ ਦੇ ਮੈਦਾਨ” ਨੂੰ ਜਾਂਚਦਾ ਹੈ।

ਮਨੁੱਖ ਨੂੰ ਹਾਥੀ ਨਾਲੋਂ ਕਈ ਗੁਣਾ ਵੱਧ ਦਿਮਾਗੀ ਤਾਕਤ ਦਿੱਤੀ ਗਈ ਹੈ। ਕੋਈ ਵੀ ਗੋਲਾ-ਬਾਰੂਦ ਦੇ ਢੇਰ ਦੇ ਨੇੜੇ ਅੱਗ ਨਹੀਂ ਸਲਗਾਉਂਦਾ। ਕੋਈ ਰੇਲ ਚਾਲਕ ਪੈਟਰੋਲ ਵਾਲੇ ਬੋਗੀਆਂ ਨੂੰ ਜੋੜਨ-ਤੋੜਨ ਵਿੱਚ ਲਾਪਰਵਾਹੀ ਨਹੀਂ ਕਰਦਾ। ਪਰ ਅਫ਼ਸੋਸ, ਜਿਆਦਾਤਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਸਿਆਣਪ ਇੱਕ ਅਜਿਹਾ ਅਸੂਲ ਹੈ ਜਿਸਦੀ ਪਾਲਣਾ ਸਮਾਜਕ ਜੀਵਨ ਵਿੱਚ ਵੀ ਲਾਜ਼ਮੀ ਹੈ। ਹਰ ਸਮਾਜ ਵਿੱਚ ਵੱਖ-ਵੱਖ ਕਿਸਮ ਦੇ ਲੋਕ ਹੁੰਦੇ ਹਨ ਜੋ ਵੱਖ-ਵੱਖ ਤਰ੍ਹਾਂ ਦਾ ਮਾਹੌਲ ਬਣਾਉਂਦੇ ਹਨ। ਹਰ ਸਮਾਜ ਵਿੱਚ 'ਦਲਦਲੀ ਥਾਵਾਂ' ਵੀ ਹੁੰਦੀਆਂ ਹਨ, 'ਪੈਟਰੋਲ' ਵੀ ਹੁੰਦਾ ਹੈ, 'ਕਾਂਟੇ' ਵੀ ਹੁੰਦੇ ਹਨ ਅਤੇ 'ਖੱਡੇ' ਵੀ। ਸਿਆਣੇ ਉਹੀ ਹਨ ਜੋ ਅਜਿਹੀਆਂ ਮੁਸ਼ਕਲਾਂ, ਇੱਥੋਂ ਤੱਕ ਕਿ ਧਮਾਕੇਦਾਰ ਹਾਲਾਤਾਂ ਤੋਂ ਵੀ ਬਚਣ ਦੀ ਕੋਸ਼ਿਸ਼ ਕਰਦੇ ਹਨ ਅਤੇ ਆਪਣੇ ਆਪ ਨੂੰ ਟਕਰਾਵ ਦੇ ਜਾਲ ਵਿੱਚ ਫਸਣ ਤੋਂ ਬਚਾ ਲੈਂਦੇ ਹਨ।

ਜਿਨ੍ਹਾਂ ਲੋਕਾਂ ਦੇ ਸਾਹਮਣੇ ਕੋਈ ਨਾ ਕੋਈ ਮੰਜ਼ਿਲ ਹੁੰਦੀ ਹੈ, ਉਹ ਕਦੇ ਆਪਣੇ ਆਪ ਨੂੰ ਅਜਿਹੀਆਂ ਗੱਲਾਂ ਵਿੱਚ ਨਹੀਂ ਫਸਾਉਂਦੇ, ਕਿਉਂਕਿ ਇਸ ਨਾਲ ਉਹ ਆਪਣੇ ਲੱਖ-ਨਿਸ਼ਾਨੇ ਤੋਂ ਹਟ ਜਾਣਗੇ। ਇੱਕ ਮੰਜ਼ਿਲ-ਪ੍ਰਧਾਨ ਵਿਅਕਤੀ ਹਮੇਸ਼ਾਂ ਭਵਿੱਖ ਵੱਲ ਦੇਖਦਾ ਹੈ—ਸਿੱਧਾ ਅੱਗੇ, ਨਾ ਕਿ ਸੱਜੇ ਵੱਲ ਤੇ ਨਾ ਖੱਬੇ ਵੱਲ। ਉਹ ਹਮੇਸ਼ਾਂ ਛੋਟੀ ਸੋਚ ਦੀ ਬਜਾਏ ਲੰਬੇ ਅਸਰਾਂ ਬਾਰੇ ਸੋਚਦਾ ਹੈ। ਉਹ ਚੀਜ਼ਾਂ ਨੂੰ ਆਪਣੀਆਂ ਇੱਛਾਵਾਂ ਅਤੇ ਮਨਮਰਜ਼ੀਆਂ ਦੇ ਨਜ਼ਰੀਏ ਨਾਲ ਨਹੀਂ ਵੇਖਦਾ, ਸਗੋਂ ਹਕੀਕਤ ਦੇ ਨਜ਼ਰੀਏ ਨਾਲ ਵੇਖਦਾ ਹੈ।

ਚਰਿੱਤਰ ਦੀ ਤਾਕਤ

ਤਾਕਤ ਨੂੰ ਆਮ ਤੌਰ 'ਤੇ ਜਾਂ ਤਾਂ ਧਨ ਨਾਲ ਜੋੜਿਆ ਜਾਂਦਾ ਹੈ ਜਾਂ ਸਰੀਰਕ ਬਲ ਨਾਲ। ਪਰ ਤਾਕਤ ਦਾ ਸਭ ਤੋਂ ਵੱਡਾ ਪੱਖ ਨਾ ਤਾਂ ਭੌਤਿਕ ਚੀਜ਼ਾਂ ਨਾਲ ਸੰਬੰਧਤ ਹੈ ਅਤੇ ਨਾ ਹੀ ਸਰੀਰਕ ਬਲ ਨਾਲ। ਇਸ ਦਾ ਅਸਲ ਰਾਜ਼ ਚਰਿੱਤਰ ਦੀ ਤਾਕਤ ਵਿੱਚ ਹੈ, ਜਿਹੜੀ ਕਿ ਦੁਨੀਆ ਵਿਚ ਵੱਸਦੇ ਸਭ ਤੋਂ ਗਰੀਬ ਅਤੇ ਕਮਜ਼ੋਰ ਵਿਅਕਤੀ ਕੋਲ ਵੀ ਹੋ ਸਕਦੀ ਹੈ।

ਮੌਲਾਨਾ ਮੁਹੰਮਦ ਕਾਸਿਮ ਕਾਸਮੀ (ਉਮਰ 30 ਸਾਲ), ਜੋ ਕਿ ਦਿੱਲੀ ਦੇ ਹੁਸੈਨ ਬਖ਼ਸ਼ ਸਕੂਲ ਵਿੱਚ ਅਧਿਆਪਕ ਹਨ ਅਤੇ ਨਾਲ ਹੀ ਇੱਕ ਮਸਜਿਦ

ਦੇ ਇਮਾਮ ਵੀ ਹਨ, ਨੇ ਹਾਲ ਹੀ ਵਿੱਚ ਘੜੀਆਂ ਠੀਕ ਕਰਨ ਦੀ ਦੁਕਾਨ ਖੋਲ੍ਹਣ ਦਾ ਫੈਸਲਾ ਕੀਤਾ। ਇਸ ਲਈ ਉਹਨਾਂ ਨੂੰ ਇੱਕ ਮਾਹਿਰ ਕਾਰੀਗਰ ਦੀ ਲੋੜ ਸੀ। ਤੁਰੰਤ ਕੋਈ ਉਪਲਬਧ ਨਹੀਂ ਸੀ, ਪਰ ਇੱਕ ਦਿਨ ਦਰਮਿਆਨੀ ਜਿਹੀ ਉਮਰ ਦਾ ਇੱਕ ਵਿਅਕਤੀ, ਮੁਹੰਮਦ ਦੀਨ ਕਸ਼ਮੀਰੀ, ਜੋ ਘੜੀਆਂ ਦਾ ਕਾਰੀਗਰ ਸੀ, ਉਹਨਾਂ ਦੀ ਮਸਜਿਦ ਵਿੱਚ ਆਇਆ। ਜਾਪਦਾ ਸੀ ਕਿ ਉਹ ਦਿੱਲੀ ਰੋਜ਼ਗਾਰ ਦੀ ਖ਼ਾਤਰ ਹੀ ਆਇਆ ਹੈ ਅਤੇ ਉਸਨੂੰ ਆਪਣੇ ਹੁਨਰ ’ਤੇ ਬਹੁਤ ਜ਼ਿਆਦਾ ਵਿਸ਼ਵਾਸ ਸੀ। ਪਰ ਮੌਲਾਨਾ ਕਾਸਿਮ ਨੇ ਉਸ ਤੋਂ ਪੁੱਛਿਆ ਕਿ ਕੀ ਦਿੱਲੀ ਵਿੱਚ ਉਸਦਾ ਕੋਈ ਜਾਣਕਾਰ ਹੈ ਜੋ ਉਸਦੀ ਜ਼ਿੰਮੇਵਾਰੀ (ਗਰੰਟੀ) ਲੈ ਸਕੇ। ਇਸ ’ਤੇ ਮੁਹੰਮਦ ਦੀਨ ਨੇ ਕਿਹਾ, “ਮੇਰਾ ਜ਼ਿੰਮੇਦਾਰ (ਗਰੰਟਰ) ਸਿਰਫ਼ ਖੁਦਾ ਹੈ। ਜੇ ਤੁਸੀਂ ਉਸਦੀ ਜ਼ਿੰਮੇਦਾਰੀ (ਗਰੰਟੀ) ’ਤੇ ਵਿਸ਼ਵਾਸ ਕਰ ਸਕਦੇ ਹੋ ਤਾਂ ਮੈਂ ਉਸਨੂੰ ਆਪਣਾ ਜ਼ਿੰਮੇਦਾਰ (ਗਰੰਟਰ) ਪੇਸ਼ ਕਰਦਾ ਹਾਂ।”

ਮੌਲਾਨਾ ਕਾਸਿਮ, ਮੁਹੰਮਦ ਦੀਨ ਕਸ਼ਮੀਰੀ ਦੇ ਇਸ ਅੰਦਾਜ਼-ਏ-ਬਿਆਨ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸਨੂੰ ਆਪਣੀ ਦੁਕਾਨ ’ਤੇ ਕੰਮ ਲਈ ਰੱਖ ਲਿਆ। ਕਈ ਮਹੀਨੇ ਬੀਤ ਗਏ ਅਤੇ ਰੱਬ ਦੀ ਰਹਿਮਤ ਨਾਲ ਦੁਕਾਨ ਦੇ ਸਫਲ ਚੱਲਣ ’ਤੇ ਨੌਕਰ ਤੇ ਮਾਲਕ ਦੋਵੇਂ ਸੰਤੁਸ਼ਟ ਹਨ। ਪਰ ਜੇਕਰ ਮੁਹੰਮਦ ਦੀਨ ਕਸ਼ਮੀਰੀ ਆਪਣੇ ਚਰਿੱਤਰ ਦੀ ਤਾਕਤ ਨਾਲ ਮੌਲਾਨਾ ਕਾਸਿਮ ਨੂੰ ਪ੍ਰਭਾਵਿਤ ਨਾ ਕਰਦਾ ਤਾਂ ਇਹ ਕਾਰੋਬਾਰ ਅਸਫਲ ਰਹਿ ਜਾਂਦਾ। ਅਸਲ ਵਿੱਚ ਮੁਹੰਮਦ ਦੀਨ ਦੀ ਨਿਮਰਤਾ ਨੇ ਜੋ ਭਰੋਸੇਯੋਗਤਾ ਅਤੇ ਦ੍ਰਿੜ੍ਹਤਾ ਦਾ ਪ੍ਰਭਾਵ ਪੈਦਾ ਕੀਤਾ, ਉਹੀ ਉਸਦੀ ਕਾਮਯਾਬੀ ਦਾ ਕਾਰਨ ਬਣਿਆ।

ਭਰੋਸਾ ਅਨਮੋਲ ਹੈ

ਕੇਵਲ ਕੁਝ ਸੌ ਰੁਪਏ ਪੂੰਜੀ ਦੇ ਤੌਰ ’ਤੇ ਰੱਖ ਕੇ ਦਿੱਲੀ ਦੇ ਇੱਕ ਵਿਅਕਤੀ ਨੇ ਕਾਰੋਬਾਰ ਸ਼ੁਰੂ ਕੀਤਾ। ਉਹ ਕੱਪੜੇ ਦੇ ਬਚੇ-ਖੁੱਚੇ ਟੁਕੜੇ ਖਰੀਦ ਕੇ ਫਿਰ ਘਰ-ਘਰ ਜਾ ਕੇ ਵੇਚਦਾ ਸੀ। ਜਦੋਂ ਉਸਦਾ ਕਾਰੋਬਾਰ ਕੁਝ ਵਧਣ ਲੱਗਾ ਤਾਂ ਉਸਨੇ ਇੱਕ ਦੁਕਾਨ ਦੇ ਸਾਹਮਣੇ ਫੁਟਪਾਥ ’ਤੇ ਬੈਠ ਕੇ ਸਮਾਨ ਵੇਚਣ ਦੀ ਇਜਾਜ਼ਤ ਲੈ ਲਈ।

ਇਸ ਖੁਦਮੁਖਤਿਆਰ ਕੱਪੜਾ-ਵਿਕਰੇਤਾ ਨੇ ਆਪਣੇ ਸਪਲਾਇਰ ਦਾ ਭਰੋਸਾ ਜਿੱਤ ਲਿਆ। ਆਪਣੀ ਸੱਚਾਈ ਅਤੇ ਇਮਾਨਦਾਰੀ ਨਾਲ ਉਸਨੇ ਸਪਲਾਇਰ ਨੂੰ ਪ੍ਰਭਾਵਿਤ ਕੀਤਾ। ਸਪਲਾਇਰ ਨੇ ਉਸਨੂੰ ਉਧਾਰ 'ਤੇ ਕੱਪੜਾ ਦੇਣਾ ਸ਼ੁਰੂ ਕੀਤਾ, ਅਤੇ ਉਹ ਹਮੇਸ਼ਾਂ ਕੋਸ਼ਿਸ਼ ਕਰਦਾ ਕਿ ਮਿਆਦ ਤੋਂ ਪਹਿਲਾਂ ਹੀ ਉਧਾਰ ਚੁਕਾ ਦੇਵੇ। ਇਹ ਆਦਤ ਉਸਨੂੰ ਸਪਲਾਇਰ ਦੀਆਂ ਨਜ਼ਰਾਂ ਵਿਚ ਹੋਰ ਵੀ ਭਰੋਸੇਯੋਗ ਬਣਾਉਂਦੀ ਗਈ। ਕੁਝ ਸਾਲਾਂ ਦੇ ਅੰਦਰ ਸਥਿਤੀ ਕੁਝ ਇਹੋ ਜਿਹੀ ਹੋ ਗਈ ਕਿ ਸਪਲਾਇਰ ਉਸਨੂੰ 1,50,000 ਰੁਪਏ ਤੱਕ ਕੱਪੜਾ ਉਧਾਰ 'ਤੇ ਦੇਣ ਲੱਗਾ, ਜੋ ਸ਼ਾਇਦ ਕਿਸੇ ਹੋਰ ਨੂੰ ਕਦੇ ਨਾ ਦਿੰਦਾ।

ਜ਼ਾਹਰ ਸੀ ਕਿ ਇੰਨਾ ਸਾਰਾ ਸਮਾਨ ਫੁਟਪਾਥ 'ਤੇ ਨਹੀਂ ਰੱਖਿਆ ਜਾ ਸਕਦਾ ਸੀ। ਹੁਣ ਉਸਨੂੰ ਦੁਕਾਨ ਦੀ ਲੋੜ ਸੀ। ਉਸਨੇ ਦੁਕਾਨ ਖਰੀਦੀ ਅਤੇ ਉਸਨੂੰ ਇਮਾਨਦਾਰੀ ਨਾਲ ਚਲਾਉਂਦਾ ਰਿਹਾ। ਉਸਦਾ ਲਾਭ ਲਗਾਤਾਰ ਵਧਦਾ ਗਿਆ ਅਤੇ ਕੁਝ ਸਮੇਂ ਵਿੱਚ ਉਹ ਸ਼ਹਿਰ ਦੇ ਮਸ਼ਹੂਰ ਕੱਪੜਾ-ਵਪਾਰੀਆਂ ਵਿੱਚੋਂ ਇੱਕ ਬਣ ਗਿਆ।

ਇਹ ਸੋਚਣਾ ਗਲਤ ਹੈ ਕਿ ਪੈਸਾ ਹੀ ਜ਼ਿੰਦਗੀ ਦੀ ਸਭ ਤੋਂ ਵੱਡੀ ਦੌਲਤ ਹੈ। ਸਭ ਤੋਂ ਵੱਡੀ ਦੌਲਤ ਭਰੋਸਾ ਹੈ। ਭਰੋਸੇ ਦੇ ਆਧਾਰ 'ਤੇ ਬੰਦਾ ਕੁਝ ਵੀ ਖਰੀਦ ਸਕਦਾ ਹੈ। ਜਿੱਥੇ ਹੋਰ ਚੀਜ਼ਾਂ ਘੱਟ ਪੈ ਜਾਂਦੀਆਂ ਹਨ, ਓਥੇ ਭਰੋਸਾ ਉਸ ਕਮੀ ਨੂੰ ਪੂਰਾ ਕਰ ਸਕਦਾ ਹੈ। ਭਰੋਸਾ ਇੱਕ ਅਮੋਲਕ ਪੂੰਜੀ ਹੈ ਜਿਸ ਨਾਲ ਪੈਸੇ ਤੋਂ ਵੀ ਕਿਤੇ ਵੱਧ ਪ੍ਰਾਪਤ ਕੀਤਾ ਜਾ ਸਕਦਾ ਹੈ।

ਪਰ ਭਰੋਸਾ ਬਣਾਉਣ ਦਾ ਤਰੀਕਾ ਇਹ ਨਹੀਂ ਕਿ ਵਾਰ-ਵਾਰ ਦੁਹਰਾਉਂਦੇ ਰਹੋ ਕਿ ਤੁਸੀਂ ਕਿੰਨੇ ਯੋਗ ਹੋ, ਸਗੋਂ ਇਹ ਤਾਂ ਭਰੋਸੇਯੋਗ ਢੰਗ ਨਾਲ ਕਾਰਜ ਕਰਨ ਨਾਲ ਸਬੰਧਤ ਹੈ। ਬਾਹਰੀ ਦੁਨੀਆ ਇਸ ਮਾਮਲੇ ਵਿੱਚ ਬਹੁਤ ਸਖ਼ਤ ਹੈ। ਜਦੋਂ ਤੱਕ ਬੰਦਾ ਆਪਣੇ ਬੇਦਾਗ ਕਰਮਾਂ ਨਾਲ ਆਪਣੀ ਭਰੋਸੇਯੋਗਤਾ ਸਾਬਤ ਨਹੀਂ ਕਰਦਾ, ਉਹ ਕਿਸੇ ਵੀ ਲਾਭ ਦੀ ਉਮੀਦ ਨਹੀਂ ਕਰ ਸਕਦਾ। ਕੇਵਲ ਲੰਮੇ ਸਮੇਂ ਤੱਕ ਆਪਣਾ ਆਪ ਭਰੋਸੇਯੋਗ ਸਾਬਤ ਕਰਨ ਨਾਲ ਹੀ (ਜਿਵੇਂ ਕਿ ਉਸ ਕੱਪੜੇ ਦੇ ਵਪਾਰੀ ਨੇ ਆਪਣੇ ਸਪਲਾਇਰ ਨਾਲ ਕਰਕੇ ਦਿਖਾਇਆ) ਇਨਾਮ ਵਜੋਂ ਭਰੋਸਾ ਪ੍ਰਾਪਤ ਹੁੰਦਾ ਹੈ।

ਦ੍ਰਿੜ੍ਹ ਨਿਸ਼ਚੈ ਅਤੇ ਮਿਹਨਤ

ਇਕ ਵਾਰ ਯਮੁਨਾ ਦੇ ਕਿਨਾਰੇ ਇਹ ਦੇਖਣ ਲਈ ਇੱਕ ਮੁਕਾਬਲਾ ਕਰਵਾਇਆ ਗਿਆ ਕਿ ਕੌਣ ਸਭ ਤੋਂ ਵੱਡੇ ਅਤੇ ਸਭ ਤੋਂ ਸੁੰਦਰ ਉਰਦੂ ਦੇ ਅੱਖਰ ਰੇਤ ਵਿੱਚ ਲਿਖ ਸਕਦਾ ਹੈ। ਕਈ ਕੈਲਿਗ੍ਰਾਫਰ ਇਸ ਮੁਕਾਬਲੇ ਵਿੱਚ ਸ਼ਾਮਲ ਹੋਏ, ਜਿਨ੍ਹਾਂ ਵਿੱਚ ਉਸਤਾਦ ਯੂਸੁਫ਼ ਦਹਿਲਵੀ (ਦਿਹਾਂਤ 1977) ਵੀ ਸਨ, ਜੋ ਆਪਣੀ ਅਸਾਧਾਰਣ ਕਲਾ ਮੁਹਾਰਤ ਲਈ ਮਸ਼ਹੂਰ ਸਨ। ਉਨ੍ਹਾਂ ਨੇ ਬਾਂਸ ਦੀ ਡੰਡੀ ਨਾਲ ਰੇਤ ਵਿੱਚ ਲਿਖਦੇ ਹੋਏ ਪੂਰੇ ਇੱਕ ਫਰਲਾਂਗ (220 ਗੱਜ) ਦੇ ਹਿੱਸੇ ਵਿਚ ਪਹਿਲੇ 17 ਅੱਖਰ (ਅਲਿਫ ਤੋਂ ਸ਼ੀਨ ਤੱਕ) ਲਿਖ ਦਿੱਤੇ। ਇਸ ਵੇਲੇ ਉਨ੍ਹਾਂ ਨੂੰ ਰੁਕਣ ਲਈ ਕਿਹਾ ਗਿਆ, ਕਿਉਂਕਿ ਇਹ ਉਸਦੀ ਕਲਾ ਜਾਂ ਹੁਨਰ ਦੀ ਮਹਾਨਤਾ ਦੱਸਣ ਲਈ ਕਾਫੀ ਸੀ। ਫਿਰ ਉਨ੍ਹਾਂ ਨੇ ਬੇਨਤੀ ਕੀਤੀ ਕਿ ਉਹਨਾਂ ਅੱਖਰਾਂ ਨੂੰ ਰੰਗਿਆ ਜਾਵੇ ਅਤੇ ਜਹਾਜ਼ ਤੋਂ ਫ਼ੋਟੋ ਖਿੱਚੀ ਜਾਵੇ, ਤਾਂ ਜੋ ਉਨ੍ਹਾਂ ਨੂੰ ਇੱਕ ਛੋਟੇ ਪੈਮਾਨੇ ’ਤੇ ਇਕੱਠੇ ਦੇਖਿਆ ਜਾ ਸਕੇ। ਉਨ੍ਹਾਂ ਦਾ ਦਾਅਵਾ ਸੀ ਕਿ ਫ਼ੋਟੋ ਵਿੱਚ ਉਹ ਅੱਖਰ ਬਿਲਕੁਲ ਉਸੇ ਤਰ੍ਹਾਂ ਦਿਖਾਈ ਦੇਣਗੇ ਜਿਵੇਂ ਉਹ ਆਪਣੇ ਆਮ ਪੈਮਾਨੇ (ਕਾਪੀ) ’ਤੇ ਲਿਖਦੇ ਹਨ। ਇਸ ਤੋਂ ਬਾਅਦ ਹੋਰ ਕੋਈ ਪ੍ਰਤਿਯੋਗੀ ਆਪਣੀ ਕਲਾ ਦਿਖਾਉਣ ਦੀ ਹਿੰਮਤ ਨਾ ਕਰ ਸਕਿਆ।

ਵੰਡ ਤੋਂ ਬਾਅਦ ਉਹ ਪਾਕਿਸਤਾਨ ਚਲੇ ਗਏ, ਜਿੱਥੇ ਉਨ੍ਹਾਂ ਨੇ ਆਪਣੀ ਕਲਾ ਨਾਲ ਮਾਣ ਹਾਸਲ ਕਰਨਾ ਜਾਰੀ ਰੱਖਿਆ। ਇੱਕ ਵਾਰ ਉਨ੍ਹਾਂ ਨੂੰ ਉਸ ਗੇਟ ਉੱਤੇ ਸਵਾਗਤ ਦੇ ਸ਼ਬਦ ਲਿਖਣ ਲਈ ਕਿਹਾ ਗਿਆ ਜਿਥੋਂ ਸਾਉਦੀ ਅਰਬ ਦੇ ਬਾਦਸ਼ਾਹ ‘ਸ਼ਾਹ ਸਊਦ’ ਗੁਜ਼ਰਣ ਵਾਲੇ ਸਨ। ਗਵਰਨਰ ਜਨਰਲ ਖੁਦ ਤਿਆਰੀਆਂ ਦੇਖਣ ਆਏ ਅਤੇ ਗੇਟ ਉੱਤੇ ਲਿਖੇ ਸ਼ਾਨਦਾਰ ਸ਼ਬਦਾਂ ਨੂੰ ਵੇਖ ਕੇ ਹੈਰਾਨ ਰਹਿ ਗਏ। ਉਨ੍ਹਾਂ ਨੇ ਉਸਤਾਦ ਯੂਸੁਫ਼ ਨੂੰ ਬੁਲਾਇਆ, ਬਹੁਤ ਪ੍ਰਸ਼ੰਸਾ ਕੀਤੀ ਅਤੇ ਪੁੱਛਿਆ— ਇਸਨੂੰ ਮੁਕੰਮਲ ਕਰਨ ਵਿੱਚ ਕਿੰਨਾ ਸਮਾਂ ਲੱਗਿਆ? ਉਸਤਾਦ ਨੇ ਕਿਹਾ— ਸੱਤ ਦਿਨ। ਗਵਰਨਰ ਜਨਰਲ ਨੇ ਤੁਰੰਤ ਆਪਣੇ ਸਕੱਤਰ ਨੂੰ ਆਦੇਸ਼ ਦਿੱਤਾ ਕਿ ਉਨ੍ਹਾਂ ਨੂੰ 7,000 ਰੁਪਏ ਇਨਾਮ ਵਜੋਂ ਦਿੱਤੇ ਜਾਣ। ਤੁਰੰਤ ਚੈਕ ਉਨ੍ਹਾਂ ਨੂੰ ਸੌਂਪ ਦਿੱਤਾ ਗਿਆ।

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੈਲਿਗ੍ਰਾਫੀ ਦੀ ਕਲਾ ਉਹਨਾਂ ਨੇ ਕਿਸ ਤੋਂ ਸਿੱਖੀ ਹੈ, ਤਾਂ ਉਨ੍ਹਾਂ ਦਾ ਉੱਤਰ ਸੀ— ਕਿਸੇ ਤੋਂ ਨਹੀਂ, ਇੱਥੋਂ ਤੱਕ ਕਿ ਆਪਣੇ ਪਿਤਾ ਤੋਂ ਵੀ ਨਹੀਂ, ਜੋ ਕਿ ਆਪਣੇ ਸਮੇਂ ਵਿੱਚ ਮਸ਼ਹੂਰ ਕੈਲਿਗ੍ਰਾਫਰ

ਰਹੇ ਸਨ। ਉਸਤਾਦ ਯੂਸੁਫ਼ ਨੇ ਸਮਝਾਇਆ ਕਿ ਉਨ੍ਹਾਂ ਨੇ ਇਹ ਕਲਾ ਮੁਗਲ ਕਾਲ ਦੇ ਮਹਾਨ ਕੈਲਿਗ੍ਰਾਫਰਾਂ ਦੇ ਕੰਮਾਂ ਦੀਆਂ ਨਕਲਾਂ ਕਰਕੇ ਸਿੱਖੀ ਹੈ, ਜੋ ਅੱਜ ਵੀ ਦਿੱਲੀ ਦੇ ਲਾਲ ਕਿਲ੍ਹੇ ਦੇ ਅਜਾਇਬਘਰ ਵਿੱਚ ਤਖ਼ਤੀਆਂ ’ਤੇ ਸੰਭਾਲੀਆਂ ਹੋਈਆਂ ਹਨ। ਦੱਸ ਸਾਲ ਲਗਾਤਾਰ ਹਰ ਰੋਜ਼ ਉਸਤਾਦ ਯੂਸੁਫ਼ ਲਾਲ ਕਿਲ੍ਹੇ ਜਾਂਦੇ ਰਹੇ। ਹਰ ਦਿਨ ਉਹ ਇੱਕ ਸ਼ੇਅਰ ਯਾਦ ਕਰਦੇ ਅਤੇ ਘਰ ਆ ਕੇ ਉਸੇ ਹੀ ਅੰਦਾਜ਼ ਵਿੱਚ ਲਿਖਣ ਦੀ ਕੋਸ਼ਿਸ਼ ਕਰਦੇ। ਅਗਲੇ ਦਿਨ ਉਹ ਆਪਣਾ ਲਿਖਿਆ ਹੋਇਆ ਮੁੜ ਅਸਲੀ ਸ਼ਾਹਕਾਰ ਨਾਲ ਮਿਲਾਉਂਦੇ ਅਤੇ ਜੇ ਕੋਈ ਗਲਤੀ ਹੁੰਦੀ ਤਾਂ ਉਸਨੂੰ ਠੀਕ ਕਰ ਲੈਂਦੇ। ਇਸ ਤਰੀਕੇ ਨਾਲ ਬਿਨਾਂ ਕਿਸੇ ਅਧਿਆਪਕ ਅਤੇ ਬਿਨਾਂ ਪੈਸੇ ਖਰਚ ਕੀਤੇ, ਉਨ੍ਹਾਂ ਨੇ ਆਪਣੀ ਕਲਾ ਨੂੰ ਨਿਖਾਰਿਆ ਤੇ ਉੱਤਮਤਾ ਤੱਕ ਪਹੁੰਚਾਇਆ।

ਇਸ ਵਾਰਤਾ ਵਿੱਚ ਹਰ ਉਸ ਇਨਸਾਨ ਲਈ ਸਬਕ ਹੈ ਜੋ ਕਿਸੇ ਖੇਤਰ ਵਿੱਚ ਉੱਤਮਤਾ ਹਾਸਲ ਕਰਨਾ ਚਾਹੁੰਦਾ ਹੈ। ਪੈਸੇ ਜਾਂ ਹੋਰ ਸਹੂਲਤਾਂ ਨਾ ਹੋਣ ਦੇ ਬਾਵਜੂਦ ਵੀ, ਜੇਕਰ ਮਨੁੱਖ ਦੇ ਅੰਦਰ ਸਿਰਫ ਦ੍ਰਿੜ੍ਹ ਨਿਸ਼ਚਾ ਹੋਵੇ ਅਤੇ ਮਿਹਨਤ ਉਸਦੀ ਟੀਚੇ ਦੇ ਹਾਣ ਦੀ ਹੋਵੇ, ਤਾਂ ਸਫ਼ਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਰੁਕਾਵਟਾਂ ਤੋਂ ਪਰੇ

ਜਦੋਂ ਕਿਸੇ ਸੜਕ ਦੀ ਮੁਰੰਮਤ ਚੱਲ ਰਹੀ ਹੁੰਦੀ ਹੈ, ਤਾਂ ਬੇਖ਼ਬਰ ਯਾਤਰੀਆਂ ਨੂੰ ਚੇਤੰਨ ਕਰਨ ਲਈ “ਸੜਕ ਬੰਦ ਹੈ” ਦਾ ਬੋਰਡ ਲਗਾ ਦਿੱਤਾ ਜਾਂਦਾ ਹੈ। ਪਰ ਇਸਦਾ ਇਹ ਮਤਲਬ ਨਹੀਂ ਹੁੰਦਾ ਕਿ ਮੰਜ਼ਿਲ ਤੱਕ ਪਹੁੰਚਣ ਦਾ ਰਾਹ ਹਮੇਸ਼ਾ ਲਈ ਬੰਦ ਹੋ ਗਿਆ ਹੈ। ਜਦੋਂ ਇਕ ਰਸਤਾ ਬੰਦ ਹੁੰਦਾ ਹੈ ਤਾਂ ਉਸਦੀ ਥਾਂ ਹਮੇਸ਼ਾਂ ਹੋਰ ਰਸਤੇ ਜ਼ਰੂਰ ਖੁਲ੍ਹ ਜਾਂਦੇ ਹਨ। ਸਿਰਫ਼ ਉਨ੍ਹਾਂ ਨੂੰ ਲੱਭਣ ਦੀ ਲੋੜ ਹੁੰਦੀ ਹੈ। ਕਈ ਵਾਰ ਤੰਗ ਗਲੀਆਂ ਅਤੇ ਟੇਢੇ-ਮੇਢੇ ਰਸਤੇ ਪਾਰ ਕਰਕੇ ਵੀ ਇਨਸਾਨ ਆਪਣੀ ਮੰਜ਼ਿਲ ਤੱਕ ਪਹੁੰਚ ਸਕਦਾ ਹੈ। ਫ਼ਰਕ ਸਿਰਫ਼ ਇੰਨਾ ਹੁੰਦਾ ਹੈ ਕਿ ਸਮਾਂ ਥੋੜ੍ਹਾ ਵਧੇਰੇ ਲੱਗ ਜਾਂਦਾ ਹੈ ਤੇ ਤੰਗ ਰਸਤੇ ਅਤੇ ਤਿੱਖੇ ਮੋੜਾਂ ਨੂੰ ਪਾਰ ਕਰਨ ਲਈ ਸਾਵਧਾਨੀ ਨਾਲ ਚੱਲਣ ਦੀ ਲੋੜ ਹੁੰਦੀ ਹੈ। ਪਰ ਆਖ਼ਰਕਾਰ, ਮੰਜ਼ਿਲ ਮਿਲ ਹੀ ਜਾਂਦੀ ਹੈ।

ਜੀਵਨ ਦਾ ਸਫ਼ਰ ਵੀ ਅਕਸਰ ਕੁਝ ਇਸੇ ਤਰ੍ਹਾਂ ਦਾ ਹੁੰਦਾ ਹੈ। ਹਰ ਕੋਈ ਚਾਹੁੰਦਾ ਹੈ ਕਿ ਵੱਡੀਆਂ ਤੇ ਸਿਧੀਆਂ ਸੜਕਾਂ ਰਾਹੀਂ ਤੇਜ਼ੀ ਨਾਲ ਅੱਗੇ ਵਧੇ ਅਤੇ ਸਭ ਤੋਂ ਆਸਾਨ ਰਸਤੇ ’ਤੇ ਚੱਲ ਕੇ ਆਪਣੀ ਮੰਜ਼ਿਲ ਤੱਕ ਪਹੁੰਚ ਜਾਵੇ। ਪਰ ਅਜਿਹੇ ਆਸਾਨ ਰਸਤਿਆਂ ਵਿਚ ਅਕਸਰ ਰੁਕਾਵਟਾਂ ਮਿਲਦੀਆਂ ਹਨ, ਜਿਸ ਸਦਕਾ ਸਫ਼ਲਤਾ ਹਾਸਲ ਕਰਨਾ ਮੁਸ਼ਕਲ ਲੱਗਣ ਲੱਗਦਾ ਹੈ। ਪਰ ਜਿੱਥੇ ਇੱਕ ਵੱਡਾ ਰਸਤਾ ਬੰਦ ਹੁੰਦਾ ਹੈ, ਉੱਥੇ ਕਈ ਛੋਟੇ ਰਸਤੇ ਖੁੱਲ ਜਾਂਦੇ ਹਨ। ਗੱਲ ਸਿਰਫ਼ ਉਹਨਾਂ ਰਸਤਿਆਂ ਨੂੰ ਲੱਭਣਾ ਅਤੇ ਉਨ੍ਹਾਂ ਰਾਹੀਂ ਅੱਗੇ ਵਧਣ ਦੀ ਹੁੰਦੀ ਹੈ।

ਇਹ ਗੱਲ ਸੱਚ ਹੈ ਜਦੋਂ ਤੁਸੀਂ ਕਿਸੇ ਤਕੜੇ ਵਿਰੋਧੀ ਦੇ ਸਨਮੁੱਖ ਹੁੰਦੇ ਹੋ ਅਤੇ ਉਸ ਨਾਲ ਸਿੱਧਾ ਟੱਕਰ ਲੈਣਾ ਤੁਹਾਡੇ ਲਈ ਬਹੁਤ ਮੁਸ਼ਕਲ ਹੁੰਦਾ ਹੈ। ਉਸ ਵੇਲੇ ਤੁਹਾਨੂੰ ਉਸ ਨਾਲ ਨਜਿੱਠਣ ਲਈ ਕੋਈ ਅਸਿੱਧਾ ਰਸਤਾ ਲੱਭਣਾ ਪੈਂਦਾ ਹੈ। ਕਈ ਵਾਰ ਸਮਝੌਤਾ ਜਾਂ ਢਲਾਅ ਹੀ ਉਹ ਅਸਿੱਧਾ ਰਸਤਾ ਜਾਂ ਸਭ ਤੋਂ ਵਧੀਆ ਹੱਲ ਹੁੰਦਾ ਹੈ।

ਜਦੋਂ ਕਿਸੇ ਇਕ ਖ਼ਾਸ ਖੇਤਰ ਵਿੱਚ ਮੌਕਿਆਂ ਦੀ ਘਾਟ ਨਜ਼ਰ ਆਵੇ ਤਾਂ ਲਾਜ਼ਮੀ ਹੈ ਕਿ ਹੋਰ ਖੇਤਰਾਂ ਵਿੱਚ ਮੌਕੇ ਲੱਭੇ ਜਾ ਸਕਦੇ ਹਨ। ਜਦੋਂ ਤੁਸੀਂ ਪਹਿਲੀ ਕਤਾਰ ਵਿੱਚ ਆਪਣੀ ਜਗਾਹ ਬਣਾਉਣ ਤੋਂ ਅਸਮਰਥ ਹੁੰਦੇ ਹੋ ਤਾਂ ਇਸ ਵਿਚ ਕੋਈ ਬੁਰਾਈ ਨਹੀਂ ਕਿ ਜਦੋਂ ਤੱਕ ਪਹਿਲੀ ਕਤਾਰ ਦੇ ਯੋਗ ਨਹੀਂ ਹੁੰਦੇ ਉਦੋਂ ਤਕ ਪਿੱਛੇ ਬੈਠ ਕੇ ਪੂਰੀ ਮਿਹਨਤ ਨਾਲ ਆਪਣਾ ਕਾਰਜ ਕਰਦੇ ਜਾਓ। ਜੇਕਰ ਲੋਕ ਤੁਹਾਡੀ ਮਦਦ ਕਰਨ ਲਈ ਹੱਥ ਨਹੀਂ ਵਧਾਉਂਦੇ ਤਾਂ ਬਿਨ੍ਹਾਂ ਡਰ ਤੇ ਪਰਵਾਹ ਦੇ ਆਪਣੇ ਆਪ ’ਤੇ ਭਰੋਸਾ ਕਰਕੇ ਅੱਗੇ ਵਧਣ ਦੀ ਹਿੰਮਤ ਕਰੋ। ਜਦੋਂ ਤੁਹਾਨੂੰ ਜ਼ਿੰਦਗੀ ਵਿੱਚ ਲੋਕਾਂ ਤੋਂ ਮਦਦ ਦੀ ਉਮੀਦ ਹੋਵੇ, ਪਰ ਕੋਈ ਵੀ ਤੁਹਾਡੀ ਮਦਦ ਕਰਨ ਲਈ ਤਿਆਰ ਨਾ ਹੋਵੇ ਤਾਂ ਆਪਣੇ ਆਪ ਨੂੰ ਵਾਂਝਾ ਸਮਝਣ ਦੀ ਬਜਾਏ ਪਰਮਾਤਮਾ ਦੀਆਂ ਬਖਸ਼ਿਸ਼ਾਂ ਕਮਾਉਣ ਦੀ ਕੋਸ਼ਿਸ਼ ਕਰੋ।

ਹਰ ਬੰਦ ਦਰਵਾਜ਼ੇ ਦੇ ਨਾਲ ਹਮੇਸ਼ਾ ਇਕ ਹੋਰ ਦਰਵਾਜ਼ਾ ਖੁੱਲ੍ਹਾ ਹੁੰਦਾ ਹੈ, ਪਰ ਸਿਰਫ਼ ਉਹਨਾਂ ਲਈ ਜੋ ਉਸਨੂੰ ਵੇਖਣ ਦੀ ਨਿਗਾਹ ਅਤੇ ਉਸ ਵਿਚੋਂ ਲੰਘਣ ਦਾ ਸਾਹਸ ਰੱਖਦੇ ਹਨ।

ਯੋਗਤਾ ਲਈ ਇਨਾਮ

ਜਦੋਂ ਵੀ ਕੋਈ ਕਿਤਾਬ ਛਪਾਈ ਲਈ ਪ੍ਰੈੱਸ ਨੂੰ ਦਿੱਤੀ ਜਾਂਦੀ ਹੈ ਤਾਂ ਆਮ ਤੌਰ 'ਤੇ ਉਸਦੀ ਪ੍ਰੂਫ਼ ਕਾਪੀ ਲੇਖਕ ਨੂੰ ਛਪਾਈ ਤੋਂ ਪਹਿਲਾਂ ਦਿਖਾਈ ਜਾਂਦੀ ਹੈ। ਇਹ ਪ੍ਰੂਫ਼ ਆਮ ਕਾਗਜ਼ 'ਤੇ ਵੱਡੇ ਸਾਈਜ਼ ਦੇ ਸਫ਼ਿਆਂ ਉੱਤੇ ਬਿਨਾਂ ਬਾਈਂਡ ਕੀਤੇ ਦਿੱਤੇ ਜਾਂਦੇ ਹਨ। ਇਸ ਨਾਲ ਸਿਰਫ਼ ਇਹ ਪਤਾ ਲੱਗਦਾ ਹੈ ਕਿ ਕਿਤਾਬ ਦੇ ਸਫ਼ਿਆਂ 'ਚ ਕਿਤੇ ਸੈਟਿੰਗ ਜਾਂ ਡਿਜ਼ਾਇਨ ਦੀ ਗਲਤੀ ਤਾਂ ਨਹੀਂ, ਪਰ ਇਸ ਨਾਲ ਇਹ ਪੂਰਾ ਅੰਦਾਜ਼ਾ ਨਹੀਂ ਹੋ ਸਕਦਾ ਕਿ ਅੰਤਿਮ ਰੂਪ ਵਿੱਚ ਕਿਤਾਬ ਛੱਪ ਕੇ ਤੇ ਬਾਈਂਡ ਹੋਣ ਤੋਂ ਬਾਅਦ ਕਿਵੇਂ ਲੱਗੇਗੀ।

ਜਦੋਂ ਦਿੱਲੀ ਦੇ ਇਕ ਪ੍ਰਿੰਟਿੰਗ ਪ੍ਰੈੱਸ ਦੇ ਮਾਲਕ ਨੂੰ ਪਹਿਲੀ ਵਾਰ ਨਵੀਂ ਦਿੱਲੀ ਦੀ ਇੱਕ ਐਮਬੈਸੀ ਵੱਲੋਂ ਕਿਤਾਬ ਛਾਪਣ ਦਾ ਓਰਡਰ ਮਿਲਿਆ ਤਾਂ ਉਸਨੇ ਸੋਚਿਆ ਕਿ ਚੰਗਾ ਪ੍ਰਭਾਵ ਛੱਡਣਾ ਜ਼ਰੂਰੀ ਹੈ। ਇਸ ਲਈ ਉਸਨੇ ਪ੍ਰੂਫ਼ ਦਿਖਾਉਣ ਦਾ ਇਕ ਨਵਾਂ ਢੰਗ ਸੋਚਿਆ। ਉਸਨੇ ਵਧੀਆ ਗੁਣਵੱਤਾ ਵਾਲਾ ਕਾਗਜ਼ ਵਰਤਿਆ, ਦੋਵੇਂ ਪਾਸੇ ਛਪਾਈ ਕੀਤੀ ਅਤੇ ਸਫ਼ਿਆਂ ਨੂੰ ਕਿਤਾਬ ਦੇ ਰੂਪ ਵਿੱਚ ਬਾਈਂਡ ਕਰਕੇ ਐਮਬੈਸੀ ਅਧਿਕਾਰੀਆਂ ਨੂੰ ਸੌਂਪਿਆ।

ਇਹ ਪ੍ਰੂਫ਼ ਇਕ ਤਰ੍ਹਾਂ ਨਾਲ ਕਿਤਾਬ ਦਾ ਐਡਵਾਂਸ ਸੈਂਪਲ ਸੀ। ਐਮਬੈਸੀ ਦੇ ਲੋਕ ਇਸ ਪੇਸ਼ਕਾਰੀ ਨਾਲ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਭਵਿੱਖ ਦੇ ਸਾਰੇ ਓਰਡਰ ਵੀ ਉਸੇ ਪ੍ਰੈੱਸ ਨੂੰ ਦੇਣੇ ਸ਼ੁਰੂ ਕਰ ਦਿੱਤੇ।

ਕੁਝ ਸਮੇਂ ਬਾਅਦ ਦੂਜੀ ਪ੍ਰੈੱਸ ਦੇ ਮਾਲਕ ਨੇ ਐਮਬੈਸੀ ਦੇ ਲੋਕਾਂ ਨੂੰ ਕਿਹਾ ਕਿ ਉਹਨਾਂ ਦਾ ਮੌਜੂਦਾ ਪ੍ਰੈੱਸ ਉਨ੍ਹਾਂ ਤੋਂ ਵੱਧ ਪੈਸੇ ਲੈ ਰਿਹਾ ਹੈ। ਇਹ ਗੱਲ ਸੁਣ ਕੇ ਐਮਬੈਸੀ ਨੇ ਉਸਨੂੰ ਟ੍ਰਾਇਲ ਲਈ ਇਕ ਕੰਮ ਦਿੱਤਾ। ਪਰ ਜਦੋਂ ਉਸਨੇ ਪ੍ਰੂਫ਼ ਤਿਆਰ ਕੀਤੇ ਤਾਂ ਉਹ ਆਮ ਕਾਗਜ਼ 'ਤੇ, ਬਿਨਾਂ ਬਾਈਂਡ ਕੀਤੇ ਪੁਰਾਣੇ ਢੰਗ ਨਾਲ ਤਿਆਰ ਕੀਤੇ ਗਏ ਸਨ। ਐਮਬੈਸੀ ਦੇ ਲੋਕਾਂ ਨੂੰ ਇਸ ਸੈਂਪਲ ਕਾਪੀ ਵਿਚੋਂ ਕਿਤਾਬ ਦੇ ਅੰਤਿਮ ਰੂਪ ਦੀ ਕੋਈ ਸਹੀ ਝਲਕ ਨਾ ਮਿਲ ਸਕੀ। ਉਹਨਾਂ ਨੂੰ ਇਹ ਕੰਮ ਘੱਟ-ਗੁਣਵੱਤਾ ਵਾਲਾ ਲੱਗਿਆ ਅਤੇ ਉਨ੍ਹਾਂ ਨੇ ਆਰਡਰ ਰੱਦ ਕਰ ਦਿੱਤਾ। ਉਸ ਤੋਂ ਬਾਅਦ ਉਹ ਮੁੜ ਪਹਿਲੇ ਪ੍ਰਿੰਟਰ ਕੋਲ ਹੀ ਵਾਪਸ ਚਲੇ ਗਏ।

ਇਹ ਘਟਨਾ ਦਰਸਾਉਂਦੀ ਹੈ ਕਿ ਜੇ ਤੁਹਾਡੇ ਅੰਦਰ ਕੋਈ ਖਾਸ ਯੋਗਤਾ ਹੈ ਤਾਂ ਉਸਦਾ ਇਨਾਮ ਤੁਹਾਨੂੰ ਆਖਿਰਕਾਰ ਜ਼ਰੂਰ ਮਿਲੇਗਾ।

ਪੂਰਨ ਸਮਰਪਣ

ਸ. ਸੁਰਜੀਤ ਸਿੰਘ ਲਾਂਬਾ (ਜਨਮ 1931), ਜੋ ਕਿ ਕਾਨੂੰਨ ਮੰਤਰਾਲੇ ਵਿਚ ਕਾਰਜਸ਼ੀਲ ਸਨ ਅਤੇ ਨਵੀਂ ਦਿੱਲੀ ਦੇ ਕੀਰਤੀ ਨਗਰ ਵਿਚ ਰਹਿੰਦੇ ਸਨ, ਨੂੰ ਕੁਦਰਤ ਵਲੋਂ ਫੋਟੋਗ੍ਰਾਫਿਕ ਮੈਮਰੀ ਦੀ ਦਾਤ ਮਿਲੀ ਹੋਈ ਸੀ। ਇਸਦਾ ਅਰਥ ਇਹ ਸੀ ਕਿ ਉਹ ਕਿਸੇ ਵੀ ਚੀਜ਼ ਨੂੰ (ਚਾਹੇ ਵਾਰਤਕ ਹੋਵੇ ਜਾਂ ਕਵਿਤਾ) ਕੁਝ ਵਾਰ ਪੜ੍ਹ ਕੇ ਉਸਦੇ ਸਾਰੇ ਵੇਰਵੇ ਵਿਸਤਾਰ ਸਹਿਤ ਯਾਦ ਕਰ ਲੈਂਦੇ ਸਨ। ਆਪਣੀ ਇਹ ਕਲਾ ਉਨ੍ਹਾਂ ਨੇ ਜੂਨ 1983 ਵਿਚ ਸਾਡੇ ਦਫਤਰ ਦੀ ਫੇਰੀ ਦੌਰਾਨ ਦਿਖਾਈ ਸੀ, ਜਦੋਂ ਉਨ੍ਹਾਂ ਨੇ ਅਲ-ਰਿਸਾਲਾ ਦੇ ਪੂਰੇ ਲੇਖ ਯਾਦ ਕਰਕੇ ਸੁਣਾ ਦਿੱਤੇ ਸਨ।

ਇਕਬਾਲ ਦੇ ਵੱਡੇ ਪ੍ਰਸ਼ੰਸਕ ਹੋਣ ਕਰਕੇ ਉਨ੍ਹਾਂ ਨੇ ਉਸ ਦੀਆਂ ਸੈਂਕੜੇ ਹੀ ਨਹੀਂ ਹਜ਼ਾਰਾਂ ਪੰਕਤੀਆਂ ਵੀ ਦਿਲੋਂ ਯਾਦ ਕਰ ਲਈਆਂ ਸਨ ਅਤੇ ਇਸ ਤਰ੍ਹਾਂ ਉਹ ਇਕਬਾਲ ਦੀ ਜ਼ਿੰਦਗੀ ਅਤੇ ਰਚਨਾਵਾਂ ਦੀ ਜਾਣਕਾਰੀ ਰੱਖਣ ਦੇ ਮਾਹਰ ਬਣ ਗਏ ਸਨ। 1983 ਵਿੱਚ ਸ. ਲਾਂਬਾ ਪਾਕਿਸਤਾਨ ਗਏ ਜਿੱਥੇ ਉਨ੍ਹਾਂ ਨੂੰ ਇਕਬਾਲ ਦੇ ਵਿਸ਼ੇਸ਼ਗ ਵਜੋਂ ਬੜੀ ਇੱਜ਼ਤ ਮਿਲੀ। ਲਾਹੌਰ ਦੇ ਸ਼੍ਰੀ ਆਮੀਰ ਹੁਸੈਨ, ਜੋ ਖੁਦ ਵੀ ਇਕਬਾਲ ਦੇ ਮਾਹਰ ਮੰਨੇ ਜਾਂਦੇ ਸਨ, ਨੇ ਸ. ਲਾਂਬਾ ਨੂੰ ਚੁਣੌਤੀ ਦਿੱਤੀ ਕਿ ਉਹ ਉਸ ਤੋਂ ਵੱਧ ਇਕਬਾਲ ਦੀਆਂ ਕਵਿਤਾਵਾਂ ਚੇਤੇ ਵਿਚੋਂ ਸੁਣਾ ਦੇਣ। ਆਮੀਰ ਹੁਸੈਨ ਲਾਹੌਰੀ ਨੂੰ ਆਪਣੀ ਯਾਦਾਸ਼ਤ ਉੱਤੇ ਇੰਨਾ ਭਰੋਸਾ ਸੀ ਕਿ ਉਸਨੇ ਚੁਣੋਤੀ ਦਿੱਤੀ ਕਿ ਜੇਕਰ ਸ. ਲਾਂਬਾ ਉਸਨੂੰ ਹਰਾ ਦੇਣ ਤਾਂ ਉਹ 5000 ਰੁਪਏ ਨਕਦ ਇਨਾਮ ਦਵੇਗਾ।

ਸ. ਲਾਂਬਾ ਨੇ ਚੁਣੌਤੀ ਸਵੀਕਾਰ ਕਰ ਲਈ ਅਤੇ ਇਹ ਤੈਅ ਹੋਇਆ ਕਿ ਦੋਵੇਂ ਵਾਰੀ-ਵਾਰੀ ਇਕਬਾਲ ਦੀ ਕਿਸੇ ਵੀ ਕਵਿਤਾ ਦਾ ਕੋਈ ਵੀ ਅੰਸ਼ ਸੁਣਾਉਣਗੇ ਅਤੇ ਦੂਜੇ ਨੂੰ ਉਸਦੀ ਅਗਲੀ ਪੰਕਤੀ ਸੁਣਾਉਣੀ ਪਵੇਗੀ। ਸ. ਲਾਂਬਾ ਹਰ ਵਾਰ ਬਿਨ੍ਹਾਂ ਗਲਤੀ ਕੀਤੇ ਉਸਦੀ ਅਗਲੀ ਪੰਕਤੀ ਸੁਣਾਉਂਦੇ ਰਹੇ। ਪਰ ਆਮੀਰ ਹੁਸੈਨ ਅਖੀਰਕਾਰ ਉਨ੍ਹਾਂ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਹਾਰ ਮੰਨ ਗਿਆ। ਜਦੋਂ ਉਨ੍ਹਾਂ ਦੀ ਯਾਦਦਾਸ਼ਤ ਬਾਰੇ ਪੁੱਛਿਆ ਗਿਆ ਤਾਂ ਸ. ਲਾਂਬਾ ਨੇ ਕਿਹਾ— "ਮੈਂ ਪਿਛਲੇ ਦਸ ਸਾਲਾਂ ਤੋਂ ਇਕਬਾਲ ਦੀ ਸ਼ਮਾਅ ਦੇ ਚਾਰੋਂ ਪਾਸੇ ਪਰਵਾਨੇ ਵਾਂਗ ਘੁੰਮ ਰਿਹਾ ਹਾਂ। ਜੇਕਰ ਤੁਸੀਂ ਮੇਰੇ ਨਾਲੋਂ ਵੱਧ ਵਾਰ ਇਸਦੇ ਆਲੇ-ਦੁਆਲੇ ਘੁੰਮੇ ਹੋ, ਤਾਂ ਹੀ ਮੈਨੂੰ ਪ੍ਰਤਿਯੋਗਿਤਾ ਵਿੱਚ ਹਰਾ ਸਕਦੇ ਹੋ।"

ਅਸਲ ਗੱਲ ਇਹ ਹੈ ਕਿ ਕਿਸੇ ਵੀ ਖੇਤਰ ਵਿੱਚ ਸਿਰਫ਼ ਪੂਰਨ ਸਮਰਪਣ ਹੀ ਸਫਲਤਾ ਤੱਕ ਲੈ ਜਾਂਦਾ ਹੈ। ਜ਼ਿੰਦਗੀ ਦੀਆਂ ਕੁਝ ਮਹੱਤਵਪੂਰਨ ਚੀਜ਼ਾਂ ਦੀ ਹੀ "ਸ਼ਮਾਅ" ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਇਸ ਸੰਘਰਸ਼ ਅਤੇ ਮੁਕਾਬਲੇ ਭਰੀ ਦੁਨੀਆ ਵਿੱਚ ਉਹੀ ਅੱਗੇ ਵੱਧ ਸਕਦਾ ਹੈ, ਜਿਸ ਨੇ ਦੂਜਿਆਂ ਨਾਲੋਂ ਵੱਧ ਸਮਾਂ ਉਸ ਸ਼ਮਾਅ ਦੇ ਆਲੇ-ਦੁਆਲੇ ਬਿਤਾਇਆ ਹੋਵੇ। ਜ਼ਿੰਦਗੀ ਆਦਾਨ-ਪ੍ਰਦਾਨ ਦਾ ਨਾਮ ਹੈ। ਜੋ ਕੁਝ ਵੀ ਸਾਡੇ ਕੋਲ ਹੈ— ਦਿਮਾਗ, ਮਿਹਨਤ, ਕਲਾ, ਧਨ, ਊਰਜਾ ਆਦਿ ਨੂੰ ਜਿੰਨਾਂ ਜ਼ਿਆਦਾ ਅਸੀਂ ਪ੍ਰਦਾਨ ਕਰਦੇ ਹਾਂ ਜਾਂ ਦਾਅ 'ਤੇ ਲਾਉਂਦੇ ਹਾਂ, ਉਸੇ ਅਨੁਸਾਰ ਹੀ ਸਾਨੂੰ ਲਾਭ ਪ੍ਰਾਪਤ ਹੁੰਦਾ ਹੈ। ਜਿੰਨਾ ਅਸੀਂ ਦਵਾਂਗੇ, ਉਨਾ ਹੀ ਪਾਵਾਂਗੇ। ਤੇ ਜਿੰਨਾ ਅਸੀਂ ਅਸਲ ਵਿਚ ਪ੍ਰਦਾਨ ਕੀਤਾ ਹੈ ਉਸ ਤੋਂ ਵੱਧ ਕਦੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

ਆਲਸਤਾ

ਜਦੋਂ ਮੈਂ ਪਹਿਲੀ ਨਜ਼ਰੇ ਕਿਸੇ ਇਨਸਾਨ ਨੂੰ ਵੇਖਦਾ ਹਾਂ ਤਾਂ ਮੈਨੂੰ ਉਸ ਦੀ ਸ਼ਖ਼ਸੀਅਤ ਬਹੁਤ ਪ੍ਰਭਾਵਿਤ ਕਰਦੀ ਹੈ, ਪਰ ਜਦੋਂ ਮੈਨੂੰ ਇਹ ਪਤਾ ਲੱਗਦਾ ਹੈ ਕਿ ਉਹ ਕੋਈ ਕੰਮ-ਧੰਦਾ ਨਹੀਂ ਕਰਦਾ ਤਾਂ ਉਸ ਹੀ ਇਨਸਾਨ ਦੀ ਸ਼ਖ਼ਸੀਅਤ ਮੇਰੀਆਂ ਨਜ਼ਰਾਂ ਵਿੱਚ ਨਾਕਾਰਾਤਮਕ ਹੋ ਜਾਂਦੀ ਹੈ।

ਇਹੀ ਪਰੰਪਰਾ ਇਬਨ ਜੌਜ਼ੀ ਨੇ ਆਪਣੀ ਕਿਤਾਬ ਤਲਬੀਸ-ਏ-ਇਬਲੀਸ ਵਿੱਚ ਦਰਜ ਕੀਤੀ ਹੈ, ਜਿਸ ਵਿੱਚ ਮੁਹੰਮਦ ਬਿਨ ਆਸਿਮ ਕਹਿੰਦੇ ਹਨ: "ਮੈਨੂੰ ਪਤਾ ਲੱਗਿਆ ਕਿ ਜਦੋਂ ਉਮਰ ਨੂੰ ਕੋਈ ਨੌਜਵਾਨ ਮਿਲਦਾ ਅਤੇ ਉਸਨੂੰ ਬਹੁਤ ਪ੍ਰਭਾਵਿਤ ਕਰਦਾ ਤਾਂ ਉਹ ਹਮੇਸ਼ਾ ਨੌਜਵਾਨ ਨੂੰ ਪਹਿਲਾ ਪ੍ਰਸ਼ਨ ਇਹ ਕਰਦੇ ਕਿ 'ਤੂੰ ਕੋਈ ਨੌਕਰੀ ਕਰਦਾ ਹੈ?' ਜੇ ਉਸ ਦਾ ਜਵਾਬ ਨਕਾਰਾਤਮਕ ਹੁੰਦਾ ਤਾਂ ਉਹ ਉਮਰ ਦੀ ਨਜ਼ਰ ਵਿੱਚ ਗਿਰ ਜਾਂਦਾ ਸੀ।" ਅਸਲ ਹਕੀਕਤ ਇਹ ਹੈ ਕਿ ਆਲਸਤਾ ਕਿਸੇ ਵੀ ਵਿਅਕਤੀ ਲਈ ਸਭ ਤੋਂ ਬੁਰੀ ਚੀਜ਼ ਹੈ। ਇਹ ਉਸ ਦੀਆਂ ਸਾਰੀਆਂ ਚੰਗੀਆਂ ਖੂਬੀਆਂ ਨੂੰ ਨਿਗਲ ਲੈਂਦੀ ਹੈ। ਹਾਲਾਂਕਿ ਇੱਕ ਬੇਰੋਜ਼ਗਾਰ ਵਿਅਕਤੀ ਜੀਉਂਦਾ ਦਿੱਸਦਾ ਹੈ, ਪਰ ਅਸਲ ਵਿੱਚ ਉਹ ਬੇਜਾਨ ਹੁੰਦਾ ਹੈ। ਉਸ ਦੇ ਅੰਦਰ ਕੋਈ ਭਾਵਪੂਰਨ ਜਜ਼ਬੇ ਨਹੀਂ ਹੋ ਸਕਦੇ। ਅਤੇ ਮਨੁੱਖ ਨੂੰ ਮਨੁੱਖ ਬਣਾਉਣ ਵਾਲੀ ਚੀਜ਼ ਹੀ ਇਹ ਭਾਵਪੂਰਨ ਜਜ਼ਬੇ ਹਨ।

ਇੱਕ ਪ੍ਰਸ਼ਨ ਇਹ ਹੈ ਕਿ ਕੋਈ ਵਿਅਕਤੀ ਕਦੋਂ ਬੇਰੋਜ਼ਗਾਰ ਰਹਿੰਦਾ ਹੈ? ਜਦੋਂ ਉਹ ਸਖ਼ਤ ਮਿਹਨਤ ਤੋਂ ਕਤਰਾਉਂਦਾ ਹੈ ਜਾਂ ਉਸਨੂੰ ਅਜਿਹਾ ਕੰਮ ਨਹੀਂ ਮਿਲਦਾ ਜਿਸ ਵਿੱਚ ਮਿਹਨਤ ਨਾ ਕਰਨੀ ਪਵੇ ਅਤੇ ਉਹ ਆਪਣੇ ਪਸੰਦੀਦਾ ਰੋਜ਼ਗਾਰ ਦੀ ਉਡੀਕ ਕਰਦਾ ਹੋਇਆ ਸਮਾਂ ਵਿਅਰਥ ਕਰ ਦਿੰਦਾ ਹੈ।

ਆਲਸਤਾ ਦੀ ਹੋਰ ਨਸਲ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਕਿਸੇ ਨੂੰ ਵਿਰਾਸਤ ਵਿੱਚ ਦੌਲਤ ਮਿਲਦੀ ਹੈ ਜਾਂ ਉਸਦੇ ਕੋਲ ਹੋਰ ਅਜਿਹੇ ਆਮਦਨੀ ਦੇ ਸਰੋਤ ਹੁੰਦੇ ਹਨ ਜਿਨ੍ਹਾਂ ਲਈ ਉਸਨੇ ਕੋਈ ਨਿੱਜੀ ਮਿਹਨਤ ਨਹੀਂ ਕੀਤੀ ਹੁੰਦੀ, ਜਿਵੇਂ ਕਿ ਬੈਂਕ ਵਿੱਚ ਜਮ੍ਹਾਂ ਕੀਤੇ ਪੈਸਿਆਂ ਉੱਤੇ ਮਿਲਣ ਵਾਲਾ ਸੂਦ, ਜਾਂ ਹਰ ਮਹੀਨੇ ਮਿਲਣ ਵਾਲਾ ਮਕਾਨ ਦਾ ਕਿਰਾਇਆ। ਇਹ ਸਾਰੇ ਆਮਦਨੀ ਦੇ ਸਰੋਤ ਆਲਸਤਾ ਨੂੰ ਜਨਮ ਦਿੰਦੇ ਹਨ ਅਤੇ ਇਹ ਆਲਸਤਾ ਕਿਸੇ ਵੀ ਵਿਅਕਤੀ ਲਈ ਬਰਬਾਦੀ ਸਾਬਤ ਹੁੰਦੀ ਹੈ ਫਿਰ ਚਾਹੇ ਉਹ ਕਿੰਨਾ ਵੀ ਅਮੀਰ ਕਿਉਂ ਨਾ ਹੋਵੇ।

ਹਰ ਵਿਅਕਤੀ ਦਾ ਜੀਵਨ ਵਿੱਚ ਕੋਈ ਨਾ ਕੋਈ ਉਦੇਸ਼ ਹੋਣਾ ਜ਼ਰੂਰੀ ਹੈ। ਹਰ ਵਿਅਕਤੀ ਨੂੰ ਆਪਣੇ ਲਈ ਕੋਈ ਨਾ ਕੋਈ ਰੁਝੇਵਾ ਜਾਂ ਕਾਰਜ ਲੱਭਣਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਉਸ ਕਾਰਜ ਵਿਚ ਵਿਅਸਤ ਰੱਖਣਾ ਚਾਹੀਦਾ ਹੈ। ਜਿਸ ਕੋਲ ਜੀਵਨ ਵਿਚ ਕੋਈ ਕੰਮ ਜਾਂ ਉਦੇਸ਼ ਨਹੀਂ, ਅਸਲ ਵਿਚ ਉਸਦਾ ਜੀਵਨ ਵਿਅਰਥ ਹੈ। ਤੁਹਾਨੂੰ ਬਹੁਤ ਘੱਟ ਹੀ ਦੇਖਣ ਨੂੰ ਮਿਲੇਗਾ ਕਿ ਕੋਈ ਉੱਚ ਬੌਧਿਕ ਦਰਜੇ ਵਾਲਾ ਵਿਅਕਤੀ ਬੇਰੋਜ਼ਗਾਰ ਹੋਵੇ।

ਸਮੇਂ ਸਿਰ ਕਦਮ ਚੁੱਕਣਾ

ਇੱਕ ਮੈਡੀਕਲ ਕਾਲਜ ਦੇ ਪ੍ਰੋਫੈਸਰ ਨੇ ਇੱਕ ਵਿਦਿਆਰਥੀ ਨੂੰ ਮੌਖਿਕ ਪਰੀਖਿਆ ਦਿੰਦਿਆਂ ਪੁੱਛਿਆ, "ਜੇ ਕਿਸੇ ਵਿਅਕਤੀ ਨੂੰ ਦਿਲ ਦਾ ਦੌਰਾ ਪੈ ਗਿਆ ਹੋਵੇ ਤਾਂ ਤੂੰ ਉਸਨੂੰ ਇਹ ਗੋਲੀਆਂ ਵਿੱਚੋਂ ਕਿੰਨੀਆਂ ਦੇਵੇਂਗਾ?" ਵਿਦਿਆਰਥੀ ਨੇ ਜਵਾਬ ਦਿੱਤਾ, "ਚਾਰ।" ਇੱਕ ਮਿੰਟ ਬਾਅਦ ਉਹ ਅਚਾਨਕ ਬੋਲਿਆ, "ਪ੍ਰੋਫੈਸਰ ਸਾਹਿਬ, ਕੀ ਮੈਂ ਆਪਣਾ ਜਵਾਬ ਬਦਲ ਸਕਦਾ ਹਾਂ?" "ਬਿਲਕੁਲ ਬਦਲ ਸਕਦਾ ਹੈ" ਪ੍ਰੋਫੈਸਰ ਨੇ ਘੜੀ ਵੇਖਦਿਆਂ ਕਿਹਾ, "ਪਰ ਅਫਸੋਸ, ਤੇਰਾ ਮਰੀਜ਼ 40 ਸਕਿੰਟ ਪਹਿਲਾਂ ਹੀ ਮਰ ਚੁੱਕਾ ਹੈ।"

ਜੀਵਨ ਦੇ ਕੁਝ ਮਸਲੇ ਇੰਨੇ ਨਾਜ਼ੁਕ ਹੁੰਦੇ ਹਨ ਕਿ ਉਹਨਾਂ ਵਿੱਚ ਇਕ ਪਲ ਦੀ ਵੀ ਦੇਰੀ ਕਿਤੇ ਬਿਨਾਂ ਸਹੀ ਕਦਮ ਚੁੱਕਣਾ ਲਾਜ਼ਮੀ ਹੁੰਦਾ ਹੈ। ਪਰ ਫ਼ੌਰੀ ਚੁੱਕਿਆ ਕਦਮ ਵੀ ਸਹੀ ਹੋਣਾ ਚਾਹੀਦਾ ਹੈ, ਨਹੀਂ ਤਾਂ ਨਤੀਜੇ ਘਾਤਕ ਹੋ ਸਕਦੇ ਹਨ ਅਤੇ ਸਾਰੀ ਉਮਰ ਪਛਤਾਵਾ ਪੱਲੇ ਪੈ ਸਕਦਾ ਹੈ।

ਸਾਡੇ ਫੈਸਲੇ ਕਰਨ ਦੇ ਪਲ ਅਕਸਰ ਉਸੇ ਤਰ੍ਹਾਂ ਦੇ ਹੁੰਦੇ ਹਨ ਜਿਵੇਂ ਕਿ ਰੇਲਗੱਡੀ ’ਤੇ ਚੜ੍ਹਨ ਦੀ ਕੋਸ਼ਿਸ਼ ਕਰਨਾ। ਰੇਲਗੱਡੀ ’ਤੇ ਚੜ੍ਹਨ ਲਈ ਤਿਆਰੀ ਕਰਨੀ ਲਾਜ਼ਮੀ ਹੁੰਦੀ ਹੈ। ਸਾਨੂੰ ਆਪਣਾ ਸਮਾਨ ਪੈਕ ਕਰਨਾ ਪੈਂਦਾ ਹੈ, ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਸਾਰੀਆਂ ਲੋੜੀਂਦੀਆਂ ਚੀਜ਼ਾਂ ਨਾਲ ਰੱਖ ਲਈਆਂ ਹਨ, ਟਿਕਟ ਖਰੀਦਣੀ ਪੈਂਦੀ ਹੈ, ਸਟੇਸ਼ਨ ਤੱਕ ਪਹੁੰਚਣ ਲਈ ਆਵਾਜਾਈ ਦਾ ਸਾਧਨ ਬੁਲਾਉਣਾ ਪੈਂਦਾ ਹੈ ਅਤੇ ਸਮੇਂ ਸਿਰ ਪਲੇਟਫਾਰਮ ’ਤੇ ਪਹੁੰਚਣਾ ਪੈਂਦਾ ਹੈ, ਨਹੀਂ ਤਾਂ ਰੇਲਗੱਡੀ ਦਾ ਛੁੱਟਣਾ ਪੱਕਾ ਹੈ। ਕਿਉਂਕਿ ਰੇਲਗੱਡੀ ਕਿਸੇ ਦੀ ਉਡੀਕ ਨਹੀਂ ਕਰਦੀ। ਉਹ ਆਪਣੇ ਨਿਸ਼ਚਿਤ ਸਮੇਂ ’ਤੇ ਆਉਂਦੀ ਹੈ ਤੇ ਆਪਣੇ ਨਿਸ਼ਚਿਤ ਸਮੇਂ ’ਤੇ ਹੀ ਚੱਲ ਪੈਂਦੀ ਹੈ, ਦੇਰੀ ਕਰਨ ਵਾਲਿਆਂ ਦੀ ਕੋਈ ਪਰਵਾਹ ਨਹੀਂ ਕਰਦੀ। ਜੇ ਅਸੀਂ ਉਸ ਮੈਡੀਕਲ ਵਿਦਿਆਰਥੀ ਵਾਂਗ ਘੱਟ ਤਿਆਰੀ ਕਾਰਨ ਗਲਤ ਕਦਮ ਚੁੱਕ ਲਿਆ ਅਤੇ ਸਹੀ ਜਵਾਬ ਦੇਣ ਵਿਚ ਦੇਰੀ ਕਰ ਦਿੱਤੀ ਤਾਂ ਜੀਵਨ ਦੀ ਰੇਲਗੱਡੀ ਆਪਣੇ ਨਿਰਧਾਰਤ ਰਾਹ ’ਤੇ ਚਲਦੀ ਰਹੇਗੀ ਅਤੇ ਅਸੀਂ ਪਲੇਟਫਾਰਮ ’ਤੇ ਖੜੇ ਸੋਚਦੇ ਰਹਿ ਜਾਵਾਂਗੇ ਕਿ ਹੁਣ ਕੀ ਕਰੀਏ ਤੇ ਆਪਣੀ ਗਲਤੀ ਦੇ ਘਾਤਕ ਨਤੀਜਿਆਂ ਤੋਂ ਕਿਵੇਂ ਬਚੀਏ।

ਇਸ ਲਈ ਜ਼ਿੰਦਗੀ ਵਿਚ ਅੱਗੇ ਆਉਣ ਵਾਲੀਆਂ ਸਾਰੀਆਂ ਸਥਿਤੀਆਂ ਲਈ ਤਿਆਰ ਰਹਿਣਾ ਜ਼ਰੂਰੀ ਹੈ। ਇਸ ਦਾ ਅਰਥ ਹੈ ਕਿ ਚੰਗੀ ਸਿੱਖਿਆ ਪ੍ਰਾਪਤ ਕਰਨਾ, ਚੁਣੇ ਹੋਏ ਕਿੱਤਿਆਂ ਨਾਲ ਸੰਬੰਧਤ ਲੋੜੀਂਦਾ ਤਜਰਬਾ ਸਮੇਂ ਸਿਰ ਹਾਸਲ ਕਰਨਾ ਅਤੇ ਸਭ ਤੋਂ ਵੱਧ ਇਹ ਕਿ ਮੌਕੇ ਆਉਣ ’ਤੇ ਉਹਨਾਂ ਨੂੰ ਹਾਸਲ ਕਰਨ ਲਈ ਮਾਨਸਿਕ ਤੇ ਸਰੀਰਕ ਤੌਰ ’ਤੇ ਤਿਆਰ ਰਹਿਣਾ। ਮਨ ਦਾ ਪੱਕਾ ਹੋਣਾ ਤੇ ਆਪਣੀ ਊਰਜਾ ਨੂੰ ਬੇਕਾਰ ਹਫੜਾ-ਦਫੜੀ ਵਿੱਚ ਬਰਬਾਦ ਨਾ ਹੋਣ ਦੇਣਾ।

ਸਥਿਤੀ ਦਾ ਪੂਰਨ ਉਪਯੋਗ ਕਰਨਾ

ਜਦੋਂ ਇੱਕ ਨੌਜਵਾਨ ਮੁੱਲਾ ਜੀ ਨੂੰ ਇੱਕ ਮਸਜਿਦ ਦਾ ਇਮਾਮ ਨਿਯੁਕਤ ਕੀਤਾ ਗਿਆ ਤਾਂ ਉਸ ਤੋਂ ਫਰਜ਼ ਦੇ ਤੌਰ ’ਤੇ ਸਿਰਫ਼ ਨਮਾਜ਼ ਵਿਚ ਜਮਾਤ ਦੀ ਅਗਵਾਈ ਹੀ ਨਹੀਂ, ਸਗੋਂ ਰੋਜ਼ਾਨਾ ਕੁਰਾਨ ਵਿਚੋਂ ਸਿੱਖਿਆਵਾਂ ਸੁਣਾਉਣ ਦੀ ਵੀ ਉਮੀਦ ਕੀਤੀ ਗਈ। ਇਸ ਦੇ ਬਦਲੇ ਉਸਨੂੰ ਕੇਵਲ ਪੱਚੀ ਰੁਪਏ ਮਹੀਨਾ ਤਨਖ਼ਾਹ ਮਿਲਦੀ ਸੀ। ਪਰ ਕਿਉਂਕਿ ਉਸਨੂੰ ਰਹਿਣ ਲਈ ਇੱਕ ਕਮਰਾ ਅਤੇ ਦਿਨ ਵਿੱਚ ਦੋ ਵਾਰ ਖਾਣਾ ਵੀ ਮਿਲਦਾ ਸੀ, ਉਸਨੇ ਸੋਚਿਆ ਕਿ ਜੋ ਕੁਝ ਮਿਲ ਰਿਹਾ ਹੈ ਉਸ ਦਾ ਲਾਭ ਲੈਣਾ ਚਾਹੀਦਾ ਹੈ। ਸਿਰ ’ਤੇ ਛੱਤ ਹੋਣ ਨਾਲ ਉਸਨੂੰ ਸੁਰੱਖਿਅਤ ਮਹਿਸੂਸ ਹੁੰਦਾ ਅਤੇ ਉਹ ਇਹ ਵੀ ਆਸ ਰੱਖਦਾ ਸੀ ਕਿ ਇਹ ਮਸਜਿਦ ਵਿਚ ਰਹਿਣ ਨਾਲ ਉਸਦੇ ਪੁੱਤਰ ਦੀ ਪੜ੍ਹਾਈ ਲਈ ਵੀ ਬਿਹਤਰ ਅਵਸਰ ਮਿਲ ਸਕਣਗੇ।

ਪਰ ਨਮਾਜ਼ੀਆਂ ਵਲੋਂ ਉਸ ਨਾਲ ਕੀਤਾ ਜਾਣ ਵਾਲਾ ਸਲੂਕ ਬਿਲਕੁਲ ਵੀ ਸਤਿਕਾਰ ਵਾਲਾ ਨਹੀਂ ਸੀ। ਉਹ ਉਸਨੂੰ ਆਪਣਾ ਨੌਕਰ ਹੀ ਸਮਝਦੇ ਸਨ। ਛੋਟੀ-ਛੋਟੀ ਗੱਲ ਜਿਵੇਂ ਪਾਣੀ ਦਾ ਘੜਾ ਕਿਉਂ ਨਹੀਂ ਹੈ, ਝਾੜੂ ਕਿੱਥੇ ਹੈ?, ਮਸਜਿਦ ਸਾਫ਼ ਕਿਉਂ ਨਹੀਂ ਹੈ? ਲਈ ਉਸਨੂੰ ਵਾਰ-ਵਾਰ ਟੋਕਿਆ ਅਤੇ ਬੇਇੱਜ਼ਤ ਕੀਤਾ ਜਾਂਦਾ। ਆਰਥਿਕ ਤੰਗੀ ਉਸਨੂੰ ਬਰਦਾਸ਼ਤ ਸੀ ਪਰ ਲਗਾਤਾਰ ਹੋਣ ਵਾਲੀ ਬੇਇੱਜ਼ਤੀ ਉਸ ਲਈ ਬਹੁਤ ਵੱਡੀ ਮੁਸ਼ਕਲ ਬਣ ਗਈ ਸੀ। ਆਖ਼ੀਰਕਾਰ ਉਸਨੇ ਨਿਰਣਾ ਲਿਆ ਕਿ ਆਪਣਾ ਦਿਮਾਗੀ ਸੰਤੁਲਨ ਬਣਾਈ ਰੱਖਣ ਅਤੇ ਆਰਥਿਕ ਹਾਲਾਤ ਸੁਧਾਰਨ ਲਈ ਉਸਨੂੰ ਮਸਜਿਦ ਦੇ ਕੰਮ ਤੋਂ ਇਲਾਵਾ ਕੋਈ ਹੋਰ ਕਾਰੋਬਾਰ ਲੱਭਣਾ ਪਵੇਗਾ।

ਉਸਨੂੰ ਪਤਾ ਸੀ ਕਿ ਤੁਰੰਤ ਮਸਜਿਦ ਦਾ ਕਾਰਜ ਛੱਡਣਾ ਸੰਭਵ ਨਹੀਂ, ਕਿਉਂਕਿ ਫਿਰ ਰਹਿਣ ਲਈ ਥਾਂ ਨਹੀਂ ਰਹੇਗੀ। ਇਸ ਲਈ ਉਸਨੇ ਤਿੱਬਿਆ ਮੈਡੀਕਲ ਕਾਲਜ ਵਿੱਚ ਦਾਖ਼ਲਾ ਲਿਆ ਅਤੇ ਮਸਜਿਦ ਦੀ ਨੌਕਰੀ ਦੇ ਨਾਲ ਨਾਲ ਪੜ੍ਹਾਈ ਜਾਰੀ ਰੱਖੀ। ਪੰਜ ਸਾਲਾਂ ਤੱਕ ਉਹ ਪੜ੍ਹਦਾ ਰਿਹਾ। ਜਦ ਵੀ ਉਸਨੂੰ ਬੇਇੱਜ਼ਤ ਕੀਤਾ ਜਾਂਦਾ, ਉਹ ਆਪਣੇ ਆਪ ਨੂੰ ਇਹ ਸੋਚ ਕੇ ਧੀਰਜ ਦਿੰਦਾ ਕਿ ਉਹ ਆਪਣੇ ਲਈ ਇਕ ਖੁਸ਼ਹਾਲ ਵਿਕਲਪ ਤਿਆਰ ਕਰ ਰਿਹਾ ਹੈ, ਇਕ ਉੱਚ ਜੀਵਨ ਵੱਲ ਵਧ ਰਿਹਾ ਹੈ। ਉਹ ਕਹਿੰਦਾ ਇੱਕ ਦਿਨ ਆਵੇਗਾ ਜਦ ਮੈਂ ਕਿਸੇ ਦੇ ਸਾਹਮਣੇ ਸਿਰ ਨਹੀਂ ਝੁਕਾਵਾਂਗਾ।

ਆਖ਼ਿਰਕਾਰ ਉਹ ਦਿਨ ਆ ਗਿਆ ਜਦੋਂ ਉਸਨੂੰ ਆਪਣੀ ਡਿਗਰੀ ਮਿਲ ਗਈ। ਇਹ ਕਾਮਯਾਬੀ ਧੀਰਜ, ਹਿੰਮਤ ਅਤੇ ਇਕਾਗ੍ਰਤਾ ਨਾਲ ਹੀ ਸੰਭਵ ਹੋਈ। ਆਪਣਾ ਧਿਆਨ ਹਮੇਸ਼ਾ ਆਪਣੇ ਟੀਚੇ ਉੱਤੇ ਕੇਂਦ੍ਰਿਤ ਰੱਖ ਕੇ ਹੀ ਉਹ ਆਪਣੀ ਤਾਕਤ ਨੂੰ ਕਦੇ ਵੀ ਕਮਜ਼ੋਰ ਨਹੀਂ ਹੋਣ ਦਿੰਦਾ ਸੀ। ਹੁਣ ਡਿਗਰੀ ਹਾਸਲ ਕਰਨ ਤੋਂ ਬਾਅਦ, ਉਸਨੇ ਮਸਜਿਦ ਦੇ ਲੋਕਾਂ ਦਾ ਧੰਨਵਾਦ ਕੀਤਾ, ਆਪਣਾ ਅਸਤੀਫ਼ਾ ਦਿੱਤਾ ਅਤੇ ਸ਼ਹਿਰ ਵਿੱਚ ਇੱਕ ਛੋਟਾ ਕਲੀਨਿਕ ਖੋਲ੍ਹ ਲਿਆ। ਉਥੇ ਉਸਨੇ ਇਮਾਨਦਾਰੀ ਤੇ ਮਿਹਨਤ ਨਾਲ ਕਮਾਉਣਾ ਸ਼ੁਰੂ ਕੀਤਾ। ਥੋੜ੍ਹੇ ਹੀ ਸਮੇਂ ਵਿੱਚ ਉਸਨੇ ਆਪਣੇ ਪਰਿਵਾਰ ਲਈ ਘਰ ਖਰੀਦ ਲਿਆ। ਸਾਲ ਭਰ ਵਿੱਚ ਹੀ ਉਸਨੂੰ ਸਥਾਨਕ ਕਾਲਜ ਵਿੱਚ ਲੈਕਚਰਾਰ ਦੀ ਨੌਕਰੀ ਮਿਲ ਗਈ। ਕੱਲ੍ਹ ਦਾ 'ਮੁੱਲਾ ਜੀ' ਹੁਣ ਸਭ ਵਲੋਂ ਸਤਿਕਾਰਿਆ ਜਾਣ ਵਾਲਾ 'ਡਾਕਟਰ ਸਾਹਿਬ' ਬਣ ਗਿਆ ਸੀ ਅਤੇ ਸਭ ਤੋਂ ਵੱਡੀ ਗੱਲ ਇਹ ਸੀ ਕਿ ਹੁਣ ਉਸਨੂੰ ਕਿਸੇ ਵੀ ਤਰ੍ਹਾਂ ਦੀ ਆਰਥਿਕ ਤੰਗੀ ਨਹੀਂ ਰਹੀ।

ਜੇ ਉਹ ਆਪਣੇ ਸ਼ੁਰੂਆਤੀ ਦਿਨਾਂ ਵਿੱਚ ਮੁਸ਼ਕਲ ਹਾਲਾਤਾਂ ਦੇ ਸਾਹਮਣੇ ਸਿਰਫ਼ ਸ਼ਿਕਾਇਤਾਂ ਕਰਦਾ ਜਾਂ ਹੰਕਾਰ ਦਿਖਾਉਂਦਾ ਤਾਂ ਕਦੇ ਵੀ ਸੁਚੱਜੇ ਭਵਿੱਖ ਦੀ ਆਸ ਨਹੀਂ ਕਰ ਸਕਦਾ ਸੀ। ਇਸ ਤਰ੍ਹਾਂ ਦੇ ਮੁਸ਼ਕਿਲ ਹਾਲਾਤ ਸਾਨੂੰ ਸਿਖਾਉਂਦੇ ਹਨ ਕਿ ਇਹ ਔਂਕੜਾਂ ਕੋਈ ਰੁਕਾਵਟਾਂ ਨਹੀਂ, ਸਗੋਂ ਚੰਗੇ ਭਵਿੱਖ ਵੱਲ ਵਧਣ ਵਾਲੀਆਂ ਪੌੜੀਆਂ ਦੇ ਪੌਡੇ (Steps) ਹਨ।

ਮਿਸ਼ਨ ਚੰਦਰਮਾ

ਇਸ ਮੁਕਾਬਲੇ ਭਰੀ ਦੁਨੀਆ ਦੇ ਮੈਦਾਨ ਵਿੱਚ ਪੂਰੀ ਤਿਆਰੀ ਨਾਲ ਉਤਰਨਾ ਲਾਜ਼ਮੀ ਹੈ। ਜੇਕਰ ਤੁਸੀਂ ਬਿਨਾ ਤਿਆਰੀ ਦੇ ਉਤਰਦੇ ਹੋ ਤਾਂ ਯਕੀਨਨ ਤੁਹਾਡੇ ਹੱਥ ਸਿਰਫ ਨਾਕਾਮੀ ਹੀ ਆਵੇਗੀ।

ਅਮਰੀਕੀ ਅੰਤਰਿਕਸ਼ ਯਾਤਰੀ ਨੀਲ ਆਰਮਸਟ੍ਰਾਂਗ ਨੇ ਜੁਲਾਈ 1969 ਵਿੱਚ ਪਹਿਲੀ ਵਾਰ ਚੰਦਰਮਾ 'ਤੇ ਕਦਮ ਰੱਖਿਆ। ਜਿਵੇਂ ਹੀ ਉਸਨੇ ਚੰਦਰਮਾ ਦੀ ਧਰਤੀ 'ਤੇ ਪੈਰ ਰੱਖਿਆ, ਅਮਰੀਕਾ ਦੇ ਕੰਟਰੋਲ ਮਿਸ਼ਨ ਨੂੰ ਉਸਦੇ ਇਹ ਸ਼ਬਦ ਪ੍ਰਾਪਤ ਹੋਏ:

"ਬੇਸ਼ਕ ਇਹ ਇਨਸਾਨ ਲਈ ਇਕ ਛੋਟਾ ਕਦਮ ਹੈ, ਪਰ ਇਨਸਾਨੀਅਤ ਲਈ ਇਕ ਵੱਡੀ ਛਾਲ ਹੈ।"

ਆਰਮਸਟ੍ਰਾਂਗ ਅਤੇ ਉਸਦੇ ਦੋ ਸਾਥੀ ਅਮਰੀਕਾ ਦੇ ਕੁੱਲ 30 ਮਾਹਰ ਅੰਤਰਿਕਸ਼ ਯਾਤਰੀਆਂ ਵਿਚੋਂ ਚੁਣੇ ਗਏ ਸਨ। ਉਸ ਵਿੱਚ ਉਹ ਸਾਰੇ ਗੁਣ ਜਿਵੇਂ ਅਸਧਾਰਨ ਉਡਾਣ ਕਲਾ, ਬੁੱਧੀਮਾਨੀ, ਤਾਕਤ, ਗਿਆਨ ਪ੍ਰਾਪਤ ਕਰਨ ਦੀ ਯੋਗਤਾ, ਮਾਨਸਿਕ ਅਤੇ ਭਾਵਾਤਮਕ ਸੰਤੁਲਨ ਅਤੇ ਚੁਣੌਤੀਆਂ ਨਾਲ ਨਿਡਰਤਾ ਸਹਿਤ ਨਜਿੱਠਣ ਦਾ ਹੌਸਲਾ ਆਦਿ ਮੌਜੂਦ ਸਨ ਜੋ ਇਸ ਇਤਿਹਾਸਕ ਅਤੇ ਮੁਸ਼ਕਲ ਮਿਸ਼ਨ ਲਈ ਲੋੜੀਂਦੇ ਸਨ। ਚੁਣੇ ਜਾਣ ਤੋਂ ਬਾਅਦ ਉਸਨੂੰ ਸਖ਼ਤ ਟ੍ਰੇਨਿੰਗ ਲੈਣੀ ਪਈ। ਉਦਾਹਰਣ ਲਈ, ਉਸਨੂੰ ਲੰਮੇ ਸਮੇਂ ਤੱਕ ਡੂੰਘੇ ਪਾਣੀ ਵਿੱਚ ਰਹਿਣਾ ਪੈਂਦਾ ਸੀ ਤਾਂ ਜੋ ਉਹ ਵਜ਼ਨਹੀਨਤਾ (weightlessness) ਨਾਲ ਜਾਣੂ ਹੋ ਸਕੇ। ਹਰੇਕ ਮੁਸ਼ਕਲ ਜਾਂ ਐਮਰਜੈਂਸੀ ਦਾ ਮੁਕਾਬਲਾ ਕਰਨ ਲਈ ਉਸਨੇ ਕੰਪਿਊਟਰਾਈਜ਼ਡ ਅੰਤਰਿਕਸ਼ ਡੇਟਾ ਦੀ ਮਦਦ ਨਾਲ ਖਗੋਲ ਵਿਗਿਆਨ, ਅੰਤਰਿਕਸ਼ ਯਾਤਰਾ, ਰਾਕਟ ਉਡਾਣ, ਚੰਦ ਦੇ ਭੌਤਿਕੀ ਵਿਗਿਆਨ ਆਦਿ ਬਾਰੇ ਗਹਿਨ ਅਧਿਐਨ ਕੀਤਾ।

3100 ਟਨ ਦਾ ਅਪੋਲੋ 11 ਇਕ ਵਿਸ਼ਾਲ ਜਹਾਜ਼ ਸੀ। ਇਹ 36 ਮੰਜ਼ਲਾ ਇਮਾਰਤ ਜਿੰਨਾ ਉੱਚਾ ਸੀ, ਜਿਸ ਵਿੱਚ 8 ਮਿਲੀਅਨ ਪੁਰਜ਼ੇ ਅਤੇ 91 ਇੰਜਣ ਲੱਗੇ ਹੋਏ ਸਨ। ਸਭ ਤੋਂ ਉੱਪਰ 'ਕੋਲੰਬੀਆ' ਨਾਮਕ ਇੱਕ ਛੋਟਾ ਜਿਹਾ ਯੰਤਰ ਸੀ, ਜਿਸ ਵਿੱਚ ਅੰਤਰਿਕਸ਼ ਯਾਤਰੀ ਆਪਣੀ ਇਤਿਹਾਸਕ ਯਾਤਰਾ 'ਤੇ ਜਾਣ ਲਈ ਬੈਠੇ ਸਨ। ਜਹਾਜ਼ ਨੂੰ ਧਰਤੀ ਤੋਂ ਉਡਾਇਆ ਗਿਆ ਅਤੇ ਇਸਨੇ ਢਾਈ ਘੰਟੇ ਧਰਤੀ ਦਾ ਚੱਕਰ ਲਗਾਇਆ। ਫਿਰ ਇਸਦੀ ਗਤੀ 403 ਮੀਲ ਪ੍ਰਤੀ ਮਿੰਟ ਹੋ ਗਈ ਅਤੇ 3000 ਮੀਲ ਦੀ ਉਚਾਈ 'ਤੇ ਪਹੁੰਚਣ ਉਪਰੰਤ 'ਕੋਲੰਬੀਆ' ਬਾਕੀ ਹਿੱਸਿਆਂ ਤੋਂ ਵੱਖ ਹੋ ਗਿਆ। ਇਸ ਵਿੱਚ ਬੈਠਣ ਲਈ ਜਗ੍ਹਾ ਇਕ ਆਮ ਟੈਕਸੀ ਜਿੰਨੀ ਹੀ ਸੀ। ਆਖਿਰਕਾਰ ਉਹ ਚੰਦ 'ਤੇ ਉਤਰ ਗਏ, ਜਿਥੋਂ ਉਹ 46 ਪੌਂਡ ਮਿੱਟੀ ਇਕੱਠੀ ਕਰਕੇ ਲੈ ਆਏ ਅਤੇ 5 ਲੱਖ ਪੌਂਡ ਕੀਮਤ ਦਾ ਸਾਮਾਨ ਉੱਥੇ ਛੱਡ ਆਏ। ਉਹਨਾਂ ਦੇ ਪੈਰਾਂ ਦੀ ਛਾਪ ਵੀ ਉੱਥੇ ਰਹਿ ਗਈ ਜੋ ਸ਼ਾਇਦ ਕਈ ਸਾਲਾਂ ਤੱਕ ਸੁਰੱਖਿਅਤ ਰਹਿਣ।

ਇਹ ਸਾਰੀਆਂ ਵੱਡੀਆਂ ਅਤੇ ਵਿਸ਼ਾਲ ਤਿਆਰੀਆਂ ਦੇ ਬਾਅਦ ਹੀ ਉਹ "ਇਕ ਛੋਟਾ ਜਿਹਾ ਕਦਮ" ਸੰਭਵ ਹੋ ਸਕਿਆ ਜੋ ਇਨਸਾਨੀਅਤ ਲਈ ਇੱਕ "ਵੱਡੀ ਛਾਲ" ਸਾਬਤ ਹੋਇਆ।

ਨਵੀਂ ਸ਼ੁਰੂਆਤ

"ਮੈਂ ਆਪਣਾ ਮੌਜੂਦਾ ਮਕਾਮ ਪੌੜੀਆਂ ਚੜ੍ਹ ਕੇ ਹਾਸਲ ਕੀਤਾ ਹੈ, ਲਿਫ਼ਟ 'ਚ ਬੈਠ ਕੇ ਨਹੀਂ।" ਇਹ ਗੱਲ ਇੱਕ ਦਰਜ਼ੀ ਨੇ ਕਹੀ ਜਿਸ ਨੇ ਸਿਰਫ ਆਪਣੇ ਦੋ ਹੱਥਾਂ ਅਤੇ ਕੰਮ ਕਰਨ ਦੀ ਇੱਛਾ ਸ਼ਕਤੀ ਨਾਲ ਸ਼ੁਰੂਆਤ ਕੀਤੀ ਸੀ ਅਤੇ ਆਪਣੇ ਕਾਰੋਬਾਰ ਵਿਚ ਕਾਮਯਾਬੀ ਹਾਸਲ ਕਰ ਲਈ ਸੀ। "ਇੱਕ ਵਧੀਆ ਕੋਟ ਸਿਊਣਾ ਕੋਈ ਬੱਚਿਆਂ ਦਾ ਖੇਡ ਨਹੀਂ। ਇਹ ਸਮੁੱਚੀ ਪ੍ਰਕਿਰਿਆ ਇੰਨੀ ਜਟਿਲ ਹੈ ਕਿ ਵਿਸਥਾਰਪੂਰਬਕ ਜਾਣਕਾਰੀ, ਲੰਮਾ ਅਨੁਭਵ ਅਤੇ ਉੱਚ ਦਰਜੇ ਦੀ ਨਿਪੁੰਨਤਾ ਤੋਂ ਬਿਨਾਂ ਇਸ ਨੂੰ ਮੁਕੰਮਲ ਕਰਨਾ ਲਗਭਗ ਅਸੰਭਵ ਹੈ। ਜ਼ਿੰਦਗੀ ਭਰ ਦੀ ਮਿਹਨਤ ਤੋਂ ਬਾਅਦ ਹੀ ਮੈਂ ਸ਼ਹਿਰ ਵਿੱਚ ਆਪਣੀ ਦੁਕਾਨ ਨੂੰ ਸਫਲ ਬਣਾ ਸਕਿਆ ਹਾਂ।"

ਦਰਜ਼ੀ ਨੇ ਦੱਸਿਆ ਕਿ ਉਸ ਨੇ ਇੱਕ ਮਾਹਰ ਦਰਜ਼ੀ ਦੀ ਰਹਿਨੁਮਾਈ ਹੇਠ ਆਪਣੀ ਟ੍ਰੇਨਿੰਗ ਪੂਰੀ ਕੀਤੀ। ਸਿਰਫ ਕੱਟਣ ਤੇ ਸਿਲਾਈ ਦੀ ਕਲਾ ਸਿੱਖਣ ਵਿੱਚ ਹੀ ਉਸ ਨੂੰ ਪੰਜ ਸਾਲ ਦਾ ਸਮਾਂ ਲੱਗਿਆ। ਜਦੋਂ ਉਸ ਨੇ ਆਪਣੀ ਛੋਟੀ ਦੁਕਾਨ ਖੋਲੀ ਤਾਂ ਉਸ ਨੂੰ ਗਾਹਕਾਂ ਨੂੰ ਵਧੀਆ ਫਿੱਟਿੰਗ ਦੇਣ ਵਿੱਚ ਕਾਫੀ ਮੁਸ਼ਕਲ ਆਈ। ਇਸ ਦਾ ਕਾਰਨ ਇਹ ਸੀ ਕਿ ਟ੍ਰੇਨਿੰਗ ਦੌਰਾਨ ਉਹ ਇਹ ਗੱਲ ਸਮਝਣ ਤੋਂ ਅਸਰੱਥ ਰਿਹਾ ਕਿ ਲੋਕ ਵੱਖ-ਵੱਖ ਸ਼ਕਲਾਂ ਅਤੇ ਆਕਾਰਾਂ ਦੇ ਹੋ ਸਕਦੇ ਹਨ। ਇਸ ਲਈ ਉਸ ਨੇ ਮਨੁੱਖੀ ਸਰੀਰ ਦਾ ਅਧਿਐਨ ਕਰਨ ਦਾ ਫੈਸਲਾ ਕੀਤਾ। ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਹੀ ਉਹ ਬਿਲਕੁਲ ਫਿੱਟਿੰਗ ਵਾਲਾ ਕੋਟ ਤਿਆਰ ਕਰਨ ਦੇ ਯੋਗ ਹੋ ਸਕਿਆ। ਫਿਰ ਉਹ ਇੰਨਾ ਮਾਹਰ ਹੋ ਗਿਆ ਕਿ ਸਰੀਰਕ ਖਾਮੀਆਂ ਜਿਵੇਂ ਕਿ ਕੁੱਬੜ ਵਾਲੇ ਲੋਕਾਂ ਨੂੰ ਵੀ ਵਧੀਆ ਫਿੱਟਿੰਗ ਦੇ ਸਕਦਾ ਸੀ। "ਹਰ ਕੰਮ-ਕਾਜ ਵਿਚ ਬਹੁਤ ਸਾਰੀਆਂ ਚੀਜ਼ਾਂ ਐਦਾਂ ਦੀਆਂ ਹੁੰਦੀਆਂ ਹਨ ਜੋ ਮਨੁੱਖ ਨੂੰ ਆਪ ਹੀ ਸਿੱਖਣੀਆਂ ਪੈਂਦੀਆਂ ਹਨ। ਅਕਸਰ ਸ਼ੁਰੂ ਵਿੱਚ ਇਨ੍ਹਾਂ ਗੱਲਾਂ ਦੀ ਅਗਾਊਂ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ ਅਤੇ ਹਰ ਰੁਕਾਵਟ ਨੂੰ ਸਖ਼ਤ ਮਿਹਨਤ ਤੇ ਹੋਸ਼ਿਆਰੀ ਨਾਲ ਹੀ ਪਾਰ ਕੀਤਾ ਜਾ ਸਕਦਾ ਹੈ।"

ਦਰਜ਼ੀ ਆਪਣੇ ਹੁਨਰ ਬਾਰੇ ਬਹੁਤ ਕੁਝ ਦੱਸਦਾ ਰਿਹਾ ਅਤੇ ਮੈਨੂੰ ਐਸਾ ਲੱਗਿਆ ਜਿਵੇਂ ਮੈਂ ਕਿਸੇ ਅਨੁਭਵੀ ਵਿਅਕਤੀ ਤੋਂ ਰਾਸ਼ਟਰ-ਨਿਰਮਾਣ ਬਾਰੇ ਲੈਕਚਰ ਸੁਣ ਰਿਹਾ ਹਾਂ।

ਅਸਲ ਵਿਚ ਸਾਡੀਆਂ ਆਰਥਿਕ ਤੇ ਸਮਾਜਕ ਸਮੱਸਿਆਵਾਂ ਦਾ ਹੱਲ ਸਿਰਫ ਦਰਜ਼ੀ ਦੇ ਦਿੱਤੇ ਉਦਾਹਰਣ 'ਤੇ ਅਮਲ ਕਰਨ ਵਿੱਚ ਹੈ। ਸ਼ੁਰੂਆਤੀ ਟ੍ਰੇਨਿੰਗ ਤੋਂ ਬਾਅਦ ਉਸ ਨੇ ਆਪਣੀ ਮਿਹਨਤ ਨਾਲ ਅੱਗੇ ਵਧਣ ਦੀ ਹਿੰਮਤ ਕੀਤੀ। ਉਹ ਪੌੜੀਆਂ ਚੜ੍ਹ ਕੇ ਉੱਪਰ ਪਹੁੰਚਿਆ ਸੀ, ਨਾ ਕਿ ਲਿਫ਼ਟ ਦਾ ਸਹਾਰਾ ਲੈ ਕੇ। ਇੱਥੇ ਕੋਈ ਬਟਨ ਨਹੀਂ ਜਿਸ ਨੂੰ ਨੱਪ ਕੇ ਆਪੇ ਹੀ ਉਤਲੀ ਮੰਜ਼ਿਲ 'ਤੇ ਪਹੁੰਚਿਆ ਜਾ ਸਕੇ। ਤਰੱਕੀ ਸਿਰਫ ਪੌੜੀ ਦਰ ਪੌੜੀ ਚੜ੍ਹ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਵੱਡੀ ਛਾਲ ਮਾਰ ਕੇ ਕਾਮਯਾਬੀ ਬਹੁਤ ਘੱਟ ਹੀ ਮਿਲਦੀ ਹੈ। ਪੌੜੀਆਂ ਚੜ੍ਹਦੇ-ਚੜ੍ਹਦੇ ਇੱਕ ਦਿਨ ਤੁਸੀਂ ਲਿਫ਼ਟ ਦੇ ਮਾਲਕ ਵੀ ਬਣ ਸਕਦੇ ਹੋ, ਪਰ ਜੇ ਪੌੜੀਆਂ ਨੂੰ ਤਿਆਗ ਕੇ ਸਿੱਧਾ ਲਿਫ਼ਟ ਤੋਂ ਹੀ ਸ਼ੁਰੂਆਤ ਕਰੋ ਅਤੇ ਇਹ ਉਮੀਦ ਰੱਖੋ ਕਿ ਇਹ ਤੁਹਾਡੇ ਲਈ ਸਭ ਕੁਝ ਆਪ ਕਰ ਦੇਵੇਗੀ ਤਾਂ ਤੁਸੀਂ ਜ਼ਿੰਦਗੀ ਵਿੱਚ ਕਦੇ ਕਾਮਯਾਬ ਨਹੀਂ ਹੋ ਸਕਦੇ।

ਲਗਾਤਾਰ ਪ੍ਰਗਤੀ ਵੱਲ

1782 ਵਿੱਚ ਜੌਨ ਮੇਨਨ ਨਾਂ ਦਾ ਇੱਕ ਅੰਗਰੇਜ਼ ਗਲਾਸਗੋ ਆਇਆ ਅਤੇ ਉਸਨੇ ਗਲਾਸਗੋ ਐਡਵਰਟਾਈਜ਼ਰ ਨਾਂ ਦੀ ਅਖਬਾਰ ਦੀ ਸਥਾਪਨਾ ਕੀਤੀ, ਜੋ ਬਾਅਦ ਵਿੱਚ ਗਲਾਸਗੋ ਹੇਰਾਲਡ ਦੇ ਨਾਂ ਨਾਲ ਜਾਣਿਆ ਗਿਆ। ਇਹ ਕੋਈ ਛੋਟੀ ਉਪਲਬਧੀ ਨਹੀਂ ਸੀ, ਖ਼ਾਸਕਰ ਜਦੋਂ ਸਾਨੂੰ ਪਤਾ ਹੋਵੇ ਕਿ ਉਸ ਸਮੇਂ ਉਸਦੇ ਕੁੱਲ ਸੰਸਾਧਨ ਸਿਰਫ਼ ਇੱਕ ਲੱਕੜ ਦੀ ਪ੍ਰਿੰਟਿੰਗ ਪ੍ਰੈਸ ਅਤੇ 200 ਪੌਂਡ ਸਨ। ਅੱਜ ਗਲਾਸਗੋ ਹੇਰਾਲਡ ਦੀ ਸਰਕੂਲੇਸ਼ਨ 2 ਲੱਖ ਤੱਕ ਪਹੁੰਚ ਗਈ ਹੈ, ਪਰ ਅਜਿਹੇ ਦੌਰ ਵੀ ਆਏ ਜਦੋਂ ਇਹ ਨਵਾਂ ਪ੍ਰਯਾਸ ਬੰਦ ਹੋਣ ਦੇ ਕਿਨਾਰੇ 'ਤੇ ਪਹੁੰਚ ਗਿਆ ਸੀ। ਜਿਸ ਚੀਜ਼ ਨੇ ਇਸਨੂੰ ਬੰਦ ਹੋਣ ਤੋਂ ਬਚਾਇਆ ਉਹ ਸੀ ਜੌਨ ਮੇਨਨ ਦਾ ਅਣਥੱਕ ਜੋਸ਼। ਹਾਲਾਤ ਕਿੰਨੇ ਵੀ ਖਿਲਾਫ ਰਹੇ ਹੋਣ ਜਾਂ ਆਪਣੇ ਸਾਥੀਆਂ ਨਾਲ ਭਾਵੇਂ ਕਿੰਨੀਆਂ ਵੀ ਗੰਭੀਰ ਅਸਹਿਮਤੀਆਂ ਹੋਈਆਂ ਹੋਣ, ਉਸਨੇ ਹਮੇਸ਼ਾਂ ਅੱਗੇ ਵੱਧਣ ਦੀ ਹਿੰਮਤ ਤੇ ਤਾਕਤ ਨੂੰ ਆਪਣੇ ਅੰਦਰੋਂ ਉਜਾਗਰ ਕੀਤਾ। ਬੰਦ ਹੋਣ ਦੀ ਬਜਾਏ, ਉਸਦਾ ਅਖਬਾਰ ਲਗਾਤਾਰ ਪ੍ਰਗਤੀ ਵੱਲ ਵੱਧਦਾ ਗਿਆ।

ਸ਼ੁਰੂ ਵਿੱਚ ਇਹ ਅਖਬਾਰ ਹੱਥ ਨਾਲ ਚੱਲਣ ਵਾਲੀ ਪ੍ਰੈੱਸ ਉੱਤੇ ਛੱਪਦਾ ਸੀ, ਪਰ ਹੁਣ ਇਹ ਬਹੁਤ ਹੀ ਆਧੁਨਿਕ ਆਟੋਮੈਟਿਕ ਮਸ਼ੀਨਾਂ ਰਾਹੀਂ ਛੱਪਦਾ ਹੈ। ਟਾਈਪਸੈਟਿੰਗ ਤੇ ਮੈਟਲ ਇਨਫਿਊਜ਼ਨ ਦੇ ਦਿਨ ਹੁਣ ਲੰਘ ਗਏ ਹਨ। ਹੁਣ ਅੱਖਰ ਲੇਜ਼ਰ ਬੀਮ ਰਾਹੀਂ ਪਲੇਟਾਂ ਉੱਤੇ ਪ੍ਰੋਜੈਕਟ ਕੀਤੇ ਜਾਂਦੇ ਹਨ। ਛਪਾਈ ਤੇ ਫੋਲਡਿੰਗ ਆਟੋਮੈਟਿਕ ਤਰੀਕੇ ਨਾਲ ਹੁੰਦੀ ਹੈ, ਫਿਰ ਉਨ੍ਹਾਂ ਨੂੰ ਪੋਲੀਥੀਨ ਵਿੱਚ ਲਪੇਟਿਆ ਜਾਂਦਾ ਹੈ। ਅਖਬਾਰ ਦੇ ਗੱਠੇ ਫਿਰ ਡਿਸਪੈਚ ਵਿਭਾਗ ਤੱਕ ਪਹੁੰਚਾਏ ਜਾਂਦੇ ਹਨ। ਪੂਰੀ ਪ੍ਰਕਿਰਿਆ ਕੰਪਿਊਟਰਾਈਜ਼ੇਸ਼ਨ ਦੀ ਸਹਾਇਤਾ ਨਾਲ ਸੁਵਿਵਸਥਿਤ ਤੇ ਤੇਜ਼ ਕੀਤੀ ਗਈ ਹੈ। ਇਹ ਅਖਬਾਰ ਮਾਲਕਾਂ ਅਤੇ ਪਾਠਕਾਂ ਦੋਹਾਂ ਲਈ ਬਹੁਤ ਸੰਤੁਸ਼ਟੀ ਦੀ ਗੱਲ ਹੈ ਕਿ ਅਖਬਾਰ ਨਿਰਵਿਘਨ ਚੱਲਦਾ ਹੋਇਆ ਆਧੁਨਿਕ ਸਮੇਂ ਵਿਚ ਪਹੁੰਚਿਆ, ਜਿਸ ਕਰਕੇ ਨਵੀਆਂ ਤਕਨੀਕਾਂ ਦਾ ਲਾਭ ਲੈ ਸਕਿਆ। ਬਹੁਤ ਘੱਟ ਲੋਕ ਜਾਣਦੇ ਹਨ ਕਿ ਇਹ 18ਵੀਂ ਸਦੀ ਦੇ ਅੰਤ ਤੋਂ ਪਹਿਲਾਂ ਹੀ ਬੰਦ ਹੋਣ ਦੀ ਕਗਾਰ ’ਤੇ ਪਹੁੰਚ ਗਿਆ ਸੀ।

ਇਸਦੇ ਲਗਾਤਾਰ ਪ੍ਰਕਾਸ਼ਿਤ ਹੋਣ ਦਾ ਸ਼੍ਰੇਅ ਇਸਦੇ ਸੰਸਥਾਪਕ ਦੇ ਜੋਸ਼ ਤੇ ਦ੍ਰਿੜ੍ਹਤਾ ਨੂੰ ਜਾਂਦਾ ਹੈ। ਅਸਲ ਵਿੱਚ ਕੋਈ ਵੀ ਵੱਡਾ ਕੰਮ ਇਹਨਾਂ ਗੁਣਾਂ ਤੋਂ ਬਿਨਾਂ ਨਾ ਜਾਰੀ ਰੱਖਿਆ ਜਾ ਸਕਦਾ ਹੈ ਤੇ ਨਾ ਹੀ ਮੁਕੰਮਲਤਾ ਤੱਕ ਪਹੁੰਚ ਸਕਦਾ ਹੈ। ਇੱਥੋਂ ਤੱਕ ਕਿ ਛੋਟੇ ਪੱਧਰ ਦੇ ਕਾਰੋਬਾਰ ਵੀ ਸਫਲ ਹੋਣ ਲਈ ਵੱਡੇ ਉਤਸ਼ਾਹ ਅਤੇ ਲੰਮੇ ਸਮੇਂ ਤੱਕ ਲਗਾਤਾਰ, ਅਣਥੱਕ ਮਿਹਨਤ ਦੀ ਮੰਗ ਕਰਦੇ ਹਨ।

ਉੱਚ ਅਹੁਦਾ ਖਾਲੀ ਹੈ

ਗੱਲਬਾਤ ਦੌਰਾਨ ਕੁਝ ਮੁਸਲਿਮ ਨੌਜਵਾਨ ਦਾਖ਼ਲੇ ਦੀਆਂ ਮੁਸ਼ਕਲਾਂ, ਬੇਰੁਜ਼ਗਾਰੀ ਆਦਿ ਦੇ ਸਿਸਟਮ ਬਾਰੇ ਸ਼ਿਕਾਇਤਾਂ ਕਰ ਰਹੇ ਸਨ। ਇਕ ਅਨੁਭਵੀ ਵੱਡੇ ਬਜ਼ੁਰਗ ਵੀ ਉਥੇ ਬੈਠੇ ਸਭ ਕੁਝ ਚੁੱਪ-ਚਾਪ ਸੁਣ ਰਹੇ ਸਨ। ਗੱਲਬਾਤ ਪੂਰੀ ਹੋਣ ਮਗਰੋਂ ਉਹ ਬੋਲੇ: “ਤੁਹਾਡੀਆਂ ਸ਼ਿਕਾਇਤਾਂ ਬਿਲਕੁਲ ਬੇਬੁਨਿਆਦ ਹਨ। ਤੁਸੀਂ ਉਹ ਅਹੁਦੇ ਲੱਭ ਰਹੇ ਹੋ ਜਿਥੇ ਸਾਰੀਆਂ ਅਸਾਮੀਆਂ ਪਹਿਲਾਂ ਹੀ ਭਰੀਆਂ ਜਾ ਚੁੱਕੀਆਂ ਹਨ। ਪਰ ਜਿਥੇ ਅਜੇ ਵੀ ਅਸਾਮੀਆਂ ਬਾਕੀ ਹਨ, ਉੱਥੇ ਤੁਸੀਂ ਜਾਣ ਦੀ ਕੋਸ਼ਿਸ਼ ਨਹੀਂ ਕਰਦੇ। ਤੁਹਾਨੂੰ ਸ਼੍ਰੇਸ਼ਠਤਾ ਹਾਸਲ ਕਰਨ ਦੀ ਕੋਸ਼ਿਸ਼ ਕਰਨੀ

ਚਾਹੀਦੀ ਹੈ। ਫਿਰ ਤੁਹਾਡੇ ਲਈ ਨਿਰਾਸ਼ ਹੋਣ ਦਾ ਕੋਈ ਕਾਰਨ ਨਹੀਂ ਰਹੇਗਾ। ਕਿਉਂਕਿ ਹੇਠਲੇ ਪੱਧਰ ਦੇ ਅਹੁਦੇ ਭਰੇ ਹੋ ਸਕਦੇ ਹਨ, ਪਰ ਹਰ ਖੇਤਰ ਵਿੱਚ ਸਭ ਤੋਂ ਉੱਚਾ ਅਹੁਦਾ ਅਕਸਰ ਖਾਲੀ ਹੁੰਦਾ ਹੈ।"

ਵਿਅਕਤੀਗਤ ਨਿਪੁੰਨਤਾ ਜਾਂ ਸ਼੍ਰੇਸ਼ਠਤਾ ਹੀ ਕਾਮਯਾਬੀ ਦਾ ਰਾਜ਼ ਹੈ। ਚਾਹੇ ਤੁਸੀਂ ਵਿਦਿਆਰਥੀ ਹੋ ਜਾਂ ਵਪਾਰੀ, ਵਕੀਲ ਹੋ ਜਾਂ ਡਾਕਟਰ— ਤੁਸੀਂ ਜਿਸ ਵੀ ਖੇਤਰ ਨਾਲ ਸਬੰਧਤ ਹੋ, ਉਸ ਵਿੱਚ ਸ਼੍ਰੇਸ਼ਠਤਾ ਹਾਸਲ ਕਰਨ ਦੀ ਕੋਸ਼ਿਸ਼ ਕਰੋ, ਤੁਹਾਨੂੰ ਜ਼ਰੂਰ ਕਾਮਯਾਬੀ ਮਿਲੇਗੀ। ਬੇਸ਼ਕ ਤੁਸੀਂ ਕੇਵਲ ਸ਼ਾਨਦਾਰ ਚੂਹੇਦਾਨੀ ਬਣਾਉਣ ਵਿਚ ਮਾਹਰ ਹੋਵੇ, ਲੋਕ ਖੁਦ ਤੁਹਾਡੇ ਦਰਵਾਜ਼ੇ 'ਤੇ ਦਸਤਕ ਦੇਣਗੇ। ਹੋਰ ਲੋਕਾਂ ਦੀ ਗ਼ਲਤੀ ਇਹ ਹੁੰਦੀ ਹੈ ਕਿ ਉਹ ਉਹੀ ਪੁਰਾਣੇ ਕਿਸਮ ਦੀਆਂ ਚੂਹੇਦਾਨੀਆਂ ਬਣਾਉਂਦੇ ਹਨ ਜੋ ਬਾਜ਼ਾਰ ਵਿੱਚ ਪਹਿਲਾਂ ਹੀ ਮੌਜੂਦ ਹਨ ਤੇ ਫਿਰ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਦੀ ਚੂਹੇਦਾਨੀ ਨਹੀਂ ਵਿਕਦੀ। ਜੇ ਤੁਸੀਂ ਮਿਹਨਤ ਕਰਕੇ ਇੱਕ ਵੱਖਰੀ ਅਤੇ ਬਿਹਤਰ ਚੀਜ਼ ਬਣਾਉਂਦੇ ਹੋ, ਤਾਂ ਲੋਕ ਉਸਨੂੰ ਖਰੀਦਣ ਲਈ ਭੱਜ-ਭੱਜ ਆਉਂਦੇ ਹਨ।

ਹੇਠਲੇ ਅਹੁਦੇ ਤਾਂ ਭਰੇ ਹੋਏ ਹਨ, ਪਰ ਉੱਚੇ ਅਹੁਦੇ ਅਜੇ ਖਾਲੀ ਪਏ ਹਨ। ਫਿਰ ਤੁਸੀਂ ਉਸ ਉੱਚੇ ਅਹੁਦੇ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ ਜੋ ਅਜੇ ਵੀ ਤੁਹਾਡੀ ਉਡੀਕ ਕਰ ਰਿਹਾ ਹੈ?

ਜੇ ਤੁਸੀਂ ਹੋਰਨਾਂ ਨਾਲੋਂ ਵੱਧ ਮਿਹਨਤ ਕਰੋ, ਜੇ ਤੁਸੀਂ ਆਮ ਪੱਧਰ ਦੀ ਬਜਾਏ ਉੱਚ ਪੱਧਰ ਦੀ ਕਾਬਲੀਅਤ ਵਿਕਸਿਤ ਕਰੋ ਅਤੇ ਜੀਵਨ ਦੇ ਖੇਤਰ ਵਿੱਚ ਨਿਖਰੀਆਂ ਯੋਗਤਾਵਾਂ ਨਾਲ ਦਾਖਲ ਹੋਵੋ ਤਾਂ ਤੁਹਾਨੂੰ ਕਿਸੇ ਵੀ ਨੌਕਰੀ ਤੋਂ ਕੱਢਣਾ ਜਾਂ ਤੁਹਾਨੂੰ ਬੇਰੋਜ਼ਗਾਰ ਕਰਣਾ ਅਸੰਭਵ ਹੋਵੇਗਾ। ਤੁਹਾਡੇ ਲਈ ਹਰ ਜਗ੍ਹਾ, ਕੰਪਨੀ ਜਾਂ ਕਾਰੋਬਾਰ ਵਿਚ ਇੱਕ ਮਹੱਤਵਪੂਰਨ ਉੱਚ ਅਹੁਦਾ ਮੌਜੂਦ ਹੈ, ਕਿਉਂਕਿ ਉਹ ਅਜੇ ਖਾਲੀ ਹੈ ਅਤੇ ਤੁਹਾਡੇ ਵਰਗੇ ਕਿਸੇ ਵਿਅਕਤੀ ਦੀ ਉਡੀਕ ਕਰ ਰਿਹਾ ਹੈ।

ਕਮੀ ਆਪਣੇ ਅੰਦਰ ਹੈ

ਜਦੋਂ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅੱਖ ਦੀ ਸਰਜਰੀ ਲਈ ਅਮਰੀਕਾ ਗਏ ਤਾਂ ਉਹਨਾਂ ਨੂੰ ਉਸੇ ਟੈਕਸਸ ਹਸਪਤਾਲ ਵਿੱਚ ਦਾਖ਼ਲ ਕੀਤਾ

ਗਿਆ ਜਿੱਥੇ ਉਨ੍ਹਾਂ ਤੋਂ ਪਿਛਲੇ ਰਾਸ਼ਟਰਪਤੀ ਸੰਜੀਵਾ ਰੈੱਡੀ ਦਾ ਇਲਾਜ ਹੋ ਚੁੱਕਾ ਸੀ। ਦਿੱਲੀ ਵਿੱਚ ਇਹ ਅਫ਼ਵਾਹ ਫੈਲੀ ਕਿ ਜਦੋਂ ਗਿਆਨੀ ਜ਼ੈਲ ਸਿੰਘ ਨੂੰ ਓਪਰੇਸ਼ਨ ਥੀਏਟਰ ਲਿਜਾਇਆ ਜਾਣ ਵਾਲਾ ਸੀ ਤਾਂ ਮੁੱਖ ਸਰਜਨ ਨੇ ਪੁੱਛਿਆ—"ਤੁਸੀਂ ਰੇਡੀ (ਤਿਆਰ) ਹੋ?" ਇਸ 'ਤੇ ਗਿਆਨੀ ਜੀ ਨੇ ਤੁਰੰਤ ਜਵਾਬ ਦਿੱਤਾ— "ਨਹੀਂ, ਮੈਂ ਰੇਡੀ ਨਹੀਂ, ਜ਼ੈਲ ਸਿੰਘ ਹਾਂ" (ਹਿੰਦੁਸਤਾਨ ਟਾਈਮਜ਼, 4 ਦਸੰਬਰ 1982)

ਭਾਵੇਂ ਇਹ ਕਿੱਸਾ ਘੜਿਆ ਗਿਆ ਹੋਵੇ, ਪਰ ਸਵਾਲ ਇਹ ਹੈ ਕਿ ਕੋਈ ਰਾਸ਼ਟਰਪਤੀ ਉੱਤੇ ਇਸ ਕਿਸਮ ਦਾ ਚੁਟਕਲਾ ਕਿਵੇਂ ਕਰ ਸਕਦਾ ਸੀ? ਇਸ ਦਾ ਇੱਕ ਸਧਾਰਨ ਕਾਰਨ ਇਹ ਹੋ ਸਕਦਾ ਹੈ ਕਿ ਗਿਆਨੀ ਜ਼ੈਲ ਸਿੰਘ ਅੰਗਰੇਜ਼ੀ ਵਿਚ ਕਮਜ਼ੋਰ ਸਨ। ਸਰਜਨ ਦਾ ਸਵਾਲ ਬੜਾ ਆਮ ਤੇ ਸਿੱਧਾ ਜਿਹਾ ਸੀ। ਪਰ ਜੇ ਉਨ੍ਹਾਂ ਦੀ ਜਗ੍ਹਾ ਡਾ. ਰਾਧਾ ਕ੍ਰਿਸ਼ਨਨ ਜਾਂ ਪੰਡਿਤ ਜਵਾਹਰ ਲਾਲ ਨਹਿਰੂ ਹੁੰਦੇ ਤਾਂ ਸ਼ਾਇਦ ਕਿਸੇ ਨੂੰ ਵੀ ਉਸ ਨਾਜ਼ੁਕ ਸਥਿਤੀ ਵਿਚ ਇਸ ਤਰ੍ਹਾਂ ਦਾ ਮਜ਼ਾਕ ਨਾ ਸੁੱਝਦਾ।

ਬਾਹਰੀ ਦੁਨੀਆ ਤੁਹਾਨੂੰ ਉਸ ਤਰ੍ਹਾਂ ਹੀ ਜਾਣਦੀ ਹੈ ਜਿਵੇਂ ਤੁਸੀਂ ਆਪਣੇ ਆਪ ਨੂੰ ਉਸਦੇ ਸਾਹਮਣੇ ਪੇਸ਼ ਕੀਤਾ ਹੈ। ਉਹ ਤੁਹਾਡੀ ਛੱਡੀ ਹੋਈ ਛਾਪ ਦੇ ਅਨੁਸਾਰ ਹੀ ਤੁਹਾਡੇ ਨਾਲ ਵਤੀਰਾ ਕਰਦੀ ਹੈ। ਇਸ ਲਈ ਜਦੋਂ ਤੁਹਾਨੂੰ ਲੱਗੇ ਕਿ ਲੋਕ ਤੁਹਾਡੇ ਨਾਲ ਬਦਸਲੂਕੀ ਕਰ ਰਹੇ ਹਨ ਤਾਂ ਗਲਤੀ ਉਹਨਾਂ ਵਿੱਚ ਨਾ ਲੱਭੋ, ਗਲਤੀ ਆਪਣੇ ਅੰਦਰ ਖੋਜੋ। ਆਪਣੀਆਂ ਕਮਜ਼ੋਰੀਆਂ ਨੂੰ ਪਛਾਣ ਕੇ ਅਤੇ ਉਹਨਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਕੇ ਹੀ ਤੁਸੀਂ ਹੋਰਨਾਂ ਦੀ ਬਦਸਲੂਕੀ ਤੋਂ ਬਚ ਸਕਦੇ ਹੋ।

ਇੱਕ ਗ੍ਰੀਕ ਕਲਾਕਾਰ ਨੇ ਇੱਕ ਵਾਰ ਇਨਸਾਨ ਦੀ ਮੂਰਤੀ ਬਣਾਈ ਜਿਸਦੇ ਹੱਥ ਵਿੱਚ ਅੰਗੂਰਾਂ ਦਾ ਗੁੱਛਾ ਸੀ। ਉਹ ਮੂਰਤੀ ਇੰਨੀ ਰੀਅਲ (ਅਸਲੀ) ਸੀ ਕਿ ਜਦੋਂ ਉਸਨੂੰ ਚੌਰਾਹੇ 'ਤੇ ਰੱਖਿਆ ਗਿਆ ਤਾਂ ਪੰਛੀ ਉੱਡ ਕੇ ਆਏ ਅਤੇ ਅੰਗੂਰਾਂ ਨੂੰ ਖਾਣ ਦੀ ਕੋਸ਼ਿਸ਼ ਕਰਨ ਲੱਗ ਪਏ। ਉਸਦੇ ਦੋਸਤਾਂ ਨੇ ਉਸਦੀ ਕਲਾ ਦੀ ਸਰਹਨਾ ਕੀਤੀ ਕਿ ਉਸ ਨੇ ਅੰਗੂਰ ਇੰਨੇ ਅਸਲ ਵਰਗੇ ਬਣਾਏ ਹਨ ਕਿ ਪੰਛੀ ਵੀ ਧੋਖਾ ਖਾ ਗਏ। ਕਲਾਕਾਰ ਪ੍ਰਸ਼ੰਸਾ ਸੁਣ ਕੇ ਖ਼ੁਸ਼ ਤਾਂ ਹੋਇਆ ਪਰ ਅਸਲ ਵਿਚ ਉਹ ਆਪਣੇ ਕੰਮ ਤੋਂ ਅਸੰਤੁਸ਼ਟ ਸੀ। ਉਸਦਾ ਕਹਿਣਾ ਸੀ ਕਿ "ਅਸਲ ਵਿਚ ਮੈਂ ਅਸਫਲ ਹੋਇਆ ਹਾਂ ਕਿਉਂਕਿ ਜੇ ਮੈਂ

ਮਨੁੱਖ ਦੀ ਸ਼ਕਲ ਅਸਲ ਵਰਗੀ ਬਣਾਈ ਹੁੰਦੀ ਤਾਂ ਪੰਛੀ ਕਦੇ ਨੇੜੇ ਵੀ ਨਾ ਆਉਂਦੇ।" ਫਿਰ ਕਲਾਕਾਰ ਨੇ ਮੁੜ ਕੋਸ਼ਿਸ਼ ਕੀਤੀ। ਅੰਗੂਰ ਫਿਰ ਇੰਨੇ ਅਸਲੀ ਬਣੇ ਕਿ ਪੰਛੀ ਆਕਰਸ਼ਿਤ ਤਾਂ ਹੋਏ, ਪਰ ਨੇੜੇ ਨਹੀਂ ਆਏ ਕਿਉਂਕਿ ਇਸ ਵਾਰ ਇਨਸਾਨ ਦੀਆਂ ਅੱਖਾਂ ਇੰਨੀਆਂ ਅਸਲੀਅਤ ਦੇ ਕਰੀਬ ਸਨ ਕਿ ਉਹ ਉਹਨਾਂ ਨੂੰ ਅਸਲ ਮੰਨ ਕੇ ਨੇੜੇ ਜਾਣ ਦੀ ਹਿੰਮਤ ਨਾ ਕਰ ਸਕੇ।

ਜੇ ਕਲਾਕਾਰ ਆਪਣੇ ਦੋਸਤਾਂ ਤੋਂ ਮਿਲੀ ਪ੍ਰਸ਼ੰਸਾ ਨਾਲ ਹੀ ਖ਼ੁਸ਼ ਹੋ ਜਾਂਦਾ ਤਾਂ ਕਦੇ ਆਪਣੀ ਸ਼੍ਰੇਸ਼ਠ ਕਲਾ-ਰਚਨਾ ਨਾ ਕਰ ਪਾਉਂਦਾ। ਇਹ ਉਸਦੀ ਆਪਣੀਆਂ ਕਮਜ਼ੋਰੀਆਂ ਨੂੰ ਸਵੀਕਾਰ ਕਰਨ ਦੀ ਸਮਝ ਸੀ ਜਿਸਨੇ ਉਸਨੂੰ ਮੁਕੰਮਲਤਾ ਵੱਲ ਤੋਰਿਆ। ਨਿਪੁੰਨਤਾ ਦੀ ਭਾਲ ਸਾਡੀ ਸ਼ਖ਼ਸੀਅਤ ਨੂੰ ਕਾਮਯਾਬੀ ਦੇ ਰਾਹ 'ਤੇ ਤਰਾਸ਼ਦੀ ਹੈ।

ਸੁਪਨੇ ਅਤੇ ਸਫਲਤਾ

ਸ਼੍ਰੀ ਰਾਮ ਰਤਨ ਕਪਿਲਾ ਨਵੀਂ ਦਿੱਲੀ ਦੇ ਆਸਿਫ ਅਲੀ ਰੋਡ 'ਤੇ ਕੈਪਸਨਜ਼ ਨਾਂ ਹੇਠ ਰੈਫ੍ਰਿਜਰੇਟਰ ਅਤੇ ਏਅਰ ਕੰਡੀਸ਼ਨਰ ਦਾ ਕਾਰੋਬਾਰ ਚਲਾ ਰਹੇ ਹਨ। ਆਪਣੀ ਫਰਮ ਲਈ ਇੱਕ ਆਕਰਸ਼ਕ ਸਲੋਗਨ ਲੱਭਣ ਲਈ ਉਨ੍ਹਾਂ ਨੇ ਅਖਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਅਤੇ ਆਫਰ ਕੀਤਾ ਕਿ ਸਭ ਤੋਂ ਵਧੀਆ ਸਲੋਗਨ ਨੂੰ ਵੱਡਾ ਇਨਾਮ ਦਿੱਤਾ ਜਾਵੇਗਾ। ਕਈ ਵਾਰ ਇਸ਼ਤਿਹਾਰ ਦੇਣ ਦੇ ਬਾਵਜੂਦ ਵੀ ਕੋਈ ਵਧੀਆ ਸਲੋਗਨ ਨਹੀਂ ਮਿਲਿਆ। ਉਹ ਦਿਨ-ਰਾਤ ਆਪਣਾ ਦਿਮਾਗ ਖਪਾਉਂਦੇ ਰਹੇ, ਪਰ ਕੁਝ ਵੀ ਢੰਗ ਦਾ ਹੱਥ ਨਹੀਂ ਆਇਆ।

ਛੇ ਸਾਲ ਬੀਤ ਗਏ, ਫਿਰ ਇੱਕ ਰਾਤ ਸ਼੍ਰੀ ਕਪਿਲਾ ਨੇ ਸੁਪਨਾ ਦੇਖਿਆ ਕਿ ਉਹ ਇੱਕ ਖੂਬਸੂਰਤ ਬਾਗ ਵਿੱਚ ਹਨ, ਪੰਛੀ ਚਹਿਚਹਾ ਰਹੇ ਹਨ ਅਤੇ ਮੌਸਮ ਬਹੁਤ ਸੁਹਾਵਣਾ ਹੈ। ਆਪਣੇ ਆਲੇ ਦੁਆਲੇ ਦੇ ਮਾਹੌਲ ਨਾਲ ਖੁਸ਼ ਹੋ ਕੇ ਉਹ ਬੋਲ ਪਏ, "ਵਾਹ! ਕਿੰਨਾ ਵਧੀਆ ਮੌਸਮ ਹੈ!" ਛੇ ਸਾਲ ਲੱਗੇ ਪਰ ਆਖ਼ਿਰ ਉਹਨਾਂ ਨੂੰ ਸਹੀ ਨਾਰਾ ਮਿਲ ਗਿਆ—"ਕੈਪਸਨਜ਼: ਮੌਸਮ ਗੁਰੂ।"

ਸੁਪਨਾ ਦੇਖਣਾ ਇੱਕ ਐਸੀ ਕਿਰਿਆ ਹੈ ਜੋ ਨੀਂਦ ਦੇ ਹਾਲਤ ਵਿੱਚ ਵੀ ਜਾਰੀ ਰਹਿੰਦੀ ਹੈ ਅਤੇ ਅਕਸਰ ਅਧੂਰੀਆਂ ਸੋਚਾਂ ਤੇ ਇੱਛਾਵਾਂ ਨੂੰ ਰੂਪ

ਦਿੰਦੀ ਹੈ। ਦਿਨ ਦੌਰਾਨ ਜੋ ਕੁਝ ਵੀ ਮਨ ਵਿੱਚ ਚਲਦਾ ਹੈ, ਉਹ ਅਕਸਰ ਰਾਤ ਨੂੰ ਸੁਪਨਿਆਂ ਵਿੱਚ ਦਿਖਾਈ ਦਿੰਦਾ ਹੈ। ਇਤਿਹਾਸ ਵਿੱਚ ਅਜਿਹੀਆਂ ਕਈ ਕਹਾਣੀਆਂ ਹਨ ਜਿਨ੍ਹਾਂ ਵਿੱਚ ਸੁਪਨਿਆਂ ਰਾਹੀਂ ਖੋਜਾਂ ਹੋਈਆਂ ਹਨ ਜਾਂ ਅਜਿਹੀਆਂ ਸਮੱਸਿਆਵਾਂ ਦੇ ਹਲ ਮਿਲੇ ਹਨ ਜੋ ਪਹਿਲਾਂ ਅਸੰਭਵ ਲੱਗਦੇ ਸਨ। ਜਦੋਂ ਕੋਈ ਖੋਜਕਾਰ ਆਪਣੀ ਖੋਜ ਵਿੱਚ ਪੂਰੀ ਤਰ੍ਹਾਂ ਡੁੱਬਿਆ ਹੁੰਦਾ ਹੈ, ਤਾਂ ਉਸਦਾ ਮਨ ਸੁੱਤੇ-ਸਿਧ ਵੀ ਸਮੱਸਿਆਵਾਂ ਦੇ ਹੱਲ ਲੱਭਣ ਲਈ ਕਾਰਜਸ਼ੀਲ ਰਹਿੰਦਾ ਹੈ। ਅਕਸਰ ਅਜਿਹਾ ਹੁੰਦਾ ਹੈ ਕਿ ਜਿਹੜੇ ਪ੍ਰਸ਼ਨਾਂ ਦੇ ਉੱਤਰ ਮਿਲਣੇ ਮੁਸ਼ਕਲ ਲੱਗਦੇ ਹਨ, ਉਹਨਾਂ ਦੇ ਹੱਲ ਸੁਪਨੇ ਵਿੱਚ ਦਿਖਾਈ ਦੇ ਜਾਂਦੇ ਹਨ। ਪਰ ਇਹ ਤਦੋਂ ਹੀ ਹੁੰਦਾ ਹੈ ਜਦੋਂ ਕਿਸੇ ਵਿਸ਼ੇ ਨਾਲ ਪੂਰੀ ਤਰ੍ਹਾਂ ਬੌਧਿਕ ਜੁੜਾਅ ਹੋਵੇ। ਸਫਲਤਾ 'ਸਮਰਪਣ ਅਤੇ ਸਖ਼ਤ ਮਿਹਨਤ' ਦਾ ਨਤੀਜਾ ਹੈ। ਇਹ ਕਦੇ ਵੀ ਕਿਸੇ ਅਚਨਚੇਤ ਚਮਤਕਾਰ ਦਾ ਨਤੀਜਾ ਨਹੀਂ ਹੁੰਦੀ।

ਸਫਲਤਾ ਦਾ ਮਨੋਵਿਗਿਆਨ

ਵਿਸ਼ਵ ਚੈਂਪੀਅਨ ਅਕਸਰ ਇੱਕੋ ਜਿਹੀ ਸਰੀਰਕ ਤਾਕਤ ਅਤੇ ਯੋਗਤਾਵਾਂ ਵਾਲੇ ਹੁੰਦੇ ਹਨ ਅਤੇ ਲਗਭਗ ਇੱਕੋ ਪੱਧਰ ਦੀ ਟ੍ਰੇਨਿੰਗ ਪ੍ਰਾਪਤ ਕਰਦੇ ਹਨ। ਫਿਰ ਇੱਕ ਜਿੱਤਦਾ ਤੇ ਦੂਜਾ ਹਾਰਦਾ ਕਿਉਂ ਹੈ? ਇਹ ਸਵਾਲ ਅਮਰੀਕਾ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਖੋਜ ਦਾ ਵਿਸ਼ਾ ਬਣਿਆ ਹੋਇਆ ਸੀ। ਵਿਗਿਆਨੀਆਂ ਦੇ ਇੱਕ ਸਮੂਹ ਨੇ ਇਸ 'ਤੇ ਕੰਮ ਕੀਤਾ ਅਤੇ ਹਾਲ ਹੀ ਵਿੱਚ ਆਪਣੀ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਉਹਨਾਂ ਨੇ ਅੰਤਰਰਾਸ਼ਟਰੀ ਪੱਧਰ ਦੇ ਸਿਖਰਲੇ ਪਹਿਲਵਾਨ ਚੁਣੇ ਅਤੇ ਉਨ੍ਹਾਂ ਦੀ ਸਰੀਰਕ ਤਾਕਤ ਅਤੇ ਮਨੋਵਿਗਿਆਨਕ ਸਮਰੱਥਾ ਦਾ ਤੁਲਨਾਤਮਕ ਅਧਿਐਨ ਕੀਤਾ। ਉਹਨਾਂ ਨੂੰ ਪਤਾ ਲੱਗਿਆ ਕਿ ਜੇਤੂਆਂ ਅਤੇ ਹਾਰਨ ਵਾਲਿਆਂ ਵਿੱਚ ਇੱਕ ਵੱਡਾ ਫਰਕ ਹੈ ਜੋ ਸਰੀਰਕ ਨਹੀਂ ਸਗੋਂ ਮਨੋਵਿਗਿਆਨਕ ਹੈ। ਅਸਲ ਵਿੱਚ, ਉਨ੍ਹਾਂ ਦੀ ਮਨੋ-ਅਵਸਥਾ ਹੀ ਜਿੱਤ ਜਾਂ ਹਾਰ ਵਿੱਚ ਸਭ ਤੋਂ ਨਿਰਣਾਇਕ ਭੂਮਿਕਾ ਨਿਭਾਉਂਦੀ ਹੈ। ਵਿਸ਼ੇਸ਼ਗਾਂ ਨੇ ਪਾਇਆ ਕਿ ਹਾਰਨ ਵਾਲਿਆਂ ਦੇ ਮੁਕਾਬਲੇ ਜੇਤੂ ਆਪਣੇ ਆਪ ਉੱਤੇ ਵੱਧ ਕਾਬੂ ਰੱਖਣ ਵਾਲੇ ਅਤੇ ਜ਼ਿੰਮੇਵਾਰ ਹੁੰਦੇ ਹਨ। ਤੁਲਨਾਤਮਕ ਅਧਿਐਨ ਦਾ ਸਾਰ ਇਹ ਨਿਕਲਿਆ ਕਿ "ਹਾਰਨ ਵਾਲੇ ਮੁਕਾਬਲੇ ਤੋਂ ਪਹਿਲਾਂ ਜ਼ਿਆਦਾ ਉਦਾਸ ਅਤੇ

ਨਰਵਸ ਪਾਏ ਗਏ, ਜਦਕਿ ਜੇਤੂ ਸਕਾਰਾਤਮਕ ਅਤੇ ਸ਼ਾਂਤ ਰਹੇ।" (ਟਾਈਮਜ਼ ਆਫ਼ ਇੰਡੀਆ, 26 ਜੁਲਾਈ, 1981)

ਇਹ ਗੱਲ ਜੀਵਨ ਦੇ ਵਿਆਪਕ ਖੇਤਰ ਵਿੱਚ ਵੀ ਇਕਸਾਰ ਲਾਗੂ ਹੁੰਦੀ ਹੈ। ਜੀਵਨ ਵਿੱਚ ਜਦੋਂ ਦੋ ਵਿਅਕਤੀ ਜਾਂ ਦੋ ਸਮੂਹ ਇਕ ਦੂਜੇ ਦਾ ਸਾਹਮਣਾ ਕਰਦੇ ਹਨ, ਤਾਂ ਉਨ੍ਹਾਂ ਦੀ ਜਿੱਤ ਜਾਂ ਹਾਰ ਭੌਤਿਕ ਸਰੋਤਾਂ ਨਾਲੋਂ ਵੱਧ ਬੌਧਿਕ ਅਤੇ ਮਨੋਵਿਗਿਆਨਕ ਤਾਕਤਾਂ 'ਤੇ ਨਿਰਭਰ ਕਰਦੀ ਹੈ। ਆਪਣੇ ਟੀਚਿਆਂ ਦੀ ਮਹੱਤਤਾ 'ਤੇ ਪੂਰਾ ਵਿਸ਼ਵਾਸ, ਅਨੁਸ਼ਾਸਨ ਦੀ ਪਾਲਣਾ, ਬੋਲਾਂ ਅਤੇ ਵਿਚਾਰਾਂ ਵਿੱਚ ਕੋਈ ਫਰਕ ਨਾ ਹੋਣਾ, ਮੁਸੀਬਤ ਸਮੇਂ ਵੀ ਠੰਢੇ ਦਿਮਾਗ ਨਾਲ ਸੋਚਣਾ—ਇਹ ਸਾਰੇ ਮਨ ਅਤੇ ਹਿਰਦੇ ਦੇ ਗੁਣ ਹਨ ਜੋ ਸਫਲਤਾ ਦਾ ਨਿਰਣਾ ਕਰਦੇ ਹਨ ਅਤੇ ਜੀਵਨ ਦੇ ਵਿਸ਼ਾਲ ਖੇਤਰ ਵਿੱਚ ਅਸਫਲਤਾ ਤੋਂ ਬਚਾਉਂਦੇ ਹਨ।

ਦੇਣ ਤੇ ਲੈਣ ਦਾ ਸਿਧਾਂਤ

ਇੱਕ ਭਾਰਤੀ ਜਿਹੜਾ ਇਰਾਕ ਵਿੱਚ ਦੋ ਸਾਲ ਰਹਿ ਕੇ ਵਾਪਸ ਆਇਆ, ਉਸ ਤੋਂ ਪੁੱਛਿਆ ਗਿਆ ਕਿ ਉਸ ਨੇ ਕਿੰਨਾ ਪੈਸਾ ਬਚਾਇਆ। ਉਸ ਨੇ ਜਵਾਬ ਦਿੱਤਾ: "ਮੈਂ ਜ਼ਿਆਦਾ ਕਮਾ ਤਾਂ ਨਹੀਂ ਸਕਿਆ ਪਰ ਆਪਣਾ ਰੋਜ਼ਾਨਾ ਖ਼ਰਚ ਕੱਢ ਕੇ ਮੈਂ 2 ਲੱਖ ਰੁਪਏ ਬਚਾ ਲਏ।" ਫਿਰ ਉਸ ਤੋਂ ਪੈਸਾ ਜਮ੍ਹਾਂ ਕਰਨ ਦਾ ਰਾਜ਼ ਪੁੱਛਿਆ ਗਿਆ। ਉਸ ਨੇ ਕਿਹਾ: "ਭਰਾ ਜੀ, ਮੈਂ ਇਹ ਸਮਝਿਆ ਹੈ ਕਿ ਸਿਰਫ਼ ਆਪਣੀਆਂ ਲੋੜਾਂ ਘਟਾਉਣ ਨਾਲ ਹੀ ਪੈਸਾ ਬਚਾਇਆ ਜਾ ਸਕਦਾ ਹੈ।"

ਪੈਸਾ ਕਮਾਉਣ ਦਾ ਰਾਜ਼ ਇਹ ਹੈ ਕਿ ਮਨੁੱਖ ਨੂੰ ਧੀਰਜ ਨਾਲ ਕੰਮ ਕਰਨਾ ਚਾਹੀਦਾ ਹੈ, ਨਾ ਕਿ ਆਪਣੀਆਂ ਮਨਪਸੰਦ ਚੀਜ਼ਾਂ ਦੇ ਪਿੱਛੇ ਦੌੜਣਾ ਚਾਹੀਦਾ ਹੈ। ਮਨੁੱਖ ਨੂੰ ਆਪਣਾ ਟੀਚਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਪਰ ਇਸ ਦੌਰਾਨ ਹੋਰਾਂ ਦੀ ਸਹਾਇਤਾ ਜਾਂ ਉਹਨਾਂ ਨੂੰ ਸੁਵਿਧਾ ਵੀ ਦੇਣੀ ਚਾਹੀਦੀ ਹੈ। ਅਮੀਰ ਬਣਨ ਦਾ ਮਤਲਬ ਹੈ ਦੂਜਿਆਂ ਦੀਆਂ ਜੇਬਾਂ ਤੋਂ ਦੌਲਤ ਕੱਢਣਾ। ਜੇ ਤੁਸੀਂ ਹੋਰਾਂ ਨੂੰ ਕੋਈ ਵੀ ਸੁਵਿਧਾ ਨਹੀਂ ਦਿੰਦੇ, ਤਾਂ ਉਹ ਤੁਹਾਨੂੰ ਆਪਣੀ ਜੇਬ ਵਿੱਚੋਂ ਦੌਲਤ ਕੱਢਣ ਦਾ ਮੌਕਾ ਕਿਉਂ ਦੇਣਗੇ? ਦੌਲਤ ਕਮਾਉਣ ਦਾ ਰਾਜ਼ ਆਪਣੀਆਂ ਇੱਛਾਵਾਂ ਨੂੰ ਮਾਰਨਾ ਹੈ। ਮਨੁੱਖ ਨੂੰ ਆਪਣੀਆਂ ਨਹੀਂ,

ਹੋਰਾਂ ਦੀਆਂ ਤਰਜੀਹਾਂ ਦਾ ਪਾਲਣ ਕਰਨਾ ਚਾਹੀਦਾ ਹੈ। ਇਹ ਗੱਲ ਸਿਰਫ਼ ਆਰਥਿਕ ਪੱਖ 'ਤੇ ਨਹੀਂ ਸਗੋਂ ਧਾਰਮਿਕ ਪੱਖ 'ਤੇ ਲਾਗੂ ਹੁੰਦੀ ਹੈ। ਇਸ ਸੰਸਾਰ ਵਿੱਚ ਮਨੁੱਖ ਨੂੰ ਬਹੁਤ ਲੋਕਾਂ ਨਾਲ ਕਾਰੋਬਾਰ ਕਰਨਾ ਪੈਂਦਾ ਹੈ। ਉਸ ਨੂੰ ਸੰਜਮ ਨਾਲ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਕਰਕੇ ਇਸ ਦੁਨੀਆ ਵਿੱਚ ਸਫਲਤਾ ਤਦੋਂ ਹੀ ਸੰਭਵ ਹੁੰਦੀ ਹੈ ਜਦੋਂ ਮਨੁੱਖ ਆਪਣੇ ਆਪ ਤੋਂ ਬਾਹਰ ਨਿਕਲਦਾ ਹੈ, ਆਪਣੀਆਂ ਇੱਛਾਵਾਂ ਨੂੰ ਨਜ਼ਰਅੰਦਾਜ਼ ਕਰਦਾ ਹੈ ਅਤੇ ਬਾਹਰੀ ਹਾਲਾਤਾਂ ਨਾਲ ਸਮਝੌਤਾ ਕਰਦੇ ਹੋਏ ਆਪਣਾ ਰਾਹ ਲੱਭਦਾ ਹੈ। ਉਸ ਨੂੰ ਆਪਣੇ ਨਾਲ ਹੋਰਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਹਕੀਕਤ ਇਹ ਹੈ ਕਿ ਇਸ ਦੁਨੀਆ ਵਿੱਚ ਕਿਸੇ ਵੀ ਵਿਅਕਤੀ ਨੂੰ ਦੂਜਿਆਂ ਦੀ ਨਜ਼ਰ ਵਿਚ ਮਹੱਤਤਾ ਜਾਂ ਪਛਾਣ ਉਦੋਂ ਤਕ ਨਹੀਂ ਮਿਲਦੀ ਜਦ ਤਕ ਉਹ ਆਪਣੀਆਂ ਮਨ ਦੀਆਂ ਖਾਹਸ਼ਾਂ, ਜ਼ਰੂਰਤਾਂ ਅਤੇ ਪਸੰਦ ਦਾ ਤਿਆਗ ਨਹੀਂ ਕਰਦਾ। ਦੁਨੀਆ ਨੂੰ ਕੁਝ ਦਿੱਤੇ ਬਿਨਾ ਮਨੁੱਖ ਲਈ ਇਸ ਦੁਨੀਆ ਤੋਂ ਕੁਝ ਵੀ ਪ੍ਰਾਪਤ ਕਰਨਾ ਅਸੰਭਵ ਹੈ।

ਨਿਸਵਾਰਥ ਭਗਤੀ ਭਾਵਨਾ

ਇਸ ਦੁਨੀਆ ਦੇ ਲੋਕਾਂ ਨੂੰ ਦੋ ਵਿਸ਼ੇਸ਼ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੇ ਉਹ ਹਨ ਜੋ ਆਪਣੇ ਹਰ ਕੰਮ ਦਾ ਇਨਾਮ ਤੁਰੰਤ ਪ੍ਰਾਪਤ ਕਰਨਾ ਚਾਹੁੰਦੇ ਹਨ ਅਤੇ ਉਹ ਇਨਾਮ ਵੀ ਉਹਨਾਂ ਦੀ ਮਿਹਨਤ ਤੋਂ ਵੱਧ ਹੋਣਾ ਚਾਹੀਦਾ ਹੈ। ਦੂਜੇ ਉਹ ਹਨ ਜਿਨ੍ਹਾਂ ਦਾ ਮਨੋਰਥ ਕੋਈ ਭੌਤਿਕ ਲਾਭ ਲੈਣਾ ਨਹੀਂ ਹੁੰਦਾ, ਸਗੋਂ ਉਹਨਾਂ ਲਈ ਇਹ ਹੀ ਕਾਫ਼ੀ ਹੁੰਦਾ ਹੈ ਕਿ ਉਹਨਾਂ ਨੇ ਕਿਸੇ ਚੰਗੇ, ਮਹੱਤਵਪੂਰਨ ਕੰਮ ਵਿੱਚ ਯੋਗਦਾਨ ਪਾਇਆ ਹੈ। ਜੇਕਰ ਉਹਨਾਂ ਨੂੰ ਆਪਣੇ ਯਤਨਾਂ ਦਾ ਕੋਈ ਇਨਾਮ ਨਾ ਵੀ ਮਿਲੇ, ਉਹ ਨਾ ਨਾਰਾਜ਼ ਹੁੰਦੇ ਹਨ ਅਤੇ ਨਾ ਹੀ ਗੁੱਸਾ ਕਰਦੇ ਹਨ। ਉਹ ਆਪਣੀ ਭੂਮਿਕਾ ਤਾਂ ਨਿਭਾਉਂਦੇ ਹਨ ਪਰ ਆਪਣੇ ਵਿਅਕਤੀਗਤ ਯੋਗਦਾਨ ਨੂੰ ਵਿਸਾਰ ਦਿੰਦੇ ਹਨ ਕਿਉਂਕਿ ਉਹਨਾਂ ਦਾ ਅਸਲ ਟੀਚਾ ਮਿਲੀ ਜ਼ਿੰਮੇਵਾਰੀ ਨੂੰ ਪੂਰਾ ਕਰਨਾ ਹੈ ਨਾ ਕਿ ਕੋਈ ਵਾਹ-ਵਾਹੀ ਖੱਟਣਾ।

ਬਾਹਰੋਂ ਵੇਖਣ ਵਿੱਚ ਦੋਵੇਂ ਵਰਗ ਇਕੋ ਜਿਹੇ ਲੱਗ ਸਕਦੇ ਹਨ, ਪਰ ਅਸਲ ਵਿੱਚ ਇਹ ਦੋਵੇਂ ਇਕ ਦੂਜੇ ਤੋਂ ਬਿਲਕੁਲ ਉਲਟ ਹਨ। ਕਿਹਾ ਜਾ ਸਕਦਾ ਹੈ ਕਿ

ਪਹਿਲਾ ਵਰਗ ਸੰਸਾਰਕ ਬਜ਼ਾਰਾਂ ਨੂੰ ਚਲਾਉਂਦਾ ਹੈ, ਜਦਕਿ ਦੂਜਾ ਵਰਗ ਮਨੁੱਖੀ ਇਤਿਹਾਸ ਵਿੱਚ ਨਵੀਆਂ ਕਿਤਾਬਾਂ ਦੇ ਸਫ਼ੇ ਖੋਲ੍ਹਦਾ ਹੈ।

ਇਹ ਦੂਜਾ ਵਰਗ ਹੀ ਮਨੁੱਖਤਾ ਦੇ ਭਲੇ ਲਈ ਅਰਥਭਰਪੂਰ, ਕੀਮਤੀ ਯੋਗਦਾਨ ਪਾਉਂਦਾ ਹੈ ਕਿਉਂਕਿ ਇਹ ਹੀ ਸਾਂਝੇ ਸੰਘਰਸ਼ ਵਿੱਚ ਸ਼ਾਮਲ ਹੋ ਸਕਦਾ ਹੈ। ਬਿਨਾਂ ਸਾਂਝੇ ਸੰਘਰਸ਼ ਦੇ ਦੁਨੀਆ ਵਿੱਚ ਕੋਈ ਵੀ ਵੱਡਾ ਕਾਰਜ ਸੰਭਵ ਨਹੀਂ। ਜਦ ਵੀ ਲੋਕਾਂ ਦਾ ਇਕ ਸਮੂਹ ਕਿਸੇ ਸਾਂਝੇ ਮਕਸਦ ਲਈ ਇਕੱਠਾ ਹੁੰਦਾ ਹੈ, ਤਾਂ ਇਹ ਲਾਜ਼ਮੀ ਹੈ ਕਿ ਕੁਝ ਨੂੰ ਹੋਰਾਂ ਨਾਲੋਂ ਵੱਧ ਸ਼੍ਰੇਅ ਮਿਲੇ। ਕੁਝ ਦੀ ਉਪਲਬਧੀਆਂ ਲਈ ਪ੍ਰਸੰਸਾ ਕੀਤੀ ਜਾਂਦੀ ਹੈ ਜਦਕਿ ਕੁਝ ਨੂੰ ਕੋਈ ਪਹਿਚਾਣ ਤਕ ਵੀ ਨਹੀਂ ਮਿਲਦੀ। ਇਹ ਹਰ ਅੰਦੋਲਨ— ਚਾਹੇ 'ਰਾਜਨੀਤਕ' ਹੋਵੇ ਜਾਂ 'ਧਾਰਮਿਕ' ਦਾ ਕੌੜਾ ਸੱਚ ਹੈ। ਇਕੋ ਤਰੀਕਾ ਹੈ ਕਿ ਸਾਂਝੀ ਕੋਸ਼ਿਸ਼ ਨੂੰ ਸਫਲ ਬਣਾਉਣ ਦਾ ਕਿ "ਲੋਕਾਂ ਨੂੰ ਆਪਣੇ ਹੱਕ ਭੁੱਲ ਕੇ ਸਿਰਫ਼ ਆਪਣੀਆਂ ਜ਼ਿੰਮੇਵਾਰੀਆਂ ਯਾਦ ਰੱਖਣੀਆਂ ਪੈਂਣਗੀਆਂ।"

ਕਿਸੇ ਸਾਂਝੇ ਉਦੇਸ਼ ਵਿੱਚ ਨਿਸਵਾਰਥ ਸੰਘਰਸ਼ ਦੀ ਭਾਵਨਾ ਦੇ ਬਿਨਾਂ, ਨਾ ਕੇਵਲ ਉਹ ਲੋਕ ਜੋ ਕੋਈ ਮਿਹਨਤਾਨਾ ਪ੍ਰਾਪਤ ਨਹੀਂ ਕਰਦੇ, ਉਹ ਅੰਨਿਆਇਪੂਰਣ ਮਹਿਸੂਸ ਕਰਣਗੇ, ਸਗੋਂ ਉਹ ਲੋਕ ਵੀ ਜੋ ਆਪਣੇ ਯੋਗਦਾਨ ਲਈ ਪੁਰਸਕ੍ਰਿਤ ਕੀਤੇ ਜਾਂਦੇ ਹੈ, ਉਨ੍ਹਾਂ ਨੂੰ ਵੀ ਇਹ ਮਹਿਸੂਸ ਹੋਵੇਗਾ ਕਿ ਉਨ੍ਹਾਂ ਦੇ ਨਾਲ ਨਿਆਂ ਨਹੀਂ ਹੋਇਆ ਹੈ। ਅਕਸਰ ਕਿਸੇ ਨੂੰ ਰਿਵਾਰਡ ਵਜੋਂ ਮਿਲਣ ਵਾਲਾ ਇਨਾਮ ਉਸ ਦੀਆਂ ਉਮੀਦਾਂ ਮੁਤਾਬਿਕ ਨਹੀਂ ਹੁੰਦਾ। ਇਸ ਲਈ ਸੰਸਾਰ ਵਿਚ ਜਾਂ ਤਾਂ ਬਿਨਾਂ ਕਿਸੇ ਫਲ ਦੀ ਉਮੀਦ ਦੇ ਸੰਤੁਸ਼ਟ ਰਹਿਣਾ ਪੈਂਦਾ ਹੈ ਜਾਂ ਫਿਰ ਤਾਉਮਰ ਅਸੰਤੁਸ਼ਟ ਜੀਵਨ ਬਤੀਤ ਕਰਨਾ ਪੈਂਦਾ ਹੈ।

ਜਿਨ੍ਹਾਂ ਦੇ ਜੀਵਨ ਵਿੱਚ ਵੱਡੇ ਕਾਰਜ ਕਰਨੇ ਲਿਖੇ ਹੁੰਦੇ ਹਨ ਉਹ ਅਕਸਰ ਉਹੀ ਹੁੰਦੇ ਹਨ ਜੋ ਆਪਣੇ ਕੰਮ ਦਾ ਕੋਈ ਇਨਾਮ ਨਹੀਂ ਮੰਗਦੇ। ਉਹਨਾਂ ਲਈ ਇਹ ਹੀ ਸਭ ਤੋਂ ਵੱਡਾ ਇਨਾਮ ਹੁੰਦਾ ਹੈ ਕਿ ਉਹਨਾਂ ਨੇ ਕੋਈ ਸਾਰਥਕ ਕਾਰਜ ਕੀਤਾ ਹੈ। ਇਹ ਸੰਤੋਖ ਉਸਤੋਂ ਕਿਤੇ ਵੱਧ ਖੁਸ਼ੀ ਪ੍ਰਦਾਨ ਹੈ ਜਿੰਨੀ ਸ਼ਾਇਦ ਚੰਗਾ ਇਨਾਮ ਪ੍ਰਾਪਤ ਕਰਕੇ ਵੀ ਨਹੀਂ ਮਿਲਦੀ।

ਆਪਣੀ ਯੋਗਤਾ ਸਾਬਤ ਕਰਨੀ

ਆਜ਼ਮਗੜ੍ਹ ਦਾ ਏ.ਐਮ. ਖ਼ਾਨ ਨਾਮਕ ਇੱਕ ਨੌਜਵਾਨ ਮੁਸਲਮਾਨ ਵਿਦਿਆਰਥੀ ਘਬਰਾਹਟ ਵਿਚ ਹਿੰਦੂ ਕਾਲਜ ਦੇ ਪ੍ਰਿੰਸੀਪਲ ਸਾਹਮਣੇ ਖੜਾ ਹੋ ਕੇ ਕਹਿਣ ਲੱਗਾ "ਸਰ, ਮੈਂ ਤੁਹਾਡੇ ਕਾਲਜ ਵਿੱਚ ਬੀ.ਐਸ.ਸੀ. ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦਾ ਹਾਂ।" ਪ੍ਰਿੰਸੀਪਲ ਦੀ ਪ੍ਰਤੀਕਿਰਿਆ ਤਿੱਖੀ ਸੀ। "ਦਾਖਲੇ ਬੰਦ ਹੋ ਚੁੱਕੇ ਹਨ। ਜਿਵੇਂ ਕਿ ਤੁਸੀਂ ਅਰਜ਼ੀ ਦੇਣ ਵਿੱਚ ਕਈ ਮਹੀਨੇ ਦੀ ਦੇਰੀ ਕਰ ਚੁੱਕੇ ਹੋ ਤਾਂ ਹੁਣ ਅਕਤੂਬਰ ਦੇ ਮਹੀਨੇ ਵਿੱਚ ਤੁਸੀਂ ਦਾਖਲਾ ਲੈਣ ਦੀ ਉਮੀਦ ਕਿਵੇਂ ਕਰ ਸਕਦੇ ਹੋ?" ਅਚਨਚੇਤ ਦਰਪੇਸ਼ ਹੋਈਆਂ ਕੁਝ ਰੁਕਾਵਟਾਂ ਕਾਰਨ ਨੌਜਵਾਨ ਖ਼ਾਨ ਅਰਜ਼ੀ ਜਲਦੀ ਨਾ ਦੇ ਸਕਿਆ, ਪਰ ਉਸ ਨੇ ਬਹੁਤ ਨਿਮਰਤਾ ਨਾਲ ਕਿਹਾ, "ਜੇਕਰ ਤੁਸੀਂ ਮੇਰੀ ਮਦਦ ਕਰ ਸਕੋ ਤਾਂ ਇਹ ਤੁਹਾਡੀ ਬਹੁਤ ਵੱਡੀ ਮਿਹਰਬਾਨੀ ਹੋਵੇਗੀ।" ਫਿਰ ਉਸ ਨੇ ਹਿਚਕਿਚਾਂਦਿਆਂ ਕਿਹਾ, "ਜੇ ਮੈਨੂੰ ਦਾਖਲਾ ਨਾ ਮਿਲਿਆ ਤਾਂ ਮੇਰਾ ਪੂਰਾ ਸਾਲ ਬਰਬਾਦ ਹੋ ਜਾਵੇਗਾ।" ਪ੍ਰਿੰਸੀਪਲ ਦਾ ਜਵਾਬ ਸਖ਼ਤ ਸੀ, "ਹੋਰ ਦਾਖਲਿਆਂ ਦਾ ਕੋਈ ਸਵਾਲ ਹੀ ਨਹੀਂ।"

ਪ੍ਰਿੰਸੀਪਲ ਨੇ ਅਜਿਹੇ ਬੇਪਰਵਾਹ ਅੰਦਾਜ਼ ਵਿੱਚ ਗੱਲ ਕੀਤੀ ਕਿ ਇਹ ਸਪੱਸ਼ਟ ਸੀ ਕਿ ਹੁਣ ਹੋਰ ਜ਼ੋਰ ਪਾਉਣ ਦਾ ਕੋਈ ਫਾਇਦਾ ਨਹੀਂ। ਫਿਰ ਵੀ ਵਿਦਿਆਰਥੀ ਨੇ ਆਪਣੀ ਕਿਸਮਤ ਅਜ਼ਮਾਉਣ ਦਾ ਫੈਸਲਾ ਕੀਤਾ, ਹਾਲਾਂਕਿ ਉਹ ਇਹੀ ਉਮੀਦ ਕਰ ਰਿਹਾ ਸੀ ਕਿ ਉਸਨੂੰ ਤੁਰੰਤ ਕਮਰੇ ਤੋਂ ਬਾਹਰ ਜਾਣ ਦਾ ਹੁਕਮ ਮਿਲੇਗਾ। ਜਦੋਂ ਪ੍ਰਿੰਸੀਪਲ ਨੇ ਵਿਦਿਆਰਥੀ ਦੀ ਜ਼ਿੱਦ ਦੇਖੀ ਤਾਂ ਉਸ ਨੇ ਕੁਝ ਸਖਤ ਅੰਦਾਜ਼ ਵਿੱਚ ਪੁੱਛਿਆ ਕਿ ਉਸਦੇ ਪਿਛਲੇ ਇਮਤਿਹਾਨਾਂ ਵਿੱਚ ਕਿੰਨੇ ਨੰਬਰ ਸਨ? ਉਸਨੂੰ ਪੂਰਾ ਯਕੀਨ ਸੀ ਕਿ ਘੱਟ ਨੰਬਰਾਂ ਕਾਰਨ ਹੀ ਉਹ ਹੋਰ ਕਿਤੇ ਦਾਖਲਾ ਲੈਣ ਵਿੱਚ ਨਾਕਾਮ ਰਿਹਾ ਹੋਵੇਗਾ। ਜੇ ਇਹ ਗੱਲ ਸੱਚ ਹੁੰਦੀ ਤਾਂ ਪ੍ਰਿੰਸੀਪਲ ਨੂੰ ਉਸਦੀ ਅਰਜ਼ੀ ਰੱਦ ਕਰਨ ਦਾ ਵਾਜਬ ਕਾਰਨ ਮਿਲ ਜਾਂਦਾ। ਪਰ ਵਿਦਿਆਰਥੀ ਦਾ ਜਵਾਬ ਬਿਲਕੁਲ ਉਲਟ ਸੀ। ਉਸ ਨੇ ਕਿਹਾ, "ਪਚਾਸ਼ੀ ਪ੍ਰਤੀਸ਼ਤ, ਸਰ।"

ਇਹ ਸ਼ਬਦ ਕਿਸੇ ਚਮਤਕਾਰ ਵਾਂਗ ਕੰਮ ਕਰ ਗਏ। ਪ੍ਰਿੰਸੀਪਲ ਦਾ ਵਿਵਹਾਰ ਅਚਾਨਕ ਬਦਲ ਗਿਆ ਅਤੇ ਉਸ ਨੇ ਵਿਦਿਆਰਥੀ ਨੂੰ ਬੈਠਣ ਤੇ ਆਪਣੇ ਸਰਟੀਫਿਕੇਟ ਵਿਖਾਉਣ ਲਈ ਕਿਹਾ। ਸਰਟੀਫਿਕੇਟ ਦੇਖਣ ਉਪਰੰਤ ਜਦੋਂ ਵਿਦਿਆਰਥੀ ਦੀ ਗੱਲ ਠੀਕ ਸਾਬਿਤ ਹੋਈ ਤਾਂ ਪਿੰਸੀਪਲ ਨੇ ਉਸ

ਵਿਦਿਆਰਥੀ ਨੂੰ ਪੁਰਾਣੀ ਤਾਰੀਖ (backdate) ’ਤੇ ਇਕ ਪੱਤਰ ਲਿਖਣ ਲਈ ਕਿਹਾ।

ਨਾ ਸਿਰਫ਼ ਵਿਦਿਆਰਥੀ ਨੂੰ ਦਾਖਲਾ ਦਿੱਤਾ ਗਿਆ, ਬਲਕਿ ਉਸ ਨੂੰ ਉਸੇ ਪ੍ਰਿੰਸੀਪਲ ਵੱਲੋਂ ਸਕਾਲਰਸ਼ਿਪ ਵੀ ਪ੍ਰਦਾਨ ਕੀਤੀ ਗਈ ਜਿਸ ਨੇ ਉਸ ਦੀ ਗੱਲ ਸੁਣਨ ਤੋਂ ਵੀ ਇਨਕਾਰ ਕਰ ਦਿੱਤਾ ਸੀ।

ਜੇ ਉਹੀ ਵਿਦਿਆਰਥੀ ਤੀਜੀ ਡਿਵੀਜ਼ਨ ਦੀ ਡਿਗਰੀ ਲੈ ਕੇ ਪ੍ਰਿੰਸੀਪਲ ਕੋਲ ਜਾਂਦਾ ਅਤੇ ਦਾਖਲੇ ਤੋਂ ਇਨਕਾਰ ਕਰ ਦਿੱਤਾ ਜਾਂਦਾ ਤਾਂ ਉਹ ਯਕੀਨਨ ਪ੍ਰਿੰਸੀਪਲ ਪ੍ਰਤੀ ਘ੍ਰਿਣਾ ਲੈ ਕੇ ਵਾਪਸ ਜਾਂਦਾ ਅਤੇ ਆਪਣੇ ਦੋਸਤਾਂ ਨੂੰ ਦੱਸਦਾ ਕਿ ਉਸਦੇ ਨਾਲ ਪੱਖਪਾਤ ਕੀਤਾ ਗਿਆ ਹੈ। ਉਹ ਇਹ ਮੰਨਣ ਲਈ ਤਿਆਰ ਨਾ ਹੁੰਦਾ ਕਿ ਉਸ ਨੂੰ ਮਾੜੇ ਨੰਬਰਾਂ ਕਾਰਨ ਦਾਖਲਾ ਨਹੀਂ ਮਿਲਿਆ। ਉਹ ਦਾਖਲਾ ਨਾ ਮਿਲਣ ਦਾ ਸਾਰਾ ਦੋਸ਼ ਪ੍ਰਿੰਸੀਪਲ ਉੱਤੇ ਲਾਉਂਦਾ। ਉੱਚ ਅਹੁਦੇ ਦੇ ਉਮੀਦਵਾਰਾਂ ਨੂੰ ਇਹ ਗੱਲ ਸਾਫ਼ ਤੌਰ ’ਤੇ ਨਹੀਂ ਸਮਝ ਆਉਂਦੀ ਕਿ ਜਿਹੜੀ ਪ੍ਰਤੀਕਿਰਿਆ ਸਾਨੂੰ ਸਮਾਜ ਵੱਲੋਂ ਮਿਲਦੀ ਹੈ ਉਹ ਅਸਲ ਵਿੱਚ ਸਾਡੀ ਆਪਣੀ ਸ਼ਖ਼ਸੀਅਤ ਦਾ ਪ੍ਰਤਿਬਿੰਬ ਹੁੰਦਾ ਹੈ। ਅਸੀਂ ਅਕਸਰ ਸਮਾਜ ਉੱਤੇ ਦੋਸ਼ ਲਾਉਂਦੇ ਹਾਂ ਤਾਂ ਜੋ ਅਸੀਂ ਆਪਣੇ ਆਪ ਨੂੰ ਦੋਸ਼ਾਂ ਤੋਂ ਬਚਾ ਸਕੀਏ।

ਜਦੋਂ ਕੋਈ ਵਿਅਕਤੀ ਜ਼ਿੰਦਗੀ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਪੂਰੀ ਤਿਆਰੀ ਨਾਲ ਸੰਸਾਰ ਵਿਚ ਕਦਮ ਰੱਖਦਾ ਹੈ ਤਾਂ ਦੁਨੀਆ ਉਸਨੂੰ ਉਸਦਾ ਬਣਦਾ ਹੱਕ ਦੇਣ ਤੋਂ ਇਨਕਾਰ ਨਹੀਂ ਕਰ ਸਕਦੀ। ਕਿਸੇ ਵੀ ਮਾਹੌਲ ਵਿੱਚ ਉਹ ਉਸ ਮਾਣ-ਸਨਮਾਨ ਤੋਂ ਵਾਂਝਾ ਨਹੀਂ ਰਹਿੰਦਾ ਜੋ ਉਸਦਾ ਹੱਕ ਹੁੰਦਾ ਹੈ। ਇਹੀ ਕਾਰਨ ਹੈ ਕਿ ਉਹ ਉੱਚੇ ਨੈਤਿਕ ਮਿਆਰਾਂ ਨੂੰ ਕਾਇਮ ਰੱਖਣ ਦੇ ਯੋਗ ਹੁੰਦਾ ਹੈ। ਉਸਦੇ ਅਨੁਭਵ ਹਿੰਮਤ, ਵਿਸ਼ਵਾਸ, ਖੁੱਲ੍ਹੀ ਸੋਚ, ਸਦਾਚਾਰ, ਹੋਰਨਾਂ ਦੀ ਕਦਰ ਅਤੇ ਯਥਾਰਥਵਾਦੀ ਦ੍ਰਿਸ਼ਟੀਕੋਣ ਨਾਲ ਭਰੇ ਹੁੰਦੇ ਹਨ। ਉਸ ਵਿੱਚ ਸਹੀ ਮਨੁੱਖੀ ਸੰਬੰਧ ਬਣਾਉਣ ਦੀ ਇੱਛਾ ਅਤੇ ਸਮਰਥਾ ਹੁੰਦੀ ਹੈ। ਜਦੋਂ ਸਮਾਜ ਉਸਦੀ ਯੋਗਤਾ ਨੂੰ ਮੰਨ ਲੈਂਦਾ ਹੈ ਅਤੇ ਉਹ ਵੀ ਸਮਾਜ ਦਾ ਸਤਿਕਾਰ ਕਰਦਾ ਹੈ, ਉਹ ਘ੍ਰਿਣਾ ਅਤੇ ਪੱਖਪਾਤ ਵਾਲੇ ਨਕਾਰਾਤਮਕ ਰੁਝਾਨ ਤੋਂ ਉੱਪਰ ਉੱਠ ਜਾਂਦਾ ਹੈ।

ਇਸ ਦੇ ਉਲਟ ਸੱਚ ਉਦੋਂ ਹੁੰਦਾ ਹੈ ਜਦੋਂ, ਉਹ ਲੋੜੀਂਦੇ ਮਾਪਦੰਡਾਂ ’ਤੇ ਖਰਾ ਨਹੀਂ ਉਤਰਦਾ, ਉਹ ਆਪਣੀ ਯੋਗਤਾ ਸਾਬਤ ਕਰਨ ਵਿੱਚ ਵੀ ਅਸਫਲ ਰਹਿੰਦਾ ਹੈ; ਜਦੋਂ ਉਹ ਨਾਕਾਫ਼ੀ ਸਿਖਲਾਈ ਨਾਲ ਜ਼ਿੰਦਗੀ ਵਿੱਚ ਪ੍ਰਵੇਸ਼ ਕਰਦਾ

ਹੈ, ਤਾਂ ਉਹ ਯਕੀਨੀ ਤੌਰ ’ਤੇ ਦੁਨੀਆ ਵਿੱਚ ਆਪਣੀ ਪਸੰਦੀਦਾ ਥਾਂ ਲੱਭਣ ਵਿੱਚ ਅਸਫਲ ਰਹਿੰਦਾ ਹੈ। ਇਕ ਉਦਾਸ ਸ਼ਖ਼ਸੀਅਤ ਵਾਲਾ ਵਿਅਕਤੀ ਯਕੀਨਨ ਨੀਵਾਂ ਨੈਤਿਕ ਚਰਿਤਰ ਵਿਕਸਿਤ ਕਰਦਾ ਹੈ। ਉਹ ਨਕਾਰਾਤਮਕ ਮਨੋਵਿਗਿਆਨ— ਗੁੱਸਾ, ਸ਼ਿਕਾਇਤਾਂ, ਇੱਥੋਂ ਤੱਕ ਕਿ ਅਪਰਾਧ ਦਾ ਸ਼ਿਕਾਰ ਹੋ ਜਾਂਦਾ ਹੈ। ਜ਼ਿੰਦਗੀ ਵਿੱਚ ਅਸਫਲਤਾ ਇਸ ਨਕਾਰਾਤਮਕ ਮਨੋਵਿਗਿਆਨ ਨੂੰ ਜਨਮ ਦਿੰਦੀ ਹੈ ਕਿਉਂਕਿ ਕੋਈ ਵਿਰਲਾ ਵਿਅਕਤੀ ਹੀ ਆਪਣੀ ਅਸਫਲਤਾ ਲਈ ਆਪਣੇ ਆਪ ਨੂੰ ਦੋਸ਼ੀ ਮੰਨਦਾ ਹੈ। ਉਹ ਹਮੇਸ਼ਾਂ ਆਪਣੀ ਕਮੀਆਂ ਲਈ ਹੋਰਾਂ ਨੂੰ ਹੀ ਦੋਸ਼ ਦਿੰਦਾ ਹੈ। ਜ਼ਿੰਦਗੀ ਲਈ ਅਪੂਰਨ ਤਿਆਰੀ ਦੋ ਬੁਰਾਈਆਂ ਨੂੰ ਜਨਮ ਦਿੰਦੀ ਹੈ, ਪਹਿਲੀ ਆਪਣੀ ਨਾਕਾਮੀ ਤੇ ਦੂਜੀ ਹੋਰਾਂ ਖ਼ਿਲਾਫ਼ ਬੇਵਜ੍ਹਾ ਸ਼ਿਕਾਇਤ।

ਪੱਥਰ ਸਭ ਲਈ ਸਖ਼ਤ ਹੁੰਦਾ ਹੈ। ਪਰ ਉਹ ਉਸ ਵਿਅਕਤੀ ਲਈ ਮੁਸੀਬਤ ਨਹੀਂ ਹੁੰਦਾ ਜਿਸ ਕੋਲ ਉਸ ਨੂੰ ਤੋੜਣ ਦਾ ਲੋੜੀਂਦਾ ਸੰਦ ਹੁੰਦਾ ਹੈ। ਇਹ ਗੱਲ ਜ਼ਿੰਦਗੀ ਦੀਆਂ ਜਟਿਲ ਰੁਕਾਵਟਾਂ ’ਤੇ ਵੀ ਲਾਗੂ ਹੁੰਦੀ ਹੈ। ਜੇਕਰ ਤੁਸੀਂ ਜ਼ਿੰਦਗੀ ਦੇ ਮੈਦਾਨ ਵਿੱਚ ਠੀਕ ਹੁਨਰ ਤੇ ਕਾਬਲੀਅਤ ਨਾਲ ਪ੍ਰਵੇਸ਼ ਕਰੋ, ਫਿਰ ਹੀ ਤੁਸੀਂ ਆਪਣਾ ਬਣਦਾ ਹੱਕ ਲੈ ਸਕਦੇ ਹੋ। “ਆਖਰੀ ਮਿਤੀ” ਬੀਤ ਜਾਣ ਦੇ ਬਾਵਜੂਦ ਵੀ ਤੁਹਾਨੂੰ ਕਾਲਜ ਵਿੱਚ ਦਾਖਲਾ ਮਿਲ ਸਕਦਾ ਹੈ ਬਿਨਾਂ ਕਿਸੇ ਹੋਰ ਦੀ ਸਿਫਾਰਸ਼ ਦੇ। ਪਰ ਬਿਨਾਂ ਲੋੜੀਂਦੇ ਹੁਨਰਾਂ ਅਤੇ ਯੋਗਤਾ ਦੇ, ਤੁਸੀਂ ਆਪਣੀ ਇੱਛਿਤ ਥਾਂ ਨਹੀਂ ਪ੍ਰਾਪਤ ਕਰ ਸਕਦੇ।

ਜੋ ਵੀ ਵਿਅਕਤੀ ਚਾਹੁੰਦਾ ਹੈ ਕਿ ਕਾਮਯਾਬੀ ਉਸਦੇ ਹਿੱਸੇ ਆਵੇ, ਉਸਨੂੰ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਉਸਦੇ ਯੋਗ ਬਣਾਉਣਾ ਹੋਵੇਗਾ। ਉਸਨੂੰ ਆਪਣੇ ਆਪ ਅਤੇ ਆਪਣੇ ਹਾਲਾਤਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਉਸਨੂੰ ਆਪਣੀਆਂ ਊਰਜਾਵਾਂ ਨੂੰ ਠੀਕ ਢੰਗ ਨਾਲ ਵਿਵਸਥਿਤ ਅਤੇ ਪ੍ਰਵਾਹਿਤ ਕਰਨਾ ਚਾਹੀਦਾ ਹੈ। ਉਸਨੂੰ ਜ਼ਿੰਦਗੀ ਦੇ ਮੈਦਾਨ ਵਿੱਚ ਪੂਰੀ ਤਿਆਰੀ ਨਾਲ ਕਦਮ ਰੱਖਣਾ ਚਾਹੀਦਾ ਹੈ, ਸਿਰਫ ਤਦ ਹੀ ਲੋਕ ਉਸਦੀ ਅਸਲ ਕੀਮਤ ਨੂੰ ਪਛਾਣਨ ਵਿਚ ਚੂਕ ਨਹੀਂ ਕਰਨਗੇ। ਉਹ ਉਸ ਰੁੱਖ ਵਾਂਗ ਹੋਣਾ ਚਾਹੀਦਾ ਹੈ ਜੋ ਝਾੜੀਆਂ ਨੂੰ ਚੀਰ ਕੇ ਸੂਰਜ ਤੋਂ ਰੌਸ਼ਨੀ ਪ੍ਰਾਪਤ ਕਰਨ ਦੀ ਸਮਰੱਥਾ ਰੱਖਦਾ ਹੈ।

ਇਕ ਵਿਲੱਖਣ ਯੋਗਤਾ

ਕੁਝ ਸਾਲ ਪਹਿਲਾਂ ਮੈਂ ਇੱਕ ਪੱਛਮੀ ਸਾਹਿਤਕਾਰ ਦਾ ਲੇਖ ਪੜ੍ਹਿਆ, ਜਿਸ ਵਿੱਚ ਉਸ ਨੇ ਕੁਝ ਪ੍ਰਸਿੱਧ ਵਿਅਕਤੀਆਂ ਦੀ ਦੌਲਤ ਅਤੇ ਸ਼ੋਹਰਤ ਪਿਛਲੇ ਕਾਰਨਾਂ ਬਾਰੇ ਆਪਣੀ ਖੋਜ ਪੇਸ਼ ਕੀਤੀ। ਉਹਨਾਂ ਦੀ ਜ਼ਿੰਦਗੀ ਦਾ ਗੂੜ੍ਹ ਅਧਿਐਨ ਕਰਨ ਤੋਂ ਬਾਅਦ ਉਸ ਨੇ ਸਾਰ ਕੱਢਿਆ ਕਿ ਜੋ ਲੋਕ ਸਫਲਤਾ ਦੇ ਸਿਖਰ ’ਤੇ ਪਹੁੰਚਦੇ ਹਨ, ਉਹਨਾਂ ਵਿੱਚ ਦੋ ਖ਼ਾਸ ਗੁਣ— ‘ਜਿਗਿਆਸਾ ਅਤੇ ਅਸੰਤੋਸ਼’ ਹੁੰਦੇ ਹਨ।

ਜਿਗਿਆਸਾ ਉਹਨਾਂ ਨੂੰ ਸਦਾ ਆਪਣੇ ਕੰਮ ਵਿੱਚ ਰੁੱਝਿਆ ਰੱਖਦੀ ਹੈ ਅਤੇ ਅਸੰਤੋਸ਼ ਉਹਨਾਂ ਨੂੰ ਅੱਗੇ ਵੱਧਣ ਲਈ ਪ੍ਰੇਰਿਤ ਕਰਦਾ ਹੈ। ਸਫਲ ਵਿਅਕਤੀ ਦਾ ਇੱਕ ਹੋਰ ਪਹਿਲੂ ਸ਼੍ਰੀਮਤੀ ਅਨੀਤਾ ਸਟ੍ਰੇਕਰ, ਜੋ ਕਿ ਵਿਲਟਸ਼ਾਇਰ ਦੀ ਗਣਿਤ ਸਲਾਹਕਾਰ ਰਹੀ ਹੈ, ਵੱਲੋਂ ਆਪਣੇ ਸਕੂਲ ਕੌਂਸਲ ਲਈ ਤਿਆਰ ਕੀਤੀ 108 ਸਫ਼ਿਆਂ ਦੀ ਸਿੱਖਿਅਕ ਰਿਪੋਰਟ ਵਿੱਚ ਦਰਸਾਇਆ ਗਿਆ ਹੈ। ਇਸ ਰਿਪੋਰਟ ਵਿੱਚ ਪ੍ਰਤਿਭਾਸ਼ਾਲੀ ਬੱਚਿਆਂ ਦੇ ਗੁਣਾਂ ਬਾਰੇ ਇਹ ਟਿੱਪਣੀ ਕੀਤੀ ਗਈ ਹੈ: “ਜੋ ਵਿਦਿਆਰਥੀ ਕੋਈ ਵੀ ਦੂਜਾ ਦਰਜਾ ਪ੍ਰਾਪਤ ਕਰਕੇ ਬੇਸਬਰ ਹੋ ਜਾਂਦੇ ਹਨ, ਉਹ ਸੰਭਵ ਹੈ ਕਿ ਪ੍ਰਤਿਭਾਸ਼ਾਲੀ ਹਨ।” (ਹਿੰਦੁਸਤਾਨ ਟਾਈਮਜ਼, 2 ਫ਼ਰਵਰੀ, 1983)

ਇਹ ਕਿਸੇ ਵਿਅਕਤੀ ਵਿੱਚ ਇੱਕ ਵਿਲੱਖਣ ਗੁਣ ਹੈ ਜੇਕਰ ਉਹ ਕਿਸੇ ਵੀ ਅਜਿਹੀ ਚੀਜ਼ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਹੈ ਜੋ ਸਭ ਤੋਂ ਉੱਤਮ ਨਹੀਂ ਹੈ। ਇਹ ਗੁਣ ਸਾਰੀਆਂ ਸਫਲ ਪ੍ਰਾਪਤੀਆਂ ਦੀ ਕੁੰਜੀ ਹੈ।

ਇਹ ਸੋਚ ਵਿਅਕਤੀ ਨੂੰ ਅਧੂਰੇ ਸੱਚ ਨੂੰ ਨਕਾਰ ਕੇ ਸਰਵੋਤਮ ਸੱਚ ਵੱਲ ਅੱਗੇ ਵੱਧਣ ਲਈ ਮਜ਼ਬੂਰ ਕਰਦੀ ਹੈ। ਇਹ ਉਸ ਨੂੰ ਆਮ ਤੋਂ ਖਾਸ ਸ਼ਖ਼ਸੀਅਤ ਬਣਾਉਂਦੀ ਹੈ। ਇਹ ਸੋਚ ਉਸ ਨੂੰ ਛੋਟੀਆਂ ਪ੍ਰਾਪਤੀਆਂ ਨਾਲ ਸੰਤੁਸ਼ਟ ਹੋਣ ਨਹੀਂ ਦਿੰਦੀ। ਇਹ ਲਗਾਤਾਰ ਉਸ ਨੂੰ ਹੋਰ ਵੱਡੀਆਂ ਸਫਲਤਾਵਾਂ ਵੱਲ ਧੱਕਦੀ ਰਹਿੰਦੀ ਹੈ। ਇਹ ਉਸ ਨੂੰ ਆਪਣਾ ਕਰਤਵ ਨਿਭਾਉਣ ਲਈ ਮਜ਼ਬੂਰ ਕਰਦੀ ਹੈ, ਜਿਸ ਵਿੱਚ ਉਹ ਸਿਰਫ਼ ਸਰਵੋਤਮ ਨੂੰ ਹੀ ਚੁਣਦਾ ਹੈ। ਫਿਰ ਉਹ ਆਪਣਾ ਕਰਤਵ ਪੂਰੀ ਤਰ੍ਹਾਂ ਨਿਭਾ ਕੇ ਖੁਸ਼ੀ ਪ੍ਰਾਪਤ ਕਰਦਾ ਹੈ। ਇਹ ਉਸ ਨੂੰ ਸਦਾ ਪ੍ਰੇਰਿਤ ਰੱਖਦੀ ਹੈ ਤਾਂ ਜੋ ਉਹ ਸਰਵੋਤਮ ਤੋਂ ਇਲਾਵਾ ਕਿਸੇ ਹੋਰ ਚੀਜ਼ ’ਤੇ ਸੰਤੁਸ਼ਟ ਨਾ ਹੋਵੇ ਅਤੇ ਸੰਪੂਰਨਤਾ ਤੋਂ ਪਹਿਲਾਂ ਕਿਸੇ ਵੀ ਪੱਧਰ ’ਤੇ ਰੁਕਣਾ ਕਬੂਲ ਨਾ ਕਰੇ।

ਹਰ ਅਵਸਰ ਦਾ ਲਾਭ ਲਵੋ

14ਵੀਂ ਸਦੀ ਦੇ ਅੰਤ ਵਿਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਪਰਿਣਾਮਸਰੂਪ, ਅਸੀਂ ਖੁਸ਼ਕਿਸਮਤ ਹਾਂ ਕਿ ਅੱਜ 21ਵੀਂ ਸਦੀ ਵਿੱਚ ਸਾਡੇ ਕੋਲ ਇੱਕ ਨਵੀਂ ਅਤੇ ਬਿਹਤਰ ਜ਼ਿੰਦਗੀ ਦੀ ਸ਼ੁਰੂਆਤ ਕਰਨ ਲਈ ਹਰ ਤਰ੍ਹਾਂ ਦੇ ਲੋੜੀਂਦੇ ਅਵਸਰ ਮੌਜੂਦ ਹਨ।

ਜਦੋਂ ਸੂਰਜ ਚੜ੍ਹਦਾ ਹੈ ਅਤੇ ਰਾਤ ਮੁੱਕਦੀ ਹੈ, ਇਹ ਕੁਦਰਤ ਵੱਲੋਂ ਇੱਕ ਖਾਮੋਸ਼ ਐਲਾਨ ਹੁੰਦਾ ਹੈ ਕਿ ਧਰਤੀ ਦਾ ਆਪਣੇ ਧੁਰੇ ’ਤੇ ਇੱਕ ਹੋਰ ਚੱਕਰ ਪੂਰਾ ਹੋ ਗਿਆ ਹੈ। ਹੁਣ ਇਸ ਦਾ ਅਗਲਾ ਚੱਕਰ ਸ਼ੁਰੂ ਹੋਣ ਵਾਲਾ ਹੈ। ਹਰ ਕੋਈ ਇਸ ਦੀ ਰੌਸ਼ਨੀ ਵਿੱਚ ਆਪਣਾ ਸਫਰ ਸ਼ੁਰੂ ਕਰ ਸਕਦਾ ਹੈ ਅਤੇ ਆਪਣੀ ਮੰਜ਼ਿਲ ਤੱਕ ਪਹੁੰਚ ਸਕਦਾ ਹੈ।

ਰੋਜ਼ਾਨਾ ਸੂਰਜ ਦਾ ਚੜ੍ਹਨਾ ਇਨਸਾਨ ਨੂੰ ਦੋ ਚੀਜ਼ਾਂ ਦੇ ਵਿਚਕਾਰ ਖੜ੍ਹਾ ਕਰਦਾ ਹੈ— ਇੱਕ ਉਹ ਮੌਕਾ ਜੋ ਲੰਘ ਗਿਆ ਹੈ ਅਤੇ ਦੂਜਾ ਉਹ ਮੌਕਾ ਜੋ ਹੁਣ ਮੌਜੂਦ ਹੈ। ਜੋ ਵਿਅਕਤੀ ਇਨ੍ਹਾਂ ਮੌਕਿਆਂ ਦਾ ਲਾਭ ਲੈ ਸਕਦਾ ਹੈ ਉਹ ਜ਼ਰੂਰ ਆਪਣੇ ਟੀਚੇ ਨੂੰ ਹਾਸਲ ਕਰ ਲੈਂਦਾ ਹੈ। ਇਸ ਲਈ, ਇਸ ਇਮਤਿਹਾਨਾਂ ਨਾਲ ਭਰੀ ਦੁਨੀਆ ਵਿੱਚ ਮੌਕੇ ਸਿਰਫ਼ ਉਹਨਾਂ ਲਈ ਹਨ ਜੋ ਉਹਨਾਂ ਨੂੰ ਫੜਨਾ ਜਾਣਦੇ ਹਨ; ਜੋ ਉਹਨਾਂ ਨੂੰ ਗਵਾ ਬੈਠਦੇ ਹਨ, ਉਨ੍ਹਾਂ ਲਈ ਮੌਕਾ ਅਸਲ ਵਿੱਚ ਮੌਕਾ ਨਹੀਂ ਰਹਿੰਦਾ।

ਦੂਜੇ ਸ਼ਬਦਾਂ ਵਿੱਚ, ਸਫਲਤਾ ਉਪਲਬਧ ਮੌਕਿਆਂ ਦਾ ਸਹੀ ਢੰਗ ਨਾਲ ਲਾਭ ਲੈਣ ’ਤੇ ਨਿਰਭਰ ਕਰਦੀ ਹੈ। ਕੋਈ ਵੀ ਆਪਣਾ ਸਫਰ ਉਸ ਦਿਨ ਤੋਂ ਸ਼ੁਰੂ ਨਹੀਂ ਕਰ ਸਕਦਾ ਜੋ ਬੀਤ ਚੁੱਕਿਆ ਹੈ। ਖੁੰਝ ਗਏ ਮੌਕਿਆਂ ਨੂੰ ਭੁੱਲ ਜਾਓ; ਅੱਜ ਜੋ ਮੌਕੇ ਉਪਲਬਧ ਹਨ ਉਹਨਾਂ ਦੀ ਭਾਲ ਕਰੋ ਅਤੇ ਉਹਨਾਂ ਦੀ ਸਹੀ ਤਰੀਕੇ ਨਾਲ ਵਰਤੋਂ ਕਰੋ। ਰੱਬ ਦੀ ਮਿਹਰ ਸਦਕਾ ਤੁਸੀਂ ਜ਼ਰੂਰ ਸਫਲ ਹੋਵੋਗੇ। ਹਮੇਸ਼ਾ ਯਾਦ ਰੱਖੋ ਕਿ ਇੱਕ ਵਾਰ ਜੋ ਦਿਨ ਲੰਘ ਗਿਆ, ਉਹ ਮੁੜ ਕਿਸੇ ਲਈ ਵੀ ਨਹੀਂ ਆਉਂਦਾ। ਇਸ ਲਈ ਉਹ ਤੁਹਾਡੇ ਲਈ ਵੀ ਮੁੜ ਕੇ ਨਹੀਂ ਆਵੇਗਾ।

ਉਦਯੋਗਿਕ ਦੁਨੀਆਂ ਵਿੱਚ

ਅਮਰੀਕੀ ਵਪਾਰੀਆਂ (ਜਿਨ੍ਹਾਂ ਨੇ ਸ਼ਾਨਦਾਰ ਢੰਗ ਨਾਲ ਸਫਲਤਾ ਦੇ ਸਿਖਰ ਤੱਕ ਸਫਰ ਤੈਅ ਕੀਤਾ) 'ਤੇ ਹੋਏ ਇੱਕ ਸਰਵੇਖਣ ਵਿੱਚ ਇਹ ਅਧਿਐਨ ਕੀਤਾ ਗਿਆ ਕਿ ਉਨ੍ਹਾਂ ਨੂੰ ਸਫਲਤਾ ਦੇ ਸਿਖਰ ਤੱਕ ਪਹੁੰਚਣ ਲਈ ਕੀ ਕੁਝ ਕਰਨਾ ਪਿਆ। ਵਪਾਰ ਅਤੇ ਉਦਯੋਗ ਵਿੱਚ ਉਨ੍ਹਾਂ ਦੀਆਂ ਅਸਾਧਾਰਣ ਪ੍ਰਾਪਤੀਆਂ ਦਾ ਮੁੱਖ ਸਿਹਰਾ ਉਨ੍ਹਾਂ ਦੀ "ਕਰੜੀ ਮਿਹਨਤ ਅਤੇ ਪਰਿਵਾਰ ਤੇ ਮਨੋਰੰਜਨ ਨੂੰ ਨਜ਼ਰਅੰਦਾਜ਼ ਕਰਕੇ ਕੰਮ ਪ੍ਰਤੀ ਅਣਥਕ ਸਮਰਪਣ ਨੂੰ ਦਿੱਤਾ ਗਿਆ। ਪਰ, ਇੱਕ ਖੋਜ ਮੁਤਾਬਕ ਹਰ ਸਫਲਤਾ ਪਿੱਛੇ ਇੱਕ ਸਾਂਝਾ ਕਾਰਣ ਸੀ, ਉਹ ਸੀ ਸਾਰਿਆਂ ਸਫਲ ਵਿਅਕਤੀਆਂ ਦਾ ਮੌਕਾਪਰਸਤ ਹੋਣਾ, ਉਹ ਤਰੱਕੀ ਦੇ ਹਰ ਅਵਸਰ ਨੂੰ ਬੋਚਣ ਲਈ ਸੁਚੇਤ ਅਤੇ ਜਾਗਰੂਕ ਰਹਿੰਦੇ ਸਨ।" (ਰੀਡਰਜ਼ ਡਾਈਜੇਸਟ, ਮਈ 1982)। ਇਸਦਾ ਇਹ ਅਰਥ ਨਹੀਂ ਕਿ ਕਰੜੀ ਮਿਹਨਤ ਅਤੇ ਸਮਰਪਣ ਨੇ ਕੋਈ ਮਹੱਤਵਪੂਰਨ ਭੂਮਿਕਾ ਨਹੀਂ ਨਿਭਾਈ, ਪਰ ਇਹ ਸਾਫ਼ ਹੈ ਕਿ ਜੇਕਰ ਉਦਮੀ ਵਿਅਕਤੀ ਨੇ ਉਹ ਪਹਿਲਾ ਹੌਸਲੇ ਵਾਲਾ ਕਦਮ ਨਾ ਚੁੱਕਿਆ ਹੁੰਦਾ ਤਾਂ ਜੀਵਨ ਵਿੱਚ ਕਿਸਮਤ ਦਾ ਚਮਕਣਾ ਕਦੇ ਸੰਭਵ ਨਾ ਹੁੰਦਾ।

ਪਹਿਲਾ ਕਦਮ ਚੁੱਕਣਾ ਬਹੁਤ ਔਂਕੜਾਂ ਤੇ ਭੈਅ ਭਰਿਆ ਹੁੰਦਾ ਹੈ। ਇਹ ਕੁਝ ਇਸ ਤਰ੍ਹਾਂ ਹੈ ਜਿਵੇਂ ਕਿਸੇ ਪਹਾੜ ਤੋਂ ਡਿੱਗਦੇ ਝਰਨੇ ਵਿੱਚ ਛਾਲ ਮਾਰਨੀ ਹੋਵੇ। ਕਿਸੇ ਲਈ ਇਸ ਬਾਰੇ ਗਿਆਤ ਹੋਣਾ ਜਾਂ ਅਗਿਆਤ ਹੋਣਾ, ਦੋਵੇਂ ਹੀ ਵਿਕਲਪ ਛਾਲ ਮਾਰਨ ਵਾਲੇ ਵਿਚ ਹਿਚਕਿਚਾਹਟ ਪੈਦਾ ਕਰਨ ਲਈ ਸਮਾਨ ਰੂਪ ਵਿਚ ਜ਼ਿੰਮੇਵਾਰ ਹਨ। ਪਾਣੀ ਦੀ ਠੰਢਕ, ਤੇਜ਼ ਵਹਾਅ, ਚੱਟਾਨਾਂ ਨਾਲ ਟਕਰਾਉਣ ਦਾ ਖਤਰਾ, ਲਹਿਰਾਂ ਵਿਚ ਵਹਿ ਜਾਣ ਤੇ ਝਰਨਿਆਂ ਵਿੱਚ ਡਿੱਗਣ ਦਾ ਖਤਰਾ ਅਤੇ ਫਿਰ ਇਹ ਕਿੰਨਾ ਡੂੰਘਾ ਹੋਵੇਗਾ? ਉਹ ਮਨੁੱਖ ਜੋ ਕਿਸੇ ਵੀ ਕੀਮਤ 'ਤੇ ਦਰਿਆ ਦੇ ਦੂਜੇ ਕਿਨਾਰੇ ਤੱਕ ਪਹੁੰਚਣਾ ਚਾਹੁੰਦਾ ਹੈ, ਪਹਿਲਾਂ ਸੁਰੱਖਿਅਤ ਅਤੇ ਆਸਾਨ ਰਸਤਾ ਲੱਭੇਗਾ। ਜੇ ਪੁਲ ਹੋਵੇਗਾ ਤਾਂ ਉਹ ਸਿਰਫ਼ ਪੁਲ ਪਾਰ ਕਰ ਲਵੇਗਾ। ਪਰ ਜਿੱਥੇ ਕੋਈ ਪੁਲ ਨਹੀਂ, ਉੱਥੇ ਉਸਨੂੰ ਕੁਦਰਤ ਦੀ ਅਪਾਰ ਸ਼ਕਤੀ ਦੇ ਸਾਹਮਣੇ ਆਪਣੀ ਸਮਰੱਥਾ ਨੂੰ ਮਾਪਣਾ ਪਵੇਗਾ। ਕੀ ਉਹ ਝਰਨੇ ਵਿਚੋਂ ਬੱਚ ਨਿਕਲਣ ਲਈ ਸਮਰੱਥਵਾਨ ਹੈ, ਕੀ ਉਸ ਦੀ ਪ੍ਰਤੀਕ੍ਰਿਆ ਤੇਜ਼ ਹੈ, ਕੀ ਉਸ ਵਿੱਚ ਅਚਾਨਕ ਸੰਕਟਾਂ ਦਾ ਸਾਹਮਣਾ ਕਰਨ ਦੀ ਸਮਝ ਅਤੇ ਯੋਗਤਾ ਹੈ? ਕੀ ਉਹ ਆਪਣੇ ਆਪ ਨੂੰ ਬਚਾਉਣ ਦੇ ਤਰੀਕੇ

ਲੱਭ ਸਕਦਾ ਹੈ, ਖ਼ਤਰੇ ਨੂੰ ਟਾਲ ਸਕਦਾ ਹੈ? ਕੀ ਉਹ ਵਿਸ਼ਵਾਸ ਕਰ ਸਕਦਾ ਹੈ ਕਿ ਸੰਕਟ ਦੀ ਘੜੀ 'ਚ ਸਹੀ ਫ਼ੈਸਲਾ ਕਰੇਗਾ? ਜੋ ਵਿਅਕਤੀ ਸੱਚਮੁੱਚ ਦੂਜੇ ਕਿਨਾਰੇ 'ਤੇ ਪਹੁੰਚਣ ਦਾ ਫ਼ੈਸਲਾ ਕਰਦਾ ਹੈ, ਉਹ ਆਪਣੀ ਪੂਰੀ ਤਾਕਤ, ਹਿੰਮਤ ਅਤੇ ਬੁੱਧੀ ਇਕੱਤ੍ਰ ਕਰਦਾ ਹੈ ਅਤੇ ਸਿੱਧਾ ਬਰਫ਼ੀਲੇ ਪਾਣੀ ਵਿੱਚ ਛਾਲ ਮਾਰਦਾ ਹੈ। ਬੇਸ਼ੱਕ ਉਹ ਛਾਲ ਮਾਰਨ ਤੋਂ ਪਹਿਲਾਂ ਸਭ ਤੋਂ ਸੁਰੱਖਿਅਤ ਜਗ੍ਹਾ ਦੀ ਚੋਣ ਕਰਦਾ ਹੈ, ਪਰ ਇੱਕ ਵਾਰ ਫੈਂਸਲਾ ਲੈਣ ਤੋਂ ਬਾਅਦ ਉਹ ਫਿਰ ਹਿਚਕਿਚਾਉਂਦਾ ਨਹੀਂ।

ਉਦਮੀ ਦੁਨੀਆ ਵਿੱਚ ਵੀ ਅਜੇਹੇ ਹੀ ਜੋਖ਼ਮ ਲੈਣੇ ਪੈਂਦੇ ਹਨ ਜੋ ਘੱਟ ਡਰਾਉਣੇ ਨਹੀਂ ਹੁੰਦੇ। ਕੁਝ ਖੁਸ਼ਕਿਸਮਤ ਲੋਕ ਸਫਲਤਾ ਦੇ ਸੁਰੱਖਿਅਤ ਅਤੇ ਆਸਾਨ ਪੁੱਲ ਲੱਭ ਲੈਂਦੇ ਹਨ, ਪਰ ਬਾਕੀਆਂ ਲਈ ਪਹਾੜੀ ਝਰਨੇ ਵਿੱਚ ਛਾਲ ਮਾਰਨਾ ਸਫਲਤਾ ਦੇ ਰਾਹ ਵਿਚ ਰੋੜਾ ਬਣ ਜਾਂਦਾ ਹੈ। ਅਕਸਰ ਮੌਕੇ ਉਸ ਵਿਅਕਤੀ ਦੇ ਸਾਹਮਣੇ ਅਚਨਚੇਤ ਆ ਖਲੋਂਦੇ ਹਨ ਜੋ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲਾ ਹੁੰਦਾ ਹੈ। ਉਸਦੀ ਸਮਰੱਥਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਹ ਮੌਕੇ ਨੂੰ ਕਿਵੇਂ ਪਛਾਣਦਾ ਹੈ ਅਤੇ ਕਿੰਨੀ ਛੇਤੀ ਉਸਨੂੰ ਫੜਦਾ ਹੈ।

ਮੌਕਾ ਬਹੁਤ ਘੱਟ ਹੀ ਤੁਹਾਡੀ ਕਿਸਮਤ ਦਾ ਦਰ ਦੂਜੀ ਵਾਰ ਖੜਕਾਉਂਦਾ ਹੈ, ਅਤੇ ਸਫਲ ਹੋਣ ਵਾਲਾ ਵਿਅਕਤੀ ਉਹੀ ਹੁੰਦਾ ਹੈ ਜੋ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਦਾ ਹੈ। ਅਕਸਰ ਇੱਕ ਸਫਲ ਕਰੀਅਰ ਵਿੱਚ ਮੌਕਿਆਂ ਦੀ ਭਰਮਾਰ ਹੁੰਦੀ ਹੈ ਜਿਨ੍ਹਾਂ ਨੂੰ ਪਛਾਨਣਾ ਅਤੇ ਚੰਗੀ ਤਰ੍ਹਾਂ ਵਰਤਣਾ ਪੈਂਦਾ ਹੈ। ਕੋਈ ਵੀ ਕਰੀਅਰ ਅਜਿਹਾ ਨਹੀਂ ਹੁੰਦਾ ਕਿ ਜਿਸ ਵਿਚ ਨਵੇਂ ਮੌਕਿਆਂ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕੇ। ਸਭ ਤੋਂ ਕਾਮਯਾਬ ਲੋਕ ਉਹ ਹੁੰਦੇ ਹਨ ਜੋ ਹਮੇਸ਼ਾਂ ਆਪਣੇ ਆਲੇ-ਦੁਆਲੇ ਦੀਆਂ ਪਰਿਸਥਿਤੀਆਂ ਤੋਂ ਜਾਣੂੰ ਰਹਿੰਦੇ ਹਨ ਅਤੇ ਉਹਨਾਂ ਘਟਨਾਵਾਂ ਨੂੰ ਬਾਖੂਬੀ ਪਛਾਣਦੇ ਹਨ ਜੋ ਉਹਨਾਂ ਦੀ ਤਰੱਕੀ ਨੂੰ ਵਧਾ ਜਾਂ ਘਟਾ ਸਕਦੀਆਂ ਹਨ। ਇਕ ਪੁਰਾਣੀ ਕਹਾਵਤ ਬਹੁਤ ਢੁਕਵੀਂ ਹੈ: "ਲੋਹਾ ਗਰਮ ਹੋਣ 'ਤੇ ਹੀ ਵਾਰ ਕਰੋ!"

ਰੋਜ਼ ਨਵੀਂ ਸਵੇਰ

ਇੱਕ ਵਾਰ ਇੱਕ ਵਪਾਰੀ ਤੋਂ ਪੁੱਛਿਆ ਗਿਆ ਕਿ ਸਫਲਤਾ ਕੀ ਹੁੰਦੀ ਹੈ? ਉਸ ਨੇ ਜਵਾਬ ਦਿੱਤਾ: "ਜਦੋਂ ਤੁਸੀਂ ਸਵੇਰੇ ਉੱਠਦੇ ਹੋ, ਬਿਸਤਰੇ ਤੋਂ ਬਾਹਰ ਨਿਕਲਦੇ ਹੋ ਅਤੇ ਫਰਮਾਉਂਦੇ ਹੋ: 'ਵਾਹ! ਇਕ ਹੋਰ ਨਵਾਂ ਦਿਨ!' ਤਾਂ ਤੁਸੀਂ ਸਫਲ ਹੋ।"

ਅਸਲ ਗੱਲ ਇਹ ਹੈ ਕਿ ਰਾਤ ਦੇ ਬਾਅਦ ਨਵੀਂ ਸਵੇਰ ਦਾ ਆਉਣਾ ਇਕ ਵੱਡੀ ਗੱਲ ਹੈ, ਕਿਉਂਕਿ ਇਹ ਸਾਨੂੰ ਮਿਹਨਤ ਕਰਨ ਲਈ ਇਕ ਹੋਰ ਦਿਨ ਜਾਂ ਮੌਕਾ ਦਿੰਦੀ ਹੈ। ਜਿਸ ਨੂੰ ਕੰਮ ਨਾਲ ਸੱਚਾ ਪਿਆਰ ਹੁੰਦਾ ਹੈ, ਉਹ ਨਵੇਂ ਦਿਨ ਨੂੰ ਗਲੇ ਲਗਾਉਣ ਲਈ ਉਤਸੁਕ ਰਹਿੰਦਾ ਹੈ। ਐਸਾ ਵਿਅਕਤੀ ਹੀ ਇਸ ਦੁਨੀਆ ਵਿੱਚ ਵੱਡੀਆਂ ਪ੍ਰਾਪਤੀਆਂ ਕਰ ਸਕਦਾ ਹੈ।

ਧਰਤੀ ਦਾ ਆਪਣੀ ਧੁਰੀ ਉੱਤੇ ਘੁੰਮਣਾ ਇਕ ਅਨੋਖੀ ਘਟਨਾ ਹੈ। ਕਿਉਂਕਿ ਇਸ ਵਿਸ਼ਾਲ ਬ੍ਰਹਿਮੰਡ ਵਿੱਚ ਹੋਰ ਗ੍ਰਹਿ ਵੀ ਹਨ ਜਿਵੇਂ ਕਿ ਬੁੱਧ (ਮਰਕਰੀ), ਜੋ ਆਪਣੇ ਓਰਬਿਟ ਵਿੱਚ ਤਾਂ ਘੁੰਮਦੇ ਹਨ ਪਰ ਆਪਣੀ ਧੁਰੀ ਉੱਤੇ ਨਹੀਂ ਘੁੰਮਦੇ। ਇਸ ਕਰਕੇ ਉਨ੍ਹਾਂ ਗ੍ਰਹਿਆਂ ਉੱਤੇ ਇਕ ਪਾਸੇ ਹਮੇਸ਼ਾਂ ਦਿਨ ਅਤੇ ਦੂਜੇ ਪਾਸੇ ਹਮੇਸ਼ਾਂ ਰਾਤ ਰਹਿੰਦੀ ਹੈ। ਧਰਤੀ ਇਕ ਵਿਲੱਖਣ ਗ੍ਰਹਿ ਹੈ ਜੋ ਆਪਣੀ ਧੁਰੀ ਉੱਤੇ ਘੁੰਮਦੀ ਹੈ ਅਤੇ ਸੂਰਜ ਦੇ ਚੱਕਰ ਵੀ ਲਾਉਂਦੀ ਹੈ। ਇਸੇ ਕਰਕੇ ਧਰਤੀ ਉੱਤੇ ਦਿਨ ਅਤੇ ਰਾਤ ਵਾਰੀ ਵਾਰੀ ਆਉਂਦੇ ਹਨ। ਇਹ ਰੱਬ ਵੱਲੋਂ ਬਣਾਇਆ ਇਕ ਹੈਰਾਨੀਜਨਕ ਪ੍ਰਬੰਧ ਹੈ। ਇਸੇ ਤਰ੍ਹਾਂ ਪਰਮਾਤਮਾ ਨੇ ਮਨੁੱਖ ਨੂੰ ਦਿਨ ਦੇ ਸਮੇਂ ਕੰਮ ਕਰਨ ਅਤੇ ਰਾਤ ਨੂੰ ਆਰਾਮ ਕਰਨ ਦਾ ਅਵਸਰ ਦਿੱਤਾ ਹੈ।

ਜੇ ਕੋਈ ਵਿਅਕਤੀ ਇਸ ਪੂਰੇ ਪ੍ਰਬੰਧ ਬਾਰੇ ਡੂੰਘਾਈ ਨਾਲ ਵਿਚਾਰ ਕਰੇ ਤਾਂ ਉਹ ਧਰਤੀ ਉੱਤੇ ਰਾਤ ਦੇ ਬਾਅਦ ਦਿਨ ਦੇ ਦ੍ਰਿਸ਼ ਨੂੰ ਦੇਖ ਕੇ ਹੈਰਾਨ ਹੋ ਜਾਵੇਗਾ ਅਤੇ ਜਿਵੇਂ ਹੀ ਨਵੀਂ ਸਵੇਰ ਆਵੇਗੀ ਉਹ ਬਿਸਤਰੇ ਤੋਂ ਯਕਦਮ ਖੜ੍ਹਾ ਹੋਵੇਗਾ ਅਤੇ ਰੱਬ ਦਾ ਦਿਲੋਂ ਧੰਨਵਾਦ ਕਰੇਗਾ ਕਿ ਉਸਨੂੰ ਮਿਹਨਤ ਕਰਨ ਲਈ ਇਕ ਹੋਰ ਦਿਨ ਜਾਂ ਮੌਕਾ ਦਿੱਤਾ। ਜੋ ਲੋਕ ਹਰ ਸਵੇਰ ਨੂੰ ਇਕ ਕੀਮਤੀ ਨਿਆਮਤ ਮੰਨਦੇ ਹਨ, ਉਹ ਹਰ ਇਕ ਦਿਨ ਨੂੰ ਨਵੇਂ ਅਵਸਰ ਵਾਂਗ ਵਰਤਣ ਵਿੱਚ ਸਫਲ ਹੋ ਸਕਦੇ ਹਨ।

ਯਤਨ ਹੀ ਮਹੱਤਵਪੂਰਨ ਹੈ

ਵਿਲੀਅਮ II (1859-1941) ਆਪਣੇ ਦਾਦਾ ਵਿਲੀਅਮ I ਦੀ ਮੌਤ ਤੋਂ ਬਾਅਦ 1888 ਵਿੱਚ ਪਰੁਸ਼ੀਆ ਦਾ ਰਾਜਾ ਅਤੇ ਜਰਮਨੀ ਦਾ ਬਾਦਸ਼ਾਹ ਬਣਿਆ। ਉਹ ਬੁੱਧੀਮਾਨ ਸੀ ਪਰ ਇਸਦੇ ਨਾਲ ਹੀ ਉਤੇਜਿਤ ਸੁਭਾਅ ਦਾ ਧਾਰਨੀ ਸੀ ਅਤੇ ਫੌਜੀ ਤਾਕਤ ਵਿੱਚ ਵਿਸ਼ਵਾਸ ਰੱਖਦਾ ਸੀ। ਫਿਰ ਵੀ ਵਿਲੀਅਮ II ਦੇ ਰਾਜ ਵਿੱਚ ਜਰਮਨੀ ਨੇ ਜੋ ਫੌਜੀ ਤਾਕਤ ਬਣਾਈ, ਉਹ ਉਸ ਦੇ ਰਾਜ ਨੂੰ ਤਬਾਹ ਹੋਣ ਤੋਂ ਬਚਾ ਨਾ ਸਕੀ। 1914 ਵਿੱਚ ਉਸਨੇ ਆਸਟ੍ਰੀਆ ਦਾ ਸਮਰਥਨ ਕੀਤਾ ਜਿਸ ਨਾਲ ਯੂਰਪੀ ਯੁੱਧ ਸ਼ੁਰੂ ਹੋਇਆ ਅਤੇ ਨਤੀਜੇ ਵਜੋਂ ਇਸ ਵਿਚ ਜਰਮਨੀ ਦੀ ਹਾਰ ਹੋਈ। ਇਸ ਹਾਰ ਨੇ ਵਿਲੀਅਮ II ਨੂੰ ਆਪਣੇ ਸਿੰਘਾਸਨ ਤੋਂ ਹਟਣ ਲਈ ਮਜ਼ਬੂਰ ਕਰ ਦਿੱਤਾ। ਉਹ ਹਾਲੈਂਡ ਦੇ ਡੂਮ ਵਿੱਚ ਰਿਟਾਇਰ ਹੋਇਆ ਅਤੇ ਉੱਥੇ ਹੀ 1941 ਵਿੱਚ ਉਸ ਦੀ ਮੌਤ ਹੋਈ। ਉਸ ਦੇ ਗੱਦੀ ਛੱਡਣ ਅਤੇ ਜਲਾਵਤਨ ਦੌਰਾਨ ਹੋਈ ਮੌਤ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਰਾਜਿਆਂ ਨੂੰ ਸੱਤਾ ਵਿੱਚ ਕਾਇਮ ਰੱਖਣ ਵਾਲੀ ਫੌਜੀ ਤਾਕਤ ਨਹੀਂ ਹੁੰਦੀ, ਸਗੋਂ ਦੇਸ਼ੀ ਤੇ ਵਿਦੇਸ਼ੀ ਹਾਲਾਤਾਂ ਦੀ ਸਹੀ ਸਮਝ ਅਤੇ ਉਨ੍ਹਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਣ ਦੀ ਯੋਗਤਾ ਹੁੰਦੀ ਹੈ।

ਪਹਿਲੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਵਿਲੀਅਮ II ਨੇ ਸਵਿਟਜ਼ਰਲੈਂਡ ਦਾ ਸਰਕਾਰੀ ਦੌਰਾ ਕੀਤਾ, ਜਿੱਥੇ ਉਹ ਸਵਿਸ ਫੌਜ ਦੁਆਰਾ ਪ੍ਰਦਰਸ਼ਿਤ ਕੀਤੇ ਅਨੁਸ਼ਾਸਨ ਤੋਂ ਬਹੁਤ ਪ੍ਰਭਾਵਿਤ ਹੋਇਆ। ਫੌਜੀ ਪਰੇਡ ਦਾ ਨਿਰੀਖਣ ਕਰਦੇ ਸਮੇਂ ਉਸਨੇ ਮਜ਼ਾਕ ਵਿੱਚ ਇੱਕ ਸਿਪਾਹੀ ਨੂੰ ਕਿਹਾ: "ਜਰਮਨੀ ਦੀ ਫੌਜ ਤੁਹਾਡੀ ਫੌਜ ਨਾਲੋਂ ਦੁੱਗਣੀ ਵੱਡੀ ਹੈ। ਜੇ ਜਰਮਨ ਤੁਹਾਡੇ ਦੇਸ਼ 'ਤੇ ਹਮਲਾ ਕਰਨ ਤਾਂ ਤੁਸੀਂ ਕੀ ਕਰੋਗੇ?" ਫੌਜੀ ਨੇ ਗੰਭੀਰਤਾ ਨਾਲ ਉੱਤਰ ਦਿੱਤਾ: "ਸਰ ਸਾਨੂੰ ਇਕ ਵਾਰ ਦੀ ਥਾਂ ਦੋ ਵਾਰ ਗੋਲੀ ਚਲਾਉਣੀ ਪਵੇਗੀ।"

ਜੇ ਸਵਿਸ ਫੌਜੀ ਇੰਨੇ ਆਤਮ-ਵਿਸ਼ਵਾਸ ਅਤੇ ਸੰਤੁਲਿਤ ਮਨ ਨਾਲ ਜਵਾਬ ਦੇ ਸਕਿਆ, ਤਾਂ ਇਸਦਾ ਕਾਰਨ ਉਸਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਸੀ ਜਿਸਨੂੰ ਫੌਜੀ ਮੁਹਾਰਥ ਦੀ ਟੇਕ ਸੀ। ਚਾਹੇ ਵਿਰੋਧੀ ਗਿਣਤੀ ਵਿੱਚ ਵੱਧ ਹੋਣ ਜਾਂ ਹੋਰ ਮਾੜੇ ਹਾਲਾਤ ਹੋਣ, ਇਹ ਸਾਫ਼ ਹੈ ਕਿ ਕੁਸ਼ਲਤਾ ਅਤੇ ਦ੍ਰਿੜ੍ਹ ਨਿਸ਼ਚੇ ਦਾ ਮਿਸ਼ਰਣ ਜਿੱਤ ਦਵਾ ਸਕਦਾ ਹੈ। ਕੁਝ ਲੋਕਾਂ ਵਿੱਚ ਜਮਾਂਦਰੂ ਹੀ ਦ੍ਰਿੜ੍ਹਤਾ ਹੁੰਦੀ ਹੈ, ਪਰ ਜਿਨ੍ਹਾਂ ਵਿੱਚ ਇਹ ਗੁਣ ਘੱਟ ਹੁੰਦਾ ਹੈ ਉਹ ਅਰਦਾਸ ਰਾਹੀਂ ਇਸਨੂੰ

ਪ੍ਰਾਪਤ ਕਰ ਸਕਦੇ ਹਨ। ਅਰਦਾਸ ਮਨੁੱਖ ਨੂੰ ਆਪਣੇ ਫੈਸਲਿਆਂ ਵਿੱਚ ਮਜ਼ਬੂਤ ਕਰਦੀ ਹੈ ਅਤੇ ਉਸਨੂੰ ਅੰਤਿਮ ਟੀਚੇ ਤੱਕ ਪਹੁੰਚਣ ਵਿੱਚ ਸਹਾਈ ਹੁੰਦੀ ਹੈ। ਦੂਜੇ ਪਾਸੇ, ਕੁਸ਼ਲਤਾ ਕੇਵਲ ਸੰਘਰਸ਼, ਯਤਨ ਅਤੇ ਬੁੱਧੀ ਦੇ ਲਗਾਤਾਰ ਉਪਯੋਗ ਨਾਲ ਹੀ ਪ੍ਰਾਪਤ ਹੁੰਦੀ ਹੈ। ਕੋਈ ਵੀ ਸਮੱਸਿਆ ਅਜਿਹੀ ਨਹੀਂ ਜਿਸਨੂੰ ਪਾਰ ਨਾ ਕੀਤਾ ਜਾ ਸਕੇ, ਕੋਈ ਵੀ ਹਾਲਾਤ ਐਸੇ ਨਹੀਂ ਜੋ ਸੁਧਾਰੇ ਨਾ ਜਾ ਸਕਣ। ਅਸਲ ਗੱਲ ਯਤਨ ਦੀ ਹੈ, ਅਤੇ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਕੋਈ ਵੀ ਸਮਾਜਕ ਜਾਂ ਰਾਜਨੀਤਿਕ ਵਿਰੋਧ ਯਤਨ ਦੀ ਕਮੀ ਪੂਰੀ ਨਹੀਂ ਕਰ ਸਕਦਾ।

ਹਰ ਸਫਲਤਾ ਦਾ ਰਾਜ ਧੀਰਜ ਹੈ। ਹਰ ਅਸਫਲਤਾ ਦਾ ਕਾਰਨ ਬੇਸਬਰੀ ਹੈ।

ਕੋਈ ਨਿਰਾਸ਼ਾ ਨਹੀਂ

ਅਜੋਕੇ ਅਮਰੀਕਾ ਦੇ ਨਿਰਮਾਤਾ ਅਬਰਾਹਮ ਲਿੰਕਨ ਦੇਸ਼ ਦੇ ਰਾਜਨੀਤਿਕ ਇਤਿਹਾਸ ਵਿੱਚ ਪ੍ਰਸਿੱਧ ਹਨ। ਪਰ ਲਿੰਕਨ ਨੇ ਇਹ ਸਫਲਤਾ ਇਕੋ ਵਾਰ ਵਿੱਚ ਹਾਸਲ ਨਹੀਂ ਕੀਤੀ। ਇਸ ਮਿਆਰੀ ਸਫਲਤਾ ਤੱਕ ਪਹੁੰਚਣ ਲਈ ਉਸਨੇ ਬੇਸ਼ੁਮਾਰ ਔਂਕੜਾਂ ਨੂੰ ਪਾਰ ਕੀਤਾ। ਲਿੰਕਨ ਦੀ ਜ਼ਿੰਦਗੀ ਬਾਰੇ ਵਰਣਨ ਇਸ ਪ੍ਰਕਾਰ ਹੈ:

ਲਿੰਕਨ 1831 ਵਿੱਚ ਕਾਰੋਬਾਰ ਵਿੱਚ ਅਸਫਲ ਹੋਇਆ। ਉਸਨੂੰ 1832 ਵਿੱਚ ਰਾਜਨੀਤੀ ਵਿੱਚ ਹਾਰ ਪ੍ਰਾਪਤ ਹੋਈ। 1834 ਵਿੱਚ ਇੱਕ ਵਾਰੀ ਫਿਰ ਕਾਰੋਬਾਰ ਵਿੱਚ ਅਸਫਲ ਹੋਇਆ। 1841 ਵਿੱਚ ਉਸਨੂੰ ਨਰਵਸ ਬ੍ਰੇਕਡਾਊਨ ਹੋ ਗਿਆ। 1843 ਵਿੱਚ ਉਸਨੇ ਆਪਣੀ ਪਾਰਟੀ ਵੱਲੋਂ ਕਾਂਗਰਸ ਲਈ ਨਾਮਜ਼ਦਗੀ ਦੀ ਆਸ ਕੀਤੀ, ਪਰ ਇਹ ਨਹੀਂ ਹੋ ਸਕਿਆ। 1855 ਵਿੱਚ ਉਸਨੇ ਸੈਨੇਟ ਲਈ ਚੋਣ ਲੜੀ ਤੇ ਹਾਰ ਗਿਆ; 1858 ਵਿੱਚ ਫਿਰ ਹਾਰ ਦਾ ਸਾਹਮਣਾ ਕਰਨਾ ਪਿਆ। ਕੁਝ ਲੋਕ ਕਹਿੰਦੇ ਸਨ ਕਿ ਉਹ ਇਕ ਨਾਕਾਮ ਤੇ ਹਾਰਿਆ ਹੋਇਆ ਵਿਅਕਤੀ ਹੈ। ਪਰ 1860 ਵਿੱਚ ਅਬਰਾਹਮ ਲਿੰਕਨ ਨੂੰ ਅਮਰੀਕਾ ਦਾ ਰਾਸ਼ਟਰਪਤੀ ਚੁਣਿਆ ਗਿਆ। ਉਹ ਇਹ ਜਾਣਦਾ ਸੀ ਕਿ ਹਾਰ ਇਕ ਅਸਥਾਈ ਚੀਜ਼ ਹੈ ਜਿਸਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਅਕਸਰ ਸਫਲਤਾ ਅਸਫਲਤਾ ਦੇ ਬਾਅਦ ਹੀ ਆਉਂਦੀ ਹੈ। ਇਸ ਦੁਨੀਆ ਵਿੱਚ ਸਫਲਤਾ ਸਿਰਫ਼ ਉਸੇ ਨੂੰ ਮਿਲਦੀ ਹੈ ਜਿਸ ਵਿੱਚ ਹਾਰ ਨੂੰ ਸਵੀਕਾਰ ਕਰਨ ਦਾ ਹੌਸਲਾ ਹੁੰਦਾ ਹੈ। ਹਰ ਚੀਜ਼ ਦੀ ਕੋਈ ਨਾ ਕੋਈ ਕੀਮਤ ਹੁੰਦੀ ਹੈ ਅਤੇ ਹਾਰ ਨੂੰ ਸਵੀਕਾਰ ਕਰਨਾ ਹੀ ਸਫਲਤਾ ਦੀ ਅਸਲੀ ਕੀਮਤ ਹੈ। ਜਿਹੜੇ ਲੋਕ ਇਹ ਕੀਮਤ ਨਹੀਂ ਚੁਕਾਉਂਦੇ, ਉਹ ਇਸ ਦੁਨੀਆ ਵਿੱਚ ਸਫਲਤਾ ਦੀ ਮੰਜ਼ਿਲ ਤੱਕ ਕਦੇ ਨਹੀਂ ਪਹੁੰਚ ਸਕਦੇ।

ਇਸ ਦੁਨੀਆ ਵਿੱਚ ਸਫਲਤਾ ਤੱਕ ਪਹੁੰਚਣ ਦਾ ਸਿਰਫ਼ ਇਕ ਹੀ ਰਸਤਾ ਹੈ— ਅਸਫਲਤਾ ਨੂੰ ਅਸਥਾਈ ਸਮਝਣਾ। ਬਿਨਾਂ ਧੀਰਜ ਗੁਆਏ, ਮਨੁੱਖ ਨੂੰ ਆਪਣੀ ਅਸਫਲਤਾ ਨੂੰ ਸਫਲਤਾ ਵਿੱਚ ਬਦਲਣ ਲਈ ਆਪਣੇ ਆਪ ਨੂੰ ਸਮਰਪਿਤ ਕਰ ਦੇਣਾ ਚਾਹੀਦਾ ਹੈ।

ਅਸਫਲਤਾ: ਇੱਕ ਵਿਸ਼ਲੇਸ਼ਣ

ਜਦੋਂ ਭਾਰਤ ਦੇ 62 ਓਲੰਪਿਕ ਭਾਗੀਦਾਰ ਲਾਸ ਐਂਜਲਸ ਓਲੰਪਿਕ ਖੇਡਾਂ (ਜੁਲਾਈ-ਅਗਸਤ 1984) ਦੇ ਅੰਤ ਵਿੱਚ ਵਾਪਸ ਨਵੀਂ ਦਿੱਲੀ ਪਰਤੇ ਤਾਂ ਹਵਾਈ ਅੱਡੇ 'ਤੇ ਖਿਡਾਰੀਆਂ ਦੇ ਸਵਾਗਤ ਲਈ ਕੋਈ ਵੀ ਖ਼ਾਸ ਤਿਆਰੀ ਨਹੀਂ ਸੀ। ਇਸਦਾ ਕਾਰਨ ਸਪੱਸ਼ਟ ਸੀ, ਉਹ ਕੋਈ ਵੀ ਤਮਗਾ— ਸੋਨਾ, ਚਾਂਦੀ, ਕਾਂਸੀ ਨਹੀਂ ਜਿੱਤ ਸਕੇ ਸਨ।

ਇੱਕ ਖਿਡਾਰੀ ਜੋ ਐਥਲੈਟਿਕਸ ਤੋਂ ਸਨਿਆਸ ਲੈਣ ਵਾਲਾ ਸੀ, ਉਸਨੇ 'ਦ ਟਾਈਮਜ਼ ਆਫ ਇੰਡੀਆ' (17 ਅਗਸਤ 1985) ਵਿੱਚ ਭਾਰਤ ਦੀ ਇਸ ਬਦਸਲੂਕੀ ਬਾਰੇ ਆਪਣੇ ਵਿਚਾਰ ਦਿੱਤੇ: "ਵਿਗਿਆਨਕ ਅਤੇ ਪ੍ਰਣਾਲੀਬੱਧ ਟ੍ਰੇਨਿੰਗ ਦੀ ਘਾਟ ਹੀ ਭਾਰਤ ਦੇ ਖਰਾਬ ਪ੍ਰਦਰਸ਼ਨ ਦਾ ਮੁੱਖ ਕਾਰਨ ਸੀ। ਅਸੀਂ ਆਪਣੀ ਪੂਰੀ ਕੋਸ਼ਿਸ਼ ਕੀਤੀ, ਪਰ ਦੁੱਖ ਦੀ ਗੱਲ ਹੈ ਕਿ ਉਹ ਕਾਫ਼ੀ ਨਹੀਂ ਸੀ। ਭਾਰਤੀ ਟੀਮਾਂ ਦੀ ਟ੍ਰੇਨਿੰਗ ਸਮੇਂ ਤੋਂ ਕਾਫ਼ੀ ਪਹਿਲਾਂ ਸ਼ੁਰੂ ਹੋਣੀ ਚਾਹੀਦੀ ਹੈ, ਨਾ ਕਿ ਸਿਰਫ਼ ਤਿੰਨ ਮਹੀਨੇ ਪਹਿਲਾਂ।"

ਇਹ ਬਿਆਨ ਸਿਰਫ਼ ਖੇਡਾਂ ਲਈ ਹੀ ਨਹੀਂ, ਸਗੋਂ ਜੀਵਨ ਦੇ ਹਰ ਖੇਤਰ ਲਈ ਲਾਗੂ ਹੁੰਦਾ ਹੈ।

ਇੱਕ ਐਸੀ ਦੁਨੀਆ ਵਿੱਚ ਜਿੱਥੇ ਹਰ ਕੋਈ ਆਪਣੀ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਮਨੁੱਖ ਨੂੰ ਹਰ ਯਤਨ ਲਈ ਪੂਰੀ ਤਿਆਰੀ ਨਾਲ ਉਤਰਨਾ ਪੈਂਦਾ ਹੈ। ਜੇ ਕੋਈ ਬਿਨਾਂ ਤਿਆਰੀ ਉਤਰ ਜਾਂਦਾ ਹੈ ਤਾਂ ਨਤੀਜੇ ਵਜੋਂ ਅਸਫਲਤਾ ਹੱਥ ਆਉਣਾ ਅਟੱਲ ਹੈ।

ਜੋ ਵੀ ਤਿਆਰੀ ਅਸੀਂ ਕਰੀਏ, ਉਹ ਪੂਰੀ ਤੇ ਸਮੇਂ ਦੀਆਂ ਲੋੜਾਂ ਦੇ ਅਨੁਸਾਰ ਹੋਣੀ ਚਾਹੀਦੀ ਹੈ। ਜੇ ਅਸੀਂ ਆਧੁਨਿਕਤਾ ਦੇ ਕਦਮ ਨਾਲ ਕਦਮ ਮਿਲਾ ਕੇ ਨਹੀਂ ਚੱਲ ਸਕਦੇ ਤਾਂ ਐਸਾ ਸਮਾਜ ਜੋ ਨਵੀਨਤਾ ਵਿਚ ਅਤਿ ਵਿਅਸਤ ਹੈ ਵਿੱਚ ਸਫਲਤਾ ਦੀ ਆਸ ਨਹੀਂ ਕੀਤੀ ਜਾ ਸਕਦੀ। ਸਾਨੂੰ ਹਰ ਵੇਲੇ ਜੀਵਨ ਦੀ ਧੜਕਦੀ ਨਬਜ਼ ’ਤੇ ਉਂਗਲ ਰੱਖਣੀ ਚਾਹੀਦੀ ਹੈ ਤਾਂ ਜੋ ਅਸੀਂ ਰੋਜ਼ਾਨਾਂ ਦੀਆਂ ਲੋੜਾਂ ਪ੍ਰਤੀ ਚੇਤੰਨ ਰਹੀਏ। ਸਿਰਫ਼ ਇਸੇ ਤਰੀਕੇ ਨਾਲ ਅਸੀਂ ਇਹ ਸਮਝ ਸਕਦੇ ਹਾਂ ਕਿ ਸਾਨੂੰ ਕਿਹੜੇ ਖੇਤਰਾਂ ਵਿੱਚ ਤਿਆਰੀ ਕਰਨ ਦੀ ਲੋੜ ਹੈ ਅਤੇ ਸਿਰਫ ਤਾਂ ਹੀ ਸਮਾਂ ਰਹਿੰਦਿਆਂ ਉਚਿਤ ਕਦਮ ਚੁੱਕ ਸਕਦੇ ਹਾਂ।

ਅਸਫਲਤਾ ਨੂੰ ਸਫਲਤਾ ਵਿੱਚ ਬਦਲਣਾ

ਇਕ ਵਾਰ ਜਦੋਂ ਵਿਸ਼ਾਲ ਅੱਗ ਨੇ ਮਦਰਾਸ ਸ਼ਹਿਰ ਦੀ ਸਭ ਤੋਂ ਪ੍ਰਸਿੱਧ ਦੁਕਾਨ ‘ਸਪੈਂਸਰਜ਼’ ਨੂੰ ਤਬਾਹ ਕੀਤਾ ਤਾਂ ਉਸਦੇ ਮਾਲਕ ਨੇ ਤੁਰੰਤ ਕਾਰੋਬਾਰ ਨੂੰ ਮੁੜ ਸਥਾਪਿਤ ਕਰਦੇ ਹੋਏ ਦੁਕਾਨ ਦੇ ਬਾਹਰ ਇੱਕ ਬੋਰਡ ਲਗਾਇਆ: “ਤੁਸੀਂ ਸ਼ਰਤ ਲਾ ਸਕਦੇ ਹੋ ਕਿ ਅੱਜ ਸਾਡੀ ਦੁਕਾਨ ਹੀ ਇਕਮਾਤਰ ਅਜਿਹੀ ਦੁਕਾਨ ਹੈ ਜਿੱਥੇ ਸਿਰਫ਼ ਤਾਜ਼ਾ ਸਮਾਨ ਹੀ ਮੌਜੂਦ ਹੈ।”

ਇਹ ਉਦਾਹਰਨ ਸਾਨੂੰ ਸਿਖਾਉਂਦੀ ਹੈ ਕਿ ਜੇਕਰ ਮਨੁੱਖ ਵੱਡੀ ਤੋਂ ਵੱਡੀ ਬਿਪਤਾ ਵਿਚ ਵੀ ਹੌਸਲਾ ਨਹੀਂ ਹਾਰਦਾ ਤਾਂ ਉਹ ਆਪਣੀ ਅਸਫਲਤਾ ਨੂੰ ਸਫਲਤਾ ਵਿਚ ਬਦਲਣ ਦੀ ਬੇਮਿਸਾਲ ਸਮਰੱਥਾ ਪੈਦਾ ਕਰ ਲੈਂਦਾ ਹੈ। ਮਦਰਾਸ ਦੀ ਦੁਕਾਨ ਜੋ ਅੱਗ ਨਾਲ ਬਿਲਕੁਲ ਸੜ ਗਈ ਸੀ, ਉਪਰੋਂ ਵੇਖਣ ਵਿਚ ਤਾਂ ਇਹ ਪੂਰੀ ਤਰ੍ਹਾਂ ਨਸ਼ਟ ਹੋ ਗਈ ਸੀ। ਪਰ ਦੁਕਾਨ ਦੇ ਮਾਲਕ ਨੇ ਇਸ ਘਟਨਾ ਨੂੰ ਸਫਲਤਾ ਦੇ ਨਵੇਂ ਸਾਧਨ ਵਜੋਂ ਇਸਤਮਾਲ ਕੀਤਾ।

ਜਦੋਂ ਕੋਈ ਦੁਕਾਨ ਸੜ ਜਾਂਦੀ ਹੈ ਤਾਂ ਇਸਦਾ ਅਰਥ ਹੈ ਕਿ ਉਸਦਾ ਸਾਰਾ ਪੁਰਾਣਾ ਸਮਾਨ ਨਸ਼ਟ ਹੋ ਗਿਆ ਹੈ। ਹੁਣ ਦੁਕਾਨਦਾਰ ਨੇ ਤੁਰੰਤ ਨਵਾਂ ਸਮਾਨ

ਖਰੀਦਿਆ, ਕਿਉਂਕਿ ਉਸਨੂੰ ਪਤਾ ਸੀ ਕਿ ਗਾਹਕ ਤਾਜ਼ਾ ਸਮਾਨ ਖਰੀਦਣਾ ਪਸੰਦ ਕਰਦੇ ਹਨ। ਜਦੋਂ ਉਸਨੇ ਇਹ ਐਲਾਨ ਕੀਤਾ, ਤਾਂ ਲੋਕਾਂ ਨੇ ਇਸ ਗੱਲ 'ਤੇ ਤੁਰੰਤ ਵਿਸ਼ਵਾਸ ਕੀਤਾ ਕਿਉਂਕਿ ਉਹ ਜਾਣਦੇ ਸਨ ਕਿ ਇਹ ਦੁਕਾਨ ਅੱਗ ਨਾਲ ਸੜ ਗਈ ਸੀ। ਸਭ ਨੇ ਬਿਨਾਂ ਸਵਾਲ ਕੀਤੇ ਵਿਸ਼ਵਾਸ ਕੀਤਾ ਕਿ ਦੁਕਾਨ ਦਾ ਸਾਰਾ ਸਮਾਨ ਨਵਾਂ ਹੈ ਅਤੇ ਖਰੀਦਦਾਰੀ ਲਈ ਭੱਜੇ ਆਏ। ਇਸ ਤਰ੍ਹਾਂ ਉਸਦਾ ਘਾਟਾ ਜਲਦੀ ਹੀ ਪੂਰਾ ਹੋ ਗਿਆ ਕਿਉਂਕਿ ਗਾਹਕਾਂ ਨੇ ਬਹੁਤ ਖਰੀਦਦਾਰੀ ਕੀਤੀ।

ਬੇਸ਼ਕ ਕਿਸੇ ਮਨੁੱਖ ਦੇ ਸਾਰੇ ਹੀ ਸਾਧਨ ਰਾਖ ਹੋ ਜਾਣ ਪਰ ਫਿਰ ਵੀ ਇਸ ਦੁਨੀਆ ਵਿੱਚ ਕਈ ਨਵੇਂ ਮੌਕੇ ਲੁਕੇ ਹੁੰਦੇ ਹਨ। ਬਸ ਕਿਸੇ ਨੂੰ ਵੀ ਉਮੀਦ ਨਹੀਂ ਛੱਡਣੀ ਚਾਹੀਦੀ। ਉਸਨੂੰ ਤੁਰੰਤ ਆਪਣੀ ਅਕਲ ਲਗਾ ਕੇ ਨਵਾਂ ਰਾਹ ਲੱਭਣਾ ਚਾਹੀਦਾ ਹੈ। ਉਹ ਵੇਖੇਗਾ ਕਿ ਜਿੱਥੇ ਉਸਦਾ ਪਿਛਲਾ ਮੌਕਾ ਮੁਕ ਗਿਆ, ਉੱਥੇ ਹੀ ਇਕ ਨਵਾਂ ਤੇ ਬਿਹਤਰ ਮੌਕਾ ਉਸਦੀ ਉਡੀਕ ਕਰ ਰਿਹਾ ਹੈ। ਜਿੱਥੇ ਇਤਿਹਾਸ ਦਾ ਇੱਕ ਚਰਣ ਸਮਾਪਤ ਹੁੰਦਾ ਹੈ, ਉੱਥੇ ਹੀ ਇਤਿਹਾਸ ਦਾ ਇਕ ਹੋਰ ਵਧੀਆ ਚਰਣ ਆਕਾਰ ਗ੍ਰਹਿਣ ਕਰਨਾ ਆਰੰਭ ਹੋ ਜਾਂਦਾ ਹੈ।

ਯੁੱਗ ਦੇ ਵਿਰੁੱਧ ਜਾਣਾ

ਸ਼ਹਿਰ ਦੀ ਇੱਕ ਆਲੀਸ਼ਾਨ ਕਾਲੋਨੀ ਵਿੱਚ ਇੱਕ ਵਿਅਕਤੀ ਘੁੰਮਦਾ ਹੋਇਆ ਅਵਾਜ਼ਾ ਦਿੰਦਾ ਸੀ: "ਭਾਂਡੇ ਚਮਕਾਉਣ ਵਾਲਾ, ਭਾਂਡੇ ਚਮਕਾਉਣ ਵਾਲਾ!"

ਭਾਵੇਂ ਉਹ ਕਾਲੋਨੀ ਦੀਆਂ ਸਾਰੀਆਂ ਗਲੀਆਂ ਵਿੱਚ ਫਿਰਦਾ ਰਹਿੰਦਾ ਸੀ, ਪਰ ਕਿਸੇ ਨੇ ਵੀ ਉਸ ਵੱਲ ਧਿਆਨ ਨਾ ਦਿੱਤਾ। ਉਸਨੂੰ ਇਸ ਕਾਲੋਨੀ ਵਿੱਚ ਕੋਈ ਕੰਮ ਨਹੀਂ ਮਿਲਿਆ।

ਕੀ ਇਹ ਪੱਖਪਾਤ ਦੀ ਗੱਲ ਸੀ ਜਾਂ ਲੋਕਾਂ ਨੇ ਉਸਨੂੰ ਆਪਣੇ ਹੰਕਾਰ, ਸ਼ਾਨ ਜਾਂ ਘਮੰਡ ਕਰਕੇ ਅਣਡਿੱਠਾ ਕੀਤਾ? ਸ਼ਾਇਦ ਉਸ ਵਿਅਕਤੀ ਨੇ ਇਸੇ ਤਰ੍ਹਾਂ ਸੋਚਿਆ ਹੋਵੇ। ਉਹ ਅਣਪੜ੍ਹ ਸੀ, ਜਿਸਨੇ ਇਹ ਕੰਮ ਆਪਣੇ ਪੂਰਵਜਾਂ ਤੋਂ ਵਿਰਾਸਤ ਵਿੱਚ ਪ੍ਰਾਪਤ ਕੀਤਾ ਸੀ ਅਤੇ ਚਾਲੀ ਸਾਲਾਂ ਤੋਂ ਇਹ ਕੰਮ ਕਰ ਰਿਹਾ

ਸੀ। ਇਸ ਪਿਛੋਕੜ ਕਾਰਨ ਉਸਦਾ ਮਨ ਇਸ ਕੰਮ ਲਈ ਇੰਨਾ ਪੱਕਾ ਹੋ ਗਿਆ ਸੀ ਕਿ ਉਹ ਕਿਸੇ ਹੋਰ ਕੰਮ ਬਾਰੇ ਸੋਚ ਵੀ ਨਹੀਂ ਸੀ ਸਕਦਾ।

ਪਰ ਜੋ ਆਪਣੇ ਪੇਸ਼ੇ ਤੋਂ ਪਰੇ ਦੁਨੀਆਂ ਤੋਂ ਜਾਣੂੰ ਹੈ, ਜੋ ਆਪਣੀਆਂ ਸੀਮਾਵਾਂ ਤੋਂ ਪਰੇ ਸੋਚ ਸਕਦਾ ਹੈ, ਉਹ ਆਸਾਨੀ ਨਾਲ ਸਮਝ ਸਕਦਾ ਹੈ ਕਿ ਉਸਨੂੰ ਇਸ ਕਾਲੋਨੀ ਵਿੱਚ ਕੰਮ ਕਿਉਂ ਨਹੀਂ ਮਿਲਿਆ। ਅਸਲ ਕਾਰਨ ਇਹ ਸੀ ਕਿ ਭਾਂਡੇ ਚਮਕਾਉਣ ਦਾ ਕੰਮ ਤਾਂ ਸਿਰਫ਼ ਤਾਂਬੇ ਜਾਂ ਪਿੱਤਲ ਦੇ ਬਰਤਨਾਂ ’ਤੇ ਹੀ ਹੁੰਦਾ ਸੀ, ਪਰ ਇਸ ਕਾਲੋਨੀ ਦੇ ਵਸਨੀਕ ਹੁਣ ਸਟੇਨਲੈੱਸ ਸਟੀਲ ਦੇ ਬਰਤਨ ਵਰਤਦੇ ਸਨ। ਹੁਣ ਜਦੋਂ ਹਾਲਾਤ ਇਹ ਸਨ, ਤਾਂ ਉਸਨੂੰ ਤਾਂਬੇ ਅਤੇ ਪਿੱਤਲ ਦੇ ਬਰਤਨ ਚਮਕਾਉਣ ਦਾ ਕੰਮ ਕਿਵੇਂ ਮਿਲ ਸਕਦਾ ਸੀ?

ਮੌਜੂਦਾ ਸਮੇਂ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਮਨੁੱਖ ਨੂੰ ਸਮੇਂ ਦੀ ਲੋੜ ਨੂੰ ਸਮਝਣਾ ਚਾਹੀਦਾ ਹੈ। ਮਨੁੱਖ ਨੂੰ ਮੌਜੂਦਾ ਸਮੇਂ ਦੀਆਂ ਜ਼ਰੂਰਤਾਂ ਨਾਲ ਜਾਣੂੰ ਹੋਣਾ ਚਾਹੀਦਾ ਹੈ। ਜਿਹੜਾ ਮਨੁੱਖ ਇਹ ਗੱਲ ਨਹੀਂ ਸਮਝਦਾ, ਉਹ ਉਪਰੋਕਤ ਮਨੁੱਖ ਵਾਂਗ ਹੀ ਮਾੜੇ ਹਾਲਾਤਾਂ ਦਾ ਸ਼ਿਕਾਰ ਹੋਵੇਗਾ। ਉਹ ਸਟੇਨਲੈੱਸ ਸਟੀਲ ਦੇ ਬਰਤਨ ਵਰਤਣ ਵਾਲੇ ਲੋਕਾਂ ਵਿੱਚ ਘੁੰਮਦਾ ਰਹੇਗਾ ਪਰ ਉਸਨੂੰ ਕੋਈ ਗਾਹਕ ਨਹੀਂ ਮਿਲੇਗਾ। ਫਿਰ ਉਹ ਆਪਣੀ ਅਸਫਲਤਾ ਲਈ ਹੋਰਨਾਂ ਨੂੰ ਦੋਸ਼ ਦਵੇਗਾ ਅਤੇ ਅਜੋਕੇ ਯੁੱਗ ਦੀਆਂ ਬਦਲਦੀਆਂ ਜ਼ਰੂਰਤਾਂ ਨੂੰ ਨਾ ਸਮਝਣ ਲਈ ਹੋਰਨਾਂ ਨੂੰ ਜ਼ਿੰਮੇਵਾਰ ਠਹਿਰਾਏਗਾ।

ਜਿਹੜੇ ਲੋਕ ਜ਼ਿੰਦਗੀ ਵਿੱਚ ਸਫਲ ਹੋਣਾ ਚਾਹੁੰਦੇ ਹਨ, ਚਾਹੇ ਉਹ ਕਿਸੇ ਵੀ ਪੇਸ਼ੇ ਨਾਲ ਸੰਬੰਧਤ ਹੋਣ, ਉਹਨਾਂ ਨੂੰ ਸਮੇਂ ਦੇ ਨਾਲ ਕਦਮ ਮਿਲਾ ਕੇ ਚੱਲਣਾ ਚਾਹੀਦਾ ਹੈ। ਇਸ ਵਿਗਿਆਨ ਦੇ ਯੁੱਗ ਵਿੱਚ ਜਿੱਥੇ ਯੋਗਤਾ ਹੀ ਸਭ ਕੁਝ ਹੈ, ਇਸਦੇ ਉਲਟ ਕਰਨਾ ਅਸਫਲਤਾ ਵੱਲ ਵਧਣ ਸਮਾਨ ਹੈ।

ਅੱਗ ਤੇ ਪਾਣੀ ਵਿਚੋਂ ਗੁਜ਼ਰਨਾ

ਆਧੁਨਿਕ ਚਿੰਤਕਾਂ ਵਿੱਚ ਸਭ ਤੋਂ ਵਿਵਹਾਰਕ ਮੰਨੇ ਜਾਂਦੇ ਡੇਲ ਕਾਰਨੇਗੀ ਨੇ ਇਕ ਵਾਰ ਕਿਹਾ ਸੀ: “ਜ਼ਿੰਦਗੀ ਵਿੱਚ ਸਭ ਤੋਂ ਮਹੱਤਵਪੂਰਣ ਗੱਲ ਆਪਣੇ ਲਾਭਾਂ ਨੂੰ ਵਧਾਉਣਾ ਨਹੀਂ ਹੈ। ਕੋਈ ਵੀ ਮੂਰਖ ਇਹ ਕਰ ਸਕਦਾ ਹੈ। ਅਸਲ

ਮਹੱਤਵਪੂਰਣ ਗੱਲ ਇਹ ਹੈ ਕਿ ਆਪਣੇ ਨੁਕਸਾਨਾਂ ਤੋਂ ਫ਼ਾਇਦਾ ਕਿਵੇਂ ਲੈਣਾ ਹੈ। ਇਹ ਬੁੱਧੀਮੱਤਾ ਦੀ ਮੰਗ ਕਰਦਾ ਹੈ ਅਤੇ ਇਹੀ ਇੱਕ ਸਮਝਦਾਰ ਅਤੇ ਮੂਰਖ ਵਿਅਕਤੀ ਵਿੱਚ ਅੰਤਰ ਪੈਦਾ ਕਰਦਾ ਹੈ।"

ਇਸ ਦੁਨੀਆ ਵਿੱਚ ਬਹੁਤ ਘੱਟ ਹੀ ਹੁੰਦਾ ਹੈ ਕਿ ਦੌਲਤ ਅਤੇ ਸ਼ੋਹਰਤ ਦੇ ਇੱਛੁਕਾਂ ਨੂੰ ਆਪਣੇ ਪੂਰੇ ਕਰੀਅਰ ਦੌਰਾਨ ਸਿਰਫ਼ ਸਫਲਤਾ ਹੀ ਮਿਲੇ। ਉਹਨਾਂ ਨੂੰ ਮਿਹਨਤ ਦਾ ਫਲ ਮਿਲਣ ਤੋਂ ਪਹਿਲਾਂ ਕਈ ਇਮਤਿਹਾਨਾਂ ਅਤੇ ਮੁਸੀਬਤਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਸਫਲ ਲੋਕ ਉਹੀ ਹੁੰਦੇ ਹਨ ਜੋ ਵਿਪਰੀਤ ਸਥਿਤੀਆਂ ਵਿਚ ਵੀ ਭੈਅਭੀਤ ਨਹੀਂ ਹੁੰਦੇ, ਜੋ ਆਪਣੇ ਨੁਕਸਾਨਾਂ ਉੱਤੇ ਸ਼ਿਕਵਾ ਕਰਨ ਵਿੱਚ ਸਮਾਂ ਬਰਬਾਦ ਨਹੀਂ ਕਰਦੇ ਸਗੋਂ ਆਪਣਾ ਧਿਆਨ ਆਪਣੀਆਂ ਮੁਸ਼ਕਲਾਂ ਨੂੰ ਦੂਰ ਕਰਨ ਵਿੱਚ ਲਾਉਂਦੇ ਹਨ।

ਆਪਣੇ ਨੁਕਸਾਨਾਂ ਤੋਂ ਲਾਭ ਲੈਣ ਦਾ ਵਿਚਾਰ ਭਾਵੇਂ ਅਜੀਬ ਤੇ ਵਿਰੋਧਾਭਾਸੀ ਲੱਗ ਸਕਦਾ ਹੈ, ਪਰ ਇਹ ਸੱਚਮੁੱਚ ਉੱਚ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਲਾਹੇਵੰਦ ਹੈ, ਫਿਰ ਚਾਹੇ ਗੱਲ ਕਿਸੇ ਵਿਅਕਤੀ ਦੀ ਹੋਵੇ, ਕਿਸੇ ਸਮੂਹ ਦੀ ਜਾਂ ਕਿਸੇ ਕੌਮ ਦੀ। ਅਸਲ ਵਿੱਚ, ਉਹ ਵਿਅਕਤੀ ਜੋ ਕਦੇ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰਦਾ, ਜ਼ਰੂਰੀ ਨਹੀਂ ਕਿ ਉਹ ਜੀਵਨ ਵਿੱਚ ਸਭ ਤੋਂ ਵੱਧ ਸਫਲ ਹੋਵੇ। ਅਸਲ ਸਫਲ ਵਿਅਕਤੀ ਉਹ ਹੈ ਜੋ ਆਪਣੀਆਂ ਖ਼ਾਹਿਸ਼ਾਂ ਨੂੰ ਪੂਰਾ ਕਰਨ ਦੀ ਸਮਰੱਥਾ ਅਤੇ ਆਪਣੀ ਮੰਜ਼ਿਲ ਤੱਕ ਪਹੁੰਚਣ ਦਾ ਜਜ਼ਬਾ ਰੱਖਦਾ ਹੈ ਫਿਰ ਚਾਹੇ ਉਸਦੇ ਰਾਹ ਵਿਚ ਕਿੰਨੀਆਂ ਹੀ ਰੁਕਾਵਟਾਂ ਆਉਣ। ਉਹ ਉਹੀ ਹੈ ਜੋ ਅੰਤ ਤੱਕ ਅੱਗ ਅਤੇ ਪਾਣੀ ਨਾਲ ਲੜਨ ਲਈ ਤਿਆਰ ਰਹਿੰਦਾ ਹੈ।

ਕਦਮ ਚੁੱਕਣ ਤੋਂ ਪਹਿਲਾਂ ਸੋਚੋ

ਸਿਡਨੀ, ਆਸਟ੍ਰੇਲੀਆ ਦੀ ਇਕ ਜੇਲ੍ਹ ਵਿਚੋਂ ਦਿਲੇਰੀ ਨਾਲ ਭੱਜਣ ਲਈ ਇਕ ਕੈਦੀ ਟਰੱਕ ਦੇ ਹੂਡ ਹੇਠਾਂ ਲੁਕ ਗਿਆ। ਟਰੱਕ ਦੇ ਅਗਲੇ ਸਟਾਪ 'ਤੇ ਉਹ ਬਾਹਰ ਨਿਕਲਿਆ ਤੇ ਆਪਣੇ ਆਪ ਨੂੰ ਪਹਿਲੀ ਜੇਲ੍ਹ ਤੋਂ 6.5 ਕਿਲੋਮੀਟਰ ਦੂਰ ਦੂਜੀ ਜੇਲ੍ਹ ਦੇ ਵੇਹੜੇ ਵਿੱਚ ਮੌਜੂਦ ਪਾਇਆ (ਯੂਨਾਈਟਡ ਪ੍ਰੈੱਸ ਇੰਟਰਨੈਸ਼ਨਲ)।

ਜੇਲ੍ਹ ਦੀ ਦੁਖੀ ਜ਼ਿੰਦਗੀ ਤੋਂ ਬਚ ਨਿਕਲਣ ਦੇ ਵਿਚਾਰ ਉਸ ਦੇ ਮਨ ’ਤੇ ਇੰਨੇ ਹਾਵੀ ਸੀ ਕਿ ਜਦੋਂ ਉਸਨੇ ਟਰੱਕ ਨੂੰ ਲੰਘਦੇ ਵੇਖਿਆ, ਉਸਨੇ ਇਹ ਮੰਨ ਲਿਆ ਕਿ ਇਹ ਉਸਨੂੰ ਕੈਦ ਤੋਂ ਆਜ਼ਾਦ ਕਰਵਾ ਦਵੇਗਾ।

ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਕਈ ਵਾਰ ਅਸੀਂ ਜੋ ਕਦਮ ਚੁੱਕਦੇ ਹਾਂ, ਉਹ ਜਾਂ ਤਾਂ ਸਾਨੂੰ ਆਪਣੀ ਮੰਜ਼ਿਲ ਤੋਂ ਹੋਰ ਦੂਰ ਲੈ ਜਾਂਦੇ ਹਨ ਜਾਂ ਫਿਰ ਗੁਮਰਾਹ ਕਰ ਦਿੰਦੇ ਹਨ।

ਜੀਵਨ ਦੇ ਸਫਰ ਨੂੰ ਸਫਲ ਬਣਾਉਣ ਲਈ ਯਾਤਰੀ ਨੂੰ ਸਹੀ ਸਾਧਨ ਲੱਭਣਾ ਪੈਂਦਾ ਹੈ। ਇਸ ਦੁਨੀਆ ਵਿੱਚ ਹਰ ਕਿਸੇ ਨੂੰ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਕਿਸੇ ਨਾ ਕਿਸੇ ਸਾਧਨ ਦੀ ਲੋੜ ਹੁੰਦੀ ਹੈ। ਪਰ ਕਿਸੇ ਵੀ ਸਾਧਨ ’ਤੇ ਸਵਾਰ ਹੋਣ ਤੋਂ ਪਹਿਲਾਂ ਉਸ ਦੀ ਅੰਤਿਮ ਮੰਜ਼ਿਲ ਬਾਰੇ ਪਤਾ ਕਰਨਾ ਜ਼ਰੂਰੀ ਹੈ। ਬਗੈਰ ਮੰਜ਼ਿਲ ਮਿੱਥੇ ਚੁੱਕਿਆ ਕਦਮ ਕੋਈ ਵੀ ਮਕਸਦ ਪੂਰਾ ਨਹੀਂ ਕਰਦਾ। ਜੇ ਕੋਈ ਸਹੀ ‘ਸਾਧਨ’ ਗੁਆ ਲੈਂਦਾ ਹੈ, ਤਾਂ ਉਸਦਾ ਹਾਲ ਉਸ ਆਸਟ੍ਰੇਲੀਆਈ ਕੈਦੀ ਵਾਂਗ ਹੋ ਸਕਦਾ ਹੈ ਜੋ ਇਕ ਜੇਲ੍ਹ ਤੋਂ ਦੂਜੀ ਜੇਲ੍ਹ ਵਿੱਚ ਪਹੁੰਚ ਗਿਆ।

ਆਪਣੇ ਆਪ ਸਿੱਖਣਾ

ਉਪਰੋਕਤ ਕਹਾਵਤ ਬਹੁਤ ਸਾਰੀਆਂ ਸਥਿਤੀਆਂ ਵਿੱਚ ਭੌਤਿਕ ਸਫਲਤਾ ਦਾ ਪੱਕਾ ਨੁਸਖ਼ਾ ਲੱਗਦੀ ਹੈ। ਦਰਅਸਲ, ਇਹ ਨੁਸਖ਼ਾ ਕੈਂਪਬੈਲ ਰੌਜਰਜ਼ ਦੇ ਅਨੁਭਵ ਤੋਂ ਪ੍ਰਾਪਤ ਕੀਤਾ ਗਿਆ ਹੈ, ਜੋ ਪੋਲਟਰੀ ਪਾਲਣ ਦੇ ਖੇਤਰ ਵਿੱਚ ਵਿਸ਼ਵ ਪ੍ਰਸਿੱਧ ਵਿਦਵਾਨ ਸੀ। ਪਰ ਇਹ ਨਿਰੰਤਰ ਛੋਟੇ-ਛੋਟੇ ਵਿਸਥਾਰਾਂ 'ਤੇ ਧਿਆਨ ਦੇਣਾ ਹੀ ਉਸ ਦਾ ਸਾਰਾ ਸਿਧਾਂਤ ਨਹੀਂ। ਉਹ ਆਪਣੇ ਪ੍ਰਸਿੱਧ ਪੁਸਤਕ *Profitable Poultry-Keeping in India and the East* (ਡੀ. ਬੀ. ਤਾਰਾਪੋਰਵਾਲਾ ਐਂਡ ਸਨਜ਼ ਐਂਡ ਕੋ., ਬੰਬਈ, 1959) ਦੀ ਸ਼ੁਰੂਆਤ ਇਸ ਵਿਚਾਰ ਨਾਲ ਕਰਦਾ ਹੈ ਕਿ ਵੱਡੇ ਪੱਧਰ 'ਤੇ ਮੁਰਗੀ ਪਾਲਣ ਵਿੱਚ ਸਫਲਤਾ ਬਹੁਤ ਹੱਦ ਤੱਕ ਮਨੁੱਖ ਦੇ ਸੁਭਾਉ 'ਤੇ ਨਿਰਭਰ ਕਰਦੀ ਹੈ। ਉਹ ਕਹਿੰਦਾ ਹੈ ਕਿ ਜਿਸ ਵਿਅਕਤੀ ਨੂੰ ਪੰਛੀਆਂ ਅਤੇ ਜਾਨਵਰਾਂ ਨਾਲ ਪਿਆਰ ਨਹੀਂ, ਉਹ ਇਸ ਪੇਸ਼ੇ ਵਿੱਚ ਕਦੇ ਵੀ ਤਰੱਕੀ ਨਹੀਂ ਕਰ ਸਕਦਾ। ਇਸ ਲਈ, ਧੀਰਜ, ਮਿਹਨਤ, ਅਣਥੱਕ ਕੰਮ ਕਰਨ ਦੀ ਸਮਰਥਾ ਅਤੇ ਮੁਨਾਫ਼ੇ ਲਈ ਚੁਸਤ ਨਿਗਾਹ ਦੇ ਨਾਲ ਨਾਲ ਮਨੁੱਖ ਵਿੱਚ ਦਇਆ, ਮਨੁੱਖਤਾ ਅਤੇ ਜੀਵਾਂ ਲਈ ਸਹਾਨਭੂਤੀ ਦਾ ਭਾਵ ਵੀ ਹੋਣਾ ਚਾਹੀਦਾ ਹੈ।

ਇਸ ਤੱਤ ਨੂੰ ਸਮੂਹਿਕ ਪੱਧਰ 'ਤੇ ਵਿਚਾਰਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਰੌਜਰਜ਼ ਸਿਰਫ ਭੌਤਿਕ ਸਫਲਤਾ ਹੀ ਨਹੀਂ, ਸਗੋਂ ਸਮਾਜਿਕ ਸੁੱਖ-ਸ਼ਾਂਤੀ ਵਾਲੇ ਜੀਵਨ ਲਈ ਵੀ ਇਕ ਕੀਮਤੀ ਫ਼ਾਰਮੂਲਾ ਦਿੰਦਾ ਹੈ। ਜਿਵੇਂ ਇੱਕ ਸਫਲ ਮੁਰਗੀ ਪਾਲਕ ਨੂੰ ਆਪਣੇ ਪੰਛੀਆਂ ਦੀਆਂ ਆਦਤਾਂ ਅਤੇ ਜ਼ਰੂਰਤਾਂ 'ਤੇ ਧਿਆਨ ਦੇਣਾ ਪੈਂਦਾ ਹੈ, ਉਸੇ ਤਰ੍ਹਾਂ ਇੱਕ ਸਮਾਜਕ ਮਨੁੱਖ ਨੂੰ ਹੋਰਨਾਂ ਦੀਆਂ ਰੁਚੀਆਂ, ਪ੍ਰੇਰਣਾਵਾਂ ਅਤੇ ਲੋੜਾਂ ਨੂੰ ਸਮਝਣਾ ਪੈਂਦਾ ਹੈ ਅਤੇ ਸਮਾਜਕ ਖੁਸ਼ਹਾਲੀ ਅਤੇ ਸ਼ਾਂਤੀ ਨੂੰ ਕਾਇਮ ਰੱਖਣ ਲਈ ਉਨ੍ਹਾਂ ਨਾਲ ਸਮਝੌਤਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਜ਼ਿੰਦਗੀ ਵਿੱਚ ਸਫਲਤਾ ਸਿਰਫ਼ ਮਿਹਨਤ ਕਰਨ ਜਾਂ ਵਿੱਤੀ ਮਾਮਲਿਆਂ ਵਿੱਚ ਸਹੀ ਫੈਸਲੇ ਲੈਣ ਤਕ ਸੀਮਿਤ ਨਹੀਂ ਹੁੰਦੀ। ਇਹ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਅਸੀਂ ਆਪਣੇ ਹੋਰਨਾਂ ਮਨੁੱਖਾਂ ਨੂੰ ਕਿੰਨੀ ਸਮਝ, ਦਇਆ ਅਤੇ ਆਦਰ ਦਿੰਦੇ ਹਾਂ— ਉਹੀ ਆਦਰ ਜੋ ਅਸੀਂ ਖੁਦ ਵੀ ਪ੍ਰਾਪਤ ਕਰਨਾ ਚਾਹੁੰਦੇ ਹਾਂ।

ਸਦਭਾਵਪੂਰਨ ਜੀਵਨ ਦਾ ਰਾਜ

ਇੱਕ ਵਾਰ ਇੱਕ ਮੁਸਲਿਮ ਨੇਤਾ ਨੇ ਭਾਰਤ ਦੀ ਪੂਰਵ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਨੂੰ ਪੱਤਰ ਲਿਖਿਆ, ਜਿਸ ਵਿਚ ਉਸਨੇ ਭਾਰਤ ਵਿੱਚ ਬਹੁਗਿਣਤੀ ਦੁਆਰਾ ਮੁਸਲਿਮ ਘੱਟ-ਗਿਣਤੀ ਨਾਲ ਕੀਤੇ ਜਾ ਰਹੇ ਪੱਖਪਾਤੀ ਵਿਵਹਾਰ ਅਤੇ ਬੇਇਨਸਾਫ਼ੀ ਦੀ ਸ਼ਿਕਾਇਤ ਕੀਤੀ। ਉਸਨੇ ਚੇਤਾਵਨੀ ਦਿੱਤੀ ਕਿ ਜੇ ਇਹ ਹਾਲਾਤ ਨਾ ਸੁਧਰੇ ਤਾਂ ਉਸਦੀ ਪਾਰਟੀ ਸਤਿਆਗ੍ਰਹਿ ਦੀ ਰਾਹ ’ਤੇ ਚਲੇਗੀ। ਕੁਝ ਸਮੇਂ ਬਾਅਦ ਉਸਨੂੰ ਸ਼੍ਰੀਮਤੀ ਗਾਂਧੀ ਦਾ ਜਵਾਬ ਪ੍ਰਾਪਤ ਹੋਇਆ, ਜਿਸ ਵਿੱਚ ਇੱਕ ਵਾਕ ਵਿਸ਼ੇਸ਼ ਤੌਰ ’ਤੇ ਮਹੱਤਵਪੂਰਣ ਸੀ:

> “ਕੋਈ ਵੀ ਘੱਟ-ਗਿਣਤੀ ਸਮੂਹ ਉਦੋਂ ਤਕ ਜੀਵੀਤ ਨਹੀਂ ਰਹਿ ਸਕਦਾ ਜਦੋਂ ਤੱਕ ਉਸ ਦੇ ਬਹੁਗਿਣਤੀ ਗਵਾਂਢੀ ਉਸ ਤੋਂ ਖਿਝੇ ਹੋਏ ਰਹਿਣ।” (ਹਿੰਦੁਸਤਾਨ ਟਾਈਮਜ਼, 21 ਫਰਵਰੀ 1983)

ਜੇ ਅਸੀਂ ਇਸ ਗੱਲ ਨੂੰ ਨਿਰਪੱਖ ਦ੍ਰਿਸ਼ਟੀਕੋਣ ਨਾਲ ਦੇਖੀਏ ਤਾਂ ਇਹ ਸਿਰਫ਼ ਹਕੀਕਤ ਦਾ ਸਹੀ ਚਿੱਤਰ ਹੀ ਨਹੀਂ ਪੇਸ਼ ਕਰਦਾ, ਸਗੋਂ ਸਮੱਸਿਆ ਦਾ ਵਿਹਾਰਿਕ ਹੱਲ ਵੀ ਦਿੰਦਾ ਹੈ।

ਅੱਜ ਦੀ ਇਸ ਮੁਕਾਬਲੇ ਭਰੀ ਦੁਨੀਆ ਵਿੱਚ ਲੋਕਾਂ ਦੇ ਆਪਸੀ ਮਤ-ਭੇਦ ਹੋਣਾ ਆਮ ਗੱਲ ਹੈ। ਲੋਕ ਦੂਜਿਆਂ ਦੀ ਸਫਲਤਾ ਨਾਲ ਈਰਖਾ ਕਰਦੇ ਹਨ, ਉਨ੍ਹਾਂ ਦੀਆਂ ਪ੍ਰਾਪਤੀਆਂ ਤੋਂ ਸੜਦੇ ਹਨ ਅਤੇ ਜਦੋਂ ਵੀ ਉਨ੍ਹਾਂ ਨੂੰ ਕਿਸੇ ਪ੍ਰਤੀ ਸੱਚੀ ਜਾਂ ਝੂਠੀ ਸ਼ਿਕਾਇਤ ਮਿਲਦੀ ਹੈ ਤਾਂ ਕ੍ਰੋਧ ਅਤੇ ਬਦਲੇ ਦੀ ਭਾਵਨਾ ਉਨ੍ਹਾਂ ’ਚ ਪੈਦਾ ਹੋ ਜਾਂਦੀ ਹੈ। ਬਹੁਤ ਘੱਟ ਘਰ ਐਸੇ ਹੁੰਦੇ ਹਨ ਜਿੱਥੇ ਇਹ ਵਿਚਾਰਕ ਮਤ-ਭੇਦ ਜੀਵਨ ਦੀ ਸ਼ਾਂਤੀ ਨੂੰ ਭੰਗ ਨਾ ਕਰਦੇ ਹੋਣ। ਹਾਲਾਂਕਿ ਜ਼ਿਆਦਾਤਰ ਸਮੇਂ ਇਹ ਭਾਵਨਾਵਾਂ ਦੱਬੀਆਂ ਰਹਿੰਦੀਆਂ ਹਨ, ਰੋਜ਼ਾਨਾ ਦੀ ਵਿਅਸਤ ਘਰੇਲੂ ਰੁਟੀਨ ਇਨ੍ਹਾਂ ਭਾਵਨਾਵਾਂ ਨੂੰ ਬਾਹਰ ਆਉਣ ਤੋਂ ਰੋਕਦੀ ਹੈ। ਪਰ ਜਦੋਂ ਕੋਈ ਅਚਾਨਕ ਘਟਨਾ ਵਾਪਰਦੀ ਹੈ ਤਾਂ ਇਹ ਦਬੇ ਹੋਏ ਜਜ਼ਬਾਤ ਉਭਰ ਕੇ ਸਾਹਮਣੇ ਆ ਜਾਂਦੇ ਹਨ।

ਸਮਾਜ ਵਿੱਚ ਸ਼ਾਂਤੀ ਤਦ ਤੱਕ ਬਣੀ ਰਹਿੰਦੀ ਹੈ ਜਦ ਤੱਕ ਲੋਕ ਆਪਣੀਆਂ ਨਕਾਰਾਤਮਕ ਭਾਵਨਾਵਾਂ ਨੂੰ ਦਬਾਈ ਰੱਖਦੇ ਹਨ। ਜਿਵੇਂ ਹੀ ਇਹ ਉੱਪਰ ਆਉਂਦੀਆਂ ਹਨ, ਬੇਚੈਨੀ ਅਤੇ ਅਸ਼ਾਂਤੀ ਫੈਲ ਜਾਂਦੀ ਹੈ।

ਇਹ ਮਨੁੱਖੀ ਸਹਿ-ਹੋਂਦ ਦੀ ਇਕ ਅਟੱਲ ਹਕੀਕਤ ਹੈ। ਇਸ ਮੁਕਾਬਲੇ ਭਰੀ ਦੁਨੀਆ ਵਿੱਚ ਕੋਈ ਵੀ ਸਮਾਜ ਜਾਂ ਪਰਿਵਾਰ ਇਸ ਤੋਂ ਬਚਿਆ ਨਹੀਂ ਹੈ। ਇਸ ਲਈ ਸਭ ਤੋਂ ਸੁਚੱਜਾ ਰਾਹ ਇਹ ਹੈ ਕਿ ਲੋਕਾਂ ਦੇ ਹੰਕਾਰ ਨੂੰ ਸੁੱਤਾ ਰਹਿਣ ਦਿੱਤਾ ਜਾਵੇ, ਉਨ੍ਹਾਂ ਦੀਆਂ ਨਕਾਰਾਤਮਕ ਭਾਵਨਾਵਾਂ ਨੂੰ ਦਬਿਆ ਰਹਿਣ ਦਿੱਤਾ ਜਾਵੇ, ਤਾਂ ਜੋ ਧੀਰਜ ਅਤੇ ਸਹਿਨਸ਼ੀਲਤਾ ਦਾ ਮਾਹੌਲ ਬਣਿਆ ਰਹੇ। ਇਹੀ ਸ਼ਾਂਤਮਈ ਸਮਾਜ ਦਾ ਸਭ ਤੋਂ ਵੱਡਾ ਰਾਜ ਹੈ।

ਇੱਕ ਪ੍ਰਸਿੱਧ ਚਿੰਤਕ ਨੇ ਇਸ ਵਿਚਾਰ ਨੂੰ ਬਹੁਤ ਸੁੰਦਰ ਢੰਗ ਨਾਲ ਸਮਝਾਇਆ ਹੈ: "ਇਸ ਦੁਨੀਆ ਵਿੱਚ ਹਰ ਵਿਅਕਤੀ ਦੇ ਅੰਦਰ ਇੱਕ ਵਿਸ਼ਾਲ ਕਬਰਸਤਾਨ ਹੋਣਾ ਚਾਹੀਦਾ ਹੈ, ਜਿੱਥੇ ਉਹ ਹੋਰਨਾਂ ਦੀਆਂ ਗਲਤੀਆਂ ਨੂੰ ਦਫ਼ਨਾ ਸਕੇ।"

ਇਕ ਵਿਹਾਰਕ ਹੱਲ

ਇੱਕ ਪ੍ਰਸਿੱਧ ਮਨੋਵਿਗਿਆਨੀ ਦਾ ਕਥਨ ਹੈ, "ਜਦੋਂ ਕਿਸੇ ਦੀ ਈਗੋ (ਹੰਕਾਰ) ਨੂੰ ਛੂਹਿਆ ਜਾਂਦਾ ਹੈ, ਤਾਂ ਉਹ ਸੁਪਰ-ਈਗੋ ਵਿੱਚ ਬਦਲ ਜਾਂਦੀ ਹੈ ਅਤੇ ਇਸ ਦਾ ਨਤੀਜਾ ਟੁੱਟਣਾ-ਬਿਖਰਨਾ ਹੁੰਦਾ ਹੈ।" ਇਸੇ ਗੱਲ ਨੂੰ ਲਗਭਗ ਤੇਰਾਂ ਸੌ ਸਾਲ ਪਹਿਲਾਂ ਉਮੈਰ ਇਬਨ ਹਬੀਬ ਇਬਨ ਹਮਾਸ਼ਾ (Umair Ibn Habib ibn Hamashah) ਨੇ ਵੀ ਕਿਹਾ ਸੀ। ਆਪਣੇ ਆਖਰੀ ਦਿਨਾਂ ਵਿੱਚ, ਹਜ਼ਰਤ ਮੁਹੰਮਦ ਸਾਹਿਬ ਦੇ ਇਸ ਸਹਾਬੀ ਨੇ ਆਪਣੇ ਪੋਤੇ ਅਬੂ ਜਾਫ਼ਰ ਅਲ-ਖ਼ਤਮੀ (Abu Jafar al-Khatmi) ਨੂੰ ਕੁਝ ਨਸੀਹਤਾਂ ਕੀਤੀਆਂ ਸਨ, ਜਿਨ੍ਹਾਂ ਵਿੱਚੋਂ ਇੱਕ ਸਬਰ ਬਾਰੇ ਸੀ: "ਜੋ ਮੂਰਖ ਵਿਅਕਤੀ ਵਲੋਂ ਕੀਤੇ ਛੋਟੇ ਨੁਕਸਾਨ ਨੂੰ ਬਰਦਾਸ਼ਤ ਨਹੀਂ ਕਰਦਾ, ਉਸਨੂੰ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ।"

ਉਪਰੋਕਤ ਦੋਵਾਂ ਟਿੱਪਣੀਆਂ ਦਾ ਸਾਰ ਇੱਕੋ ਜਿਹਾ ਹੈ, ਭਾਵ ਦੂਜਿਆਂ ਦੁਆਰਾ ਨੁਕਸਾਨ ਕੀਤੇ ਜਾਣ ਤੋਂ ਬਚਣ ਦਾ ਇੱਕੋ-ਇੱਕ ਤਰੀਕਾ ਹੈ ਕਿ ਜਿੰਨਾ ਸੰਭਵ ਹੋ ਸਕੇ ਉਨ੍ਹਾਂ ਦੀ ਗੋਲੀਬਾਰੀ ਦੀ ਰੇਖਾ ਤੋਂ ਦੂਰ ਰਹਿਣਾ, ਹੋ ਸਕੇ ਤਾਂ ਉਨ੍ਹਾਂ ਲੋਕਾਂ ਤੋਂ ਵੀ ਦੂਰ ਰਹਿਣਾ ਜੋ ਦਿਖਣ ਵਿਚ ਨੁਕਸਾਨਦੇਹ ਤੇ ਖਤਰਨਾਕ ਨਜ਼ਰ ਆਉਂਦੇ ਹਨ।

ਹਰ ਮਨੁੱਖ ਦੇ ਅੰਦਰ "ਹੰਕਾਰ" ਪੈਦਾ ਹੁੰਦਾ ਹੈ। ਅਕਸਰ ਇਹ ਹੰਕਾਰ ਸੁੱਤਾ ਰਹਿੰਦਾ ਹੈ। ਇਸਨੂੰ ਸੁੱਤਾ ਰਹਿਣ ਦੇਣਾ ਹੀ ਬਿਹਤਰ ਹੈ, ਕਿਉਂਕਿ ਹੰਕਾਰ ਇੱਕ ਸੱਪ ਵਾਂਗ ਹੈ ਜੋ ਜਦੋਂ ਵੀ ਜਾਗਦਾ ਹੈ ਤਾਂ ਆਪਣੀ ਪਹੁੰਚ ਵਿੱਚ ਆਉਣ ਵਾਲੇ ਹਰ ਵਿਅਕਤੀ ਨੂੰ ਡੰਗ ਮਾਰਦਾ ਹੈ।

ਹਰ ਸਮਾਜ ਵਿੱਚ ਇਹ ਆਮ ਗੱਲ ਹੈ ਕਿ ਕਿਸੇ ਦੇ ਮੂਰਖ ਵਿਹਾਰ ਜਾਂ ਜਾਣਬੁੱਝ ਕੇ ਕੀਤੀ ਬਦਨੀਤੀ ਕਾਰਨ ਦੂਜਾ ਵਿਅਕਤੀ ਦੁਖੀ ਜਾਂ ਪਰੇਸ਼ਾਨ ਹੋਵੇ। ਪਰ ਅਕਲਮੰਦੀ ਇਸ ਵਿੱਚ ਹੈ ਕਿ ਛੋਟੇ ਨੁਕਸਾਨ ਜਾਂ ਤੋਹੀਨ ਨੂੰ ਬਰਦਾਸ਼ਤ ਕਰ ਲਿਆ ਜਾਵੇ, ਕਿਉਂਕਿ ਜੇਕਰ ਅਸੀਂ ਤੁਰੰਤ ਪ੍ਰਤੀਕ੍ਰਿਆ ਦਿੰਦੇ ਹਾਂ ਤਾਂ ਹਾਲਾਤ ਬਦ ਤੋਂ ਬਦਤਰ ਹੋ ਸਕਦੇ ਹਨ। ਜੋ ਛੋਟੇ ਪੱਥਰਾਂ ਦੀ ਬਰਸਾਤ ਨੂੰ ਨਹੀਂ ਸਹਿ ਸਕਦਾ, ਉਹ ਵੱਡੇ ਪੱਥਰਾਂ ਦੇ ਡਿਗਣ 'ਤੇ ਕਿਵੇਂ ਬਚੇਗਾ?

ਸਮਾਜਕ ਏਕਤਾ

ਕੁਦਰਤ ਦੀ ਦੁਨੀਆ ਵਿਵਸਥਾ ਦੀ ਦੁਨੀਆ ਹੈ। ਪਰ ਮਨੁੱਖੀ ਦੁਨੀਆ ਕਿੰਨੀ ਵੱਖਰੀ ਹੈ, ਜਿੱਥੇ ਮਨੁੱਖੀ ਮਾਮਲੇ ਅਕਸਰ ਹਫ਼ੜਾ-ਦਫ਼ੜੀ ਵਿੱਚ ਖਰਾਬ ਹੋ ਜਾਂਦੇ ਹਨ ਕਿਉਂਕਿ ਸਮਾਜਕ ਮਨੁੱਖ ਉਹਨਾਂ ਸਿਧਾਂਤਾਂ ਦੀ ਉਲੰਘਣਾ ਕਰਦੇ ਹਨ ਜਿਹੜੇ ਉਨ੍ਹਾਂ ਦੀ ਜ਼ਿੰਦਗੀ ਨੂੰ ਵਿਵਸਥਿਤ ਬਣਾਉਣ ਲਈ ਲੋੜੀਂਦੇ ਹੁੰਦੇ ਹਨ। ਜੇਕਰ ਸਮਾਜਕ ਜੀਵਨ ਨੂੰ ਸਫਲ ਬਣਾਉਣਾ ਹੈ ਤਾਂ ਇਸਨੂੰ ਉਹਨਾਂ ਨਿਅਮਾਂ ਦੁਆਰਾ ਸੰਚਾਲਿਤ ਹੋਣਾ ਚਾਹੀਦਾ ਹੈ ਜੋ ਕੁਦਰਤ ਦੇ ਨਿਅਮਾਂ ਵਾਂਗ ਅਟੱਲ ਹਨ। ਪਰ ਇਹ ਨਿਅਮ ਤਦ ਹੀ ਪ੍ਰਭਾਵਸ਼ਾਲੀ ਹੋ ਸਕਦੇ ਹਨ ਜੇ ਮਨੁੱਖ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝ ਲਵੇ ਕਿ ਉਨ੍ਹਾਂ ਦੀ ਪਾਲਣਾ ਕਰਨੀ ਕਿੰਨੀ ਜ਼ਰੂਰੀ ਹੈ। ਮਨੁੱਖ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਕਾਇਦੇ ਤੋਂ ਬਿਨਾਂ ਸਮਾਜ ਉਸ ਫੈਕਟਰੀ ਵਾਂਗ ਹੈ ਜਿਸ ਵਿੱਚ ਬਿਜਲੀ ਨਾ ਹੋਵੇ, ਜਿਸ ਸਦਕਾ ਉਹ ਕਦੇ ਚੱਲ ਹੀ ਨਹੀਂ ਸਕਦੀ।

ਇਹ ਵੀ ਸਮਝਣਾ ਚਾਹੀਦਾ ਹੈ ਕਿ ਕੁਝ ਨੇਕ ਗੁਣਾਂ ਦੀ ਬੁਰਾਈ 'ਤੇ ਜਿੱਤ ਪ੍ਰਾਪਤ ਕਰਨਾ ਸਮਾਜਕ ਕਾਇਦੇ ਨੂੰ ਕਾਇਮ ਰੱਖਣ ਵਿੱਚ ਵੱਡੀ ਭੂਮਿਕਾ ਅਦਾ ਕਰਦੇ ਹਨ। ਉਦਾਰਤਾ, ਖੁੱਲ੍ਹਾ ਦਿਮਾਗ, ਮਾਫ਼ੀ ਦੇਣਾ ਅਤੇ ਸਲੀਕੇਦਾਰ ਵਿਵਹਾਰ ਨੂੰ ਕ੍ਰਮਵਾਰ ਕੰਜੂਸੀ, ਤੰਗਦਿਲੀ, ਬਦਲੇ ਦੀ ਭਾਵਨਾ ਅਤੇ ਨੀਚਤਾ

ਉੱਤੇ ਹਾਵੀ ਹੋਣਾ ਚਾਹੀਦਾ ਹਨ। ਦੂਜਿਆਂ ਲਈ ਸੋਚਣਾ ਹਰ ਹਾਲਤ ਵਿੱਚ ਪਹਿਲਾ ਪ੍ਰਤੀਕਰਮ ਹੋਣਾ ਚਾਹੀਦਾ ਹੈ, ਖ਼ਾਸ ਕਰਕੇ ਜਦੋਂ ਕਿਸੇ ਦੇ ਵਿਸ਼ਵਾਸ ਦੀ ਰੱਖਿਆ ਦੀ ਗੱਲ ਹੋਵੇ, ਕਿਉਂਕਿ ਦੂਜਿਆਂ ਦੀਆਂ ਗਲਤੀਆਂ ਜਾਂ ਭੇਦਾਂ ਦਾ ਖੁਲਾਸਾ ਕਰਨਾ ਬੇਸਮਝੀ ਦਾ ਪ੍ਰਮਾਣ ਹੁੰਦਾ ਹੈ ਜੋ ਸਿਰਫ਼ ਵੈਰ-ਵਿਰੋਧ ਪੈਦਾ ਕਰਦਾ ਹੈ। ਸਭ ਤੋਂ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਵਾਅਦੇ ਹਮੇਸ਼ਾ ਨਿਭਾਏ ਜਾਣੇ ਚਾਹੀਦੇ ਹਨ।

ਕੁਝ ਚੰਗੇ ਆਚਰਣ-ਗੁਣ ਕੁਦਰਤੀ ਤੌਰ ’ਤੇ ਸਮਾਜਕ ਵਿਵਸਥਾ ਦਾ ਸਮਰਥਨ ਕਰਦੇ ਹਨ। ਕਿਸੇ ਹਾਲਾਤ ਵਿੱਚ ਕੀ ਫੈਸਲਾ ਲੈਣ ਦੀ ਲੋੜ ਹੈ— ਚਾਹੇ ਫਿਰ ਉਹ ਜ਼ਮੀਰ ਨਾਲ ਜੁੜਿਆ ਹੋਵੇ ਜਾਂ ਸਮਝਦਾਰੀ ਨਾਲ— ਇਹ ਜਾਣਨਾ ਹਮੇਸ਼ਾ ਮਿਲਵਰਤਨ ਵਾਲੇ ਜੀਵਨ ਲਈ ਲਾਭਕਾਰੀ ਹੁੰਦਾ ਹੈ। ਕਦੋਂ ਬੋਲਣਾ ਹੈ, ਕੀ ਕਹਿਣਾ ਹੈ ਅਤੇ ਕਦੋਂ ਚੁੱਪ ਰਹਿਣਾ ਹੈ— ਇਹ ਸਮਾਜਕ ਜੀਵਨ ਦੇ ਸਭ ਤੋਂ ਵੱਡੇ ਗੁਣਾਂ ਵਿੱਚੋਂ ਇਕ ਹਨ। ਇਹ ਜਾਣਨਾ ਵੀ ਉਨਾ ਹੀ ਜ਼ਰੂਰੀ ਹੈ ਕਿ ਕਦੋਂ ਸਖ਼ਤ ਰਵੱਈਆ ਅਪਣਾਉਣਾ ਹੈ ਤੇ ਕਦੋਂ ਨਰਮ, ਕਦੋਂ ਮਜ਼ਬੂਤ ਰਹਿਣਾ ਹੈ ਤੇ ਕਦੋਂ ਲਚਕਵਾਨ।

ਜੋ ਲੋਕ ਸਮਾਜਕ ਜੀਵਨ ਦੀਆਂ ਇਹ ਬਾਰਿਕੀਆਂ ਸਮਝਦੇ ਹਨ ਅਤੇ ਉਨ੍ਹਾਂ ਨੂੰ ਅਮਲ ਵਿੱਚ ਲਿਆਉਂਦੇ ਹਨ, ਉਹ ਕਿਸੇ ਭਾਈਚਾਰੇ ਦੀ ਏਕਤਾ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ। ਉਨ੍ਹਾਂ ਤੋਂ ਬਿਨਾਂ ਸਮਾਜਕ ਵਿਵਸਥਾ ਹੌਲੀ-ਹੌਲੀ ਅਫ਼ੜਾ-ਤਫ਼ੜੀ ਵਿੱਚ ਬਦਲ ਜਾਂਦੀ ਹੈ।

ਬਦਲਦਾ ਸਮਾਂ

ਕੀ ਤੁਸੀਂ ਕਦੇ ਕਿਸੇ ਵਿਅਕਤੀ ‘ੳ’ ਨੂੰ ਤਾਲਾ ਖੋਲ੍ਹਣ ਦੀ ਕੋਸ਼ਿਸ਼ ਕਰਦੇ ਵੇਖਿਆ ਹੈ? ਪਹਿਲਾਂ ਹਲਕੀ ਬੇਸਬਰੀ, ਫਿਰ ਗੁੱਸੇ ਨਾਲ ਭਰਿਆ ਚਿਹਰਾ ਅਤੇ ਅਖ਼ੀਰ ਵਿੱਚ ਚਾਬੀ ਸੁੱਟ ਕੇ ਵੱਡਾ ਪੱਥਰ ਚੁੱਕ ਲੈਣਾ ਤਾਂ ਜੋ ਤਾਲੇ ਨੂੰ ਤੋੜ ਸਕੇ। ਉਸ ਸਮੇਂ ਵਿਅਕਤੀ ‘ਅ’ ਆਉਂਦਾ ਹੈ ਤੇ ਕਹਿੰਦਾ ਹੈ, “ਮੇਰੀ ਚਾਬੀ ਅਜ਼ਮਾਓ, ਇਹ ਨਵਾਂ ਤਾਲਾ ਹੈ। ਤੁਹਾਡੀ ਪੁਰਾਣੀ ਚਾਬੀ ਇਸ ’ਚ ਨਹੀਂ ਲੱਗੇਗੀ।” ਵਿਅਕਤੀ ‘ੳ’ ਹੁਣ ਤੱਕ ਇੰਨਾ ਖਿਝਿਆ ਹੋਇਆ ਹੁੰਦਾ ਹੈ ਕਿ

ਉਹ ਕੁਝ ਕਰਨ ਦੀ ਬਜਾਏ ਕੇਵਲ ਖੜ੍ਹਾ ਹੋ ਕੇ ਵੇਖਦਾ ਰਹਿੰਦਾ ਹੈ। ਵਿਅਕਤੀ 'ਅ' ਚਾਬੀ ਤਾਲੇ ਵਿੱਚ ਪਾਉਂਦਾ ਹੈ ਤੇ ਤਾਲਾ ਤੁਰੰਤ ਖੁਲ੍ਹ ਜਾਂਦਾ ਹੈ।

ਵਿਅਕਤੀ 'ੳ' ਉਹਨਾਂ ਸਾਰੇ ਲੋਕਾਂ ਵਰਗਾ ਹੈ ਜੋ ਬਦਲਦੇ ਸਮੇਂ ਨਾਲ ਕਦਮ ਮਿਲਾ ਕੇ ਨਹੀਂ ਚਲਦੇ। ਉਹ ਨਵੀਆਂ ਸਥਿਤੀਆਂ ਵਿੱਚ ਤਾਂ ਹੁੰਦੇ ਹਨ, ਪਰ ਹਾਲੇ ਵੀ ਪੁਰਾਣੇ ਤਰੀਕਿਆਂ ਨੂੰ ਹੀ ਅਪਣਾਉਂਦੇ ਹਨ। ਜਦੋਂ ਉਹਨਾਂ ਦੀਆਂ ਪੁਰਾਣੀਆਂ ਚਾਬੀਆਂ ਨਵੇਂ ਤਾਲਿਆਂ ਵਿੱਚ ਨਹੀਂ ਲਗਦੀਆਂ ਤਾਂ ਉਹ ਹੈਰਾਨ ਤੇ ਗੁੱਸੇ ਵਿੱਚ ਆ ਜਾਂਦੇ ਹਨ। ਫਿਰ ਉਹ ਆਪਣਾ ਸਮਾਂ ਤੇ ਤਾਕਤ ਉਹਨਾਂ ਬਦਲੀਆਂ ਸਥਿਤੀਆਂ 'ਤੇ ਗੁੱਸਾ ਉਤਾਰਨ ਵਿੱਚ ਲਗਾ ਦਿੰਦੇ ਹਨ, ਜਿਹੜੀਆਂ ਹੁਣ ਉਹਨਾਂ ਦੀ ਖੁਸ਼ੀ ਲਈ ਵਾਪਸ ਪੁਰਾਣੀ ਸੂਰਤ ਵਿੱਚ ਨਹੀਂ ਆਉਣੀਆਂ। ਕਈ ਵਾਰ ਉਹਨਾਂ ਦਾ ਗੁੱਸਾ ਇੰਨਾ ਵੱਧ ਜਾਂਦਾ ਹੈ ਕਿ ਉਹ ਉਹਨਾਂ ਚੀਜ਼ਾਂ ਨੂੰ ਹੀ ਤਬਾਹ ਕਰਨ 'ਤੇ ਉਤਾਰੂ ਹੋ ਜਾਂਦੇ ਹਨ ਜੋ ਹੁਣ ਉਹਨਾਂ ਦੀਆਂ ਪੁਰਾਣੀਆਂ ਚਾਬੀਆਂ ਨਾਲ ਨਹੀਂ ਖੁਲ੍ਹਦੀਆਂ। ਦੁੱਖ ਦੀ ਗੱਲ ਇਹ ਹੈ ਕਿ ਹਮੇਸ਼ਾਂ ਕੋਲ ਕੋਈ "ਵਿਅਕਤੀ ਅ" ਨਹੀਂ ਹੁੰਦਾ ਜੋ ਸਹੀ ਸਮੇਂ 'ਤੇ ਸਹੀ ਚਾਬੀ ਦੇ ਦੇਵੇ।

ਅਮੂਮਨ, ਲੋਕਾਂ ਨੂੰ ਉਹ ਨਵੀਆਂ ਚਾਬੀਆਂ ਖੁਦ ਹੀ ਲੱਭਣੀਆਂ ਪੈਂਦੀਆਂ ਹਨ। ਪਰ ਹਰ ਕੋਈ ਉਹਨਾਂ ਨੂੰ ਲੱਭ ਨਹੀਂ ਸਕਦਾ, ਕਿਉਂਕਿ ਉਹਨਾਂ ਤੱਕ ਪਹੁੰਚਣ ਲਈ ਜੋ ਮਿਹਨਤ ਤੇ ਦ੍ਰਿੜਤਾ ਚਾਹੀਦੀ ਹੈ, ਉਹ ਹਰ ਕਿਸੇ ਵਿੱਚ ਨਹੀਂ ਹੁੰਦੀ ਤੇ ਇਸ ਰਾਹ 'ਤੇ ਤੁਰਨ ਤੋਂ ਪਹਿਲਾਂ, ਲੋਕਾਂ ਨੂੰ ਇਹ ਸਮਝਣਾ ਪੈਂਦਾ ਹੈ ਕਿ ਇਹ ਆਧੁਨਿਕ ਜੀਵਨ ਦੀ ਬੁਨਿਆਦੀ ਲੋੜ ਹੈ।

ਪਰ ਅਸੀਂ ਅਜੇ ਵੀ ਆਪਣੇ ਆਲੇ ਦੁਆਲੇ ਕੀ ਵੇਖਦੇ ਹਾਂ? ਸਟੇਜਾਂ 'ਤੇ ਖੜ੍ਹੇ ਹੋਏ ਭੀੜ-ਉਕਸਾਉਣ ਵਾਲੇ ਲੋਕ, ਜੋ ਭਾਸ਼ਣਾਂ ਵਿੱਚ ਰਾਖਵੇਂ ਹੱਕਾਂ ਅਤੇ ਖਾਸ ਸੁਵਿਧਾਵਾਂ ਦੀ ਮੰਗ ਕਰ ਰਹੇ ਹਨ ਤੇ ਉਨ੍ਹਾਂ ਦੀਆਂ ਗੱਲਾਂ ਦਾ ਸਹਾਰਾ ਬਣਦੇ ਛਪੇ ਹੋਏ ਕਾਗ਼ਜ਼ਾਂ ਦੇ ਢੇਰ ਭਾਵ ਇਸ਼ਤਿਹਾਰ।

ਉਹ ਅਜੇ ਵੀ ਸਮਾਜਕ ਪੱਖਪਾਤ ਅਤੇ ਭੇਦਭਾਵ ਦੇ ਖ਼ਿਲਾਫ਼ ਸ਼ਿਕਾਇਤ ਕਰਦੇ ਹਨ ਅਤੇ ਆਪਣੀ ਗੱਲ ਮਨਵਾਉਣ ਲਈ ਜਨਤਾ ਵਿੱਚ ਪ੍ਰਦਰਸ਼ਨ ਕਰਦੇ ਹਨ। ਪਰ ਪੁਰਾਣੀਆਂ ਰਣਨੀਤੀਆਂ ਨਾਲ ਨਵੀਆਂ ਬੁਰਾਈਆਂ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰਨਾ ਅਤੇ ਫਿਰ ਇਹ ਉਮੀਦ ਰੱਖਣਾ ਕਿ ਜੀਵਨ ਦੀਆਂ ਸਾਰੀਆਂ ਚੰਗੀਆਂ ਚੀਜ਼ਾਂ ਆਪ ਹੀ ਉਹਨਾਂ ਦੀ ਝੋਲੀ ਵਿੱਚ ਆ ਪੈਣਗੀਆਂ— ਇਹ ਓਹੀ ਗੱਲ ਹੈ ਜਿਵੇਂ ਨਵੇਂ ਤਾਲੇ ਨੂੰ ਪੁਰਾਣੀ ਚਾਬੀ ਨਾਲ ਖੋਲ੍ਹਣ ਦੀ

ਬੇਬੁਨਿਆਦ ਮੁਸ਼ਕਤ ਕਰਨਾ। ਉਹਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਤਾਕਤ ਨੂੰ ਗੰਭੀਰ ਕੋਸ਼ਿਸ਼ਾਂ ਭਾਵ ਸਮਾਜਕ, ਰਚਨਾਤਮਕ ਵਿਕਾਸ ਲਈ ਅਤੇ ਵਿਅਕਤੀਗਤ ਮਿਹਨਤ ਦੀ ਮਿਸਾਲਾਂ ਕਾਇਮ ਕਰਨ ਲਈ ਵਰਤਣ।

ਸੱਚ ਨੂੰ ਨਾ ਮੰਨਣਾ

ਸੁਕਰਾਤ (Socrates) ਨੇ ਕਿਹਾ ਸੀ ਕਿ ਜੇ ਕੋਈ ਵਿਅਕਤੀ ਵਾਦ-ਵਿਵਾਦ ਵਿੱਚ ਇੰਨਾ ਨਿਪੁੰਨ ਹੋ ਜਾਵੇ ਕਿ ਉਸਨੂੰ ਕੋਈ ਹਰਾ ਨਾ ਸਕੇ ਤਾਂ ਉਹ ਕਦੇ ਵੀ ਗਰੀਬਾਂ ਨਾਲ ਹਮਦਰਦੀ ਨਹੀਂ ਰੱਖ ਸਕੇਗਾ।

ਇਸ ਕਥਨ ਦਾ ਅਰਥ ਪਹਿਲੀ ਨਜ਼ਰ ਵਿੱਚ ਸਪਸ਼ਟ ਨਹੀਂ ਹੁੰਦਾ ਕਿਉਂਕਿ ਵਾਦ-ਵਿਵਾਦ ਦੀ ਕਲਾ ਦਾ ਗਰੀਬਾਂ ਨਾਲ ਹਮਦਰਦੀ ਰੱਖਣ ਨਾਲ ਕੀ ਸੰਬੰਧ? ਪਰ ਜਦੋਂ ਇਸ ਗੱਲ ਨੂੰ ਧਿਆਨ ਨਾਲ ਸਮਝਿਆ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਦੋਵਾਂ ਵਿੱਚ ਡੂੰਘਾ ਰਿਸ਼ਤਾ ਹੈ। ਇਸਦਾ ਮਤਲਬ ਇਹ ਹੈ ਕਿ ਕੇਵਲ ਉਹੀ ਵਿਅਕਤੀ ਗਰੀਬਾਂ ਨਾਲ ਹਮਦਰਦੀ ਰੱਖ ਸਕਦਾ ਹੈ ਜੋ ਸੱਚ ਨੂੰ ਮੰਨਣ ਦੀ ਸਮਰਥਾ ਰੱਖਦਾ ਹੋਵੇ— ਭਾਵੇਂ ਉਹ ਸੱਚ ਗਰੀਬਾਂ ਦੇ ਹੱਕ ਵਿੱਚ ਹੀ ਕਿਉਂ ਨਾ ਹੋਵੇ।

ਇਸ ਗੱਲ ਨੂੰ ਸਮਝਾਉਣ ਲਈ ਇੱਕ ਘਟਨਾ ਬਹੁਤ ਉਚਿਤ ਹੈ। ਇੱਕ ਜ਼ਿਮੀਂਦਾਰ ਨੇ ਆਪਣਾ ਅੰਬ ਦਾ ਬਾਗ਼ ਇੱਕ ਮਾਲੀ ਨੂੰ ਵੇਚ ਦਿੱਤਾ। ਜਦੋਂ ਦਰੱਖ਼ਤਾਂ ਨੇ ਫਲ ਦੇਣੇ ਸ਼ੁਰੂ ਕੀਤੇ ਤਾਂ ਅਚਾਨਕ ਤੇਜ਼ ਹਵਾਵਾਂ ਚੱਲੀਆਂ ਤੇ ਬਹੁਤ ਸਾਰੇ ਅੰਬ ਜ਼ਮੀਨ 'ਤੇ ਡਿੱਗ ਪਏ। ਮਾਲੀ ਨੂੰ ਡਰ ਹੋਇਆ ਕਿ ਇਸ ਨੁਕਸਾਨ ਕਾਰਨ ਉਹ ਆਪਣੇ ਨਿਵੇਸ਼ ਦੀ ਭਰਪਾਈ ਨਹੀਂ ਕਰ ਸਕੇਗਾ, ਇਸ ਲਈ ਉਹ ਡਿੱਗੇ ਹੋਏ ਅੰਬਾਂ ਨੂੰ ਇੱਕ ਟੋਕਰੀ ਵਿੱਚ ਪਾ ਕੇ ਜ਼ਿਮੀਂਦਾਰ ਕੋਲ ਗਿਆ ਤੇ ਬੇਨਤੀ ਕੀਤੀ ਕਿ ਬਾਗ਼ ਦੀ ਕੀਮਤ ਵਿੱਚ ਕੁਝ ਰਿਆਇਤ ਕਰ ਦੇਵੇ ਕਿਉਂਕਿ ਉਸਨੂੰ ਵੱਡਾ ਨੁਕਸਾਨ ਹੋਇਆ ਹੈ।

ਇਹ ਸੁਣ ਕੇ ਜ਼ਿਮੀਂਦਾਰ ਗੁੱਸੇ ਵਿੱਚ ਆ ਗਿਆ ਤੇ ਕਿਹਾ, "ਕੀ ਤੈਨੂੰ ਪਹਿਲਾਂ ਨਹੀਂ ਪਤਾ ਸੀ ਕਿ ਇਸ ਬਾਗ਼ ਦੇ ਆਲੇ ਦੁਆਲੇ ਕੋਈ ਉੱਚੀ ਕੰਧ

ਨਹੀਂ ਹੈ ਜੋ ਹਵਾ ਤੋਂ ਬਚਾ ਕਰ ਸਕੇ?" ਇਹ ਸੁਣ ਕੇ ਮਾਲੀ ਦਾ ਮਨ ਟੁੱਟ ਗਿਆ ਤੇ ਉਹ ਚੁੱਪਚਾਪ ਉੱਥੋਂ ਚਲਾ ਗਿਆ।

ਉਸ ਵੇਲੇ ਜ਼ਿਮੀਂਦਾਰ ਦਾ ਇੱਕ ਦੋਸਤ ਵੀ ਉੱਥੇ ਮੌਜੂਦ ਸੀ। ਜਦ ਮਾਲੀ ਚਲਾ ਗਿਆ ਤਾਂ ਉਸ ਦੋਸਤ ਨੇ ਕਿਹਾ, "ਤੂੰ ਬਹੁਤ ਕਠੋਰ ਦਿਲ ਹੈ। ਤੂੰ ਉਸ ਗਰੀਬ 'ਤੇ ਕੋਈ ਰਹਿਮ ਨਹੀਂ ਕੀਤਾ।" ਜ਼ਿਮੀਂਦਾਰ ਨੇ ਜਵਾਬ ਦਿੱਤਾ, "ਤੁਸੀਂ ਪੜ੍ਹੇ-ਲਿਖੇ ਲੋਕ ਸ਼ਾਇਦ ਸੋਚਦੇ ਹੋ ਕਿ ਇੱਕ ਇਨਸਾਨ ਦੂਜੇ ਇਨਸਾਨ ਦੇ ਨੁਕਸਾਨ ਦਾ ਜ਼ਿੰਮੇਵਾਰ ਹੈ, ਪਰ ਅਸਲ ਵਿੱਚ ਰਿਜ਼ਕ ਦੇਣ ਵਾਲਾ ਸਿਰਫ਼ ਪਰਮਾਤਮਾ ਹੈ। ਉਹ ਹਰ ਕਿਸੇ ਨੂੰ ਦਿੰਦਾ ਹੈ, ਭਾਵੇਂ ਹਾਲਤ ਕਿੰਨੇ ਵੀ ਮਾੜੇ ਹੋਣ।"

ਤਕੜੇ ਦੇ ਸਾਹਮਣੇ ਖੜ੍ਹੇ ਹੋ ਕੇ ਇਨਸਾਨ ਅਕਸਰ ਚੁੱਪ ਰਹਿ ਜਾਂਦਾ ਹੈ। ਪਰ ਕਮਜ਼ੋਰ ਦੇ ਸਾਹਮਣੇ ਉਹੀ ਇਨਸਾਨ ਬੋਲਣ ਲੱਗੇ ਪਰਵਾਹ ਨਹੀਂ ਕਰਦਾ। ਅਕਸਰ, ਇੱਕ ਵਿਅਕਤੀ ਆਪਣੇ ਵਿਚਾਰਾਂ ਵਿੱਚ ਇੰਨਾ ਡੁੱਬ ਜਾਂਦਾ ਹੈ ਕਿ ਉਹ ਅਸਲ ਮੁੱਦੇ 'ਤੇ ਪੂਰੀ ਤਰ੍ਹਾਂ ਵਿਚਾਰ ਕਰਨ ਵਿੱਚ ਅਸਫਲ ਹੋ ਜਾਂਦਾ ਹੈ। ਇਸ ਨਾਲ ਮਾਮਲੇ ਦੀ ਸੱਚਾਈ ਨੂੰ ਸਵੀਕਾਰ ਕਰਨ ਜਾਂ ਇਸ ਨਾਲ ਇਨਸਾਫ਼ ਕਰਨ ਦੀ ਸੰਭਾਵਨਾ ਘੱਟ ਜਾਂਦੀ ਹੈ।

ਮੁਸ਼ਕਲ ਹਾਲਾਤਾਂ ਨਾਲ ਨਜਿੱਠਣਾ

ਤੁਸੀਂ ਸ਼ਾਇਦ ਕੱਚ ਦੇ ਫਰੇਮ ਬਣਾਉਣ ਵਾਲਿਆਂ ਨੂੰ ਦੇਖਿਆ ਹੋਵੇਗਾ ਜੋ ਕੱਚ ਦੀ ਸਤ੍ਹਾ 'ਤੇ ਕਲਮ ਵਰਗੇ ਇੱਕ ਸੰਦ ਨਾਲ ਇੱਕ ਲਕੀਰ ਖਿੱਚਦੇ ਹਨ, ਫਿਰ ਉਸਨੂੰ ਬੜੀ ਸਫਾਈ ਨਾਲ ਦੋ ਹਿੱਸਿਆਂ ਵਿੱਚ ਤੋੜ ਦਿੰਦੇ ਹਨ। ਇਸ ਸੰਦ ਦਾ ਕੱਟਣ ਵਾਲਾ ਸਿਰਾ ਛੋਟੇ ਤੇਜ਼-ਧਾਰ ਹੀਰਿਆਂ ਨਾਲ ਬਣਿਆ ਹੁੰਦਾ ਹੈ। ਇੱਥੋਂ ਤੱਕ ਕਿ ਜ਼ਮੀਨ ਦੇ ਸੈਂਕੜੇ ਫੁੱਟ ਥੱਲੇ ਚੱਟਾਨਾਂ ਨੂੰ ਛੇਦਣ ਵਾਲੀਆਂ ਵੱਡੀਆਂ ਡ੍ਰਿਲਾਂ ਦੇ ਸਿਰੇ ਵੀ ਹੀਰੇ ਦੇ ਬਣੇ ਹੁੰਦੇ ਹਨ। ਇਹ ਹੀਰੇ ਦੀ ਕਠੋਰਤਾ ਹੈ ਜੋ ਇਨ੍ਹਾਂ ਸੰਦਾਂ ਨੂੰ ਇੰਨਾ ਪ੍ਰਭਾਵਸ਼ਾਲੀ ਬਣਾਉਂਦੀ ਹੈ।

ਅਸਲ ਵਿੱਚ ਹੀਰਾ ਕੁਦਰਤ ਵਿੱਚ ਮਿਲਣ ਵਾਲਾ ਸਭ ਤੋਂ ਕਠੋਰ ਪਦਾਰਥ ਹੈ। ਇਸ 'ਤੇ ਝਰੀਟ ਤੱਕ ਨਹੀਂ ਪੈਂਦੀ। ਇਸਨੂੰ ਐਸਿਡ ਵਿੱਚ ਪਾਓ ਤਾਂ ਵੀ

ਕੋਈ ਅਸਰ ਨਹੀਂ ਹੁੰਦਾ। ਪਰ ਇਸ ਕੀਮਤੀ ਪੱਥਰ ਦਾ ਇੱਕ ਹੋਰ ਪਾਸਾ ਵੀ ਹੈ— ਜੇ ਇਸਨੂੰ ਬਹੁਤ ਉੱਚੇ ਤਾਪਮਾਨ ’ਤੇ ਗਰਮ ਕੀਤਾ ਜਾਵੇ ਤਾਂ ਇਹ ਖਤਮ ਹੋ ਜਾਂਦਾ ਹੈ, ਭਾਵ ਕਾਰਬਨ ਡਾਇਆਕਸਾਈਡ ਵਿੱਚ ਬਦਲ ਜਾਂਦਾ ਹੈ ਅਤੇ ਜੇ ਇਸਨੂੰ ਇਕ ਨਿਸ਼ਚਿਤ ਬਿੰਦੂ ’ਤੇ ਸਹੀ ਢੰਗ ਨਾਲ ਝਟਕਾ ਦਿੱਤਾ ਜਾਵੇ, ਤਾਂ ਇਹ ਟੁੱਟ ਜਾਂਦਾ ਹੈ। ਹੀਰੇ ਦੇ ਗਹਿਣਿਆਂ ਨੂੰ ਹੀ ਦੇਖ ਲਓ, ਉਨ੍ਹਾਂ ਨੂੰ ਕਿੰਨੇ ਸੁੰਦਰ ਤੇ ਬਹੁ-ਪੱਖੀ ਰੂਪ ਦਿੱਤੇ ਜਾਂਦੇ ਹਨ। ਸੁਨਿਆਰਾ ਹੀਰੇ ਦੀ ਅੰਦਰੂਨੀ ਬਣਤਰ ਨੂੰ ਬੜੀ ਸਾਵਧਾਨੀ ਨਾਲ ਸਮਝਦਾ ਹੈ ਤੇ ਜਾਣਦਾ ਹੈ ਕਿ ਕਿੱਥੇ ਤੇ ਕਿਵੇਂ ਕੱਟਣਾ ਹੈ।

ਇਸੇ ਤਰ੍ਹਾਂ ਜਦੋਂ ਅਸੀਂ ਕਿਸੇ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਦੇ ਹਾਂ ਤਾਂ ਸਾਨੂੰ ਵੀ ਉਸਦਾ ਪੂਰੀ ਅਧਿਐਨ ਕਰਨਾ ਚਾਹੀਦਾ ਹੈ, ਬਿਲਕੁਲ ਉਸ ਜੁਲਾਹੇ ਵਾਂਗ ਜੋ ਹੀਰੇ ਨੂੰ ਧਿਆਨ ਨਾਲ ਦੇਖਦਾ ਤੇ ਸਮਝਦਾ ਹੈ। ਸਾਨੂੰ ਹਾਲਾਤਾਂ ਨਾਲ ਨਜਿੱਠਣ ਲਈ ਲਾਪਰਵਾਹੀ ਵਰਤਦੇ ਹੋਏ ਉਨ੍ਹਾਂ ਦੇ ਸਭ ਤੋਂ ਮਜ਼ਬੂਤ ਪਾਸੇ ਵਲ ਨਹੀਂ ਜਾਣਾ ਚਾਹੀਦਾ, ਸਗੋਂ ਪੂਰੀ ਸਾਵਧਾਨੀ ਨਾਲ ਉਨ੍ਹਾਂ ਦੇ ਕਮਜ਼ੋਰ ਬਿੰਦੂ ਤਕ ਪਹੁੰਚ ਕਰਨੀ ਚਾਹੀਦਾ ਹੈ।

ਸਾਨੂੰ ਅਜਿਹੇ ਢੰਗ ਨਹੀਂ ਵਰਤਣੇ ਚਾਹੀਦੇ ਜਿਨ੍ਹਾਂ ਦੇ ਨਤੀਜੇ ਮਾੜੇ ਨਿਕਲਣ ਕਿਉਂਕਿ ਕਰੋਧ ਜਾਂ ਹਿੰਸਾ ਨਾਲ ਸਿਰਫ਼ ਵਿਰੋਧ ਤੇ ਕੜਵਾਹਟ ਪੈਦਾ ਹੁੰਦੀ ਹੈ। ਇਸ ਦੀ ਬਜਾਏ ਸਾਨੂੰ ਨਰਮੀ, ਸੰਜਮ ਤੇ ਕੂਟਨੀਤੀ ਵਰਤਣੀ ਚਾਹੀਦੀ ਹੈ। ਸਾਨੂੰ ‘ਨਿਮਰਤਾ ਅਤੇ ਕੂਟਨੀਤੀ’ ਦਾ ਸਹਾਰਾ ਲੈਣਾ ਚਾਹੀਦਾ ਹੈ ਅਤੇ ਕੋਮਲਤਾ ਤੇ ਸਮਝਦਾਰੀ ਵਰਤਦਿਆਂ ਕਠੋਰ ਭਾਸ਼ਾ ਤੋਂ ਬਚਣਾ ਚਾਹੀਦਾ ਹੈ।

ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਕੁਝ ਲੋਕ “ਰਫ਼ ਡਾਇਮੰਡ” ਹੁੰਦੇ ਹਨ ਜੋ ਬਾਹਰੋਂ ਸਖ਼ਤ ਤੇ ਸਧਾਰਨ ਦਿਖਦੇ ਹਨ ਪਰ ਅੰਦਰੋਂ ਬਹੁਤ ਕੀਮਤੀ ਹੁੰਦੇ ਹਨ। ਅਜਿਹੇ ਲੋਕਾਂ ਦੀ ਅਸਲੀ ਕਦਰ-ਕੀਮਤ ਸਮਾਜ ਸਾਹਮਣੇ ਲਿਆਉਣ ਲਈ ਉਨ੍ਹਾਂ ਦੀ ਬਾਹਰੀ ਸਤ੍ਹਾ ਨੂੰ ਖੁਰਚਣਾ ਜਾਂ ਉਸ ’ਤੇ ਐਸਿਡ ਵਰਤਣ ਦਾ ਕੋਈ ਲਾਭ ਨਹੀਂ। ਇਕ ਸੱਚੇ ਤੇ ਸੁੱਚੇ ਮਨੁੱਖ ਦੀ ਅੰਦਰਲੀ ਸੁੰਦਰਤਾ ਤਦ ਹੀ ਨਜ਼ਰ ਆ ਸਕਦੀ ਹੈ ਜਦੋਂ ਉਸ ਨਾਲ ਉਸੇ ਨਰਮੀ, ਸਮਝਦਾਰੀ ਤੇ ਹੁਨਰ ਨਾਲ ਪੇਸ਼ ਆਇਆ ਜਾਵੇ, ਜਿਵੇਂ ਇੱਕ ਮਾਹਿਰ ਸੁਨਿਆਰਾ ਆਪਣੇ ਕੀਮਤੀ ਹੀਰੇ ਨੂੰ ਕੱਟਦਾ ਤੇ ਸੰਵਾਰਦਾ ਹੈ।

ਡੂੰਘਾਈ ਨਾਲ ਜਾਂਚ-ਪੜਤਾਲ

ਇਕ ਵਾਰੀ ਮਦੀਨਾ ਦੇ ਸ਼ਹਿਰ ਦੀ ਸੈਰ ਦੌਰਾਨ ਇਕ ਭਾਰਤੀ ਨੂੰ ਇੱਕ ਅਰਬੀ ਮਿਲਿਆ, ਜੋ ਦੇਖਣ ਵਿੱਚ ਬੇਦੂਈਨ (ਬੱਦੂ ਕਬੀਲੇ ਦਾ) ਲਗਦਾ ਸੀ ਅਤੇ ਜਿਸਦਾ ਇਕ ਹੱਥ ਕੱਟਿਆ ਹੋਇਆ ਸੀ। ਸਉਦੀ ਅਰਬਿਆ ਵਿੱਚ ਚੋਰਾਂ ਦੇ ਹੱਥ ਕੱਟੇ ਜਾਣ ਦੀ ਰਿਵਾਇਤ ਹੋਣ ਕਾਰਨ ਉਸ ਭਾਰਤੀ ਦੇ ਦਿਮਾਗ਼ ਵਿੱਚ ਤੁਰੰਤ ਖਿਆਲ ਆਇਆ ਕਿ ਇਹ ਆਦਮੀ ਚੋਰ ਹੋਵੇਗਾ। ਇਸ ਲਈ ਉਹ ਉਸ ਨਾਲ ਮਿਲਣ ਵਿੱਚ ਝਿਜਕ ਰਿਹਾ ਸੀ, ਪਰ ਹਮਦਰਦੀ ਜਾਂ ਜਿਗਿਆਸਾ ਕਰਕੇ ਫਿਰ ਵੀ ਉਸਨੇ ਉਸ ਅਰਬੀ ਭਰਾ ਨੂੰ ਮਿਲਣ ਦੀ ਹਿੰਮਤ ਕੀਤੀ। ਗੱਲਬਾਤ ਦੌਰਾਨ ਪਤਾ ਲੱਗਿਆ ਕਿ ਉਹ ਅਰਬੀ ਮਨੁੱਖ ਯੁਤਮਾ ਨਾਮ ਦੇ ਇੱਕ ਸ਼ਹਿਰ ਤੋਂ ਹੈ। ਉਸਦੇ ਕੋਲ 23 ਟਿਊਬਵੈੱਲਾਂ ਵਾਲਾ ਵੱਡਾ ਖੇਤ ਸੀ। ਉਸਦੀ ਫਸਲ ਹਰ ਰੋਜ਼ ਬਹੁਤ ਮਾਤਰਾ ਵਿੱਚ ਮਦੀਨਾ ਦੇ ਬਜ਼ਾਰ ਵਿੱਚ ਲਿਆਈ ਜਾਂਦੀ ਸੀ। ਉਸਨੇ ਅੱਗੇ ਦੱਸਿਆ ਕਿ 1948 ਵਿੱਚ ਉਹ ਫ਼ਲਸਤੀਨੀ ਜੰਗ ਵਿੱਚ ਸ਼ਾਮਿਲ ਹੋਇਆ ਸੀ, ਜਿੱਥੇ ਉਸਦੀ ਬਾਂਹ ਵਿੱਚ ਛੇ ਗੋਲੀਆਂ ਲੱਗੀਆਂ ਸਨ। ਉਸਨੂੰ ਲੰਮੇ ਸਮੇਂ ਲਈ ਹਸਪਤਾਲ ਵਿੱਚ ਰਹਿਣਾ ਪਿਆ। ਡਾਕਟਰਾਂ ਦੀਆਂ ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਜ਼ਖ਼ਮ ਠੀਕ ਨਹੀਂ ਹੋਏ। ਖੁਦ ਨੂੰ ਬਚਾਉਣ ਲਈ ਉਸਦੇ ਕੋਲ ਹੱਥ ਕੱਟਵਾਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।

ਉਪਰੋਕਤ ਉਦਾਹਰਣ ਦਰਸਾਉਂਦਾ ਹੈ ਕਿ ਅਧੂਰੀ ਜਾਣਕਾਰੀ ਦੇ ਆਧਾਰ ’ਤੇ ਸਿੱਟੇ ’ਤੇ ਪਹੁੰਚਣ ਨਾਲ ਕਿੰਨੀ ਵੱਡੀ ਗਲਤਫਹਮੀ ਪੈਦਾ ਹੋ ਸਕਦੀ ਹੈ। ਹਰ ਸਮਾਜਕ ਪ੍ਰਾਣੀ ਨੂੰ ਇਹ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਕਿ ਸਿੱਟੇ ’ਤੇ ਪਹੁੰਚਣ ਤੋਂ ਪਹਿਲਾਂ ਬਹੁਤ ਸਾਵਧਾਨੀ ਅਤੇ ਸੋਚ-ਵਿਚਾਰ ਨਾਲ ਨਿਰਣਾ ਲਵੇ। ਹਮੇਸ਼ਾ ਰਾਇ ਬਣਾਉਣ ਜਾਂ ਦੇਣ ਤੋਂ ਪਹਿਲਾਂ ਡੂੰਘੀ ਜਾਂਚ-ਪੜਤਾਲ ਕਰਨੀ ਚਾਹੀਦੀ ਹੈ।

ਇਹ ਸੰਕਲਪ ਸਾਰਿਆਂ ’ਤੇ ਲਾਗੂ ਹੁੰਦਾ ਹੈ, ਪਰ ਜਿਸ ਸਥਿਤੀ ਵਿਚ ਇਸਨੂੰ ਲਾਗੂ ਕਰਨਾ ਸੰਭਵ ਨਾ ਹੋਵੇ, ਉਥੇ ਇਕੋ-ਇਕ ਵਿਕਲਪ ਚੁੱਪ ਰਹਿਣਾ ਹੀ ਬੱਚਦਾ ਹੈ। ਬੋਲਣਾ ਚਾਂਦੀ ਹੈ ਪਰ ਚੁੱਪੀ ਸੋਨਾ ਹੈ।

ਨੌਜਵਾਨਾਂ ਨੂੰ ਉਤਸ਼ਾਹਿਤ ਕਰਨਾ

ਚਾਰਲਜ਼ ਡਾਰਵਿਨ (Charles Darwin, 1809-1882) ਆਪਣੇ ਸਕੂਲੀ ਦਿਨਾਂ ਦੌਰਾਨ ਇੱਕ ਸਧਾਰਣ ਵਿਦਿਆਰਥੀ ਸਾਬਤ ਹੋਇਆ, ਜਿਸ ਕਰਕੇ ਉਸਦੇ ਪਿਤਾ ਨੇ ਉਸਨੂੰ ਡਾਂਟਿਆ ਕਿ "ਤੂੰ ਕਿਸੇ ਕੰਮ ਦਾ ਨਹੀਂ, ਤੇਰੀ ਦਿਲਚਸਪੀ ਸਿਰਫ਼ ਸ਼ਿਕਾਰ ਤੇ ਕੁੱਤਿਆਂ ਦੀ ਮਦਦ ਨਾਲ ਚੂਹੇ ਫੜਨ ਵਿੱਚ ਹੈ।"

ਜਦੋਂ ਉਸਦੀ ਸਕੂਲੀ ਪੜ੍ਹਾਈ ਪੂਰੀ ਹੋ ਗਈ ਤਾਂ ਪਿਤਾ ਨੇ ਉਸਨੂੰ ਮੈਡੀਕਲ ਕਾਲਜ ਵਿੱਚ ਦਾਖਲ ਕਰਵਾ ਦਿੱਤਾ, ਪਰ ਉੱਥੇ ਵੀ ਉਸਦਾ ਪ੍ਰਦਰਸ਼ਨ ਬਹੁਤ ਕਮਜ਼ੋਰ ਵਿਦਿਆਰਥੀ ਵਾਲਾ ਰਿਹਾ ਤੇ ਉਹ ਕੋਰਸ ਪੂਰਾ ਨਾ ਕਰ ਸਕਿਆ। ਫਿਰ ਉਸਨੇ ਪਾਦਰੀ ਬਣਨ ਦਾ ਫ਼ੈਸਲਾ ਕੀਤਾ ਅਤੇ ਥਿਆਲੋਜੀ ਪੜ੍ਹਨ ਲਈ ਕੈਂਬਰਿਜ ਯੂਨੀਵਰਸਿਟੀ ਵਿਚ ਦਾਖਲਾ ਲਿਆ। ਪਰ ਉੱਥੇ ਵੀ ਉਸਨੂੰ ਨਾਕਾਮੀ ਹੀ ਮਿਲੀ।

ਹਾਲਾਂਕਿ ਸਾਰਾ ਕੁਝ ਖਤਮ ਨਹੀਂ ਹੋਇਆ ਸੀ ਕਿਉਂਕਿ ਕੈਂਬਰਿਜ ਵਿੱਚ ਰਹਿੰਦੇ ਹੋਏ ਉਸਦੇ ਅੰਦਰ ਕੁਦਰਤੀ ਇਤਿਹਾਸ ਪ੍ਰਤੀ ਦਿਲਚਸਪੀ ਜਾਗੀ, ਜਿਸਨੇ ਉਸਨੂੰ ਵਿਸ਼ਵ ਪੱਧਰੀ ਪ੍ਰਸਿੱਧੀ ਦਿੱਤੀ। ਇਹ ਵਿਸ਼ਾ ਉਸਦੀ ਡਿਗਰੀ ਦੇ ਕੋਰਸ ਦਾ ਹਿੱਸਾ ਨਹੀਂ ਸੀ; ਇਹ ਉਸਦੀ ਆਪਣੀ ਰੁਚੀ ਸੀ ਜਿਸਨੇ ਉਸਨੂੰ ਇਸ ਦਾ ਅਧਿਐਨ ਕਰਨ ਲਈ ਪ੍ਰੇਰਿਆ। ਇਸਦੇ ਨਾਲ ਉਸਦੀ ਭੂਗੋਲ ਵਿਗਿਆਨ ਵਿੱਚ ਦਿਲਚਸਪੀ ਨੇ ਉਸਦੀ ਮੁਲਾਕਾਤ ਜੇ.ਐਸ. ਹੈਨਸਲੋ (J.S Henslow) ਨਾਲ ਕਰਵਾਈ ਜੋ ਇੱਕ ਪ੍ਰਸਿੱਧ ਵਿਦਵਾਨ ਅਤੇ ਵਿਆਪਕ ਰੁਚੀਆਂ ਵਾਲਾ ਵਿਅਕਤੀ ਸੀ। ਉਸ ਨਾਲ ਸੰਪਰਕ ਹੀ ਵਿਸ਼ਵ ਗਿਆਨ ਦੇ ਸ਼ਿਖਰ ਵੱਲ ਪਹਿਲਾ ਕਦਮ ਸਾਬਤ ਹੋਇਆ।

ਇਸੇ ਸਮੇਂ ਬ੍ਰਿਟਿਸ਼ ਸਰਕਾਰ ਨੇ ਐਟਲਾਂਟਿਕ ਅਤੇ ਪੈਸਿਫ਼ਿਕ ਮਹਾਂਸਾਗਰਾਂ ਦੇ ਤੱਟਾਂ ਦੀ ਖੋਜ ਲਈ ਇੱਕ ਸਰਵੇ ਕਰਨ ਦਾ ਫ਼ੈਸਲਾ ਕੀਤਾ ਅਤੇ 'ਬੀਗਲ' ਨਾਂ ਦੇ ਸਮੁੰਦਰੀ ਜਹਾਜ਼ ਨੂੰ ਪੰਜ ਸਾਲਾਂ (1831-1836) ਦੀ ਖੋਜ ਯਾਤਰਾ ਲਈ ਭੇਜਿਆ। ਪ੍ਰੋਫੈਸਰ ਹੈਨਸਲੋ ਨੇ ਆਪਣੇ ਨਿੱਜੀ ਪ੍ਰਭਾਵ ਨਾਲ ਡਾਰਵਿਨ ਦੀ ਨਿਯੁਕਤੀ ਇਸ ਜਹਾਜ਼ 'ਤੇ ਕੁਦਰਤੀ ਵਿਗਿਆਨੀ ਵਜੋਂ ਕਰਵਾਈ। ਇਸ ਨਾਲ ਡਾਰਵਿਨ ਨੂੰ ਦੁਨੀਆ ਦੇ ਦੂਰ-ਦਰਾਜ ਖੇਤਰਾਂ ਦੀ ਖੋਜ ਕਰਨ ਦਾ ਮੌਕਾ

ਮਿਲਿਆ। ਉਸ ਸਮੇਂ ਡਾਰਵਿਨ ਖੁਦ ਆਪਣੇ ਬਲਬੂਤੇ ’ਤੇ ਇਹ ਮੌਕਾ ਪ੍ਰਾਪਤ ਨਹੀਂ ਕਰ ਸਕਦਾ ਸੀ; ਇਹ ਸਿਰਫ਼ ਹੈਨਸਲੋ ਦੀ ਪਾਰਖੂ ਨਜ਼ਰ ਦੇ ਕਾਰਨ ਸੰਭਵ ਹੋਇਆ।

ਇਹ ਪੰਜ ਸਾਲਾਂ ਦੀ ਯਾਤਰਾ ਦੌਰਾਨ ਡਾਰਵਿਨ ਨੇ ਕਈ ਦੇਸ਼ਾਂ ਦੀ ਯਾਤਰਾ ਕੀਤੀ। ਕਦੇ ਪੈਦਲ ਤੇ ਕਦੇ ਘੋੜੇ ’ਤੇ ਬੈਠ ਕੇ ਉਸਨੇ ਉਨ੍ਹਾਂ ਦੇਸ਼ਾਂ ਦੇ ਅੰਦਰੂਨੀ ਖੇਤਰਾਂ ਦੀ ਵੀ ਖੋਜ ਕੀਤੀ। ਉਸਨੇ ਜੰਗਲਾਂ ਤੇ ਪਹਾੜਾਂ ਦੀ ਸੈਰ ਕੀਤੀ, ਹਜ਼ਾਰਾਂ ਕਿਸਮਾਂ ਦੇ ਪੌਦੇ ਤੇ ਜਾਨਵਰਾਂ ਦਾ ਅਧਿਐਨ ਕੀਤਾ ਅਤੇ ਨਮੂਨੇ ਇਕੱਠੇ ਕੀਤੇ। ਉਸਨੇ ਕਈ ਜਾਨਵਰਾਂ ਦੇ ਫ਼ੌਸਿਲ (ਜੀਵਾਸ਼ਮ) ਵੀ ਇਕੱਠੇ ਕੀਤੇ ਜੋ ਧਰਤੀ ਹੇਠ ਬਿਲਕੁਲ ਸੁਰੱਖਿਅਤ ਸਨ।

ਇਨ੍ਹਾਂ ਯਾਤਰਾਵਾਂ ਦੌਰਾਨ ਕੀਤੇ ਗਏ ਨਿਰੀਖਣਾਂ ਨੇ ਡਾਰਵਿਨ ਨੂੰ ਜਾਨਵਰਾਂ ਦੀਆਂ ਵੱਖ-ਵੱਖ ਪ੍ਰਜਾਤੀਆਂ ਬਾਰੇ ਮਹੱਤਵਪੂਰਨ ਨਤੀਜੇ ਕੱਢਣ ਵਿੱਚ ਮਦਦ ਕੀਤੀ। ਸਭ ਤੋਂ ਵੱਡਾ ਨਤੀਜਾ ਇਹ ਸੀ ਕਿ ਹਾਲਾਂਕਿ ਜਾਨਵਰ ਇੱਕ-ਦੂਜੇ ਤੋਂ ਵੱਖਰੇ ਹਨ, ਪਰ ਉਹਨਾਂ ਵਿੱਚ ਕੁਝ ਸਾਂਝੀਆਂ ਵਿਸ਼ੇਸ਼ਤਾਵਾਂ ਹਨ, ਜਿਵੇਂ ਵਾਤਾਵਰਨ ਦੇ ਅਨੁਕੂਲ ਹੋਣ ਦੀ ਸਮਰਥਾ। ਇਹੀ ਮੁੱਢਲਾ ਨਿਰੀਖਣ ਸੀ ਜਿਸਨੇ ਵਿਸਤ੍ਰਿਤ ਖੋਜ ਤੋਂ ਬਾਅਦ ਡਾਰਵਿਨ ਦੇ ਵਿਕਾਸ ਦੇ ਸਿਧਾਂਤ (Theory of Evolution) ਦਾ ਰੂਪ ਧਾਰਿਆ।

ਡਾਰਵਿਨ ਦੀ ਜ਼ਿੰਦਗੀ ਵਿੱਚੋਂ ਇੱਕ ਸਬਕ ਇਹ ਵੀ ਮਿਲਦਾ ਹੈ ਕਿ ਜੇ ਬਜ਼ੁਰਗ ਜਵਾਨਾਂ ਦੀਆਂ ਯੋਗਤਾਵਾਂ ਦੀ ਕਦਰ ਕਰਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਤਾਂ ਉਹ ਉਨ੍ਹਾਂ ਦੀ ਤਰੱਕੀ ਤੇ ਸਫਲਤਾ ਦਾ ਕਾਰਨ ਬਣਦਾ ਹੈ। ਕਿਸੇ ਵੀ ਸਮਾਜ ਵਿੱਚ ਜਦੋਂ ਵਿਦਵਾਨ ਤੇ ਆਗੂ ‘ਨੌਜਵਾਨਾਂ’ ਦੇ ਜੋਸ਼ ਤੇ ਪ੍ਰਤਿਭਾ ਨੂੰ ਪਛਾਣਦੇ ਹਨ ਤਾਂ ਪੂਰਾ ਸਮਾਜ ਉਸਦਾ ਲਾਭ ਲੈਂਦਾ ਹੈ। ਪਰ ਜਿੱਥੇ ਬਜ਼ੁਰਗ, ਯੋਗਤਾ ਪ੍ਰਤੀ ਬੇਪਰਵਾਹ ਹੋਣ ਤੇ ਸਿਰਫ਼ ਚਾਪਲੂਸਾਂ ਦੀ ਸੁਣਨ, ਉੱਥੇ ਪ੍ਰਤਿਭਾਸ਼ਾਲੀ ਵਿਅਕਤੀਆਂ ਦੀਆਂ ਸਮਰੱਥਾਵਾਂ ਵਿਅਰਥ ਜਾਂਦੀਆਂ ਹਨ। ਐਸਾ ਸਮਾਜ ਕਦੇ ਵੀ ਅਸਲ ਤਰੱਕੀ ਦੇ ਸ਼ਿਖਰ ’ਤੇ ਨਹੀਂ ਪਹੁੰਚ ਸਕਦਾ।

ਡਾਰਵਿਨ ਦੀ ਜ਼ਿੰਦਗੀ ਦਾ ਇੱਕ ਹੋਰ ਪ੍ਰਸੰਗ ਵੀ ਬਹੁਤ ਪ੍ਰੇਰਕ ਹੈ। ਉਸਨੇ 1852 ਅਤੇ 1858 ਵਿੱਚ ਕੁਦਰਤੀ ਚੋਣ (Natural Selection) ਬਾਰੇ ਆਪਣੇ ਵਿਚਾਰ ਲਿਖੇ ਸਨ। ਜਦੋਂ ਉਸਦਾ ਆਪਣਾ ਕੰਮ ਪ੍ਰਕਾਸ਼ਿਤ ਨਹੀਂ ਹੋਇਆ ਸੀ, ਉਸਨੂੰ ਐਲਫਰਡ ਵਾਲੇਸ ਦਾ ਇੱਕ ਪੱਤਰ ਮਿਲਿਆ, ਜਿਸ ਵਿੱਚ ਉਸਦਾ

ਅਣਪ੍ਰਕਾਸ਼ਿਤ ਲੇਖ ਦਰਅਸਲ ਡਾਰਵਿਨ ਦੇ ਹੀ ਵਿਚਾਰਾਂ ਨਾਲ ਮਿਲਦਾ-ਜੁਲਦਾ ਸੀ। ਡਾਰਵਿਨ ਚਾਹੁੰਦਾ ਤਾਂ ਆਪਣਾ ਲੇਖ ਤੁਰੰਤ ਪ੍ਰਕਾਸ਼ਿਤ ਕਰ ਕੇ ਨਵ-ਵਿਚਾਰ ਦਾ ਸਿਹਰਾ ਆਪਣੇ ਸਿਰ ਬੰਨ੍ਹ ਸਕਦਾ ਸੀ, ਪਰ ਉਸਨੇ ਅਜਿਹਾ ਨਹੀਂ ਕੀਤਾ। ਉਸਨੇ ਫੈਸਲਾ ਕੀਤਾ ਕਿ ਉਹ ਆਪਣਾ ਤੇ ਵਾਲੇਸ ਦਾ ਕੰਮ ਇੱਕ ਸਾਂਝੇ ਲੇਖ ਦੇ ਰੂਪ ਵਿੱਚ ਲੰਡਨ ਦੀ ਲਿਨੀਅਨ ਸੋਸਾਇਟੀ ਵਿੱਚ ਪੇਸ਼ ਕਰੇਗਾ। ਉਸਦਾ ਮੰਨਣਾ ਸੀ ਕਿ ਇਸ ਤਰੀਕੇ ਨਾਲ ਉਸਦੀ ਥਿਊਰੀ ਦਾ ਅਸਰ ਹੋਰ ਡੂੰਘਾ ਹੋਵੇਗਾ।

20 ਜੂਨ 1858 ਨੂੰ ਵਿਕਾਸ ਦਾ ਇਹ ਸਿਧਾਂਤ ਲੰਡਨ ਦੇ ਪ੍ਰਮੁੱਖ ਵਿਦਵਾਨਾਂ ਦੇ ਇਕੱਠ ਵਿੱਚ ਸਾਂਝੇ ਲੇਖ ਵਜੋਂ ਪੇਸ਼ ਕੀਤਾ ਗਿਆ। ਇਸ ਨਾਲ ਤੁਰੰਤ ਵਿਗਿਆਨਕ ਜਗਤ ਵਿੱਚ ਚਰਚਾ ਛਿੜ ਗਈ। ਡਾਰਵਿਨ ਦੀ ਆਪਣੀ ਸ਼ੋਹਰਤ ਛੱਡ ਕੇ ਸਾਂਝੇ ਯੋਗਦਾਨ ਨੂੰ ਤਰਜੀਹ ਦੇਣ ਵਾਲੀ ਨਿਮਰਤਾ ਨੇ ਇਸ ਸਿਧਾਂਤ ਦੀ ਸਵੀਕਾਰਤਾ ਨੂੰ ਹੋਰ ਤੇਜ਼ ਕੀਤਾ। ਉਸਦਾ ਮਕਸਦ ਆਪਣੀ ਨਿੱਜੀ ਪ੍ਰਸੰਸਾ ਨਹੀਂ ਸੀ, ਬਲਕਿ ਸੱਚ ਦੀ ਪ੍ਰਤੀਕ੍ਰਿਤੀ ਸੀ। ਐਸੀ ਨਿਸ਼ਕਾਮਤਾ ਬਹੁਤ ਵਿਰਲੀ ਹੁੰਦੀ ਹੈ, ਪਰ ਮਹਾਨ ਸਮਾਜ ਐਸੇ ਗੁਣ ਨਾਲ ਹੀ ਬਣਦੇ ਹਨ।

ਸਮੂਹ ਪ੍ਰਤੀ ਨਿਭਾਓ

"ਇੱਕ ਮਛੇਰੇ ਨੇ ਇੱਕ ਵਾਰ ਮੈਨੂੰ ਦੱਸਿਆ ਕਿ ਕੇਕੜਿਆਂ ਦੀ ਟੋਕਰੀ ਉੱਤੇ ਢੱਕਣ ਲਾਉਣ ਦੀ ਲੋੜ ਨਹੀਂ ਹੁੰਦੀ। ਜੇਕਰ ਕੋਈ ਕੇਕੜਾ ਟੋਕਰੀ ਦੀ ਕੰਧ ਚੜ੍ਹਣ ਲੱਗ ਪਏ ਤਾਂ ਹੋਰ ਕੇਕੜੇ ਉਸਨੂੰ ਪਕੜ ਕੇ ਮੁੜ ਹੇਠਾਂ ਖਿੱਚ ਲੈਂਦੇ ਹਨ।" (ਚਾਰਲਜ਼ ਐਲਨ, ਦ ਮਿਰਾਕਲ ਆਫ਼ ਲਵ)

ਕੇਕੜੇ ਦੀ ਇਹ ਸੁਭਾਵਿਕ ਵਿਸ਼ੇਸ਼ਤਾ ਉਸਨੂੰ ਪਰਮਾਤਮਾ ਨੇ ਬਖ਼ਸ਼ੀ ਹੈ ਅਤੇ ਕੇਕੜੇ ਦੇ ਤਰੀਕੇ ਵੀ ਦਰਅਸਲ ਰੱਬੀ ਬਖਸ਼ਿਸ਼ ਹੈ। ਇਨ੍ਹਾਂ ਹੀ ਉਦਾਹਰਣਾਂ ਰਾਹੀਂ ਪਰਮਾਤਮਾ ਮਨੁੱਖਤਾ ਨੂੰ ਇਹ ਸਿਖਾਉਂਦਾ ਹੈ ਕਿ ਸਮਾਜਕ ਜੀਵਨ ਕਿਵੇਂ ਸੁਧਰਿਆ ਤੇ ਇਕਜੁੱਟ ਹੋ ਸਕਦਾ ਹੈ। ਏਕਤਾ ਸਮਾਜਕ ਜੀਵਨ ਦਾ ਸਭ ਤੋਂ ਮਹੱਤਵਪੂਰਨ ਅੰਗ ਹੈ।

ਇਸ ਏਕਤਾ ਨੂੰ ਕਾਇਮ ਕਰਨ ਦਾ ਸਭ ਤੋਂ ਵਧੀਆ ਤਰੀਕਾ ਉਹੀ ਹੈ ਜੋ ਰੱਬ ਨੇ ਕੇਕੜਿਆਂ ਨੂੰ ਬਖਸ਼ਿਆ ਹੈ ਭਾਵ ਜਦੋਂ ਵੀ ਕੋਈ ਵਿਅਕਤੀ ਸਮੂਹ ਦੇ ਸਾਂਝੇ ਰਾਹ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕਰੇ ਤਾਂ ਬਾਕੀ ਲੋਕਾਂ ਦਾ ਫਰਜ਼ ਹੈ ਕਿ ਉਹਨੂੰ ਮੁੜ ਸਹੀ ਅਤੇ ਸ਼ਰਾਫ਼ਤ ਵਾਲੇ ਰਾਹ ’ਤੇ ਲਿਆਉਣ। ਟੋਕਰੀ ਵਿੱਚ ਮੌਜੂਦ ਕੇਕੜਿਆਂ ਵਾਂਗ, ਸਮਾਜ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਸਦੇ ਮੈਂਬਰਾਂ ਵਿੱਚੋਂ ਕੋਈ ਵੀ ਆਪਣੇ ਗਰੁੱਪ ਜਾਂ ਸਮਾਜਕ ਜ਼ਿੰਮੇਵਾਰੀ ਤੋਂ ਬਾਹਰ ਨਾ ਨਿਕਲੇ।

ਉਲਟਾ ਪਿਰਾਮਿਡ

ਜਦੋਂ ਦਿੱਲੀ ਦੀ ਸਭ ਤੋਂ ਉੱਚੀ ਆਧੁਨਿਕ ਇਮਾਰਤ ਵਿਕਾਸ ਮੀਨਾਰ ਤਿਆਰ ਹੋਈ ਤਾਂ ਅਖ਼ਬਾਰਾਂ ਨੇ ਖ਼ਬਰ ਛਾਪੀ— “ਸ਼ਹਿਰ ਦੀ ਇਕੀ ਮੰਜ਼ਿਲਾਂ ਵਾਲੀ ਇਮਾਰਤ ਤਿਆਰ ਹੋ ਗਈ ਹੈ।”

ਇਸ ਖ਼ਬਰ ਨਾਲ ਪਾਠਕ ਦਾ ਧਿਆਨ ਸਿੱਧਾ ਇਕੀਵੀਂ ਮੰਜ਼ਿਲ ਵੱਲ ਚਲਾ ਗਿਆ, ਹਾਲਾਂਕਿ ਉਸ ਮੰਜ਼ਿਲ ਤੱਕ ਪਹੁੰਚਣ ਲਈ ਕਈ ਸਾਲਾਂ ਤੱਕ ਬੁਨਿਆਦ ਪਾਉਣ ਅਤੇ ਹਰ ਮੰਜ਼ਿਲ ਇਕ ਇਕ ਕਰਕੇ ਤਿਆਰ ਕਰਨ ਦੀ ਲੰਮੀ ਪ੍ਰਕਿਰਿਆ ਲੱਗੀ ਸੀ। ਇਹ ਹੈ “ਉਲਟੀ ਪਿਰਾਮਿਡ” ਵਾਲੀ ਆਧੁਨਿਕ ਰਿਪੋਰਟਿੰਗ ਦੀ ਸ਼ੈਲੀ, ਜਿਸ ਵਿੱਚ ਸਭ ਤੋਂ ਚਮਕਦਾਰ ਜਾਂ ਧਿਆਨ ਖਿੱਚਣ ਵਾਲੀ ਜਾਣਕਾਰੀ ਸਭ ਤੋਂ ਪਹਿਲਾਂ ਦਿੱਤੀ ਜਾਂਦੀ ਹੈ ਤਾਂ ਜੋ ਪਾਠਕ ਦਾ ਧਿਆਨ ਤੁਰੰਤ ਖਿੱਚਿਆ ਜਾ ਸਕੇ। ਇਹ ਵਿਧੀ ਇਮਾਰਤ ਉਸਾਰੀ ਦੀ ਪ੍ਰਗਤੀ ਦੇ ਵਿਭਿੰਨ ਪੱਖਾਂ— ਸ਼ੁਰੂਆਤ, ਮੱਧ ਤੇ ਮੁਕੰਮਲ ਹੋਣ ਨੂੰ ਧਿਆਨ ਵਿਚ ਨਹੀਂ ਰੱਖਦੀ।

ਇਹ ਤਰੀਕਾ ਹੁਣ ਪੱਤਰਕਾਰਤਾ ਵਿੱਚ ਇੰਨਾ ਆਮ ਹੋ ਗਿਆ ਹੈ ਕਿ ਅਸਲ ਹਕੀਕਤ ਅਕਸਰ ਪਿੱਛੇ ਰਹਿ ਜਾਂਦੀ ਹੈ। ਆਖ਼ਿਰਕਾਰ, ਅਖ਼ਬਾਰ ਵਿਕਣ ਦਾ ਸਹਾਰਾ ਕੁਝ ਹੱਦ ਤੱਕ ਸਨਸਨੀਖੇਜ਼ ਹੀ ਹੁੰਦਾ ਹੈ ਅਤੇ ਜਦ ਤੱਕ ਸਰਕੂਲੇਸ਼ਨ ਵੱਧਦਾ ਰਹੇ, ਕਿਸੇ ਸੰਪਾਦਕ ਨੂੰ ਕੀ ਫ਼ਰਕ ਪੈਂਦਾ ਹੈ ਕਿ ਜਨਤਾ ਨੂੰ ਹਕੀਕਤ ਦਾ ਅਧੂਰਾ ਜਾਂ ਅਪ੍ਰਤੱਖ ਰੂਪ ਮਿਲ ਰਿਹਾ ਹੈ।

"ਉਲਟੀ ਪਿਰਾਮਿਡ" ਦੀ ਸ਼ੈਲੀ ਖ਼ਬਰ ਪੇਸ਼ ਕਰਨ ਦਾ ਪ੍ਰਵਾਣਿਤ ਤਰੀਕਾ ਬਣ ਚੁੱਕੀ ਹੈ, ਪਰ ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਇਸੇ ਢਾਂਚੇ ਨੂੰ ਕਿਸੇ ਕੌਮ ਦੀ ਤਕਦੀਰ 'ਤੇ ਲਾਗੂ ਕਰੀਏ। ਜੇਕਰ ਸਮਾਜ ਦਾ ਨਿਰਮਾਣ ਤਰੀਕੇ ਨਾਲ ਕਰਨਾ ਹੈ, ਤਾਂ ਉਸਦੀ ਸ਼ੁਰੂਆਤ ਉੱਪਰੋਂ ਨਹੀਂ ਹੋ ਸਕਦੀ। ਪਹਿਲਾਂ ਬੁਨਿਆਦ ਨੂੰ ਮਜ਼ਬੂਤ ਕਰਨਾ ਪਵੇਗਾ ਅਤੇ ਫਿਰ ਹੌਲੀ-ਹੌਲੀ ਉੱਪਰ ਵਧਣਾ ਪਵੇਗਾ।

ਵਾਅਦੇ ਕਰਨ ਵਾਲੇ ਲੋਕ ਅਕਸਰ ਛੱਤਾਂ ਦੀਆਂ ਗੱਲਾਂ ਕਰਦੇ ਹਨ, ਪਰ ਕੀ ਕੋਈ ਇਮਾਰਤ ਦੀ ਛੱਤ ਪਾ ਸਕਦਾ ਹੈ ਜੇਕਰ ਉਸਦੀ ਬੁਨਿਆਦ ਵੀ ਨਾ ਰੱਖੀ ਗਈ ਹੋਵੇ? ਅਸਲੀ ਰਚਨਾਤਮਕਤਾ ਹਮੇਸ਼ਾਂ ਜ਼ਮੀਨੀ ਪੱਧਰ ਤੋਂ ਸ਼ੁਰੂ ਹੁੰਦੀ ਹੈ ਕਿਉਂਕਿ ਮਜ਼ਬੂਤ ਇਮਾਰਤ ਸਿਰਫ਼ ਮਜ਼ਬੂਤ ਬੁਨਿਆਦ ਉੱਤੇ ਹੀ ਖੜ੍ਹੀ ਹੋ ਸਕਦੀ ਹੈ।

ਸ਼ੱਕ ਦੂਰ ਕਰੋ

ਕਈ ਸਾਲ ਪਹਿਲਾਂ ਦੀ ਗੱਲ ਹੈ, ਮੈਂ ਆਜ਼ਮਗੜ੍ਹ ਰੇਲਵੇ ਸਟੇਸ਼ਨ ਤੋਂ ਟਿਕਟ ਖਰੀਦ ਰਿਹਾ ਸੀ। ਜਦੋਂ ਗੱਡੀ ਤੁਰਨ ਵਾਲੀ ਸੀ ਤਾਂ ਉਸੇ ਵੇਲੇ ਇੱਕ ਪਿੰਡ ਦਾ ਆਦਮੀ ਟਿਕਟ ਲੈਣ ਆ ਗਿਆ। ਉਸ ਨੇ ਆਪਣੀ ਮੁੱਠੀ ਟਿਕਟ ਖਿੜਕੀ ਵਿੱਚ ਪਾ ਕੇ ਖੋਲ੍ਹੀ ਅਤੇ ਥੋੜ੍ਹੇ-ਥੋੜ੍ਹੇ ਸਿੱਕੇ ਕਾਊਂਟਰ 'ਤੇ ਸੁੱਟ ਦਿੱਤੇ। ਕਲਰਕ ਖਿਝ ਗਿਆ ਤੇ ਕਿਹਾ, "ਨੋਟ ਦਿਓ, ਮੇਰੇ ਕੋਲ ਇਹ ਸਾਰੇ ਸਿੱਕੇ ਗਿਣਨ ਦਾ ਸਮਾਂ ਨਹੀਂ ਹੈ।" ਮੈਨੂੰ ਉਸ ਗਰੀਬ 'ਤੇ ਤਰਸ ਆਇਆ। ਮੈਂ ਤੁਰੰਤ ਜੇਬ ਵਿਚੋਂ ਇੱਕ ਨੋਟ ਕੱਢਿਆ ਅਤੇ ਉਸਨੂੰ ਕਿਹਾ ਕਿ ਮੈਂ ਉਸਦੇ ਸਿਕਿਆਂ ਦੇ ਬਦਲੇ ਇਹ ਨੋਟ ਦੇ ਦਿੰਦਾ ਹਾਂ। ਪਰ ਉਸ ਆਦਮੀ ਨੇ ਮੇਰੀ ਸਹਾਇਤਾ ਕਬੂਲ ਨਹੀਂ ਕੀਤੀ। ਉਸ ਨੇ ਮੇਰੇ ਵੱਲ ਸ਼ੱਕ ਨਾਲ ਵੇਖਿਆ ਅਤੇ ਚੁੱਪਚਾਪ ਦੂਜੀ ਦਿਸ਼ਾ ਵਿੱਚ ਚੱਲ ਪਿਆ। ਮੈਂ ਜਲਦੀ ਨਾਲ ਟ੍ਰੇਨ ਵਿੱਚ ਚੜ੍ਹ ਗਿਆ, ਪਰ ਮੇਰੀਆਂ ਅੱਖਾਂ ਉਸ ਗਰੀਬ ਦਾ ਪਿੱਛਾ ਕਰਦੀਆਂ ਰਹੀਆਂ। ਸ਼ਾਇਦ ਉਹ ਸਮੇਂ 'ਤੇ ਟਿਕਟ ਨਾ ਖਰੀਦ ਸਕਿਆ ਹੋਵੇ ਤੇ ਗੱਡੀ ਛੱਡ ਬੈਠਾ ਹੋਵੇ।

ਉਸ ਨੇ ਮੇਰੀ ਗੱਲ ਕਿਉਂ ਨਹੀਂ ਮੰਨੀ? ਸ਼ਾਇਦ ਇਸਦਾ ਕਾਰਣ 'ਸ਼ੱਕ' ਸੀ। ਉਸਨੂੰ ਲੱਗਿਆ ਹੋਵੇਗਾ ਕਿ ਮੈਂ ਉਸਦੀ ਮਜ਼ਬੂਰੀ ਦਾ ਫਾਇਦਾ ਚੁੱਕਣਾ ਚਾਹੁੰਦਾ ਹਾਂ ਤੇ ਕਿਸੇ ਖਰਾਬ ਨੋਟ ਦੇ ਬਦਲੇ ਉਸਦੇ ਸਿੱਕੇ ਲੈਣਾ ਚਾਹੁੰਦਾ ਹਾਂ।

ਇਹ ਸ਼ੱਕ ਉਸਦੇ ਮਨ ਵਿੱਚ ਇੰਨਾ ਡੂੰਘਾ ਵੱਸਿਆ ਹੋਇਆ ਸੀ ਕਿ ਉਹ ਆਪਣਾ ਫੈਸਲਾ ਬਦਲ ਨਾ ਸਕਿਆ, ਭਾਵੇਂ ਇਸ ਕਾਰਣ ਉਸਦੀ ਗੱਡੀ ਹੀ ਛੁੱਟ ਗਈ।

ਅੱਜਕਲ ਸਾਡੇ ਸਮਾਜ ਦੀ ਹਾਲਤ ਵੀ ਕੁਝ ਇਹੋ ਜਿਹੀ ਹੋ ਗਈ ਹੈ। ਹਰ ਕੋਈ ਦੂਜੇ ਉੱਤੇ ਸ਼ੱਕ ਕਰਦਾ ਹੈ। ਹਰ ਕੋਈ ਦੂਜੇ ਨੂੰ ਬੇਈਮਾਨ ਸਮਝਦਾ ਹੈ। ਇਹੀ ਕਾਰਣ ਹੈ ਕਿ ਸਾਡੇ ਸਮਾਜ ਵਿੱਚ ਧੋਖਾਧੜੀ ਦਾ ਮਾਹੌਲ ਬਣ ਗਿਆ ਹੈ। ਹਰ ਵਿਅਕਤੀ ਆਪਣੇ ਲਈ ਸੰਭਾਵਤ ਫਾਇਦਿਆਂ ਦੇ ਦਰਵਾਜ਼ੇ ਖੁਦ ਬੰਦ ਕਰ ਲੈਂਦਾ ਹੈ। ਇੱਕਠੇ ਕੰਮ ਕਰਨ ਲਈ ਹੋਰਨਾਂ ਦਾ ਸਹਿਯੋਗ ਲੈਣਾ ਲਾਜ਼ਮੀ ਹੁੰਦਾ ਹੈ, ਪਰ ਸ਼ੱਕ ਦੀ ਵੱਧਦੀ ਪ੍ਰਵਿਰਤੀ ਨੇ ਇਹ ਸੰਭਾਵਨਾ ਖਤਮ ਕਰ ਦਿੱਤੀ ਹੈ।

ਸ਼ੱਕ, ਸ਼ੱਕ ਨੂੰ ਜਨਮ ਦਿੰਦਾ ਹੈ, ਜਿਵੇਂ ਭਰੋਸਾ ਭਰੋਸੇ ਨੂੰ ਜਨਮ ਦਿੰਦਾ ਹੈ।

ਜੇ ਤੁਸੀਂ ਕਿਸੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖੋਗੇ ਤਾਂ ਉਹ ਵੀ ਤੁਹਾਡੇ ਬਾਰੇ ਐਸਾ ਹੀ ਸੋਚੇਗਾ ਅਤੇ ਤੁਸੀਂ ਦੋਵੇਂ ਇਕ ਦੂਜੇ ਤੋਂ ਹੋਰ ਦੂਰ ਹੋ ਜਾਵੋਗੇ। ਦੂਜੇ ਪਾਸੇ, ਜੇ ਤੁਸੀਂ ਕਿਸੇ ਨਾਲ ਭਰੋਸੇ ਦਾ ਰਿਸ਼ਤਾ ਬਣਾਉਗੇ ਤਾਂ ਉਹ ਵੀ ਤੁਹਾਡੇ ਉੱਤੇ ਭਰੋਸਾ ਕਰੇਗਾ ਅਤੇ ਤੁਸੀਂ ਦੋਵੇਂ ਨੇੜੇ ਆਉਣ ਲੱਗੋਗੇ।

ਹਰ ਇਨਸਾਨ ਦੇ ਅੰਦਰ ਵੱਸਦੀ ਆਤਮਾ ਇੱਕੋ ਜਿਹੀ ਹੁੰਦੀ ਹੈ। ਪਰ ਅਕਸਰ ਲੋਕ ਇਸ ਭਰਮ ਵਿੱਚ ਰਹਿੰਦੇ ਹਨ ਕਿ ਉਹ ਹੋਰਨਾਂ ਤੋਂ ਵੱਖਰੇ ਹਨ।

ਚੰਗੀ ਆਲੋਚਨਾ

ਜੂਨ 1983 ਦੀ ਬ੍ਰਿਟਿਸ਼ ਜਨਰਲ ਚੋਣ ਵਿੱਚ ਮਿਸਜ਼ ਥੈਚਰ ਆਸਾਨੀ ਨਾਲ ਮੁੜ ਪ੍ਰਧਾਨ ਮੰਤਰੀ ਬਣ ਗਈ। ਚੋਣ ਜਿੱਤਣ ਤੋਂ ਬਾਅਦ ਉਸਦਾ ਪਹਿਲਾ ਕਦਮ ਆਪਣੇ ਵਿਦੇਸ਼ ਮੰਤਰੀ ਮਿਸਟਰ ਫ੍ਰਾਂਸਿਸ ਪਿਮ ਨੂੰ ਬਰਖ਼ਾਸਤ ਕਰਨਾ ਸੀ।

ਜੌਨ ਪਿਮ (1584-1643) ਦੇ ਵੰਸ਼ਜ, ਜਿਸਦੀ ਚਾਰਲਸ ਪਹਿਲੇ ਦੇ ਰਾਜ ਦੌਰਾਨ ਸ਼ਕਤੀ ਇੰਨੀ ਮਹਾਨ ਸੀ ਕਿ ਉਸਨੂੰ 'ਕਿੰਗ ਪਿਮ' ਵਜੋਂ ਜਾਣਿਆ ਜਾਂਦਾ ਸੀ, ਸਰ ਫਰਾਂਸਿਸ ਪਿਮ ਵਿੱਚ ਇੱਕ ਸਮਰੱਥ ਅਤੇ ਸਤਿਕਾਰਯੋਗ ਰਾਜਨੇਤਾ ਦੇ ਸਾਰੇ ਗੁਣ ਅਤੇ ਸ਼ਾਨ ਸੀ। ਉਹ ਸਰਕਾਰ ਵਿੱਚ ਉੱਚੇ ਅਹੁਦੇ ਤੇ ਰਹਿ ਚੁੱਕੇ ਸਨ। ਫਿਰ ਵੀ ਮਿਸਜ਼ ਥੈਚਰ ਨੇ ਉਨ੍ਹਾਂ ਨੂੰ ਕਿਉਂ ਬਰਖ਼ਾਸਤ ਕਰ ਦਿੱਤਾ?

ਕਾਰਣ ਇਹ ਸੀ ਕਿ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੇ ਇੱਕ ਗੱਲ ਕਹੀ ਸੀ ਜੋ ਮਿਸਜ਼ ਥੈਚਰ ਨੂੰ ਪਸੰਦ ਨਹੀਂ ਆਈ। ਸਰਕਾਰ ਵਿੱਚ ਵਿਰੋਧੀ ਧਿਰ ਦੀ ਭੂਮਿਕਾ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਸੀ ਕਿ "ਮਜ਼ਬੂਤ ਵਿਰੋਧੀ ਧਿਰ ਚੰਗੀ ਸਰਕਾਰ ਦਾ ਲਾਜ਼ਮੀ ਹਿੱਸਾ ਹੁੰਦੀ ਹੈ," ਕਿਉਂਕਿ "ਕੋਈ ਵੀ ਸਰਕਾਰ ਸੌ ਪ੍ਰਤਿਸ਼ਤ ਸਹੀ ਨਹੀਂ ਹੁੰਦੀ।" ਮਿਸਜ਼ ਥੈਚਰ ਇਹ ਟਿੱਪਣੀ ਸਹਿ ਨਹੀਂ ਸਕੀ ਅਤੇ ਉਨ੍ਹਾਂ ਨੂੰ ਕੈਬਿਨੇਟ ਅਹੁਦੇ ਤੋਂ ਕੱਢ ਦਿੱਤਾ।

ਆਲੋਚਨਾ ਸਹਿਣਾ ਮਨੁੱਖੀ ਕਮਜ਼ੋਰੀ ਹੈ। ਇਸ ਕਮਜ਼ੋਰੀ ਦਾ ਸਭ ਤੋਂ ਨੁਕਸਾਨਦਾਇਕ ਅਸਰ ਇਹ ਹੁੰਦਾ ਹੈ ਕਿ ਮਨੁੱਖ ਆਪਣੇ ਸੱਚੇ ਦੋਸਤ ਗਵਾ ਬੈਠਦਾ ਹੈ।

ਕੋਈ ਵੀ ਵੱਡਾ ਕੰਮ ਬਿਨਾਂ ਸਮਰੱਥ ਅਤੇ ਸਮਝਦਾਰ ਦੋਸਤਾਂ ਦੀ ਮਦਦ ਤੋਂ ਨਹੀਂ ਕੀਤਾ ਜਾ ਸਕਦਾ। ਅਜਿਹੇ ਲੋਕਾਂ ਨੂੰ ਆਪਣੇ ਨੇੜੇ ਰੱਖਣ ਦਾ ਇਕੋ ਤਰੀਕਾ ਹੈ— ਉਨ੍ਹਾਂ ਦੀ ਆਲੋਚਨਾ ਬਰਦਾਸ਼ਤ ਕਰਨੀ। ਬੁੱਧੀਮਾਨ ਲੋਕ ਆਪਣੇ ਵਿਚਾਰ ਦਬਾ ਨਹੀਂ ਸਕਦੇ। ਇਸ ਲਈ ਇੱਕ ਖੁੱਲ੍ਹੇ ਮਨ ਵਾਲਾ ਨੇਤਾ ਉਨ੍ਹਾਂ ਨੂੰ ਖੁੱਲ੍ਹ ਕੇ ਗੱਲ ਕਰਨ ਦੇਵੇਗਾ ਅਤੇ ਉਨ੍ਹਾਂ ਦੀ ਵਿਰੋਧੀ ਰਾਏ 'ਤੇ ਗੁੱਸਾ ਨਹੀਂ ਕਰੇਗਾ। ਇਸ ਤਰ੍ਹਾਂ ਉਹ ਕੀਮਤੀ ਦੋਸਤਾਂ ਦੀ ਵਫ਼ਾਦਾਰੀ ਬਰਕਰਾਰ ਰੱਖ ਸਕੇਗਾ।

ਪਰ ਜੋ ਮਨੁੱਖ ਸੰਕੁਚਿਤ ਸੋਚ ਰੱਖਦਾ ਹੈ, ਉਹ ਅਜਿਹੇ ਲੋਕਾਂ ਦੀ ਕੀਮਤ ਨਹੀਂ ਸਮਝ ਸਕਦਾ। ਨਤੀਜੇ ਵਜੋਂ, ਉਸ ਦੇ ਆਲੇ-ਦੁਆਲੇ ਔਸਤ ਦਰਜੇ ਦੇ ਲੋਕ ਇਕੱਠੇ ਹੋ ਜਾਣਗੇ ਜਿਨ੍ਹਾਂ ਵਿੱਚ ਨਾ ਕੋਈ ਵੱਡੇ ਕੰਮ ਕਰਨ ਦੀ ਸਮਰੱਥਾ ਹੋਵੇਗੀ ਤੇ ਨਾ ਹੀ ਉਹਨਾਂ ਨੂੰ ਸਮਝਣ ਦੀ।

ਸਮਾਜਿਕ ਸਮੱਸਿਆਵਾਂ ਦੇ ਹੱਲ

ਮਿਸਟਰ ਮੈਲਕਮ ਫੋਰਬਜ਼ ਨੇ ਸਮੱਸਿਆ ਹੱਲ ਕਰਨ ਬਾਰੇ ਬਹੁਤ ਹੀ ਸਹੀ ਗੱਲ ਕਹੀ ਹੈ: "ਜਦੋਂ ਤੁਸੀਂ ਕਿਸੇ ਸਮੱਸਿਆ ਬਾਰੇ ਬਹੁਤ ਘੱਟ ਜਾਣਦੇ ਹੋ ਤਾਂ ਉਸ ਦਾ ਹੱਲ ਸੁਝਾਉਣਾ ਬਹੁਤ ਆਸਾਨ ਲੱਗਦਾ ਹੈ।"

ਕਿਸੇ ਆਮ ਸਮਾਜਿਕ ਹਾਲਾਤ ਵਿੱਚ ਵੀ ਜਦੋਂ ਕੋਈ ਸਮੱਸਿਆ ਸਾਹਮਣੇ ਆਉਂਦੀ ਹੈ ਤਾਂ ਉਹ ਇਸ ਤਰ੍ਹਾਂ ਹੁੰਦੀ ਹੈ ਜਿਵੇਂ ਕਮੀਜ਼ ਦਾ ਕੋਨਾ ਕੰਡਿਆਂ ਵਾਲੇ ਬੂਟੇ ਵਿੱਚ ਫਸ ਜਾਵੇ। ਜਿੰਨਾ ਤੁਸੀਂ ਖਿੱਚਦੇ ਹੋ, ਉਹ ਹੋਰ ਜ਼ਿਆਦਾ ਫਸਦੀ ਜਾਂਦੀ ਹੈ ਤੇ ਜੇ ਕਿਸੇ ਤਰ੍ਹਾਂ ਉਸ ਨੂੰ ਕੱਢ ਵੀ ਲਓ ਤਾਂ ਕਮੀਜ਼ ਫਟ ਜਾਂਦੀ ਹੈ। ਇਸੇ ਕਰਕੇ, ਅਜਿਹੇ ਮੌਕਿਆਂ 'ਤੇ ਸਭ ਤੋਂ ਜ਼ਰੂਰੀ ਗੱਲ ਧੀਰਜ ਹੁੰਦੀ ਹੈ ਕਿਉਂਕਿ ਅਜਿਹੀਆਂ "ਕੰਡਿਆਂ ਵਾਲੀਆਂ" ਸਮੱਸਿਆਵਾਂ ਦਾ ਹੱਲ ਸੋਚ-ਸਮਝ ਕੇ ਹੀ ਕੀਤਾ ਜਾ ਸਕਦਾ ਹੈ।

ਜੇਕਰ ਕੋਈ ਵਿਅਕਤੀ ਆਪ ਉਸ ਸਥਿਤੀ ਵਿੱਚ ਮੌਜੂਦ ਨਹੀਂ ਹੈ ਤਾਂ ਉਹ ਉਸ ਦੀ ਨਜ਼ਾਕਤ ਨੂੰ ਸਮਝ ਨਹੀਂ ਸਕਦਾ। ਇਸ ਲਈ ਬਿਨਾਂ ਪੂਰੀ ਜਾਣਕਾਰੀ ਦੇ ਹੱਲ 'ਤੇ ਹੱਲ ਸੁਝਾਉਂਦੇ ਰਹਿਣਾ ਬੇਮਤਲਬ ਹੁੰਦਾ ਹੈ।

ਸਮਾਜਿਕ ਜੀਵਨ ਦਰਅਸਲ ਬਹੁਤ ਹੀ ਜਟਿਲ ਹੈ। ਦੂਜਿਆਂ ਦੀ ਸਹਿਮਤੀ ਤੋਂ ਬਿਨਾਂ ਕੋਈ ਵੱਡਾ ਕਦਮ ਚੁੱਕਣਾ ਅਕਸਰ ਗਲਤ ਹੁੰਦਾ ਹੈ। ਦੂਜਿਆਂ ਦੀ ਤਾਕਤ ਅਤੇ ਪ੍ਰਭਾਵ ਨੂੰ ਕਦੇ ਵੀ ਨਜ਼ਰਅੰਦਾਜ਼ ਜਾਂ ਘੱਟ ਨਹੀਂ ਆਂਕਣਾ ਚਾਹੀਦਾ।

ਸਭ ਸੰਭਾਵਨਾਵਾਂ ਅਤੇ ਜਾਣੇ-ਪਛਾਣੇ ਤੱਥਾਂ ਨੂੰ ਧਿਆਨ ਵਿੱਚ ਰੱਖ ਕੇ, ਮਨੁੱਖ ਨੂੰ ਸਹੀ ਸਮੇਂ ਦੀ ਉਡੀਕ ਧੀਰਜ ਨਾਲ ਕਰਨੀ ਚਾਹੀਦੀ ਹੈ, ਫਿਰ ਹੀ ਕਾਰਵਾਈ ਕਰਨੀ ਚਾਹੀਦੀ ਹੈ। ਟਕਰਾਅ ਤੋਂ ਹਰ ਕੀਮਤ 'ਤੇ ਬਚਣਾ ਚਾਹੀਦਾ ਹੈ।

ਜੋ ਵਿਅਕਤੀ ਸਮਾਜਕ ਜੀਵਨ ਦੀ ਜਟਿਲਤਾ ਨੂੰ ਸਹੀ ਤਰੀਕੇ ਨਾਲ ਸਮਝਦਾ ਹੈ, ਉਹ ਕਿਸੇ ਵੀ ਹੱਲ ਦੀ ਪੇਸ਼ਕਸ਼ ਕਰਨ ਤੋਂ ਪਹਿਲਾਂ ਸੌ ਵਾਰ ਸੋਚੇਗਾ ਤਾਂ ਜੋ ਉਸ ਦਾ ਸੁਝਾਅ ਕਿਸੇ ਹੋਰ ਦੀ ਭਾਵਨਾ ਜਾਂ ਸੰਵੇਦਨਸ਼ੀਲਤਾ ਨੂੰ ਠੇਸ ਨਾ ਪਹੁੰਚਾਵੇ।

ਹਰ ਕਿਸੇ ਨੂੰ ਆਪਣੀ ਭੂਮਿਕਾ ਨਿਭਾਉਣੀ ਪੈਂਦੀ ਹੈ

ਫ਼ਿਲਮ 'ਗਾਂਧੀ', ਜੋ ਭਾਰਤ ਦੀ ਆਜ਼ਾਦੀ ਦੇ ਮਹਾਨ ਆਗੂ ਮਹਾਤਮਾ ਗਾਂਧੀ ਦੀ ਜ਼ਿੰਦਗੀ ਨੂੰ ਦਰਸਾਉਂਦੀ ਹੈ, ਉਸ ਨੂੰ ਬਣਾਉਣ ਲਈ 13 ਮਿਲੀਅਨ ਪੌਂਡ ਖਰਚ ਹੋਏ। ਇਸ ਫ਼ਿਲਮ ਦੇ ਨਿਰਦੇਸ਼ਕ ਸਰ ਰਿਚਰਡ ਐਟਨਬਰੋ ਪਿਛਲੇ ਵੀਹ ਸਾਲਾਂ ਤੋਂ ਇਹ ਫ਼ਿਲਮ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਕਾਮਯਾਬੀ ਨਹੀਂ ਮਿਲ ਰਹੀ ਸੀ। ਕੋਈ ਵੀ ਫ਼ਿਲਮ ਕੰਪਨੀ 'ਗਾਂਧੀ' ਨੂੰ ਸਪਾਂਸਰ ਕਰਨ ਲਈ ਤਿਆਰ ਨਹੀਂ ਸੀ ਕਿਉਂਕਿ ਸਭ ਦਾ ਖ਼ਿਆਲ ਸੀ ਕਿ ਇਹ ਫ਼ਿਲਮ ਕਦੇ ਵੀ ਵਪਾਰਕ ਤੌਰ 'ਤੇ ਸਫਲ ਨਹੀਂ ਹੋਵੇਗੀ। ਪਰ ਬੈਨ ਕਿੰਗਜ਼ਲੀ ਨੇ ਗਾਂਧੀ ਦਾ ਕਿਰਦਾਰ ਇਸ ਕਦਰ ਜੀਵੰਤ ਤਰੀਕੇ ਨਾਲ ਨਿਭਾਇਆ ਕਿ ਇਹ ਫ਼ਿਲਮ ਹਾਲੀਆ ਸਮਿਆਂ ਦੀ ਸਭ ਤੋਂ ਵੱਡੀ ਬਾਕਸ-ਆਫਿਸ ਹਿੱਟ ਬਣ ਗਈ। 1983 ਵਿੱਚ ਇਸ ਨੂੰ ਅੱਠ ਆਸਕਰ ਇਨਾਮ ਮਿਲੇ, ਜਿਨ੍ਹਾਂ ਵਿੱਚੋਂ ਇੱਕ ਬੈਨ ਕਿੰਗਜ਼ਲੀ ਨੂੰ ਮਹਾਤਮਾ ਗਾਂਧੀ ਦੇ ਰੂਪ ਵਿੱਚ ਉੱਤਮ ਅਭਿਨਯ ਲਈ ਮਿਲਿਆ।

ਬੈਨ ਕਿੰਗਜ਼ਲੀ ਦੇ ਪਿਤਾ ਗੁਜਰਾਤੀ (ਭਾਰਤੀ) ਡਾਕਟਰ ਸਨ, ਜਿਨ੍ਹਾਂ ਨੇ ਇਕ ਅੰਗਰੇਜ਼ ਔਰਤ ਨਾਲ ਵਿਆਹ ਕੀਤਾ ਸੀ। ਬੈਨ ਕਿੰਗਜ਼ਲੀ ਦਾ ਪਹਿਲਾਂ ਨਾਮ ਕ੍ਰਿਸ਼ਣਾ ਭਾਂਜੀ ਸੀ, ਜੋ ਬਾਅਦ ਵਿੱਚ ਬਦਲ ਕੇ ਬੈਨ ਕਿੰਗਜ਼ਲੀ ਰੱਖਿਆ ਗਿਆ। ਉਸਨੂੰ ਗਾਂਧੀ ਦੀ ਭੂਮਿਕਾ ਲਈ ਇਸ ਕਰਕੇ ਚੁਣਿਆ ਗਿਆ ਕਿ ਉਹ ਸ਼ਕਲ-ਸੂਰਤ ਵਿੱਚ ਮਹਾਤਮਾ ਗਾਂਧੀ ਨਾਲ ਬਹੁਤ ਮਿਲਦਾ ਸੀ। ਚੁਣੇ ਜਾਣ ਤੋਂ ਬਾਅਦ, ਉਸ ਨੇ ਆਪਣੇ ਕਿਰਦਾਰ ਦੀ ਤਿਆਰੀ ਬਹੁਤ ਗੰਭੀਰਤਾ ਨਾਲ ਸ਼ੁਰੂ ਕਰ ਦਿੱਤੀ।

ਸ਼ੂਟਿੰਗ ਸ਼ੁਰੂ ਹੋਣ ਤੋਂ ਕਾਫ਼ੀ ਸਮਾਂ ਪਹਿਲਾਂ ਹੀ ਬੈਨ ਕਿੰਗਜ਼ਲੀ ਭਾਰਤ ਆ ਗਿਆ। ਉਸ ਨੇ ਆਪਣਾ ਸਿਰ ਮੁੰਡਾ ਲਿਆ ਤਾਂ ਜੋ ਉਹ ਗਾਂਧੀ ਵਾਂਗ ਹੂ-ਬ-ਹੂ ਲੱਗੇ। ਕਿਉਂਕਿ ਉਹ ਮੋਟੇ ਸਨ, ਇਸ ਲਈ ਉਨ੍ਹਾਂ ਨੇ ਡਾਇਟਿੰਗ ਸ਼ੁਰੂ ਕੀਤੀ ਅਤੇ ਵੀਹ ਕਿਲੋ ਤੱਕ ਵਜ਼ਨ ਘਟਾ ਲਿਆ। ਉਸ ਨੇ ਘੰਟਿਆਂ ਬੱਦੀ ਧੁੱਪ ਵਿੱਚ ਬਹਿ ਕੇ ਆਪਣੀ ਤਵਚਾ ਦਾ ਰੰਗ ਗਾਂਧੀ ਵਰਗਾ ਕੀਤਾ। ਉਸ ਨੇ ਪੂਰੀ ਫ਼ਿਲਮ ਦੀ ਕਹਾਣੀ ਸ਼ੁਰੂ ਤੋਂ ਅੰਤ ਤੱਕ ਯਾਦ ਕੀਤੀ। ਉਸਦਾ ਕਮਰਾ ਗਾਂਧੀ ਦੀਆਂ

ਤਸਵੀਰਾਂ ਨਾਲ ਭਰਿਆ ਰਹਿੰਦਾ ਸੀ ਅਤੇ ਉਹ ਵਾਰ-ਵਾਰ ਮਹਾਤਮਾ ਗਾਂਧੀ ਦੀ ਜ਼ਿੰਦਗੀ 'ਤੇ ਬਣੀ ਪੰਜ ਘੰਟਿਆਂ ਦੀ ਡੌਕਯੂਮੈਂਟਰੀ ਵੇਖਦਾ ਸੀ।

ਉਹ ਹਰ ਰੋਜ਼ ਦੋ ਘੰਟੇ ਯੋਗ ਕਰਦਾ ਸੀ ਤਾਂ ਜੋ ਗਾਂਧੀ ਵਾਂਗ ਲੰਬੇ ਸਮੇਂ ਤੱਕ ਪੈਰ ਜੋੜ ਕੇ ਬੈਠਣ ਦੀ ਆਦਤ ਪੈ ਸਕੇ। ਇਸ ਤੋਂ ਇਲਾਵਾ, ਉਹ ਹਰ ਰੋਜ਼ ਕੁਝ ਘੰਟੇ ਚਰਖੇ 'ਤੇ ਕੰਮ ਕਰਦਾ ਸੀ ਤਾਂ ਜੋ ਸ਼ੂਟਿੰਗ ਦੌਰਾਨ ਉਹ ਗਾਂਧੀ ਵਾਂਗ ਬੇਝਿਜਕ ਚਰਖਾ ਚਲਾ ਸਕੇ।

ਬੈਨ ਕਿੰਗਜ਼ਲੀ ਨੂੰ ਇੱਕ ਵਿਸ਼ੇਸ਼ ਭੂਮਿਕਾ ਨਿਭਾਉਣੀ ਸੀ ਅਤੇ ਇਸ ਲਈ ਉਸ ਨੇ ਬੇਹੱਦ ਮਿਹਨਤ ਅਤੇ ਤਿਆਰੀ ਕੀਤੀ। ਲੰਬੇ ਸਮੇਂ ਤੱਕ ਕੀਤੀ ਗਈ ਇਸ ਲਗਨ ਅਤੇ ਅਭਿਆਸ ਦਾ ਹੀ ਨਤੀਜਾ ਸੀ ਕਿ ਉਹ ਗਾਂਧੀ ਦਾ ਕਿਰਦਾਰ ਇੰਨਾ ਸ਼ਾਨਦਾਰ ਢੰਗ ਨਾਲ ਨਿਭਾ ਸਕਿਆ।

ਇਕੱਠੇ ਹੋਕੇ ਕੰਮ ਕਰਨਾ

ਸ਼ਹਿਦ ਬਣਾਉਣਾ ਕਿੰਨਾ ਮਿਹਨਤ ਭਰਿਆ ਕੰਮ ਹੈ। ਇਹ ਮਿੱਠਾ ਤੱਤ ਤਦੋਂ ਹੀ ਤਿਆਰ ਹੁੰਦਾ ਹੈ ਜਦੋਂ ਮੱਖੀਆਂ ਦਾ ਪੂਰਾ ਝੁੰਡ ਲਗਾਤਾਰ ਮਿਹਨਤ ਕਰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇੱਕ ਫੁੱਲ ਵਿੱਚ ਰਸ ਦੀ ਮਾਤਰਾ ਬਹੁਤ ਹੀ ਘੱਟ ਹੁੰਦੀ ਹੈ। ਸ਼ਹਿਦ ਜ਼ਿਆਦਾ ਮਾਤਰਾ ਵਿਚ ਬਣਾਉਣ ਲਈ ਬੇਅੰਤ ਫੁੱਲਾਂ ਤੋਂ ਰਸ ਇਕੱਠਾ ਕਰਨਾ ਪੈਂਦਾ ਹੈ।

ਕਈ ਵਾਰ ਮੱਖੀਆਂ ਨੂੰ ਸਿਰਫ਼ ਇੱਕ ਪੌਂਡ ਸ਼ਹਿਦ ਤਿਆਰ ਕਰਨ ਲਈ ਕੁੱਲ ਮਿਲਾ ਕੇ ਤਿੰਨ ਲੱਖ ਮੀਲ ਤੱਕ ਦਾ ਸਫ਼ਰ ਕਰਨਾ ਪੈਂਦਾ ਹੈ। ਕਿਉਂਕਿ ਇੱਕ ਮੱਖੀ ਦੀ ਉਮਰ ਕੁਝ ਹੀ ਮਹੀਨਿਆਂ ਦੀ ਹੁੰਦੀ ਹੈ, ਇਸ ਲਈ ਕੋਈ ਵੀ ਇੱਕ ਮੱਖੀ ਆਪਣੀ ਪੂਰੀ ਜ਼ਿੰਦਗੀ ਵਿੱਚ ਇੰਨਾ ਸ਼ਹਿਦ ਨਹੀਂ ਬਣਾ ਸਕਦੀ, ਭਾਵੇਂ ਉਹ ਹਰ ਪਲ ਫੁੱਲਾਂ ਤੋਂ ਰਸ ਇਕੱਠਾ ਕਰਨ ਵਿੱਚ ਲੱਗੀ ਰਹੇ।

ਮੱਖੀਆਂ ਨੇ ਇਸ ਮੁਸ਼ਕਲ ਦਾ ਹੱਲ ਲੱਭ ਲਿਆ ਹੈ। ਜੋ ਕੰਮ ਉਹ ਇਕੱਲੇ ਨਹੀਂ ਕਰ ਸਕਦੀਆਂ, ਉਹ ਉਹਨਾਂ ਨੇ ਇਕੱਠੇ ਮਿਲ ਕੇ ਕਰਨਾ ਸਿੱਖ ਲਿਆ। ਇੱਕ ਮੱਖੀ ਲਈ ਇੰਨੀ ਲੰਬੀ ਯਾਤਰਾ ਕਰਨਾ ਜਾਂ ਲੱਖਾਂ ਫੁੱਲਾਂ ਤੋਂ ਰਸ ਚੂਸਣਾ ਅਸੰਭਵ ਹੈ, ਪਰ ਜੋ ਕੰਮ ਇੱਕ ਲਈ ਅਸੰਭਵ ਹੈ, ਉਹ ਸਮੂਹ ਲਈ ਸੰਭਵ

ਹੋ ਜਾਂਦਾ ਹੈ ਅਤੇ ਇਸ ਤਰੀਕੇ ਨਾਲ ਮੱਖੀਆਂ ਮਿਲ ਜੁਲ ਕੇ ਸ਼ਹਿਦ ਤਿਆਰ ਕਰਦੀਆਂ ਹਨ।

ਪਰ ਸਵਾਲ ਇਹ ਹੈ ਕਿ ਸ਼ਹਿਦ ਬਣਾਉਣ ਦਾ ਇੰਨਾ ਜਟਿਲ ਤਰੀਕਾ ਕਿਉਂ? ਕੀ ਪਰਮਾਤਮਾ ਧਰਤੀ ਦੇ ਅੰਦਰ ਸ਼ਹਿਦ ਦੇ ਵੱਡੇ ਭੰਡਾਰ ਨਹੀਂ ਰੱਖ ਸਕਦਾ ਸੀ, ਜਿਵੇਂ ਪਾਣੀ ਜਾਂ ਤੇਲ ਦੇ ਰੱਖੇ ਹਨ? ਬਿਲਕੁਲ ਰੱਖ ਸਕਦਾ ਸੀ, ਪਰ ਉਸ ਨੇ ਚੀਜ਼ਾਂ ਇਸ ਤਰੀਕੇ ਨਾਲ ਬਣਾਈਆਂ ਤਾਂ ਜੋ ਮਨੁੱਖ ਇਸ ਤੋਂ ਸਿੱਖ ਸਕਣ, ਤਾਂ ਜੋ ਉਹ ਕੁਦਰਤ ਦੇ ਇਸ ਸੰਕੇਤ ਤੋਂ ਜੀਵਨ ਦੇ ਪਾਠ ਸਮਝ ਸਕਣ।

ਜ਼ਿੰਦਗੀ ਵਿੱਚ ਕੁਝ ਕੰਮ ਅਜਿਹੇ ਹੁੰਦੇ ਹਨ ਜੋ ਇਕੱਲਾ ਮਨੁੱਖ ਥੋੜ੍ਹੇ ਸਮੇਂ ਵਿੱਚ ਕਰ ਸਕਦਾ ਹੈ। ਪਰ ਕਈ ਹੋਰ ਕੰਮ ਅਜਿਹੇ ਹਨ ਜੋ ਕੋਈ ਇੱਕ ਵਿਅਕਤੀ ਇਕੱਲਾ ਨਹੀਂ ਕਰ ਸਕਦਾ। ਉਹ ਕੰਮ ਸਿਰਫ਼ ਮੱਖੀਆਂ ਦੇ ਤਰੀਕੇ ਨਾਲ ਹੀ ਕੀਤੇ ਜਾ ਸਕਦੇ ਹਨ— ਮਿਲ ਜੁਲ ਕੇ, ਸਾਂਝੀ ਮਿਹਨਤ ਨਾਲ।

ਪਰ ਇਹ ਤਦੋਂ ਹੀ ਸੰਭਵ ਹੈ ਜਦੋਂ ਵਿਅਕਤੀ ਖੁਦ ਵਿੱਚ ਤਿਆਗ ਦਾ ਗੁਣ ਪੈਦਾ ਕਰੇ। ਲੋਕਾਂ ਨੂੰ ਇਕ-ਦੂਜੇ ਨਾਲ ਧੀਰਜ ਨਾਲ ਰਹਿਣਾ ਪੈਂਦਾ ਹੈ, ਆਪਣੇ ਤੋਂ ਪਹਿਲਾਂ ਦੂਜਿਆਂ ਦੀ ਭਲਾਈ ਬਾਰੇ ਸੋਚਣਾ ਪੈਂਦਾ ਹੈ। ਸਾਂਝੀ ਮਿਹਨਤ ਤਦੋਂ ਹੀ ਜਨਮ ਲੈਂਦੀ ਹੈ ਜਦੋਂ ਵਿਅਕਤੀ ਆਪਣੀ ਸਵਾਰਥੀ ਸੋਚ ਤੋਂ ਉੱਪਰ ਉਠ ਕੇ ਹੋਰਾਂ ਲਈ ਕੁਝ ਤਿਆਗਣ ਦਾ ਬੱਲ ਰੱਖਦਾ ਹੈ।

ਪੂਰਵ ਗਿਆਨ
ਸਮਝ ਵਿੱਚ ਮਦਦ ਕਰਦਾ ਹੈ

ਭਾਰਤ ਦੇ ਪਿੰਡਾਂ ਵਿੱਚ ਮਾਚਿਸ ਅਤੇ ਲਾਇਟਰ ਹੁਣੇ ਹੀ ਚਲਨ ਵਿੱਚ ਆਏ ਹਨ। ਸਿਰਫ਼ ਪੰਜਾਹ ਸਾਲ ਪਹਿਲਾਂ ਲੋਕ ਦੂਜਿਆਂ ਦੇ ਚੂਲ੍ਹਿਆਂ ਵਿੱਚੋਂ ਬਚੀ ਅੱਗ ਨਾਲ ਆਪਣੇ ਚੂਲ੍ਹੇ ਬਾਲਦੇ ਸਨ। ਇੱਕ ਵਾਰ ਇੱਕ ਔਰਤ ਆਪਣੀ ਗੁਆਂਢਣ ਕੋਲ ਗਈ ਤੇ ਪੁੱਛਣ ਲੱਗੀ, “ਤੈਥੋਂ ਅੱਗ ਮਿਲ ਸਕਦੀ ਹੈ?” ਗੁਆਂਢਣ ਨੇ ਜਵਾਬ ਦਿੱਤਾ, “ਮੈਂਟਲਪੀਸ ਉੱਤੇ ਹੈ।” ਗੁਆਂਢਣ ਦੀ ਉਮਰ ਕਾਫ਼ੀ ਹੋ ਚੁੱਕੀ ਸੀ ਤੇ ਉਸਦੀ ਸੁਣਨ ਦੀ ਸਮਰੱਥਾ ਕਾਫੀ ਘੱਟ ਗਈ ਸੀ, ਇਸ ਕਰਕੇ ਉਸਦੀ ਗ਼ਲਤਫ਼ਹਮੀ ਮਾਫ਼ ਕੀਤੀ ਜਾ ਸਕਦੀ ਹੈ। ਪਰ ਗੱਲ ਇਹ ਹੈ ਕਿ ਬਹੁਤ ਸਾਰੇ

ਲੋਕ, ਜਿਨ੍ਹਾਂ ਦੀਆਂ ਸਾਰੀਆਂ ਇੰਦਰੀਆਂ ਠੀਕ ਕੰਮ ਕਰ ਰਹੀਆਂ ਹਨ, ਉਹ ਵੀ ਅਕਸਰ ਐਸੀਆਂ ਹੀ ਗ਼ਲਤੀਆਂ ਕਰਦੇ ਹਨ।

1971 ਵਿੱਚ ਭਾਰਤੀ ਫੌਜ ਦੇ ਜਨਰਲ ਜੇ.ਐਨ. ਚੌਧਰੀ ਨੇ ਰਾਸ਼ਟਰੀ ਸੁਰੱਖਿਆ 'ਤੇ ਇੱਕ ਭਾਸ਼ਣ ਦਿੱਤਾ। ਖੁਫੀਆ ਜਾਣਕਾਰੀ ਦੀ ਭੂਮਿਕਾ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਜੰਗ ਦੇ ਸਮੇਂ ਵਿੱਚ ਇਹ ਜਾਣਨਾ ਜ਼ਰੂਰੀ ਹੈ ਕਿ ਦੁਸ਼ਮਣ ਅਸਲ ਵਿੱਚ ਕੀ ਕਰਨ ਵਾਲਾ ਹੈ। ਫੌਜੀ ਕਮਾਂਡਰਾਂ ਨੂੰ ਆਪਣੇ ਫੈਸਲੇ ਦੁਸ਼ਮਣ ਦੀ ਰਣਨੀਤੀ ਦੀ ਠੋਸ ਜਾਣਕਾਰੀ ਦੇ ਅਧਾਰ 'ਤੇ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਇਸ ਗੱਲ ਨੂੰ ਸਮਝਾਉਣ ਲਈ ਉਨ੍ਹਾਂ ਨੇ 1961 ਵਿੱਚ ਗੋਆ 'ਤੇ ਭਾਰਤ ਦੇ ਕਬਜ਼ੇ ਦੌਰਾਨ ਵਾਪਰੀ ਇੱਕ ਘਟਨਾ ਦਾ ਹਵਾਲਾ ਦਿੱਤਾ। ਜਦੋਂ ਭਾਰਤੀ ਦੱਖਣੀ ਕਮਾਂਡ ਨੂੰ ਵਾਇਰਲੈੱਸ 'ਤੇ ਪੁੱਛਿਆ ਗਿਆ ਕਿ ਕੀ ਪੁਰਤਗਾਲੀਆਂ ਕੋਲ "ਬਖਤਰਬੰਦ ਕਾਰਾਂ ਅਤੇ ਟੈਂਕ" ਹਨ, ਤਾਂ ਜਵਾਬ ਆਇਆ: "ਟੈਂਕਾਂ ਨਾਲ ਸਭ ਕੁਝ ਠੀਕ ਹੈ। ਪਰ ਉਨ੍ਹਾਂ ਕੋਲ ਸਿਰਫ 15,000 ਗੈਲਨ ਪਾਣੀ ਦੀ ਸਮਰੱਥਾ ਹੈ।" ਸਵਾਲ ਜੰਗੀ ਟੈਂਕਾਂ ਬਾਰੇ ਸੀ, ਪਰ ਜੋ ਜਵਾਬ ਆਇਆ ਉਹ ਪਾਣੀ ਦੇ ਟੈਂਕਾਂ ਨਾਲ ਸਬੰਧਤ ਸੀ।

ਇਹ ਘਟਨਾ ਇਸ ਗੱਲ ਦੀ ਪੂਰੀ ਤਰ੍ਹਾਂ ਵਿਆਖਿਆ ਕਰਦੀ ਹੈ ਕਿ ਜਦੋਂ ਕਿਸੇ ਕੰਮ ਵਿੱਚ ਕਈ ਲੋਕ ਮਿਲ ਕੇ ਕੰਮ ਕਰਦੇ ਹਨ, ਤਾਂ ਹਰ ਇੱਕ ਦਾ ਆਪਣਾ ਕਿਰਦਾਰ ਠੀਕ ਤਰੀਕੇ ਨਾਲ ਨਿਭਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਜੇ ਹਰ ਵਿਅਕਤੀ ਆਪਣਾ ਕੰਮ ਸਹੀ ਢੰਗ ਨਾਲ ਕਰੇ ਤਾਂ ਪੂਰਾ ਪ੍ਰੋਜੈਕਟ ਸਫ਼ਲਤਾ ਨਾਲ ਪੂਰਾ ਹੋ ਸਕਦਾ ਹੈ। ਪਰ ਜੇ ਇੱਕ ਵਿਅਕਤੀ ਵੀ ਆਪਣਾ ਫਰਜ਼ ਠੀਕ ਤਰੀਕੇ ਨਾਲ ਨਾ ਨਿਭਾਏ, ਤਾਂ ਸਾਰੀ ਮਿਹਨਤ ਵਿਅਰਥ ਹੋ ਜਾਂਦੀ ਹੈ, ਕਿਉਂਕਿ ਕੋਈ ਇੱਕ ਵਿਅਕਤੀ ਦੂਜੇ ਦਾ ਕੰਮ ਨਹੀਂ ਕਰ ਸਕਦਾ।

ਮਤਭੇਦਾਂ ਤੇ ਸ਼ਿਕਾਇਤਾਂ ਨੂੰ ਪਾਸੇ ਰੱਖਣਾ

ਇੱਕ ਫ਼ਾਰਸੀ ਕਵੀ ਲਿਖਦਾ ਹੈ: "ਸੌ ਵਾਰ ਮੈਂ ਆਪਣੇ ਪ੍ਰੇਮੀ ਨਾਲ ਲੜਿਆ ਹਾਂ; ਸੌ ਵਾਰ ਉਸ ਨਾਲ ਮਿਤ੍ਰਤਾ ਕੀਤੀ ਹੈ। ਪਰ ਉਸ ਨੂੰ ਨਾ ਮੇਰੇ ਲੜਨ ਦੀ ਖ਼ਬਰ ਸੀ, ਨਾ ਮੇਰੇ ਮਿਲਣ ਦੀ।"

ਇਹ ਕਥਨ ਭਾਵੇਂ ਸ਼ਾਇਰੀ ਦੀ ਦੁਨੀਆ ਨਾਲ ਸੰਬੰਧਿਤ ਲੱਗਦਾ ਹੈ, ਪਰ ਅਸਲ ਜੀਵਨ ਵਿੱਚ ਇਸ ਦੀ ਬਹੁਤ ਵੱਡੀ ਮਹੱਤਤਾ ਹੈ। ਇਹ ਸਾਨੂੰ ਇਸ ਗੱਲ ਦੀ ਜਾਣਕਾਰੀ ਦਿੰਦਾ ਹੈ ਕਿ ਜੀਵਨ ਵਿਚ ਕਿਸੇ ਵੀ ਮਹਾਨ ਉਦੇਸ਼ ਦੀ ਪ੍ਰਾਪਤੀ ਲਈ ਕਿਸ ਤਰ੍ਹਾਂ ਦੇ ਲੋਕਾਂ ਦੀ ਜ਼ਰੂਰਤ ਹੁੰਦੀ ਹੈ। ਉਪਰੋਕਤ ਕਥਨ ਤੋਂ ਭਾਵ ਹੈ ਉਹ ਲੋਕ ਜੋ ਆਪਣੇ ਅੰਦਰ ਉੱਠਦੇ ਸ਼ਿਕਵੇ ਤੇ ਗਿਲੇ ਦੱਬ ਸਕਣ ਦੀ ਸਮਰੱਥਾ ਰੱਖਦੇ ਹਨ।

ਕੋਈ ਵੱਡਾ ਮਕਸਦ ਇਕੱਲੇ ਵਿਅਕਤੀ ਦੁਆਰਾ ਪੂਰਾ ਨਹੀਂ ਹੋ ਸਕਦਾ। ਚਾਹੇ ਸਧਾਰਣ ਕੰਮ ਹੀ ਕਿਉਂ ਨਾ ਹੋਵੇ, ਕਈ ਲੋਕਾਂ ਨੂੰ ਮਿਲਕੇ ਕੋਸ਼ਿਸ਼ ਕਰਨੀ ਪੈਂਦੀ ਹੈ। ਪਰ ਇਕੱਠੇ ਕੰਮ ਕਰਨ ਦੇ ਲਾਭਾਂ ਦੇ ਨਾਲ ਨਾਲ ਲੋਕਾਂ ਵਿਚ ਅਸਹਿਮਤੀਆਂ ਦੀ ਇੱਕ ਵੱਡੀ ਸਮੱਸਿਆ ਵੀ ਹੁੰਦੀ ਹੈ।

ਜਿੱਥੇ ਵੀ ਲੋਕ ਇਕੱਠੇ ਕੰਮ ਕਰਦੇ ਹਨ, ਉਥੇ ਛੋਟੇ-ਵੱਡੇ ਗਿਲੇ-ਸ਼ਿਕਵੇ ਪੈਦਾ ਹੋਣੇ ਲਾਜ਼ਮੀ ਹਨ। ਕਈ ਵਾਰ ਇਕ ਨੂੰ ਸ਼ਲਾਘਾ ਘੱਟ ਮਿਲਦੀ ਹੈ, ਦੂਜੇ ਨੂੰ ਵੱਧ। ਕੋਈ ਉੱਚੇ ਪਦ 'ਤੇ ਪਹੁੰਚ ਜਾਂਦਾ ਹੈ ਤੇ ਕਿਸੇ ਨੂੰ ਨੀਵੇਂ ਦਰਜੇ ਨਾਲ ਸੰਤੁਸ਼ਟ ਰਹਿਣਾ ਪੈਂਦਾ ਹੈ। ਕਈ ਵਾਰ ਕਿਸੇ ਦੀ ਕਹੀ ਗੱਲ ਕਿਸੇ ਹੋਰ ਨੂੰ ਚੁੱਭ ਜਾਂਦੀ ਹੈ ਤੇ ਕਈ ਵਾਰ ਕਿਸੇ ਦਾ ਕੀਤਾ ਕੰਮ ਕਿਸੇ ਹੋਰ ਦੇ ਹਿੱਤਾਂ ਨੂੰ ਠੇਸ ਪਹੁੰਚਾਉਂਦਾ ਹੈ। ਜੋ ਵੀ ਕਾਰਨ ਹੋਵੇ, ਐਸੀਆਂ ਸਥਿਤੀਆਂ ਵਿਚ ਅਕਸਰ ਰੋਸ, ਈਰਖਾ, ਗੁੱਸਾ ਅਤੇ ਵੈਰ ਦੀ ਭਾਵਨਾ ਪੈਦਾ ਹੁੰਦੀ ਹੈ।

ਇਹਨਾਂ ਹਾਲਾਤਾਂ ਵਿਚ ਇਕ ਹੀ ਵਿਹਾਰਕ ਹੱਲ ਹੈ। ਉਹ ਹੈ ਹਰ ਵਿਅਕਤੀ ਨੂੰ ਆਪਣੇ ਆਪ ਨੂੰ "ਆਤਮ-ਸੁਧਾਰ ਯੰਤਰ" ਵਿਚ ਤਬਦੀਲ ਕਰਨਾ ਪਵੇਗਾ। ਉਸ ਨੂੰ ਆਪਣੇ ਅੰਦਰ ਪੈਦਾ ਹੋ ਰਹੀ ਨਫ਼ਰਤ ਨੂੰ ਖ਼ਤਮ ਕਰਨਾ ਸਿੱਖਣਾ ਪਵੇਗਾ। ਆਪਣੇ ਮਨ ਅੰਦਰ ਰੱਖੇ ਹੋਏ ਗਿਲੇ-ਸ਼ਿਕਵੇ ਭੁੱਲਣੇ ਪੈਣਗੇ। ਸਿਰਫ਼ ਤਦ ਹੀ ਲੋਕ ਇਕੱਠੇ ਮਿਹਨਤ ਕਰ ਸਕਣਗੇ, ਇਕੱਠੇ ਅੱਗੇ ਵਧ ਸਕਣਗੇ।

ਸਮਾਜ ਨੂੰ ਜੋੜ ਕੇ ਰੱਖਣ ਦੀ ਤਾਕਤ

ਭਾਫ਼ ਦੇ ਇੰਜਣ ਦੇ ਜ਼ਮਾਨੇ ਵਿੱਚ ਇੰਜਣ ਚਲਾਉਣ ਵਾਲੇ ਨੂੰ ਬਲਦੀ ਅੱਗ ਦੇ ਬਿਲਕੁਲ ਨੇੜੇ ਖੜ੍ਹਾ ਰਹਿਣਾ ਪੈਂਦਾ ਸੀ। ਇਹ ਉਸ ਦੇ ਕੰਮ ਦਾ ਹਿੱਸਾ ਸੀ ਤੇ

ਬਿਨਾਂ ਇਸ ਦੇ ਕੋਈ ਰੇਲਗੱਡੀ ਨਹੀਂ ਸੀ ਚੱਲ ਸਕਦੀ। ਸਮਾਜਿਕ ਜੀਵਨ ਵਿੱਚ ਵੀ ਕੁਝ ਸਮਾਜ ਰੂਪੀ ਇੰਜਣ ਚਲਾਉਣ ਵਾਲੇ ਹੁੰਦੇ ਹਨ। ਉਹ ਵੀ ਅਕਸਰ ਸਮਾਜ ਦੇ ਹੋਰ ਜੀਵਾਂ ਪ੍ਰਤੀ ਆਪਣੇ ਗੁੱਸੇ ਦੀ ਭੜਕਦੀ ਅੱਗ ਦਾ ਸਾਹਮਣਾ ਕਰਦੇ ਹਨ।

ਉਹ ਬੇਈਮਾਨਾਂ, ਧੋਖੇਬਾਜ਼ਾਂ ਅਤੇ ਕੰਮਚੋਰਾਂ ’ਤੇ ਕ੍ਰੋਧ ਕਰਦੇ ਹਨ, ਫਿਰ ਚਾਹੇ ਉਹ ਸੱਚਮੁੱਚ ਹੋਣ ਜਾਂ ਉਨ੍ਹਾਂ ਦੀ ਕਲਪਨਾ ਦੇ ਪੈਦਾ ਕੀਤੇ ਹੋਣ। ਪਰ ਜਿਵੇਂ ਇੰਜਣ ਚਲਾਉਣ ਵਾਲਾ ਇੰਜਣ ਦੀ ਅੱਗ ਤੇ ਆਪਣੇ ਅੰਦਰ ਪਨਪ ਰਹੀ ਭੱਜ ਜਾਣ ਦੀ ਇੱਛਾ— ਦੋਹਾਂ ’ਤੇ ਕਾਬੂ ਪਾਉਂਦਾ ਹੈ, ਉਸੇ ਤਰ੍ਹਾਂ ਸਮਾਜ ਵਿੱਚ ਰਹਿਣ ਵਾਲੇ ਵਿਅਕਤੀ ਨੂੰ ਵੀ ਆਪਣੇ ਗੁੱਸੇ ਤੇ ਮਾੜੀਆਂ ਸਥਿਤੀਆਂ ਤੋਂ ਭਾਂਜ ਦੀ ਖ਼ਾਹਿਸ਼ ਦੋਹਾਂ ਨੂੰ ਕਾਬੂ ਕਰਨਾ ਪੈਂਦਾ ਹੈ।

ਜੇਕਰ ਕਿਸੇ ਸਮਾਜ ਨੂੰ ਇਕਜੁਟ ਰਹਿਣਾ ਹੈ ਤੇ ਮਿਲਕੇ ਕੰਮ ਕਰਨਾ ਹੈ ਤਾਂ ਉਸਦੇ ਮੈਂਬਰਾਂ ਨੂੰ ਉਹਨਾਂ ਲੋਕਾਂ ਨੂੰ ਬਰਦਾਸ਼ ਕਰਨਾ ਸਿੱਖਣਾ ਪਵੇਗਾ ਜੋ ਉਨ੍ਹਾਂ ਨਾਲ ਵਿਰੋਧ ਕਰਦੇ ਹਨ ਜਾਂ ਉਨ੍ਹਾਂ ਨੂੰ ਚੋਟ ਪਹੁੰਚਾਉਂਦੇ ਹਨ। ਕੋਈ ਵੀ ਸਮੂਹ ਐਸਾ ਨਹੀਂ ਜਿੱਥੇ ਵਿਚਾਰਕ ਮਤ-ਭੇਦ ਨਾ ਹੋਣ, ਨਾ ਹੀ ਕੋਈ ਐਸਾ ਹੈ ਜਿੱਥੇ ਕਦੇ ਵੀ ਰੋਸ ਜਾਂ ਸ਼ਿਕਵੇ ਜਨਮ ਨਾ ਲੈਣ। ਇਹ ਸੋਚਣਾ ਕਿ ਸਭ ਕੁਝ ਹਮੇਸ਼ਾਂ ਸੁਖਾਲਾ ਰਹੇਗਾ—ਹਕੀਕਤ ਤੋਂ ਪਰੇ ਦੀ ਗੱਲ ਹੈ।

ਫਿਰ ਲੋਕ ਇਕੱਠੇ ਕਿਵੇਂ ਰਹਿ ਸਕਦੇ ਹਨ? ਜਦੋਂ ਵਿਅਕਤੀਆਂ ਵਿਚਕਾਰ ਵੱਡੇ ਫਰਕ ਹੋਣ ਤਾਂ ਸਮਾਜ ਨੂੰ ਇਕਜੁਟ ਕਿਵੇਂ ਕੀਤਾ ਜਾ ਸਕਦਾ ਹੈ? ਇਕੋ ਰਸਤਾ ਹੈ— ਲੋਕਾਂ ਨੂੰ ਆਪਣੇ ਮਤ-ਭੇਦ ਛੱਡਣੇ ਪੈਣਗੇ ਤੇ “ਅਸਹਿਮਤੀ ’ਤੇ ਸਹਿਮਤ” ਹੋਣਾ ਪਵੇਗਾ। ਪਰ ਇਹ ਤਦ ਹੀ ਸੰਭਵ ਹੈ ਜਦੋਂ ਲੋਕ ਮੁਸ਼ਕਲ ਹਾਲਾਤਾਂ ਵਿੱਚ ਠੰਡੇ ਦਿਮਾਗ ਅਤੇ ਸਮਝਦਾਰੀ ਨਾਲ ਪ੍ਰਤੀਕ੍ਰਿਆ ਦੇਣ। ਉਹ ਨਾ ਸਿਰਫ਼ ਵਿਅਕਤਿਗਤ ਪੱਧਰ ’ਤੇ, ਸਗੋਂ ਸਮੁੱਚੀ ਕੌਮ ਪ੍ਰਤੀ ਵੀ ਆਪਣੇ ਫ਼ਰਜ਼ਾਂ ਨੂੰ ਸਮਝਣ।

ਇਹ ਸੁਣਨ ਵਿੱਚ ਅਸੰਭਵ ਜਿਹਾ ਲੱਗ ਸਕਦਾ ਹੈ, ਪਰ ਅਸਲ ਵਿੱਚ ਇਹ ਐਸਾ ਨਹੀਂ। ਹਰ ਵਿਅਕਤੀ ਆਪਣੇ ਘਰ ਵਿੱਚ ਇਹੀ ਕਰਦਾ ਹੈ। ਆਮ ਪਰਿਵਾਰਾਂ ਵਿੱਚ ਹਰ ਰੋਜ਼ ਵਿਚਾਰਕ ਮਤ-ਭੇਦ ਹੁੰਦੇ ਹਨ, ਪਰ ਪਿਆਰ ਅਤੇ ਰਿਸ਼ਤੇ ਵਿਚ ਵੱਡਿਆਂ ਦੇ ਮਾਣ ਕਰਕੇ ਰਿਸ਼ਤੇ ਸਰਵੋਤਮ ਰਹਿੰਦੇ ਹਨ। ਆਖ਼ਿਰਕਾਰ ਗਿਲੇ-ਸ਼ਿਕਵੇ ਮਿਟ ਜਾਂਦੇ ਹਨ ਅਤੇ ਪਰਿਵਾਰ ਇਕੱਠਾ ਰਹਿੰਦਾ

ਹੈ। ਹਰ ਘਰ ਇਸ ਗੱਲ ਦਾ ਪ੍ਰਤੱਖ ਉਦਾਹਰਣ ਹੈ ਕਿ ਲੋਕ ਅਸਹਿਮਤੀ ’ਤੇ ਵੀ ਸਹਿਮਤ ਰਹਿ ਸਕਦੇ ਹਨ।

ਇਹ ਦੇਣ-ਲੈਣ ਦੀ ਭਾਵਨਾ ਜੋ ਪਰਿਵਾਰ ਵਿੱਚ ਕੁਦਰਤੀ ਤੌਰ ’ਤੇ ਪੈਦਾ ਹੁੰਦੀ ਹੈ, ਉਹ ਸਮਾਜ ਵਿੱਚ ਤਦ ਹੀ ਉਭਰਦੀ ਹੈ ਜਦੋਂ ਲੋਕ ਸੂਝ-ਬੂਝ ਨਾਲ ਇਸ ਲਈ ਯਤਨ ਕਰਦੇ ਹਨ। ਪਰਿਵਾਰ ਨੂੰ ਜੋੜੇ ਰੱਖਣ ਵਾਲੀ ਭਾਵਨਾ ਜਿੱਥੇ ਭਾਵਨਾਤਮਕ ਹੁੰਦੀ ਹੈ, ਉਥੇ ਸਮਾਜ ਨੂੰ ਜੋੜ ਕੇ ਰੱਖਣ ਵਾਲੀ ਤਾਕਤ ਤਰਕਸੰਗਤ ਹੁੰਦੀ ਹੈ, ਜੋ ਲੋਕਾਂ ਨੂੰ ਸਾਰੇ ਫਰਕਾਂ ਦੇ ਬਾਵਜੂਦ ਇਕੱਠਾ ਰਹਿਣ ਲਈ ਪ੍ਰੇਰਿਤ ਕਰਦੀ ਹੈ।

ਚਰਿੱਤਰ ਹੀ ਰਾਸ਼ਟਰ ਨਿਰਮਾਣ ਕਰਦਾ ਹੈ

‘ਟੋਯੋਟਾ’, ਜਾਪਾਨ ਦੀ ਇੱਕ ਮਸ਼ਹੂਰ ਮੋਟਰ ਕੰਪਨੀ, ਪਿਛਲੇ ਤੀਹ ਸਾਲਾਂ ਤੋਂ ਬਿਨਾਂ ਇੱਕ ਵੀ ਦਿਨ ਵਿਅਰਥ ਕੀਤੇ ਕੰਮ ਕਰ ਰਹੀ ਹੈ। ਇਸਦੇ ਉਤਪਾਦਨ ਵਿੱਚ ਕਦੇ ਵੀ ਢਿੱਲ ਨਹੀਂ ਆਈ। ਇਹ ਜਾਪਾਨ ਦੀ ਉਦਯੋਗਿਕ ਤਰੱਕੀ ਦੇ ਅਨੇਕਾਂ ਉਦਾਹਰਣਾਂ ਵਿੱਚੋਂ ਸਿਰਫ਼ ਇੱਕ ਹੈ। ਅਮਰੀਕਾ ਦੀ ‘ਜਨਰਲ ਮੋਟਰਸ’ ਅਤੇ ‘ਫੋਰਡ’ ਮੋਟਰ ਕੰਪਨੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਕਾਰ ਨਿਰਮਾਤਾ ਕੰਪਨੀਆਂ ਹਨ। ਉਨ੍ਹਾਂ ਦੀ ਪ੍ਰਤੀ ਕਰਮਚਾਰੀ ਸਾਲਾਨਾ ਉਤਪਾਦਨ ਔਸਤਨ 11 ਕਾਰਾਂ ਹਨ, ਜਦਕਿ ਟੋਯੋਟਾ ਦਾ ਪ੍ਰਤੀ ਕਰਮਚਾਰੀ ਉਤਪਾਦਨ 33 ਕਾਰਾਂ ਪ੍ਰਤੀ ਸਾਲ ਹੈ।

ਇਹ ਗੱਲ ਗ਼ੌਰ ਕਰਨ ਯੋਗ ਹੈ ਕਿ ਜਾਪਾਨ ਵਿੱਚ ਉਦਯੋਗ ਲਈ ਲੋੜੀਂਦੇ ਮੁੱਖ ਕੱਚੇ ਮਾਲ— ਕੋਇਲਾ, ਲੋਹਾ, ਤੇਲ ਆਦਿ ਬਿਲਕੁਲ ਨਹੀਂ ਜਾਂ ਬਹੁਤ ਘੱਟ ਮਾਤਰਾ ਵਿੱਚ ਹਨ। ਫਿਰ ਵੀ ਜਾਪਾਨ ਉਦਯੋਗਿਕ ਤਰੱਕੀ ਵਿੱਚ ਦੁਨੀਆ ਦੇ ਸਭ ਦੇਸ਼ਾਂ ਨੂੰ ਪਿੱਛੇ ਛੱਡ ਚੁੱਕਾ ਹੈ। ਇਹ ਕਿਵੇਂ ਸੰਭਵ ਹੋਇਆ? ਹਿੰਦੁਸਤਾਨ ਟਾਈਮਜ਼ ਦੇ 25 ਅਗਸਤ 1981 ਦੇ ਇੱਕ ਟਿੱਪਣੀਕਾਰ ਨੇ ਇਸ ਦਾ ਜਵਾਬ ਦਿੱਤਾ:

"ਜਾਪਾਨ ਦੀ ਕਾਮਯਾਬੀ ਦਾ ਰਾਜ਼ ਹੈ, ਰਾਸ਼ਟਰੀ ਸਮਝੌਤੇ ਅਤੇ ਸਹਿਯੋਗ ਦੀ ਭਾਵਨਾ ਅਤੇ ਦੇਸ਼, ਕੰਪਨੀ ਜਾਂ ਪਰਿਵਾਰ ਦੇ ਚੰਗੇ ਭਵਿੱਖ ਲਈ ਥੋੜ੍ਹੇ ਸਮੇਂ ਦੀਆਂ ਮੁਸ਼ਕਲਾਂ ਸਹਿਣ ਲਈ ਤਿਆਰ ਰਹਿਣਾ।"

ਇਸਦਾ ਮਤਲਬ ਹੈ ਕਿ ਰਾਸ਼ਟਰ ਨਿਰਮਾਣ ਵਿੱਚ ਸਭ ਤੋਂ ਵੱਡਾ ਹਿੱਸਾ ਸੁਭਾਅ ਜਾਂ ਚਰਿੱਤਰ ਦਾ ਹੁੰਦਾ ਹੈ। ਜਿਵੇਂ ਕਿਸੇ ਇਮਾਰਤ ਦੇ ਨਿਰਮਾਣ ਲਈ ਇੱਟਾਂ ਲਾਜ਼ਮੀ ਹੁੰਦੀਆਂ ਹਨ, ਉਸੇ ਤਰ੍ਹਾਂ ਕਿਸੇ ਰਾਸ਼ਟਰ ਦੇ ਨਿਰਮਾਣ ਲਈ ਮਜ਼ਬੂਤ ਚਰਿੱਤਰ ਬਹੁਤ ਲਾਜ਼ਮੀ ਹੈ।

ਕੱਚੀਆਂ ਇੱਟਾਂ ਨਾਲ ਬਣਿਆ ਘਰ ਕਦੇ ਭਰੋਸੇਯੋਗ ਨਹੀਂ ਹੁੰਦਾ, ਛੋਟੀ ਜਿਹੀ ਆਪਦਾ ਵੀ ਉਸਨੂੰ ਢਾਹ ਸਕਦੀ ਹੈ। ਪਰ ਜਿਹੜੀ ਇਮਾਰਤ ਤੰਦੂਰ 'ਚ ਪੱਕੀਆਂ ਇੱਟਾਂ ਨਾਲ ਬਣਦੀ ਹੈ, ਉਹ ਤੂਫ਼ਾਨਾਂ ਤੇ ਬਾਰਸ਼ਾਂ ਦਾ ਵੀ ਸਾਹਮਣਾ ਆਸਾਨੀ ਨਾਲ ਕਰ ਸਕਦੀ ਹੈ।

ਉਹ ਚਰਿੱਤਰ ਜੋ ਮੁਸ਼ਕਲ ਸਮੇਂ ਵਿੱਚ ਵੀ ਡਗਮਗਾਉਂਦਾ ਨਹੀਂ, ਪੱਕੀ ਇੱਟ ਵਾਂਗ ਮਜ਼ਬੂਤ ਰਹਿੰਦਾ ਹੈ, ਅਸਲ ਵਿੱਚ ਉਹੀ ਰਾਸ਼ਟਰ ਦੀ ਨੀਂਹ ਹੁੰਦਾ ਹੈ ਕਿਉਂਕਿ ਐਸਾ ਚਰਿੱਤਰ ਹੀ ਉਦਯੋਗੀਕਰਨ ਦੀਆਂ ਜਟਿਲ ਪ੍ਰਕਿਰਿਆਵਾਂ ਵਿਚ ਖੁਦ ਨੂੰ ਢਾਲ ਸਕਦਾ ਹੈ ਤੇ ਦੇਸ਼ ਦੀ ਤਰੱਕੀ ਨਾਲ ਲਗਾਤਾਰ ਜੁੜਿਆ ਰਹਿੰਦਾ ਹੈ।

ਮਜ਼ਬੂਤ ਰਾਸ਼ਟਰ ਦਾ ਨਿਰਮਾਣ

ਇੱਕ ਭਾਰਤੀ ਉਦਯੋਗਪਤੀ 1965 ਵਿੱਚ ਪੱਛਮੀ ਜਰਮਨੀ ਗਿਆ। ਉੱਥੇ ਉਸਨੇ ਇੱਕ ਫੈਕਟਰੀ ਦਾ ਦੌਰਾ ਕੀਤਾ। ਜਦੋਂ ਉਹ ਮਸ਼ੀਨਾਂ ਅਤੇ ਕੰਮ ਦੇ ਤਰੀਕਿਆਂ ਨੂੰ ਵੇਖਦਾ ਹੋਇਆ ਇੱਕ ਮਜ਼ਦੂਰ ਕੋਲ ਪਹੁੰਚਿਆ ਤਾਂ ਉਸ ਨਾਲ ਕੁਝ ਸਵਾਲ ਕਰਨੇ ਚਾਹੇ। ਪਰ ਹੈਰਾਨੀ ਦੀ ਗੱਲ ਇਹ ਸੀ ਕਿ ਕਈ ਵਾਰ ਪੁੱਛਣ ਦੇ ਬਾਵਜੂਦ ਵੀ ਉਸ ਮਜ਼ਦੂਰ ਨੇ ਕੋਈ ਜਵਾਬ ਨਹੀਂ ਦਿੱਤਾ। ਉਹ ਚੁੱਪਚਾਪ ਆਪਣਾ ਕੰਮ ਕਰਦਾ ਰਿਹਾ।

ਕੁਝ ਸਮੇਂ ਬਾਅਦ ਜਦੋਂ ਦੁਪਹਿਰ ਦੇ ਖਾਣੇ ਦੀ ਘੰਟੀ ਵੱਜੀ ਅਤੇ ਸਾਰੇ ਮਜ਼ਦੂਰ ਖਾਣੇ ਲਈ ਚਲੇ ਗਏ ਤਾਂ ਉਹੀ ਮਜ਼ਦੂਰ, ਜੋ ਹੁਣ ਤੱਕ ਚੁੱਪ ਸੀ, ਉਸ

ਭਾਰਤੀ ਮਹਿਮਾਨ ਕੋਲ ਆਇਆ, ਉਸ ਨਾਲ ਪਿਆਰ ਨਾਲ ਹੱਥ ਮਿਲਾਇਆ ਅਤੇ ਥੋੜ੍ਹੀ ਹੈਰਾਨੀ ਭਰੇ ਲਹਿਜ਼ੇ ਵਿੱਚ ਪੁੱਛਿਆ, "ਕੀ ਤੁਹਾਡੇ ਦੇਸ਼ ਵਿੱਚ ਕੰਮ ਦੇ ਸਮੇਂ ਮਜ਼ਦੂਰਾਂ ਨਾਲ ਗੱਲ ਕੀਤੀ ਜਾਂਦੀ ਹੈ?" ਬਿਨਾਂ ਜਵਾਬ ਦੀ ਉਡੀਕ ਕੀਤੇ, ਉਸਨੇ ਤੁਰੰਤ ਕਿਹਾ, "ਜੇ ਮੈਂ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਕੰਮ ਛੱਡ ਦਿੰਦਾ ਤਾਂ ਮੇਰੇ ਕੁਝ ਮਿੰਟ ਵਿਅਰਥ ਹੋ ਜਾਂਦੇ। ਇਸ ਨਾਲ ਕੰਪਨੀ ਦਾ ਨੁਕਸਾਨ ਹੁੰਦਾ ਅਤੇ ਦੇਸ਼ ਦਾ ਵੀ। ਅਸੀਂ ਇੱਥੇ ਦੇਸ਼ ਨੂੰ ਅੱਗੇ ਵਧਾਉਣ ਲਈ ਹਾਂ, ਨਾ ਕਿ ਨੁਕਸਾਨ ਪਹੁੰਚਾਉਣ ਲਈ।"

ਇਸ ਤਰ੍ਹਾਂ ਦਾ ਉੱਚ ਚਰਿੱਤਰ ਹੀ ਪੱਛਮੀ ਦੇਸ਼ਾਂ ਦੀ ਕਾਮਯਾਬੀ ਦਾ ਅਸਲ ਕਾਰਨ ਹੈ। 1945 ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ ਜਰਮਨੀ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ। ਪਰ ਸਿਰਫ਼ 25 ਸਾਲਾਂ ਵਿੱਚ ਹੀ ਉਸਨੇ ਆਪਣੀ ਪੁਰਾਣੀ ਤਾਕਤ ਤੋਂ ਵੀ ਕਿਤੇ ਵੱਧ ਤਾਕਤ ਮੁੜ ਹਾਸਲ ਕਰ ਲਈ। ਇਹ ਹੈਰਾਨੀਜਨਕ ਤਰੱਕੀ ਇਸ ਕਰਕੇ ਹੋਈ ਕਿ ਹਰ ਜਰਮਨ ਨਾਗਰਿਕ ਨੇ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ। ਉਨ੍ਹਾਂ ਲਈ ਵਿਅਕਤੀਗਤ ਸਵਾਰਥ ਦੇਸ਼ ਦੀ ਉੱਨਤੀ ਤੋਂ ਹਮੇਸ਼ਾ ਹੇਠਾਂ ਸੀ। ਉਹ ਆਪਣੀ ਜੀਵੀਕਾ ਲਈ ਕੰਮ ਕਰਦੇ ਸਨ, ਪਰ ਦੇਸ਼ ਦਾ ਨੁਕਸਾਨ ਕਦੇ ਨਹੀਂ ਸੋਚਦੇ ਸਨ। ਜਦੋਂ ਵੀ ਵਿਅਕਤੀਗਤ ਅਤੇ ਰਾਸ਼ਟਰੀ ਹਿਤਾਂ ਵਿਚ ਟਕਰਾਅ ਹੁੰਦਾ, ਉਹ ਵਿਅਕਤੀ ਆਪਣੇ ਸਵਾਰਥ ਦੀ ਬਲੀ ਦੇਸ਼ ਦੇ ਹਿੱਤ ਵਿੱਚ ਦੇ ਦਿੰਦਾ ਸੀ।

ਕਿਸੇ ਵੀ ਰਾਸ਼ਟਰ ਦੀ ਹਾਲਤ ਉਸਦੇ ਆਮ ਲੋਕਾਂ ਦੀ ਹਾਲਤ 'ਤੇ ਨਿਰਭਰ ਕਰਦੀ ਹੈ। ਜੇ ਲੋਕ ਆਪਣਾ ਕੰਮ ਇਮਾਨਦਾਰੀ ਨਾਲ ਕਰਦੇ ਹਨ ਤਾਂ ਦੇਸ਼ ਤਰੱਕੀ ਕਰਦਾ ਹੈ। ਪਰ ਜੇ ਉਹ ਆਪਣਾ ਸਮਾਂ ਵਿਅਰਥ ਗੁਆ ਰਹੇ ਹਨ ਤਾਂ ਰਾਸ਼ਟਰ ਕਮਜ਼ੋਰ ਹੋ ਜਾਂਦਾ ਹੈ। ਦੇਸ਼ ਇੱਕ ਮਸ਼ੀਨ ਵਾਂਗ ਹੈ, ਜਦ ਤਕ ਇਸਦੇ ਸਾਰੇ ਹਿੱਸੇ ਉੱਚ ਗੁਣਵੱਤਾ ਵਾਲੇ, ਚੰਗੀ ਤਰ੍ਹਾਂ ਜੋੜੇ ਹੋਏ ਤੇ ਕੰਮ ਕਰਨ ਯੋਗ ਹਨ, ਤਦ ਤਕ ਹੀ ਉੱਤਮ ਢੰਗ ਨਾਲ ਕਾਰਜ ਕਰਦੀ ਹੈ।

ਇਸੇ ਤਰ੍ਹਾਂ, ਇੱਕ ਸਫ਼ਲ ਰਾਸ਼ਟਰ ਉਹੀ ਹੋ ਸਕਦਾ ਹੈ ਜੋ ਚੰਗੇ ਚਰਿੱਤਰ ਵਾਲੇ, ਸਮਾਜਿਕ ਤੌਰ 'ਤੇ ਇਕਜੁਟ ਅਤੇ ਸਹਿਯੋਗ ਦੀ ਭਾਵਨਾ ਰੱਖਣ ਵਾਲੇ ਲੋਕਾਂ ਨਾਲ ਬਣਿਆ ਹੋਵੇ। ਅਸਲ ਵਿੱਚ ਰਾਸ਼ਟਰ ਨਿਰਮਾਣ ਦਾ ਮਤਲਬ ਹੈ ਚਰਿੱਤਰ ਨਿਰਮਾਣ ਕਿਉਂਕਿ ਚਰਿੱਤਰ ਤੋਂ ਬਿਨਾਂ ਉਹ ਨਿਸ਼ਕਾਮ ਭਾਵਨਾ, ਜੋ ਰਾਸ਼ਟਰੀ ਸਫਲਤਾ ਲਈ ਲਾਜ਼ਮੀ ਹੈ, ਕਦੇ ਜਨਮ ਨਹੀਂ ਲੈ ਸਕਦੀ। ਜੇ

ਵਿਅਕਤੀਆਂ ਦਾ ਸੁਧਾਰ ਨਹੀਂ ਹੁੰਦਾ ਤਾਂ ਰਾਸ਼ਟਰ ਦਾ ਸੁਧਾਰ ਸਿਰਫ਼ ਇਕ ਬੇਅਸਰ ਤੇ ਬੇਮਾਇਨਾ ਸੁਪਨਾ ਹੀ ਰਹਿ ਜਾਂਦਾ ਹੈ।

ਰਚਨਾਤਮਕ ਸੁਭਾਅ ਰੱਖਣਾ

ਨਵੀਂ ਦਿੱਲੀ ਦੇ ਡਾ. ਅਬਦੁਲ ਜਲੀਲ ਨੂੰ 1970 ਵਿੱਚ ਜਪਾਨ ਜਾਣ ਦਾ ਮੌਕਾ ਮਿਲਿਆ। ਉਹ ਉੱਥੇ ਛੇ ਮਹੀਨੇ ਰਹੇ। ਬਾਅਦ ਵਿੱਚ ਉਨ੍ਹਾਂ ਨੇ ਇੱਕ ਘਟਨਾ ਬਿਆਨ ਕੀਤੀ ਜੋ ਜਪਾਨੀ ਚਰਿੱਤਰ ਤੇ ਸੁਭਾਅ 'ਤੇ ਰੌਸ਼ਨੀ ਪਾਉਂਦੀ ਹੈ। ਟੋਕਿਓ ਵਿੱਚ ਰਹਿੰਦੇ ਸਮੇਂ ਉਹ ਅਕਸਰ ਸ਼ਹਿਰ ਤੋਂ ਬਾਹਰ ਜਾਣ ਲਈ ਪੰਦਰਾਂ ਮਿੰਟ ਦੀ ਰੇਲ ਯਾਤਰਾ ਕਰਦੇ ਸਨ। ਇੱਕ ਦਿਨ ਪੰਦਰਾਂ ਮਿੰਟ ਬੀਤ ਗਏ ਪਰ ਉਹ ਸਟੇਸ਼ਨ ਨਹੀਂ ਆਇਆ ਜਿੱਥੇ ਉਨ੍ਹਾਂ ਨੇ ਉਤਰਨਾ ਸੀ। ਉਹ ਕੁਝ ਘਬਰਾਏ ਅਤੇ ਜਦੋਂ ਰੇਲ ਰੁਕੀ ਤਾਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਗਲਤ ਰੇਲ 'ਚ ਚੜ੍ਹ ਗਏ ਸਨ। ਉਨ੍ਹਾਂ ਨੇ ਆਪਣੇ ਕੋਲ ਬੈਠੇ ਜਪਾਨੀ ਯਾਤਰੀ ਤੋਂ ਮਦਦ ਲੈਣ ਦੀ ਕੋਸ਼ਿਸ਼ ਕੀਤੀ, ਪਰ ਕਿਉਂਕਿ ਦੋਨਾਂ ਵਿਚੋਂ ਕੋਈ ਵੀ ਇਕ-ਦੂਜੇ ਦੀ ਭਾਸ਼ਾ ਨਹੀਂ ਜਾਣਦਾ ਸੀ, ਇਸ ਲਈ ਗੱਲਬਾਤ ਅਸੰਭਵ ਸੀ। ਡਾ. ਜਲੀਲ ਨੇ ਫਿਰ ਆਪਣੇ ਸਟੇਸ਼ਨ ਦਾ ਨਾਮ ਵੱਡੇ ਅੱਖਰਾਂ ਵਿੱਚ ਲਿਖ ਕੇ ਉਸਨੂੰ ਦਿਖਾਇਆ। ਜਪਾਨੀ ਯਾਤਰੀ ਨੇ ਤੁਰੰਤ ਨਾਮ ਪੜ੍ਹ ਲਿਆ ਅਤੇ ਤੁਰੰਤ ਹੀ ਰੇਲ ਰੋਕਣ ਲਈ ਚੇਨ ਖਿੱਚੀ, ਜੋ ਸਟੇਸ਼ਨ ਤੋਂ ਚੱਲਣੀ ਸ਼ੁਰੂ ਹੀ ਹੋਈ ਸੀ। ਉਸਨੇ ਡਾ. ਜਲੀਲ ਨੂੰ ਰੇਲ ਤੋਂ ਉਤਾਰ ਕੇ ਦੂਜੇ ਪਲੇਟਫਾਰਮ 'ਤੇ ਲਿਆਂਦਾ ਜਿੱਥੋਂ ਵਾਪਸੀ ਦੀ ਦਿਸ਼ਾ ਵਿੱਚ ਰੇਲ ਜਾਂਦੀ ਸੀ। ਉਸਨੇ ਉਨ੍ਹਾਂ ਨੂੰ ਸਹੀ ਰੇਲ ਵਿੱਚ ਬਿਠਾਇਆ ਅਤੇ ਭਾਵੇਂ ਗੱਲਬਾਤ ਸੰਭਵ ਨਹੀਂ ਸੀ, ਫਿਰ ਵੀ ਉਹ ਉਨ੍ਹਾਂ ਦੀ ਮੰਜ਼ਿਲ ਵਾਲੇ ਸਟੇਸ਼ਨ ਤੱਕ ਨਾਲ ਗਿਆ। ਸਿਰਫ਼ ਉੱਥੇ ਪਹੁੰਚਣ 'ਤੇ ਹੀ ਉਸਨੇ ਵਿਦਾ ਲਈ ਅਤੇ ਆਪਣੀ ਮੰਜ਼ਿਲ ਵੱਲ ਜਾਣ ਲਈ ਦੂਜੀ ਰੇਲ ਫੜੀ।

ਡਾ. ਜਲੀਲ ਨੇ ਇੱਕ ਹੋਰ ਘਟਨਾ ਵੀ ਦੱਸੀ। ਉਹ ਟੋਕਿਓ ਦੀ ਸੜਕ 'ਤੇ ਟਹਿਲ ਰਹੇ ਸਨ ਜਦੋਂ ਉਨ੍ਹਾਂ ਨੇ ਇੱਕ ਸੜਕ ਹਾਦਸਾ ਦੇਖਿਆ। ਦੋ ਜਪਾਨੀ ਡਰਾਈਵਰਾਂ ਦੀਆਂ ਕਾਰਾਂ ਟਕਰਾ ਗਈਆਂ। ਦੋਨੋਂ ਡਰਾਈਵਰ ਤੁਰੰਤ ਕਾਰਾਂ ਤੋਂ ਉਤਰੇ, ਇਕ ਦੂਜੇ ਵੱਲ ਝੁਕ ਕੇ ਸਿਰ ਨਿਵਾਇਆ ਅਤੇ ਦੋਨਾਂ ਨੇ ਕਿਹਾ, "ਇਹ ਮੇਰੀ ਗਲਤੀ ਹੈ, ਮੈਨੂੰ ਮਾਫ਼ ਕਰ ਦਿਉ।" ਇਸ ਤਰ੍ਹਾਂ ਦਾ ਵਿਵਹਾਰ ਸਿਰਫ਼

ਉਹੀ ਲੋਕ ਕਰ ਸਕਦੇ ਹਨ ਜਿਨ੍ਹਾਂ ਦਾ ਸੁਭਾਅ ਰਚਨਾਤਮਕ ਤੇ ਨਿਸ਼ਕਾਮ ਹੋਵੇ। ਅਜਿਹਾ ਸੁਭਾਅ ਕਿਸੇ ਵੀ ਰਾਸ਼ਟਰ ਦੀ ਕਾਮਯਾਬੀ ਦੀ ਸਭ ਤੋਂ ਵੱਡੀ ਪ੍ਰਮਾਣਿਕਤਾ ਹੁੰਦਾ ਹੈ। ਇਸਦੇ ਉਲਟ, ਜਿਹੜੇ ਵਿਅਕਤੀ ਸਿਰਫ਼ ਆਪਣੇ ਸਵਾਰਥ ਲਈ ਜੀਵਨ ਬਿਤਾਉਂਦੇ ਹਨ, ਉਹ ਨਾ ਤਾਂ ਵਿਅਕਤੀਗਤ ਤੌਰ ’ਤੇ ਸਫਲ ਹੋ ਸਕਦੇ ਹਨ ਤੇ ਨਾ ਹੀ ਆਪਣੇ ਦੇਸ਼ ਦੀ ਤਰੱਕੀ ਵਿੱਚ ਕੋਈ ਯੋਗਦਾਨ ਪਾ ਸਕਦੇ ਹਨ।

ਜਪਾਨੀ ਅਨੁਭਵ

ਅਗਸਤ 1945 ਵਿੱਚ ਅਮਰੀਕਾ ਨੇ ਜਪਾਨ ’ਤੇ ਦੋ ਐਟਮ ਬੰਬ ਸਿੱਟੇ, ਜਿਸ ਨਾਲ ਇਸ ਦੇ ਦੋ ਵੱਡੇ ਸ਼ਹਿਰ ਖੰਡਰ ਬਣ ਗਏ। ਹੈਰਾਨੀ ਦੀ ਗੱਲ ਇਹ ਹੈ ਕਿ ਜਪਾਨੀਆਂ ਦੇ ਦਿਲ ਵਿੱਚ ਅਮਰੀਕੀਆਂ ਪ੍ਰਤੀ ਕੋਈ ਗਿਲਾ ਨਹੀਂ। ਉਹ ਕਹਿੰਦੇ ਹਨ ਕਿ ਜੰਗ ਦੇ ਮੈਦਾਨ ਵਿੱਚ ਅਮਰੀਕਾ ਨੇ ਸਿਰਫ਼ ਸਾਡੀ ਹੀ ਹਿੰਸਾ ਦਾ ਜਵਾਬ ਦਿੱਤਾ ਸੀ। ਇਸ ਲਈ ਜ਼ਿੰਮੇਵਾਰੀ ਦੋਵਾਂ ਪਾਸਿਆਂ ਦੀ ਬਣਦੀ ਹੈ। ਇਹ ਹਕੀਕਤਪਸੰਦ ਸੋਚ ਹੀ ਹੈ ਜਿਸ ਨੇ ਜਪਾਨ ਨੂੰ ਹਰੇਕ ਮੁਸ਼ਕਲ ਵਿਚੋਂ ਕੱਢ ਕੇ ਆਧੁਨਿਕ ਯੁੱਗ ਦੀ ਅਦਭੁਤ ਤਰੱਕੀ ਤੱਕ ਪਹੁੰਚਾਇਆ ਹੈ।

ਹੀਰੋਸ਼ੀਮਾ ਅਤੇ ਨਾਗਾਸਾਕੀ, ਜੋ ਪਹਿਲਾਂ ਉੱਚ ਉਦਯੋਗਿਕ ਸ਼ਹਿਰ ਸਨ, ਕੁਝ ਮਿੰਟਾਂ ਵਿੱਚ ਤਬਾਹੀ ਦੇ ਵਿਸ਼ਾਲ ਖੇਤਰ ਬਣ ਗਏ। ਦਸ ਮੀਲ ਦੇ ਘੇਰੇ ਵਿੱਚ ਮਨੁੱਖ, ਜਾਨਵਰ ਅਤੇ ਦਰਖਤਾਂ ਸਮੇਤ ਹਰੇਕ ਜੀਵ ਖਤਮ ਹੋ ਗਿਆ। ਪੰਦਰਾਂ ਲੱਖ ਲੋਕ ਤੁਰੰਤ ਮਾਰੇ ਗਏ, ਜਿਨ੍ਹਾਂ ਵਿੱਚੋਂ ਦਸ ਹਜ਼ਾਰ ਤਾਂ ਪੂਰੀ ਤਰ੍ਹਾਂ ਅਲੋਪ ਹੋ ਗਏ। ਫਿਰ ਵੀ ਅੱਜ ਇਹ ਸ਼ਹਿਰ ਚੌੜੀਆਂ ਸੜਕਾਂ, ਖੁੱਲ੍ਹੇ ਘਰ, ਹਰਿਆਲੀ ਤੇ ਆਧੁਨਿਕ ਸ਼ੈਲੀ ਦੀਆਂ ਇਮਾਰਤਾਂ ਨਾਲ ਦੁਬਾਰਾ ਨਿਰਮਿਤ ਹੋ ਚੁੱਕੇ ਹਨ। ਸਿਰਫ਼ ਇੱਕ ਢਹਿ ਚੁੱਕੀ ਇਮਾਰਤ ਅਜਿਹੀ ਹੀ ਛੱਡ ਦਿੱਤੀ ਗਈ ਹੈ, ਤਾਂ ਜੋ ਲੋਕ ਦੂਜੇ ਵਿਸ਼ਵ ਯੁੱਧ ਵਿੱਚ ਆਪਣੇ ਉੱਤੇ ਹੋਏ ਤਸ਼ਦਦ ਨੂੰ ਯਾਦ ਰੱਖ ਸਕਣ।

ਭਾਰਤੀ ਪੱਤਰਕਾਰ ਤੇ ਸਮਾਜਕ ਟਿੱਪਣੀਕਾਰ ਸਵਰਗਵਾਸੀ ਸ. ਖੁਸ਼ਵੰਤ ਸਿੰਘ ਜਦੋਂ ਜਪਾਨ ਗਏ ਤਾਂ ਉਨ੍ਹਾਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਜਪਾਨੀ ਲੋਕ ਹੀਰੋਸ਼ੀਮਾ ਅਤੇ ਨਾਗਾਸਾਕੀ ਦੀਆਂ ਘਟਨਾਵਾਂ ਨੂੰ ਅਮਰੀਕਾ ਦੀ

ਬਦਨਾਮੀ ਲਈ ਨਹੀਂ ਵਰਤਦੇ। ਬਲਕਿ ਹੋਰ ਦੇਸ਼ ਇਹ ਕੰਮ ਕਰਦੇ ਹਨ। ਜਦੋਂ ਉਨ੍ਹਾਂ ਨੇ ਪੁੱਛਿਆ ਕਿ ਇਸ ਰਵੱਈਏ ਦਾ ਕਾਰਨ ਕੀ ਹੈ ਤਾਂ ਇੱਕ ਜਪਾਨੀ ਨੇ ਸ਼ਾਂਤੀਪੂਰਵਕ ਕਿਹਾ: "ਅਸੀਂ ਪਹਿਲਾਂ ਉਹਨਾਂ ਦੇ ਪਰਲ ਹਾਰਬਰ 'ਤੇ ਹਮਲਾ ਕੀਤਾ ਸੀ। ਅਸੀਂ ਉਹਨਾਂ ਵਿਚੋਂ ਬਹੁਤ ਸਾਰਿਆਂ ਨੂੰ ਮੌਤ ਦੀ ਘਾਟ ਉਤਾਰਿਆ। ਉਨ੍ਹਾਂ ਨੇ ਸਾਨੂੰ ਚੇਤਾਵਨੀ ਦਿੱਤੀ ਸੀ, ਪਰ ਅਸੀਂ ਸਮਝੇ ਉਹ ਸਿਰਫ਼ ਧਮਕੀ ਦੇ ਰਹੇ ਹਨ। ਉਨ੍ਹਾਂ ਨੇ ਸਾਨੂੰ ਜੰਗ ਵਿੱਚ ਇਮਾਨਦਾਰੀ ਨਾਲ ਹਰਾਇਆ। ਹੁਣ ਗਿਲਾ ਕਿਸ ਗੱਲ ਦਾ? ਅਸੀਂ ਹੁਣ ਸਮਝੌਤਾ ਕਰਕੇ ਦੋਸਤ ਬਣ ਚੁੱਕੇ ਹਾਂ।" (ਹਿੰਦੁਸਤਾਨ ਟਾਈਮਜ਼, 4 ਅਪ੍ਰੈਲ 1981)

ਮਰੇ ਹੋਇਆਂ ਦੀ ਯਾਦ ਵਿਚ ਇੱਕ ਸਮਾਰਕ ਬਣਾਇਆ ਗਿਆ ਹੈ। ਮਿਊਜ਼ੀਅਮ ਵਿੱਚ ਵੱਡੇ ਪੱਧਰ 'ਤੇ ਮੌਤ ਤੇ ਤਬਾਹੀ ਦੀਆਂ ਤਸਵੀਰਾਂ ਦਰਸਾਈਆਂ ਗਈਆਂ ਹਨ। ਹਰ ਸਾਲ ਲਗਭਗ ਸੱਤਰ ਲੱਖ ਜਪਾਨੀ ਹੀਰੋਸ਼ੀਮਾ ਆਉਂਦੇ ਹਨ ਇਸ ਦ੍ਰਿਸ਼ ਨੂੰ ਦੇਖਣ ਲਈ। ਉਨ੍ਹਾਂ ਨੇ ਨਫ਼ਰਤ ਨੂੰ ਆਪਣੇ ਜੀਵਨ ਤੇ ਭਵਿੱਖ 'ਤੇ ਹਾਵੀ ਨਹੀਂ ਹੋਣ ਦਿੱਤਾ। ਇਸੇ ਸ਼ਾਂਤ ਤੇ ਰਚਨਾਤਮਕ ਸੁਭਾਅ ਨੇ ਉਨ੍ਹਾਂ ਨੂੰ ਬਹੁਤ ਥੋੜ੍ਹੇ ਸਮੇਂ ਵਿੱਚ ਵਿਸ਼ਵ ਪੱਧਰੀ ਤਰੱਕੀ ਤੱਕ ਪਹੁੰਚਾਇਆ ਹੈ। ਜਪਾਨ ਕੋਲ ਨਾ ਤੇਲ ਹੈ, ਨਾ ਹੋਰ ਖਣਿਜ ਸੰਸਾਧਨ; ਜ਼ਿਆਦਾਤਰ ਕੱਚਾ ਮਾਲ ਉਹ ਬਾਹਰੋਂ ਮੰਗਵਾਉਂਦੇ ਹਨ। ਇਸ ਸਭ ਦੇ ਬਾਵਜੂਦ, ਉਨ੍ਹਾਂ ਨੇ ਦੁਨੀਆ ਦੇ ਬਾਜ਼ਾਰਾਂ 'ਤੇ ਕਬਜ਼ਾ ਕੀਤਾ ਹੈ, ਇਹ ਉਨ੍ਹਾਂ ਦੇ ਸਮਾਨ ਦੀ ਉੱਤਮ ਗੁਣਵੱਤਾ ਕਰਕੇ ਸੰਭਵ ਹੋਇਆ।

ਖੁਸ਼ਵੰਤ ਸਿੰਘ ਨੇ ਜਦੋਂ ਉੱਥੇ ਦੇ ਕਾਨੂੰਨੀ ਢਾਂਚੇ ਬਾਰੇ ਪੁੱਛਿਆ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਕੋਈ ਬਹੁਤੀ ਜ਼ਿੰਮੇਦਾਰੀ ਦਾ ਕੰਮ ਨਹੀਂ। ਕਾਰਨ ਇਹ ਹੈ ਕਿ ਜਪਾਨੀ ਲੋਕ ਅਦਾਲਤਾਂ ਵਿਚ ਜਾਣ ਦੀ ਬਜਾਇ ਆਪਣੇ ਝਗੜੇ ਆਪ ਹੀ ਸੁਲਝਾਉਣਾ ਪਸੰਦ ਕਰਦੇ ਹਨ। ਦੋਵਾਂ ਪੱਖਾਂ ਵੱਲੋਂ ਆਪਣੀ ਗਲਤੀ ਮੰਨ ਲੈਣਾ, ਝਗੜਾ ਖ਼ਤਮ ਕਰਨ ਦਾ ਸਭ ਤੋਂ ਸੁਚਾਰੂ ਤੇ ਪ੍ਰਭਾਵਸ਼ਾਲੀ ਤਰੀਕਾ ਹੈ। ਜਦੋਂ ਇਕ ਧਿਰ ਸਾਰੀ ਗਲਤੀ ਦੂਜੇ 'ਤੇ ਪਾ ਦਿੰਦੀ ਹੈ ਤਾਂ ਝਗੜਾ ਹੋਰ ਵੱਧਦਾ ਹੈ। ਪਰ ਜਦੋਂ ਦੋਵੇਂ ਆਪਣੀ ਜ਼ਿੰਮੇਵਾਰੀ ਮੰਨ ਲੈਂਦੇ ਹਨ, ਤਦੋਂ ਗੁੱਸਾ ਠੰਡਾ ਪੈ ਜਾਂਦਾ ਹੈ ਤੇ ਮਾਮਲਾ ਸੁਲਝ ਜਾਂਦਾ ਹੈ।

ਇਹ ਹਕੀਕਤਪਸੰਦ ਰਵੱਈਆ ਜਪਾਨੀਆਂ ਲਈ ਬਹੁਤ ਲਾਭਦਾਇਕ ਸਾਬਤ ਹੋਇਆ ਹੈ। ਇਸ ਨਾਲ ਉਨ੍ਹਾਂ ਵਿੱਚ ਆਪਸੀ ਭਰੋਸਾ ਪੈਦਾ ਹੋਇਆ

ਹੈ। ਉਹ ਆਪਣਾ ਸਮਾਂ ਤੇ ਪੈਸਾ ਲੰਬੀਆਂ ਕਾਨੂੰਨੀ ਕਾਰਵਾਈਆਂ ’ਤੇ ਖਰਚਣ ਦੀ ਥਾਂ ਉਤਪਾਦਕ ਕੰਮ ਵਿੱਚ ਲਗਾਉਂਦੇ ਹਨ। ਅਮਰੀਕਾ ਵਿੱਚ ਜਿੱਥੇ 50,000 ਵਕੀਲ ਹਨ, ਉੱਥੇ ਜਪਾਨ ਵਿੱਚ ਕੇਵਲ 11,000 ਹਨ, ਕਿਉਂਕਿ ਉਨ੍ਹਾਂ ਦੀ ਲੋੜ ਹੀ ਘੱਟ ਹੈ।

ਜ਼ਿਆਦਾਤਰ ਵਪਾਰਕ ਸੌਦੇ ਮੌਖਿਕ ਸਹਿਮਤੀ ਨਾਲ ਹੁੰਦੇ ਹਨ। ਪਹਿਲਾਂ ਇਹ ਸਿਰਫ਼ ਜਪਾਨੀਆਂ ਵਿਚਕਾਰ ਹੁੰਦਾ ਸੀ, ਪਰ ਹੁਣ ਵਿਦੇਸ਼ੀ ਨਿਵੇਸ਼ਕ ਵੀ ਇਸ ਵਿਵਹਾਰ ਨੂੰ ਅਪਣਾ ਰਹੇ ਹਨ। ਬੇਲੋੜੀਆਂ ਕਾਨੂੰਨੀ ਕਾਰਵਾਈਆਂ ਤੋਂ ਬਚਣ ਨਾਲ ਕੰਮ ਤੇਜ਼ੀ ਨਾਲ ਹੁੰਦਾ ਹੈ।

ਅਸਲ ਵਿੱਚ, ਇਹ ਸੋਚ ਏਕਤਾ ਨੂੰ ਜਨਮ ਦਿੰਦੀ ਹੈ ਅਤੇ ਏਕਤਾ ਹੀ ਕਿਸੇ ਵੀ ਕੌਮ ਦੀ ਕਾਮਯਾਬੀ ਦੀ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਜਿਵੇਂ ਕਿ ਜਪਾਨੀ ਮਾਮਲਿਆਂ ਦੇ ਇਕ ਵਿਦਵਾਨ ਨੇ ਕਿਹਾ ਸੀ: “ਉਹ ਕਦੇ ਆਪਸ ਵਿੱਚ ਨਹੀਂ ਲੜਦੇ, ਸਦਾ ਮਿਲ ਕੇ ਹਰ ਕੰਮ ਕਰਦੇ ਹਨ।” (ਹਿੰਦੁਸਤਾਨ ਟਾਈਮਜ਼, ਅਪ੍ਰੈਲ 1981)

ਸਾਡੀ ਸਮਰੱਥਾ ਹੀ ਸਾਡੀ ਦੌਲਤ ਹੈ

ਮਨੋਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਮਨੁੱਖ ਆਪਣੇ ਜਨਮ ਤੋਂ ਮਿਲੀਆਂ ਸਮਰੱਥਾਵਾਂ ਦਾ ਕੇਵਲ ਦਸ ਪ੍ਰਤੀਸ਼ਤ ਹੀ ਵਰਤਦਾ ਹੈ। ਹਾਰਵਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਵਿਲੀਅਮ ਜੇਮਜ਼ ਨੇ ਬਹੁਤ ਸਹੀ ਕਿਹਾ ਹੈ— “ਅਸੀਂ ਜੋ ਬਣ ਸਕਦੇ ਹਾਂ, ਉਸ ਲਈ ਤਿਆਰ ਨਹੀਂ ਹਾਂ।” ਕੁਦਰਤ ਨੇ ਸਾਨੂੰ ਜਿਹੜੀਆਂ ਖ਼ੂਬੀਆਂ ਦਿੱਤੀਆਂ ਹਨ, ਉਹਨਾਂ ਦੇ ਬਾਵਜੂਦ ਅਸੀਂ ਉਹ ਸਫਲਤਾਵਾਂ ਨਹੀਂ ਪਾ ਸਕਦੇ ਜੋ ਸਾਡਾ ਹੱਕ ਹਨ, ਕਿਉਂਕਿ ਅਸੀਂ ਬਿਨਾ ਸੋਚੇ-ਵਿਚਾਰੇ ਨਿਮਨ ਪੱਧਰ ਦੀ ਜ਼ਿੰਦਗੀ ਜੀਣ ਲਈ ਤਿਆਰ ਹੋ ਜਾਂਦੇ ਹਾਂ। ਫਿਰ ਅਸੰਤੁਸ਼ਟ ਹੋ ਕੇ ਅਸੀਂ ਦੋਸ਼ ਹੋਰਾਂ ਨੂੰ ਦਿੰਦੇ ਹਾਂ ਕਿ ਉਨ੍ਹਾਂ ਨੇ ਸਾਨੂੰ ਸਾਡਾ ਹੱਕ ਨਹੀਂ ਦਿੱਤਾ। ਪਰ ਅਸਲ ਵਿੱਚ ਕਾਰਨ ਸਾਡੇ ਅੰਦਰ ਹੀ ਲੁਕੇ ਹੋਏ ਹਨ। ਜਦ ਤੱਕ ਅਸੀਂ ਆਪਣੇ ਅੰਦਰ ਝਾਤੀ ਨਹੀਂ ਮਾਰਦੇ, ਜ਼ਿੰਦਗੀ ਦੀਆਂ ਕਮੀਆਂ ਨਹੀਂ ਸਮਝ ਸਕਦੇ। ਦੂਜਿਆਂ ਨਾਲ ਹਮੇਸ਼ਾ ਈਰਖਾ ਤੇ ਗਿਲੇ-ਸ਼ਿਕਵੇ ਰੱਖਣ ਨਾਲ ਕੋਈ ਫਾਇਦਾ ਨਹੀਂ, ਇਸ ਨਾਲ ਅਸੀਂ ਆਪਣੇ ਆਪ ਦੇ ਸਭ ਤੋਂ ਵੱਡੇ ਦੁਸ਼ਮਨ ਬਣ ਜਾਂਦੇ

ਹਾਂ। ਸੱਚ ਦਾ ਸਾਹਮਣਾ ਕਰਨਾ ਪਵੇਗਾ ਕਿ ਸਫਲਤਾ ਸਿਰਫ਼ ਤਦੋਂ ਮਿਲਦੀ ਹੈ ਜਦੋਂ ਅਸੀਂ ਆਪਣੀ ਸਮਰੱਥਾ ਦਾ ਪੂਰਾ ਉਪਯੋਗ ਕਰੀਏ। ਨਹੀਂ ਤਾਂ ਨਤੀਜਾ ਨਾਕਾਮੀ ਹੀ ਹੋਵੇਗਾ।

ਪਰ ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਸਾਡੀ ਮਿਹਨਤ ਕਿਸ ਮਕਸਦ ਵੱਲ ਕੇਂਦ੍ਰਿਤ ਹੈ। ਬਿਨਾ ਸਹੀ ਦਿਸ਼ਾ ਦੇ ਸਾਡੀ ਸਮਰੱਥਾ ਵਿਅਰਥ ਚਲੀ ਜਾਂਦੀ ਹੈ। ਪੁਰਾਣੇ ਸਮਿਆਂ ਵਿੱਚ ਅਤੇ ਮੱਧਕਾਲੀ ਦੌਰ ਤੱਕ ਵੀ, ਸੋਨਾ ਸਭ ਤੋਂ ਕੀਮਤੀ ਚੀਜ਼ ਮੰਨੀ ਜਾਂਦੀ ਸੀ। ਇਸ ਲਈ ਉਸ ਸਮੇਂ ਦੇ ਕਈ 'ਵਿਗਿਆਨੀ' ਆਪਣਾ ਜੀਵਨ ਆਮ ਧਾਤਾਂ ਨੂੰ ਸੋਨੇ ਵਿੱਚ ਤਬਦੀਲ ਕਰਨ ਦੇ ਯਤਨ ਵਿੱਚ ਲਗਾ ਦਿੰਦੇ ਸਨ। ਸਦੀਆਂ ਤੱਕ ਤੁਰੰਤ ਦੌਲਤ ਕਮਾਉਣ ਦੇ ਸੁਪਨੇ ਦੇਖਦੇ ਬੇਸ਼ੁਮਾਰ ਲੋਕਾਂ ਨੇ ਆਪਣਾ ਸਮਾਂ, ਧਨ ਤੇ ਊਰਜਾ ਇਸ ਵਿਚ ਖਰਚ ਕਰ ਦਿੱਤੀ। ਪਰ ਮੌਤ ਹਮੇਸ਼ਾ ਉਨ੍ਹਾਂ ਨੂੰ ਕੁਝ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਆ ਘੇਰਦੀ।

ਉਹ ਕਦੇ ਇਹ ਨਹੀਂ ਸੋਚਦੇ ਸਨ ਕਿ ਜਿਨ੍ਹਾਂ ਧਾਤਾਂ ਨਾਲ ਉਹ ਕੰਮ ਕਰ ਰਹੇ ਹਨ, ਉਹਨਾਂ ਵਿੱਚ ਸੋਨੇ ਤੋਂ ਵੀ ਵੱਡੀ ਸੰਭਾਵਨਾ ਹੈ। ਉਦਾਹਰਣ ਲਈ, ਲੋਹਾ ਸੋਨੇ ਵਿੱਚ ਨਹੀਂ, ਪਰ ਮਸ਼ੀਨਰੀ ਵਿੱਚ ਤਬਦੀਲ ਹੋ ਸਕਦਾ ਹੈ। ਲੋਹਾ ਇਕ ਅਜਿਹਾ ਮਜ਼ਬੂਤ ਤੇ ਲਾਭਕਾਰੀ ਪਦਾਰਥ ਹੈ ਜੋ ਆਧੁਨਿਕ ਦੁਨੀਆ ਦਾ ਅਧਾਰ ਬਣ ਗਿਆ। ਅੱਜ ਪੱਛਮੀ ਦੇਸ਼ਾਂ ਨੇ ਇਹ ਰਾਜ ਸਮਝ ਲਿਆ ਹੈ ਅਤੇ ਆਪਣੀ ਊਰਜਾ ਤਕਨਾਲੋਜੀ ਦੇ ਵਿਕਾਸ ਵਿੱਚ ਕੇਂਦ੍ਰਿਤ ਕੀਤੀ ਹੈ। ਨਤੀਜਾ ਇਹ ਹੈ ਕਿ ਉਨ੍ਹਾਂ ਨੇ ਚਾਂਦੀ ਤੇ ਸੋਨੇ ਨਾਲੋਂ ਕਈ ਗੁਣਾ ਵੱਧ ਅਸਲੀ ਦੌਲਤ ਪ੍ਰਾਪਤ ਕਰ ਲਈ ਹੈ।

ਖੁਦ ਨੂੰ ਨੁਕਸਾਨ ਨਾ ਪਹੁੰਚਾਓ

ਦੂਜੇ ਵਿਸ਼ਵ ਯੁੱਧ ਦੇ ਆਰੰਭ ਹੋਣ ਤੋਂ ਦੋ ਸਾਲ ਬਾਅਦ ਜਪਾਨ ਨੇ ਬਿਨਾਂ ਜੰਗ ਦਾ ਐਲਾਨ ਕੀਤੇ ਹੀ ਅਮਰੀਕਾ ਦੇ ਵੱਡੇ ਸੈਨਿਕ ਅੱਡੇ ਪਰਲ ਹਾਰਬਰ 'ਤੇ ਬੰਬਬਾਰੀ ਕੀਤੀ ਅਤੇ ਉਸਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ। ਇਕ ਤਤਕਾਲੀ ਜਿੱਤ ਦੇ ਤੌਰ 'ਤੇ ਇਹ ਜਪਾਨ ਲਈ ਖੁਸ਼ੀ ਦਾ ਮੌਕਾ ਸੀ, ਪਰ ਰਣਨੀਤੀ ਪੱਖੋਂ ਇਹ ਇਕ ਵੱਡੀ ਗਲਤੀ ਸੀ, ਕਿਉਂਕਿ ਇਸ ਨਾਲ ਅਮਰੀਕਾ ਸਿੱਧੇ ਤੌਰ

’ਤੇ ਜੰਗ ਵਿੱਚ ਸ਼ਾਮਲ ਹੋ ਗਿਆ। ਇਸ ਤੋਂ ਪਹਿਲਾਂ ਤੱਕ ਅਮਰੀਕਾ ਸਿਰਫ਼ ਅਪਰੋਖ ਤੌਰ ’ਤੇ ਜੰਗ ਵਿੱਚ ਸੀ ਕਿਉਂਕਿ ਉਹ ਸਿਰਫ਼ ਜਪਾਨ ਦੇ ਦੁਸ਼ਮਨਾਂ ਨੂੰ ਹਥਿਆਰ ਵੇਚ ਰਿਹਾ ਸੀ।

ਪਰ ਪਰਲ ਹਾਰਬਰ ਦੇ ਹਮਲੇ ਤੋਂ ਬਾਅਦ, ਅਮਰੀਕਾ ਨੇ ਬ੍ਰਿਟੇਨ ਅਤੇ ਰੂਸ ਨਾਲ ਮਿਲ ਕੇ ਇਕ ਗਠਜੋੜ ਕੀਤਾ ਜਿਸਨੂੰ “ਐਲਾਇਡ ਪਾਵਰਜ਼” ਕਿਹਾ ਗਿਆ। ਅਗਸਤ 1945 ’ਚ ਮਾਮਲਾ ਉਦੋਂ ਚਰਮ ’ਤੇ ਪਹੁੰਚ ਗਿਆ ਜਦੋਂ ਅਮਰੀਕਾ ਨੇ ਮਨੁੱਖਤਾ ਦੇ ਇਤਿਹਾਸ ’ਚ ਪਹਿਲੀ ਵਾਰ ਹੀਰੋਸ਼ੀਮਾ ਅਤੇ ਨਾਗਾਸਾਕੀ ’ਤੇ ਐਟਮ ਬੰਬ ਸੁੱਟੇ। ਦੋਵੇਂ ਉਦਯੋਗਿਕ ਸ਼ਹਿਰ ਪੂਰੀ ਤਰ੍ਹਾਂ ਤਬਾਹ ਹੋ ਗਏ ਅਤੇ ਜਪਾਨ ਦੀ ਸੈਨਿਕ ਸ਼ਕਤੀ ਦਾ ਨਾਸ਼ ਹੋ ਗਿਆ।

ਪਰਲ ਹਾਰਬਰ ’ਤੇ ਹਮਲਾ ਜਪਾਨ ਦੀ ਸਭ ਤੋਂ ਵੱਡੀ ਸੈਨਿਕ ਗਲਤੀ ਸੀ ਕਿਉਂਕਿ ਇਸ ਨਾਲ ਉਸਨੇ ਅਮਰੀਕਾ ਨੂੰ ਬੇਲੋੜ ਜੰਗ ਲਈ ਸੱਦਾ ਦੇ ਦਿੱਤਾ। ਪਰ ਜਪਾਨ ਨੇ ਆਪਣੀ ਇਸ ਗਲਤੀ ਨੂੰ ਸਮਝ ਲਿਆ ਅਤੇ ਦੂਜੀ ਗਲਤੀ ਕਰਨ ਤੋਂ ਬਚ ਗਿਆ। ਸ਼ਿਕਸਤ ਪ੍ਰਾਪਤ, ਪਰ ਫਿਰ ਵੀ ਜਿਊਂਦਾ ਰਾਸ਼ਟਰ ਹੋਣ ਦੇ ਨਾਤੇ, ਉਸਨੇ ਵਿਰੋਧ ਕਰਨ ਦੀ ਬਜਾਏ ਨਵੀਆਂ ਪਰਿਸਥਿਤੀਆਂ ਵਿਚ ਆਪਣੇ ਆਪ ਨੂੰ ਢਾਲ ਲਿਆ। ਇਸ ਤਰ੍ਹਾਂ ਜਪਾਨ ਨੇ ਆਪਣੇ ਲਈ ਨਵੇਂ ਅਤੇ ਸ਼ਾਨਦਾਰ ਰਸਤੇ ਖੋਲ੍ਹ ਲਏ।

ਸੈਨਿਕ ਖੇਤਰ ਵਿੱਚ ਮੌਕੇ ਨਾ ਮਿਲਣ ’ਤੇ ਜਪਾਨੀਆਂ ਨੇ ਆਪਣਾ ਸਾਰਾ ਧਿਆਨ ਸਿੱਖਿਆ ਅਤੇ ਉਦਯੋਗ ’ਤੇ ਕੇਂਦ੍ਰਿਤ ਕੀਤਾ। ਰਾਜਨੀਤਿਕ ਅਤੇ ਸੈਨਿਕ ਮਾਮਲਿਆਂ ਵਿੱਚ ਅਮਰੀਕਾ ਦੀ ਪ੍ਰਭੁਤਾ ਮੰਨ ਕੇ, ਉਹਨਾਂ ਨੇ ਆਪਣੀ ਸਾਰੀ ਤਾਕਤ ਸ਼ਾਂਤੀਪੂਰਨ ਖੇਤਰਾਂ ਵਿੱਚ ਲਗਾ ਦਿੱਤੀ। ਨਤੀਜੇ ਵਜੋਂ, ਸਿਰਫ਼ ਤੀਹ ਸਾਲਾਂ ਵਿੱਚ ਜਪਾਨ ਪਹਿਲਾਂ ਨਾਲੋਂ ਕਈ ਗੁਣਾ ਵੱਧ ਸ਼ਕਤੀਸ਼ਾਲੀ ਹੋ ਗਿਆ। ਇਸ ਅਜੀਬੋ-ਗਰੀਬ ਮੋੜ ਬਾਰੇ ਇਕ ਵਿਦਵਾਨ ਨੇ ਲਿਖਿਆ ਹੈ:

> “ਇਹ ਪਰਲ ਹਾਰਬਰ ਦੀ ਹੈਰਾਨੀਜਨਕ ਅੰਤਕਥਾ ਹੈ, ਪਰ ਇਤਿਹਾਸ ਦੇ ਕਈ ਗੁਪਤ ਰਸਤੇ ਹੁੰਦੇ ਹਨ ਅਤੇ ਸ਼ਾਇਦ ਪਰਲ ਹਰਬਰ ਉਹਨਾਂ ਵਿੱਚੋਂ ਇਕ ਸੀ।” (ਹਿੰਦੁਸਤਾਨ ਟਾਈਮਜ਼, 30 ਨਵੰਬਰ 1981)

ਹਰ ਨਾਕਾਮੀ ਤੋਂ ਬਾਅਦ ਇਕ ਨਵੀਂ ਸਫਲਤਾ ਦਾ ਦਰਵਾਜ਼ਾ ਖੁੱਲ੍ਹਦਾ ਹੈ— ਜੇਕਰ ਮਨੁੱਖ ਝੂਠੇ ਅਹੰਕਾਰ ਤੋਂ ਬਚੇ, ਵਿਅਰਥ ਰੋਣ-ਧੋਣ ’ਤੇ ਸਮਾਂ ਨਾ ਗਵਾਏ

ਅਤੇ ਤੁਰੰਤ ਨਵੀਆਂ ਸਥਿਤੀਆਂ ਵਿਚ ਆਪਣੇ ਆਪ ਨੂੰ ਢਾਲ ਲਏ। ਸਭ ਤੋਂ ਵੱਧ ਜ਼ਰੂਰੀ ਹੈ ਕਿ ਨਵੀਂ ਸ਼ੁਰੂਆਤ ਕਰਦਿਆਂ ਦਿਲੋਂ ਨਫ਼ਰਤ ਦੇ ਭਾਵ ਨੂੰ ਦੂਰ ਕੀਤਾ ਜਾਵੇ। ਡੇਲ ਕਾਰਨੇਗੀ, ਜੋ ਆਪਣੀ ਪ੍ਰਸਿੱਧ ਕਿਤਾਬ *How to Win Friends and Influence People* ਲਈ ਜਾਣੇ ਜਾਂਦੇ ਹਨ, ਨੇ ਲਿਖਿਆ:

> "ਜਦੋਂ ਅਸੀਂ ਆਪਣੇ ਦੁਸ਼ਮਨਾਂ ਨਾਲ ਨਫ਼ਰਤ ਕਰਦੇ ਹਾਂ, ਅਸੀਂ ਉਨ੍ਹਾਂ ਨੂੰ ਸਾਡੇ ਸੌਣ, ਸਾਡੇ ਭੋਜਨ ਤੇ ਸਾਡੀ ਖੁਸ਼ੀ 'ਤੇ ਕਾਬੂ ਕਰਨ ਦੀ ਪ੍ਰਵਾਨਗੀ ਦੇ ਦਿੰਦੇ ਹਾਂ। ਜੇ ਉਨ੍ਹਾਂ ਨੂੰ ਪਤਾ ਹੋਵੇ ਕਿ ਉਹ ਸਾਨੂੰ ਕਿੰਨਾ ਪਰੇਸ਼ਾਨ ਕਰ ਰਹੇ ਹਨ ਤਾਂ ਉਹ ਖੁਸ਼ੀ ਨਾਲ ਨੱਚਣ ਲੱਗ ਜਾਣ। ਸਾਡੀ ਨਫ਼ਰਤ ਉਨ੍ਹਾਂ ਨੂੰ ਤਾਂ ਕੋਈ ਨੁਕਸਾਨ ਨਹੀਂ ਪਹੁੰਚਾਉਂਦੀ, ਪਰ ਸਾਡੇ ਅਪਣੇ ਜੀਵਨ ਨੂੰ ਨਰਕ ਵਿੱਚ ਬਦਲ ਦਿੰਦੀ ਹੈ।"

ਦੂਜਿਆਂ ਨਾਲ ਨਫ਼ਰਤ ਕਰਨਾ ਅਸਲ ਵਿੱਚ ਆਪਣੇ ਆਪ ਨਾਲ ਨਫ਼ਰਤ ਕਰਨ ਦੇ ਬਰਾਬਰ ਹੈ। ਇਹ ਆਪਣੇ ਮਨ ਤੇ ਆਤਮਾ ਨੂੰ ਜ਼ਖ਼ਮੀ ਕਰਨ ਦਾ ਢੰਗ ਹੈ। ਇਸ ਦੇ ਉਲਟ, ਦੂਜਿਆਂ ਨਾਲ ਪਿਆਰ ਕਰਨਾ ਮਨੁੱਖ ਨੂੰ ਅੰਦਰੋਂ ਮਜ਼ਬੂਤ ਅਤੇ ਸੁਖੀ ਬਣਾਉਂਦਾ ਹੈ।

ਫੀਨਿਕਸ ਵਾਂਗ ਉੱਠੋ

ਦੂਜੇ ਵਿਸ਼ਵ ਯੁੱਧ (1939–45) ਵਿੱਚ ਅਮਰੀਕਾ ਦੀ ਭਾਗੀਦਾਰੀ ਅਸਿੱਧੇ ਰੂਪ ਵਿਚ ਸੀ। ਉਸਦਾ ਕੰਮ ਸਿਰਫ਼ ਬ੍ਰਿਟੇਨ ਅਤੇ ਉਸਦੇ ਸਾਥੀਆਂ ਨੂੰ ਹਥਿਆਰ ਅਤੇ ਗੋਲਾਬਾਰੂਦ ਮੁਹੱਈਆ ਕਰਵਾਉਣਾ ਤੇ ਸਹਾਇਕ ਸੈਨਿਕ ਮਦਦ ਦੇਣਾ ਸੀ। ਇਸ ਕਾਰਨ ਜਪਾਨ ਨੇ ਅਮਰੀਕਾ ਨੂੰ ਆਪਣਾ ਦੁਸ਼ਮਣ ਸਮਝ ਲਿਆ। ਜਪਾਨ ਨੇ ਗੁਪਤ ਤੌਰ 'ਤੇ ਇੱਕ ਵੱਡਾ ਹਮਲਾ ਕਰਨ ਦੀ ਯੋਜਨਾ ਬਣਾ ਕੇ 7 ਦਸੰਬਰ 1941 ਨੂੰ ਅਮਰੀਕਾ ਦੇ ਸਮੁੰਦਰੀ ਅੱਡੇ "ਪਰਲ ਹਾਰਬਰ" 'ਤੇ ਬੰਬ ਮਾਰ ਦਿੱਤਾ। ਉਸ ਹਮਲੇ ਨੇ ਸਾਰੇ ਅੱਡੇ ਨੂੰ ਤਬਾਹ ਕਰ ਦਿੱਤਾ ਅਤੇ ਬਦਕਿਸਮਤੀ ਨਾਲ ਅਮਰੀਕਾ ਨੂੰ ਸਿੱਧੇ ਤੌਰ 'ਤੇ ਯੁੱਧ ਵਿਚ ਘਸੀਟ ਲਿਆ। ਪਰ ਜਪਾਨ ਅਮਰੀਕਾ ਦੀ ਹਵਾਈ ਤਾਕਤ ਨੂੰ ਕੁਝ ਖਾਸ ਨੁਕਸਾਨ ਨਹੀਂ ਪਹੁੰਚਾ ਸਕਿਆ, ਕਿਉਂਕਿ ਉਹ ਕਈ ਹੋਰ ਅੱਡਿਆਂ ਜਾਂ ਥਾਵਾਂ ਵਿੱਚ ਫੈਲੀ ਹੋਈ ਸੀ।

ਇਸ ਸਮੇਂ ਅਮਰੀਕਾ ਵਿੱਚ ਪਰਮਾਣੂ ਬੰਬ ਦੀ ਤਿਆਰੀ ਚੱਲ ਰਹੀ ਸੀ। ਜਦੋਂ ਇਹ ਮਾਰੂ ਹਥਿਆਰ ਆਪਣੀ ਮੁਕੰਮਲਤਾ ਦੇ ਸਿਖਰ 'ਤੇ ਪਹੁੰਚ ਗਿਆ ਤਾਂ ਅਮਰੀਕਾ ਨੇ ਜਪਾਨ ਨੂੰ ਚੇਤਾਵਨੀ ਦਿੱਤੀ ਕਿ ਉਹ ਬਿਨਾਂ ਕਿਸੇ ਸ਼ਰਤ ਦੇ ਆਤਮ-ਸਮਰਪਣ ਕਰੇ ਨਹੀਂ ਤਾਂ ਵੱਡੀ ਤਬਾਹੀ ਲਈ ਤਿਆਰ ਰਹੇ। ਜਪਾਨ ਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਅਮਰੀਕਾ ਨੇ ਪਰਮਾਣੂ ਸ਼ਕਤੀ ਤਿਆਰ ਕਰ ਲਈ ਹੈ, ਇਸ ਲਈ ਉਸ ਨੇ ਚੇਤਾਵਨੀ ਨੂੰ ਅਣਡਿੱਠਾ ਕਰ ਦਿੱਤਾ। 14 ਅਗਸਤ 1945 ਨੂੰ ਅਮਰੀਕਾ ਨੇ ਜਪਾਨ 'ਤੇ ਦੋ ਪਰਮਾਣੂ ਬੰਬ ਸੁੱਟੇ— ਇੱਕ ਹੀਰੋਸ਼ੀਮਾ 'ਤੇ ਅਤੇ ਦੂਜਾ ਨਾਗਾਸਾਕੀ 'ਤੇ। ਕੁਝ ਪਲਾਂ ਵਿੱਚ ਹੀ ਜਪਾਨ ਦੀ ਸੈਨਿਕ ਤਾਕਤ ਸੁਆਹ ਹੋ ਗਈ। ਜਪਾਨ ਕੋਲ ਹਥਿਆਰ ਸੁੱਟਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ।

ਜਲਦੀ ਹੀ ਜਨਰਲ ਡਗਲਸ ਮੈਕਆਰਥਰ ਜਪਾਨ ਵਿੱਚ ਦਾਖਲ ਹੋਇਆ ਅਤੇ ਪੂਰੇ ਦੇਸ਼ ਨੂੰ ਅਮਰੀਕੀ ਸੈਨਿਕ ਨਿਯੰਤਰਣ ਹੇਠ ਲਿਆ। ਹਾਲਾਂਕਿ ਜਪਾਨ ਸੈਨਿਕ ਤੌਰ 'ਤੇ ਹਾਰ ਗਿਆ ਸੀ, ਪਰ ਲੋਕਾਂ ਦੇ ਮਨ ਵਿੱਚ ਬਦਲੇ ਦੀ ਭਾਵਨਾ ਅਜੇ ਵੀ ਜਿਉਂਦੀ ਸੀ। ਕਦੇ ਜਪਾਨੀ ਇੰਨੇ ਜਜ਼ਬਾਤੀ ਸਨ ਕਿ ਜੰਗ ਦੌਰਾਨ ਉਹ ਆਪਣੇ ਸਰੀਰ ਨਾਲ ਬੰਬ ਬੰਨ੍ਹ ਕੇ ਸਮੁੰਦਰੀ ਜਹਾਜ਼ਾਂ ਦੀਆਂ ਚਿਮਨੀਆਂ ਵਿੱਚ ਛਾਲ ਮਾਰ ਦਿੰਦੇ ਸਨ ਤਾਂ ਜੋ ਸਿੱਧਾ ਨਿਸ਼ਾਨਾ ਲੱਗੇ। ਹੁਣ ਮੈਕਆਰਥਰ ਦੇ ਸਾਹਮਣੇ ਚੁਣੌਤੀ ਇਹ ਸੀ ਕਿ ਕਿਵੇਂ ਇਸ ਜਜ਼ਬੇ ਨੂੰ ਸ਼ਾਂਤੀਪੂਰਨ ਢੰਗ ਨਾਲ ਰਚਨਾਤਮਕ ਦਿਸ਼ਾ ਵੱਲ ਮੋੜਿਆ ਜਾਵੇ। ਅਮਰੀਕੀ ਟਿੱਪਣੀਕਾਰ ਆਰਥਰ ਲੂਇਸ ਨੇ ਲਿਖਿਆ ਹੈ:

> "ਜਦੋਂ ਜਪਾਨ ਨੇ ਆਤਮ-ਸਮਰਪਣ ਕੀਤਾ, ਜਨਰਲ ਮੈਕਆਰਥਰ ਨੇ ਸਿਰਫ਼ ਦੇਸ਼ 'ਤੇ ਕਬਜ਼ਾ ਨਹੀਂ ਕੀਤਾ ਸੀ, ਉਸ ਨੇ ਉਸਨੂੰ ਨਵਾਂ ਰੂਪ ਦੇਣ ਦੀ ਜ਼ਿੰਮੇਵਾਰੀ ਵੀ ਲਈ ਸੀ। ਜੇ ਉਸ ਤੋਂ ਪੁੱਛਿਆ ਜਾਂਦਾ ਕਿ ਉਸਦੀ ਸਭ ਤੋਂ ਵੱਡੀ ਆਸ ਕੀ ਹੈ, ਤਾਂ ਉਹ ਕਹਿੰਦਾ— ਇਸ ਆਗ੍ਰੇਸੀਵ ਕੌਮ ਦੀ ਤਾਕਤ ਨੂੰ ਯੁੱਧ ਤੋਂ ਹਟਾ ਕੇ ਆਰਥਿਕ ਉੱਦਮਾਂ ਵੱਲ ਮੋੜਣਾ।"

ਜਪਾਨ ਚਾਹੁੰਦਾ ਤਾਂ ਗੁਰੀਲਾ ਯੁੱਧ ਜਾਰੀ ਰੱਖ ਸਕਦਾ ਸੀ ਜਾਂ ਮੌਖਿਕ ਵਿਰੋਧ ਕਰ ਸਕਦਾ ਸੀ। ਪਰ ਉਸ ਨੇ ਅਮਰੀਕਾ ਦੇ ਸੁਝਾਅ ਬਿਨਾਂ ਕਿਸੇ ਹਿਚਕਚਾਹਟ ਦੇ ਸਵੀਕਾਰ ਕਰ ਲਏ। ਉਸ ਨੇ ਆਪਣੀ ਸਾਰੀ ਊਰਜਾ ਜੰਗ ਤੋਂ ਹਟਾ ਕੇ ਵਿਗਿਆਨਕ ਸਿੱਖਿਆ ਅਤੇ ਤਕਨੀਕੀ ਉੱਨਤੀ ਵੱਲ ਲਗਾ ਦਿੱਤੀ।

ਜਪਾਨ ਨੇ ਆਰਥਿਕ ਮੈਦਾਨ ਵਿੱਚ ਹੈਰਾਨੀਜਨਕ ਤਰੱਕੀ ਕਰਨੀ ਸ਼ੁਰੂ ਕੀਤੀ। 1971 ਵਿੱਚ ਉਸ ਨੇ ਅਮਰੀਕਾ ਨੂੰ 6 ਬਿਲੀਅਨ ਡਾਲਰ ਮੁੱਲ ਦਾ ਮਾਲ ਐਕਸਪੋਰਟ ਕੀਤਾ।

ਇੱਕ ਕਿਤਾਬ *Japan: The 40-year Miracle* ਵਿੱਚ ਜਪਾਨ ਦੀ ਪੂਰੀ ਤਬਾਹੀ ਅਤੇ ਸਿਰਫ਼ 40 ਸਾਲਾਂ ਵਿੱਚ ਉਸਦੀ ਚਮਤਕਾਰੀ ਤਰੱਕੀ ਦਾ ਵੇਰਵਾ ਹੈ। ਕਿਤਾਬ ਦੇਸ਼ ਦੀ ਸਮੁੱਚੀ ਕਾਮਯਾਬੀ ਨੂੰ ਕੇਵਲ ਇਕ ਵਾਕ ਵਿੱਚ ਸਮੇਟਦੀ ਹੈ: "ਇਹ ਰਾਸ਼ਟਰ ਆਪਣੀ ਸੁਆਹ ਵਿੱਚੋਂ ਮਿਥਿਕ ਫੀਨਿਕਸ ਪੰਛੀ ਵਾਂਗ ਮੁੜ ਖੜ੍ਹਾ ਹੋ ਗਿਆ।" (ਨਿਊਜ਼ਵੀਕ, 12 ਅਗਸਤ 1985)

ਜਪਾਨ ਨੇ ਖੁਦ 'ਤੇ ਜੇਤੂ ਰਹੇ ਦੇਸ਼ ਤੋਂ ਵੀ ਵੱਧ ਤਰੱਕੀ ਕਰ ਲਈ ਅਤੇ ਆਖਿਰਕਾਰ ਅਮਰੀਕਾ ਨੂੰ ਵੀ ਉਸਦੀ ਉਤਕ੍ਰਿਸ਼ਟਤਾ ਮੰਨਣੀ ਪਈ। ਹਕੀਕਤ ਨੂੰ ਸਵੀਕਾਰ ਕਰਨਾ ਹੀ ਜੀਵਨ ਦੀ ਸਭ ਤੋਂ ਵੱਡੀ ਸਫਲਤਾ ਦਾ ਰਾਜ਼ ਹੈ। ਪਰ ਅਫ਼ਸੋਸ, ਅਸੀਂ ਆਪਣੇ ਆਲੇ ਦੁਆਲੇ ਅਜੇ ਵੀ ਬੇਸ਼ੁਮਾਰ ਲੋਕਾਂ ਨੂੰ ਦੇਖਦੇ ਹਾਂ ਜੋ ਸਫਲਤਾ ਦੀ ਖੋਜ ਹਕੀਕਤ ਨੂੰ ਨਜ਼ਰਅੰਦਾਜ਼ ਕਰਕੇ ਕਰਦੇ ਹਨ।

ਆਰਥਿਕ ਪਰਲ ਹਾਰਬਰ

ਦਸੰਬਰ 1941 ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ ਜਪਾਨ ਨੇ ਬਿਨਾਂ ਕੋਈ ਚੇਤਾਵਨੀ ਦਿੱਤੇ ਅਮਰੀਕਾ ਦੇ ਸਭ ਤੋਂ ਵੱਡੇ ਸਮੁੰਦਰੀ ਅੱਡੇ ਪਰਲ ਹਾਰਬਰ (ਹਵਾਈ ਟਾਪੂ) 'ਤੇ ਹਮਲਾ ਕਰ ਦਿੱਤਾ। ਇਹ ਬੰਬਬਾਰੀ ਇੰਨੀ ਭਿਆਨਕ ਸੀ ਕਿ ਉੱਥੇ ਖੜ੍ਹੇ ਸੌ ਤੋਂ ਵੱਧ ਜਹਾਜ਼ਾਂ ਵਿੱਚੋਂ ਸਿਰਫ ਕੁਝ ਹੀ ਬਚੇ। ਇਸ ਹਮਲੇ ਦਾ ਨਤੀਜਾ ਇਹ ਨਿਕਲਿਆ ਕਿ ਅਮਰੀਕਾ ਯੁੱਧ ਵਿੱਚ ਸਿੱਧਾ ਸ਼ਾਮਲ ਹੋ ਗਿਆ ਅਤੇ ਸਹਿਯੋਗੀ ਤਾਕਤਾਂ (Allied Powers) ਦਾ ਹਿੱਸਾ ਬਣ ਗਿਆ। ਇਸ ਤੋਂ ਪਹਿਲਾਂ ਤੱਕ ਅਮਰੀਕਾ ਦੀ ਭੂਮਿਕਾ ਸਿਰਫ ਜਪਾਨ ਦੇ ਦੁਸ਼ਮਣਾਂ ਨੂੰ ਹਥਿਆਰ ਸਪਲਾਈ ਕਰਨ ਤੱਕ ਸੀਮਿਤ ਸੀ।

ਜਪਾਨ ਦਾ ਇਹ ਹਮਲਾ ਬੇਲੋੜਾ ਤੇ ਬੇਸਮਝੀ ਵਾਲਾ ਸੀ ਅਤੇ ਉਸਨੂੰ ਆਪਣੀ ਗ਼ਲਤੀ ਦਾ ਅਹਿਸਾਸ ਉਦੋਂ ਤੱਕ ਨਹੀਂ ਹੋਇਆ, ਜਦੋਂ ਤਕ (ਸੰਨ 1945 ਵਿਚ) ਅਮਰੀਕਾ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਇਤਿਹਾਸ ਦੇ

ਪਹਿਲੇ ਪਰਮਾਣੂ ਬੰਬ ਸੁੱਟ ਕੇ ਜਪਾਨ ਦੀ ਸੈਨਿਕ ਤਾਕਤ ਦਾ ਅੰਤ ਨਾ ਕਰ ਦਿੱਤਾ। ਇਸ ਤੋਂ ਬਾਅਦ ਅਮਰੀਕਾ ਨੇ ਜਪਾਨ 'ਤੇ ਸਖ਼ਤ ਸੈਨਿਕ ਅਤੇ ਰਾਜਨੀਤਿਕ ਨਿਯੰਤਰਣ ਕਾਇਮ ਰੱਖਿਆ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਪਾਨ ਨੇ ਇਸ ਭਿਆਨਕ ਤਬਾਹੀ ਤੋਂ ਖੁਦ ਨੂੰ ਦੁਬਾਰਾ ਉਭਾਰਿਆ ਅਤੇ ਸੱਚ ਨੂੰ ਸਵੀਕਾਰ ਕਰ ਲਿਆ।

ਦੂਜੇ ਵਿਸ਼ਵ ਯੁੱਧ ਤੋਂ ਪਹਿਲਾਂ ਜਪਾਨ ਦੀ ਤਾਕਤ ਹਥਿਆਰਾਂ 'ਤੇ ਨਿਰਭਰ ਕਰਦੀ ਸੀ, ਪਰ ਜਦੋਂ ਉਸਨੇ ਹਥਿਆਰਾਂ ਦੀ ਤਬਾਹੀ ਦੇ ਅਸਲ ਨਤੀਜੇ ਵੇਖੇ ਤਾਂ ਉਹ ਹਥਿਆਰਾਂ ਦੀ ਦੌੜ ਵਿਚੋਂ ਬਾਹਰ ਹੋ ਗਿਆ ਅਤੇ ਦੇਸ਼ ਦੀ ਮੁੜ ਨਿਰਮਾਣ ਯਾਤਰਾ ਨੂੰ ਸ਼ਾਂਤੀਪੂਰਨ ਢੰਗ ਨਾਲ ਪੂਰਾ ਕਰਨ ਲੱਗਾ। ਇਸ ਰਾਹ 'ਤੇ ਚਲਦਿਆਂ ਜਪਾਨੀ ਲੋਕਾਂ ਨੇ ਅਦਭੁਤ ਲਚਕੀਲੇਪਣ, ਧੀਰਜ ਅਤੇ ਮਿਹਨਤ ਦਾ ਪਰਮਾਣ ਦਿੱਤਾ। ਇਸ ਦਾ ਨਤੀਜਾ ਇਹ ਹੋਇਆ ਕਿ ਅੱਜ ਜਪਾਨ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਉਦਯੋਗਿਕ ਤਾਕਤ ਹੈ। 2016 ਵਿੱਚ ਉਸਦਾ ਉਦਯੋਗਿਕ ਉਤਪਾਦਨ 1.368 ਬਿਲੀਅਨ ਡਾਲਰ ਸੀ।

ਉਦਯੋਗ ਦੇ ਖੇਤਰ ਵਿੱਚ, ਜਿੱਤਣ ਵਾਲਿਆਂ ਨੂੰ ਹਾਰਣ ਵਾਲਿਆਂ ਨੇ ਪਿੱਛੇ ਛੱਡ ਦਿੱਤਾ। ਸਿਰਫ ਇਸ ਗੱਲ ਨੂੰ ਸਵੀਕਾਰ ਕਰਕੇ ਕਿ ਲੜਾਕੂ ਰਵੱਈਆ ਦੇਸ਼ ਨੂੰ ਕਿਸੇ ਸਾਕਾਰਾਤਮਕ ਨਤੀਜੇ ਤੱਕ ਨਹੀਂ ਲੈ ਜਾਂਦਾ ਅਤੇ ਆਪਣੀ ਊਰਜਾ ਨੂੰ ਉਦਯੋਗਿਕ ਖੇਤਰ ਵੱਲ ਮੋੜ ਕੇ, ਜਪਾਨ ਨੇ ਦੁਨੀਆ ਦੀਆਂ ਜ਼ਿਆਦਾਤਰ ਕੌਮਾਂ ਨੂੰ ਹੈਰਾਨੀਜਨਕ ਤਰੀਕੇ ਨਾਲ ਪਿੱਛੇ ਛੱਡ ਦਿੱਤਾ।

ਅਮਰੀਕੀ ਇਸ ਸਥਿਤੀ ਤੋਂ ਬਹੁਤ ਪਰੇਸ਼ਾਨ ਹਨ ਅਤੇ ਜਪਾਨੀ ਸਮਾਨ ਦੀ ਬੇਹੱਦ ਆਮਦ ਨੂੰ "ਆਰਥਿਕ ਪਰਲ ਹਾਰਬਰ" ਕਹਿੰਦੇ ਹਨ। ਅਮਰੀਕਾ ਵਿੱਚ ਪ੍ਰਕਾਸ਼ਿਤ ਇੱਕ ਕਿਤਾਬ *Japan Number One* ਬੈਸਟਸੈਲਰ ਬਣੀ, ਜਿਸ ਵਿੱਚ ਦੱਸਿਆ ਗਿਆ ਕਿ ਕਾਰੋਬਾਰ ਦੇ ਖੇਤਰ ਵਿੱਚ ਜਪਾਨ ਨੇ ਅਮਰੀਕਾ ਨੂੰ ਕਾਫ਼ੀ ਪਿੱਛੇ ਛੱਡ ਦਿੱਤਾ ਹੈ ਅਤੇ ਜਲਦੀ ਹੀ ਉਹ ਬ੍ਰਿਟੇਨ ਤੋਂ ਵੀ ਅੱਗੇ ਨਿਕਲ ਜਾਵੇਗਾ। ਵਿਦੇਸ਼ੀ ਮੁਦਰਾ ਦੇ ਮਾਮਲੇ ਵਿੱਚ ਜਪਾਨ ਸਭ ਤੋਂ ਅਮੀਰ ਦੇਸ਼ ਸੀ— 1984 ਵਿੱਚ ਉਸਦੇ ਵਿਦੇਸ਼ੀ ਮੁਦਰਾ ਭੰਡਾਰ 74 ਬਿਲੀਅਨ ਡਾਲਰ ਸਨ। (ਟਾਈਮਜ਼ ਆਫ਼ ਇੰਡੀਆ, 13-14 ਜੂਨ 1985)

ਜਪਾਨ ਨੇ ਆਪਣੀ ਸੈਨਿਕ ਹਾਰ ਨੂੰ ਆਰਥਿਕ ਜਿੱਤ ਵਿੱਚ ਕਿਵੇਂ ਬਦਲਿਆ? ਕੇਵਲ ਧੀਰਜ, ਸਹਿਨਸ਼ੀਲਤਾ ਅਤੇ ਸ਼ਾਂਤੀਪੂਰਨ ਰਵੱਈਏ ਰਾਹੀਂ। ਉਸਨੇ ਬਦਲੇ

ਦੀ ਭਾਵਨਾ ਤੋਂ ਦੂਰ ਰਹਿੰਦੇ ਹੋਏ ਆਪਣੀ ਸਾਰੀ ਊਰਜਾ ਸ਼ਾਂਤੀਪੂਰਵਕ ਅਤੇ ਲਾਭਦਾਇਕ ਖੇਤਰਾਂ ਵੱਲ ਕੇਂਦ੍ਰਿਤ ਕੀਤੀ। ਉਸਨੇ ਹੋਰ ਰਾਸ਼ਟਰਾਂ ਦੀ ਸੈਨਿਕ ਅਤੇ ਰਾਜਨੀਤਿਕ ਮੁਹਾਰਥ ਨੂੰ ਮੰਨ ਲਿਆ ਅਤੇ ਦੁਨਿਆਵੀ ਤੱਥਾਂ ਅਨੁਸਾਰ ਆਪਣੇ ਮਾਪਦੰਡ ਤੈਅ ਕੀਤੇ। ਫਿਰ ਕਿਸੇ ਨੂੰ ਦੋਸ਼ ਦੇਣ ਜਾਂ ਬੀਤੇ ਸਮੇਂ ’ਤੇ ਗਿਲਾ ਕਰਨ ਵਿਚ ਸਮਾਂ ਗਵਾਏ ਬਿਨਾਂ ਜਪਾਨ ਨੇ ਆਰਥਿਕ ਪੁਨਰਗਠਨ ਸ਼ੁਰੂ ਕੀਤਾ।

ਪਰਲ ਹਾਰਬਰ ਉਸਦੀ ਸਭ ਤੋਂ ਵੱਡੀ ਗ਼ਲਤੀ ਸੀ ਅਤੇ ਉਸ ਤੋਂ ਸਬਕ ਲੈ ਕੇ ਉਸਨੇ ਆਪਣਾ ਪੂਰਾ ਧਿਆਨ ਮੌਜੂਦਾ ਮੌਕਿਆਂ ਨੂੰ ਫੜਨ ’ਤੇ ਲਗਾ ਦਿੱਤਾ। ਸਧਾਰਨ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਜਪਾਨ ਨੇ ਆਪਣੀ ਤਬਾਹੀ ਦਾ ਜ਼ਿੰਮੇਵਾਰ ਖੁਦ ਨੂੰ ਮੰਨਿਆ ਅਤੇ ਜਦੋਂ ਇਹ ਸਮੁੱਚੇ ਦੇਸ਼ਵਾਸੀਆਂ ਵਲੋਂ ਸਵੀਕਾਰ ਕਰ ਲਿਆ ਗਿਆ ਤਾਂ ਉਸਨੇ ਪੂਰੇ ਜਜ਼ਬੇ ਨਾਲ ਆਪਣੀ ਆਰਥਿਕ ਉਨਤੀ ਦਾ ਆਰੰਭ ਕੀਤਾ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਸੀਂ ਇਸ ਧਰਤੀ ’ਤੇ ਇਕੱਲੇ ਯਾਤਰੀ ਨਹੀਂ ਹਾਂ। ਹਰ ਵੇਲੇ ਕਈ ਹੋਰ ਲੋਕ ਇਸ ਦੌੜ ਵਿਚ ਨਾਲ ਭੱਜ ਰਹੇ ਹਨ ਜੋ ਇਸ ਮੁਕਾਬਲੇ ਭਰੀ ਦੁਨੀਆ ਵਿੱਚ ਸਾਡੇ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਸਥਿਤੀ ਦਾ ਸਾਹਮਣਾ ਦੋ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ— ਇਕ, ਰੁਕਾਵਟਾਂ ਨਾਲ ਸਿੱਧੀ ਟੱਕਰ ਲੈਣਾ; ਦੂਜਾ, ਉਨ੍ਹਾਂ ਤੋਂ ਬਚਦੇ ਹੋਏ ਆਪਣੀ ਮੰਜ਼ਿਲ ਵੱਲ ਵੱਧਣਾ। ਪਹਿਲਾ ਤਰੀਕਾ ਸਵੈ-ਵਿਨਾਸ਼ ਵਾਲਾ ਹੈ, ਜਦਕਿ ਦੂਜਾ ਵਾਸਤਵ ਵਿੱਚ ਲਾਭਦਾਇਕ ਹੈ। ਜੋ ਜਹਾਜ਼ ਚੱਟਾਨ ਨਾਲ ਟੱਕਰਾ ਜਾਂਦਾ ਹੈ, ਡੁੱਬ ਜਾਂਦਾ ਹੈ; ਪਰ ਜੋ ਕੁਝ ਸਮੇਂ ਲਈ ਆਪਣਾ ਰਾਹ ਬਦਲ ਕੇ ਖ਼ਤਰੇ ਤੋਂ ਬੱਚਦਾ ਹੈ, ਉਹੀ ਸੁਰੱਖਿਅਤ ਢੰਗ ਨਾਲ ਬੰਦਰਗਾਹ ’ਤੇ ਪਹੁੰਚਦਾ ਹੈ। ਇਸੇ ਤਰ੍ਹਾਂ, ਜਪਾਨ ਨੇ ਸੈਨਿਕ ਪ੍ਰਭੁਤਾ ਛੱਡ ਕੇ ਆਰਥਿਕ ਪ੍ਰਭੁਤਾ ਹਾਸਲ ਕੀਤੀ, ਜੋ ਕਾਫ਼ੀ ਵਧੀਆ ਮੰਜ਼ਿਲ ਸੀ।

ਅੱਜ ਹੀਰੋਸ਼ੀਮਾ ਅਤੇ ਨਾਗਾਸਾਕੀ, ਜੋ ਕਦੇ ਜਪਾਨ ਦੀ ਸੈਨਿਕ ਤਬਾਹੀ ਦੇ ਪ੍ਰਤੀਕ ਸਨ, ਸੱਤਰ ਸਾਲ ਬਾਅਦ ਉਸਦੀ ਆਰਥਿਕ ਕਾਮਯਾਬੀ ਦੇ ਪ੍ਰਤੀਕ ਬਣ ਚੁੱਕੇ ਹਨ।

ਸਿੱਖਿਆ: ਜੀਵਨ ਦਾ ਵਿਗਿਆਨ

ਸਿੱਖਿਆ ਸਿਰਫ਼ ਨੌਕਰੀ ਲਈ ਸਰਟੀਫਿਕੇਟ ਨਹੀਂ ਹੈ। ਇਸਦਾ ਅਸਲੀ ਉਦੇਸ਼ ਮਨੁੱਖੀ ਮਨ ਵਿੱਚ ਬੌਧਿਕ ਜਾਗਰੂਕਤਾ ਪੈਦਾ ਕਰਨਾ ਹੈ। ਹਰ ਵਿਅਕਤੀ ਨੂੰ ਸਿੱਖਿਆ ਦੇਣਾ ਕਿਸੇ ਵੀ ਰਾਸ਼ਟਰ ਨਿਰਮਾਣ ਦੀ ਦਿਸ਼ਾ ਵਿਚ ਪਹਿਲਾ ਕਦਮ ਹੈ। ਜਦੋਂ ਕਿਸੇ ਕੌਮ ਦੀ ਯਾਤਰਾ ਸ਼ੁਰੂ ਹੁੰਦੀ ਹੈ ਤਾਂ ਇਸਦੀ ਸ਼ੁਰੂਆਤ ਨਿਸ਼ਚਤ ਤੌਰ ’ਤੇ ਇੱਥੋਂ ਹੀ ਹੋਣੀ ਚਾਹੀਦੀ ਹੈ; ਹੋਰ ਕੋਈ ਬਿੰਦੂ ਨਹੀਂ ਜਿਥੋਂ ਇਹ ਯਾਤਰਾ ਸ਼ੁਰੂ ਹੋ ਸਕੇ।

ਲੋਕਾਂ ਨੂੰ ਬੌਧਿਕ ਪੱਧਰ ’ਤੇ ਜਾਗਰੂਕ ਕਰਨ ਦਾ ਕੀ ਅਰਥ ਹੈ? ਇਸਦਾ ਅਰਥ ਹੈ— ਉਨ੍ਹਾਂ ਵਿੱਚ ਇਹ ਸਮਰੱਥਾ ਪੈਦਾ ਕਰਨੀ ਕਿ ਉਹ ਭੂਤਕਾਲ ਅਤੇ ਵਰਤਮਾਨ ਨੂੰ ਆਪਸ ਵਿੱਚ ਜੋੜ ਸਕਣ, ਠੀਕ ਨਤੀਜੇ ਕੱਢ ਸਕਣ ਅਤੇ ਜੀਵਨ ਦੇ ਮਾਮਲਿਆਂ ਨੂੰ ਸਦੀਵੀ ਯੋਜਨਾ ਦੇ ਸੰਦਰਭ ਵਿੱਚ ਦੇਖ ਸਕਣ। ਇਹ ਮਨੁੱਖ ਨੂੰ ਆਪਣੀਆਂ ਕਮਜ਼ੋਰੀਆਂ ਅਤੇ ਤਾਕਤਾਂ ਦਾ ਸਹੀ ਨਿਖੇੜਾ ਕਰਨਾ ਸਿਖਾਉਂਦੀ ਹੈ। ਉਸਨੂੰ ਇਹ ਵੀ ਸਿੱਖਣਾ ਚਾਹੀਦਾ ਹੈ ਕਿ ਆਪਣੀ ਇੱਛਾ ਨੂੰ ਰੱਬ ਦੀ ਇੱਛਾ ਵਿਚ ਕਿਵੇਂ ਰਲਗਢ ਕੀਤਾ ਜਾਵੇ, ਕਿਉਂਕਿ ਇਹੀ ਇਕੋ ਰਸਤਾ ਹੈ ਜਿਸ ਰਾਹੀਂ ਉਹ ਰੱਬ ਦੀ ਦੁਨੀਆ ਵਿੱਚ ਅਸਲ ਕਾਮਯਾਬੀ ਪ੍ਰਾਪਤ ਕਰ ਸਕਦਾ ਹੈ।

ਅਸਲ ਅਰਥਾਂ ਵਿੱਚ ਸਿਰਫ਼ ਉਹੀ ਵਿਅਕਤੀ ਮਨੁੱਖ ਕਹਾਉਣ ਦੇ ਯੋਗ ਹੈ ਜੋ ਸਮਝ ਵਾਲਾ ਹੈ। ਇਸੇ ਤਰ੍ਹਾਂ ਦਾ ਵਿਅਕਤੀ ਖੁਦ ਨੂੰ ਅਤੇ ਹੋਰਨਾਂ ਨੂੰ ਠੀਕ ਤਰੀਕੇ ਨਾਲ ਸਮਝ ਸਕਦਾ ਹੈ, ਸਹੀ ਨਤੀਜੇ ਤੱਕ ਪਹੁੰਚ ਸਕਦਾ ਹੈ। ਜਦੋਂ ਉਹ ਇਹ ਜਾਣ ਲੈਂਦਾ ਹੈ ਕਿ ਉਸਦੇ ਵਿਚਾਰਾਂ ਵਿੱਚ ਕਿਹੜੇ ਨਿਰਪੱਖ ਹਨ ਅਤੇ ਕਿਹੜੇ ਪੱਖਪਾਤੀ, ਤਦੋਂ ਹੀ ਉਹ ਇਹ ਪਛਾਣ ਸਕਦਾ ਹੈ ਕਿ ਉਸਦੇ ਕਿਹੜੇ ਕਾਰਜ ਕੇਵਲ ਨਕਾਰਾਤਮਕ ਪ੍ਰਤੀਕ੍ਰਿਆਵਾਂ ਸਨ ਅਤੇ ਕਿਹੜੇ ਸੱਚਮੁੱਚ ਸਕਾਰਾਤਮਕ ਕਰਮ ਸਨ। ਇਸ ਤਰ੍ਹਾਂ ਉਹ ਚੰਗੇ ਤੇ ਮਾੜੇ, ਸੱਚ ਤੇ ਝੂਠ ਵਿੱਚ ਫ਼ਰਕ ਕਰ ਸਕਦਾ ਹੈ।

ਸਾਡੇ ਸਾਰਿਆਂ ਕੋਲ ਅੱਖਾਂ ਹਨ, ਪਰ ਸਿੱਖਿਆ ਹੀ ਹੈ ਜੋ ਸਾਨੂੰ ਬੋਧਿਕ ਦ੍ਰਿਸ਼ਟੀ ਤੇ ਵਿਵੇਕ ਪ੍ਰਦਾਨ ਕਰਦੀ ਹੈ। ਅਸਿੱਖਿਅਕ ਅੱਖਾਂ ਸਿਰਫ਼ ਬਾਹਰੀ ਰੂਪ ਵੇਖਣ ਦੇ ਯੋਗ ਬਣਾਉਂਦੀਆਂ ਹਨ, ਪਰ ਸਿੱਖਿਆ ਮਨੁੱਖ ਨੂੰ ਜੀਵਨ ਦੀਆਂ ਅਸਲ ਗਹਿਰਾਈਆਂ ਤਕ ਪਹੁੰਚਣ ਦੇ ਕਾਬਿਲ ਬਣਾਉਂਦੀ ਹੈ।

ਜਿਵੇਂ ਕਿਸਾਨ ਬੀਜ ਬੋ ਕੇ ਉਸਦੀ ਦੇਖਭਾਲ ਕਰਦਾ ਹੈ ਤਾਂ ਜੋ ਉਹ ਰੁੱਖ ਬਣੇ, ਉਸੇ ਤਰ੍ਹਾਂ ਸਿੱਖਿਆ ਸੰਸਥਾਵਾਂ ਮਨੁੱਖ ਦੇ ਬੌਧਿਕ ਵਿਕਾਸ ਨੂੰ ਪੂਰਨਤਾ ਤੱਕ ਲੈ ਜਾਣ ਵਿੱਚ ਸਹਾਇਕ ਹੁੰਦੀਆਂ ਹਨ। ਸਿੱਖਿਆ ਬੇਸ਼ਕ ਮਨੁੱਖ ਨੂੰ ਰੋਜ਼ਗਾਰ ਪ੍ਰਾਪਤ ਕਰਨ ਵਿੱਚ ਮਦਦ ਕਰਦੀ ਹੈ, ਪਰ ਇਹ ਉਸਦਾ ਮੂਲ ਉਦੇਸ਼ ਨਹੀਂ। ਸਿੱਖਿਆ ਦਾ ਅਸਲੀ ਗੁਣ ਇਹ ਹੈ ਕਿ ਉਹ ਮਨੁੱਖ ਨੂੰ ਜੀਵਨ ਦਾ ਵਿਗਿਆਨ ਸਿਖਾਉਂਦੀ ਹੈ ਅਤੇ ਉਸਨੂੰ ਇੱਕ ਸੂਝਵਾਨ, ਸਮਝਦਾਰ ਇਨਸਾਨ ਬਣਾਉਂਦੀ ਹੈ।

ਲਾਪਰਵਾਹੀ – ਇੱਕ ਨੈਤਿਕ ਕਮੀ

ਇਹ ਗੱਲ ਮੰਨਣੀ ਔਖੀ ਹੈ ਕਿ ਕੋਈ ਜਾਨਵਰ ਇਨਸਾਨ ਖਾਣ ਵਾਲੇ ਸ਼ੇਰ ਤੋਂ ਵੀ ਵੱਧ ਖ਼ਤਰਨਾਕ ਹੋ ਸਕਦਾ ਹੈ। ਪਰ ਸੱਚਾਈ ਇਹ ਹੈ ਕਿ ਇਨਸਾਨ ਦਾ ਸਭ ਤੋਂ ਵੱਡਾ ਦੁਸ਼ਮਣ ਨਾ ਸ਼ੇਰ ਹੈ ਤੇ ਨਾ ਹੀ ਰਿੱਛ, ਬਲਕਿ ਉਹ ਛੋਟੇ-ਛੋਟੇ ਬੈਕਟੀਰੀਆ ਹਨ ਜੋ ਇੰਨੇ ਬਾਰੀਕ ਹੁੰਦੇ ਹਨ ਕਿ ਨੰਗੀ ਅੱਖ ਨਾਲ ਨਹੀਂ ਦਿੱਸਦੇ। ਇਹ ਛੋਟੇ ਜ਼ਰੂਰ ਹਨ, ਪਰ ਉਨ੍ਹਾਂ ਦੇ ਵੱਧਣ ਦੀ ਰਫ਼ਤਾਰ ਇੰਨੀ ਤੇਜ਼ ਹੁੰਦੀ ਹੈ ਕਿ ਅਨੁਕੂਲ ਹਾਲਾਤਾਂ ਵਿਚ ਇਕ ਹੀ ਬੈਕਟੀਰੀਆ ਸਿਰਫ਼ ਦਸ ਘੰਟਿਆਂ ਵਿੱਚ ਆਪਣੀ ਗਿਣਤੀ ਦਸ ਹਜ਼ਾਰ ਗੁਣਾ ਵਧਾ ਲੈਂਦਾ ਹੈ। ਜਿੱਥੇ ਰਿੱਛ ਜਾਂ ਸ਼ੇਰ ਕਦੇ-ਕਦੇ ਹੀ ਕਿਸੇ ਮਨੁੱਖ ਨੂੰ ਖਾਂਦੇ ਹਨ, ਉੱਥੇ ਇਹ ਬੈਕਟੀਰੀਆ ਹਮੇਸ਼ਾਂ ਇਨਸਾਨ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਰਹਿੰਦੇ ਹਨ।

ਇਨ੍ਹਾਂ ਦੀਆਂ ਕਿਸਮਾਂ ਹਜ਼ਾਰਾਂ ਹਨ। ਖੁਸ਼ਕਿਸਮਤੀ ਨਾਲ ਉਨ੍ਹਾਂ ਵਿੱਚੋਂ ਨੜਿਨਵੇਂ ਪ੍ਰਤੀਸ਼ਤ ਮਨੁੱਖ ਲਈ ਜਾਂ ਤਾਂ ਲਾਭਦਾਇਕ ਹਨ ਜਾਂ ਹਾਨੀਰਹਿਤ ਹਨ। ਹਾਲਾਂਕਿ ਬਾਕੀ ਇਕ ਪ੍ਰਤੀਸ਼ਤ ਹੀ ਖ਼ਤਰਨਾਕ ਹਨ, ਪਰ ਉਹ ਇੰਨੇ ਜ਼ਹਿਰੀਲੇ ਹੁੰਦੇ ਹਨ ਕਿ ਕੁਝ ਸਕਿੰਟਾਂ ਵਿੱਚ ਹੀ ਕਿਸੇ ਵਿਅਕਤੀ ਦੀ ਜਾਨ ਲੈ ਸਕਦੇ ਹਨ। ਮੈਡੀਕਲ ਸਾਇੰਸ ਦੇ ਅਨੁਸਾਰ ਸਾਰੀਆਂ ਮਾਰੂ ਬਿਮਾਰੀਆਂ ਇਹੋ ਜਿਹੇ ਜੀਵਾਣੂਆਂ ਨਾਲ ਹੀ ਪੈਦਾ ਹੁੰਦੀਆਂ ਹਨ। ਉਨ੍ਹਾਂ ਦਾ ਛੋਟਾ ਆਕਾਰ ਉਨ੍ਹਾਂ ਨੂੰ ਇਨਸਾਨ ਦੇ ਸਰੀਰ ਵਿੱਚ ਬਿਨਾਂ ਰੁਕਾਵਟ ਦਾਖਲ ਹੋਣ ਦੀ ਸਮਰੱਥਾ ਦਿੰਦਾ ਹੈ।

ਲੋਕ ਆਮ ਤੌਰ ’ਤੇ ਵੱਡੇ ਤੇ ਸਪਸ਼ਟ ਖ਼ਤਰਿਆਂ ਤੋਂ ਸੁਚੇਤ ਰਹਿੰਦੇ ਹਨ ਤੇ ਸਮਝਦੇ ਹਨ ਕਿ ਉਨ੍ਹਾਂ ਦੀਆਂ ਸਾਰੀਆਂ ਮੁਸੀਬਤਾਂ ਦਾ ਕਾਰਨ ਉਹੀ ਹਨ। ਪਰ ਅਸਲ ਸੱਚ ਇਹ ਹੈ ਕਿ ਇਹ ਨਿੱਕੇ-ਨਿੱਕੇ ਜੀਵਾਣੂ ਹੀ ਇਨਸਾਨ ਨੂੰ ਉਹ ਨੁਕਸਾਨ ਪਹੁੰਚਾਉਂਦੇ ਹਨ ਜੋ ਵੱਡੇ ਦੁਸ਼ਮਣ ਵੀ ਨਹੀਂ ਕਰ ਸਕਦੇ। ਇਸੇ ਤਰ੍ਹਾਂ, ਇਨਸਾਨ ਦੀ ਜ਼ਿੰਦਗੀ ਵਿੱਚ ਸਭ ਤੋਂ ਵੱਡਾ ਨੁਕਸਾਨ ਉਹਨਾਂ ਛੋਟੇ ਤੇ ਨਜ਼ਰਅੰਦਾਜ਼ ਕੀਤੇ ਪਲਾਂ ਨਾਲ ਹੁੰਦਾ ਹੈ, ਭਾਵ ਜਦੋਂ ਸਮੇਂ ’ਤੇ ਕਾਰਵਾਈ ਕਰਨੀ ਸੀ, ਜਦੋਂ ਕਿਸੇ ਕੰਮ ਨੂੰ ਮਨਜ਼ੂਰੀ ਜਾਂ ਇਨਕਾਰ ਕਰਨ ਦੀ ਲੋੜ ਸੀ, ਜਦੋਂ ਸਲਾਹ, ਮਦਦ ਜਾਂ ਆਤਮ-ਵਿਚਾਰ ਦੀ ਲੋੜ ਸੀ, ਪਰ ਅਸੀਂ ਉਹ ਸਾਰੇ ਮੌਕੇ ਗਵਾ ਬੈਠੇ। ਸਾਡੇ ਸੁਭਾਅ ਵਿਚ ਆਸਾਨੀ ਨਾਲ ਆ ਜਾਣ ਵਾਲੀ ਇਹ ਲਾਪਰਵਾਹੀ ਸਾਡੀ ਆਤਮਾ ਵਿੱਚ ਇਸ ਤਰ੍ਹਾਂ ਵੜ ਜਾਂਦੀ ਹੈ ਜਿਵੇਂ ਬੈਕਟੀਰੀਆ ਸਰੀਰ ਵਿੱਚ ਵੜਦਾ ਹੈ। ਜੇ ਸਮੇਂ ਸਿਰ ਇਸ ’ਤੇ ਕਾਬੂ ਨਾ ਪਾਇਆ ਜਾਵੇ ਤਾਂ ਇਹ ਇੱਕ ਆਦਤ ਬਣ ਜਾਂਦੀ ਹੈ ਜੋ ਅਖ਼ੀਰਕਾਰ ਨੈਤਿਕ ਪਤਨ ਦਾ ਕਾਰਨ ਬਣਦੀ ਹੈ।

ਲਾਪਰਵਾਹ ਮਨੁੱਖ ਭਵਿੱਖ ਦੀ ਚਿੰਤਾ ਕੀਤੇ ਬਿਨਾਂ ਦਿਨ-ਬ-ਦਿਨ ਆਪਣਾ ਸਮਾਂ ਵਿਅਰਥ ਗਵਾ ਦਿੰਦਾ ਹੈ। ਉਹ ਆਪਣੀ ਆਮਦਨ ਦਾ ਵੱਡਾ ਹਿੱਸਾ ਵੀ ਬੇਕਾਰ ਖਰਚ ਕਰਦਾ ਹੈ। ਇੱਕ ਦਿਨ ਗਵਾਇਆ ਜਾਂ ਕੁਝ ਰੁਪਏ ਵਿਅਰਥ ਕੀਤੇ ਮਾਮੂਲੀ ਲੱਗ ਸਕਦੇ ਹਨ, ਪਰ ਜਦੋਂ ਸਾਲ ਜਾਂ ਪੂਰੀ ਉਮਰ ਦਾ ਹਿਸਾਬ ਜੋੜਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਨਸਾਨ ਨੇ ਆਪਣੀ ਜ਼ਿੰਦਗੀ ਅਤੇ ਆਮਦਨ ਦਾ ਅੱਧ ਤੋਂ ਵੱਧ ਹਿੱਸਾ ਵਿਅਰਥ ਗਵਾ ਦਿੱਤਾ ਹੈ। ਜੇ ਇੱਕ ਕੌਮ ਦੇ ਪੱਧਰ ’ਤੇ ਇਹ ਨੁਕਸਾਨ ਜੋੜਿਆ ਜਾਵੇ ਤਾਂ ਇਹ ਇੰਨਾ ਵੱਡਾ ਹੁੰਦਾ ਹੈ ਕਿ ਇਸਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਇੱਕ ਕੌਮ ਦੀ ਸਥਿਰਤਾ

ਇਨਸਾਨ ਨੂੰ ਹਮੇਸ਼ਾਂ ਮਾਰਗਦਰਸ਼ਨ ਦੀ ਲੋੜ ਹੁੰਦੀ ਹੈ ਅਤੇ ਰੱਬ ਨੇ ਉਸਦੀ ਰਹਿਨੁਮਾਈ ਲਈ ਅਨੇਕ ਸਰੋਤ ਬਣਾਏ ਹਨ। ਕੁਦਰਤ ਦੀ ਦੁਨੀਆ ਵਿੱਚ ਹਰ ਜਗ੍ਹਾ ਉਸ ਨੇ ਅਜਿਹੇ ਚਿੰਨ੍ਹ ਰੱਖੇ ਹਨ ਜੋ ਸਾਨੂੰ ਹਰ ਪਲ ਸੇਧ ਦਿੰਦੇ ਹਨ।

ਇੱਕ ਬੇਲ ਨੂੰ ਹੀ ਦੇਖੋ, ਕੁਝ ਹੀ ਮਹੀਨਿਆਂ ਵਿੱਚ ਉਹ ਵੱਧਦੀ ਹੈ, ਫੈਲਦੀ ਹੈ, ਫੁੱਲ ਤੇ ਫਲ ਦਿੰਦੀ ਹੈ ਅਤੇ ਫਿਰ ਮਰ ਜਾਂਦੀ ਹੈ। ਉਹ ਸੁੰਦਰ ਹੈ, ਖੁਰਾਕ ਦਾ ਸਰੋਤ ਹੈ ਅਤੇ ਵੇਖਣ ਵਾਲੇ ਨੂੰ ਖੁਸ਼ੀ ਦਿੰਦੀ ਹੈ। ਪਰ ਉਹ ਹਮੇਸ਼ਾਂ ਨਹੀਂ ਰਹਿੰਦੀ। ਜਦੋਂ ਉਹ ਸੁੱਕ ਜਾਂਦੀ ਹੈ ਤਾਂ ਇਸ ਤਰ੍ਹਾਂ ਅਲੋਪ ਹੋ ਜਾਂਦੀ ਹੈ ਜਿਵੇਂ ਕਦੇ ਸੀ ਹੀ ਨਹੀਂ। ਇਸਦਾ ਅਸਤਿਤਵ ਹੀ ਧਰਤੀ ’ਤੇ ਨਹੀਂ ਰਹਿੰਦਾ।

ਹੁਣ ਇਸਦੀ ਤੁਲਨਾ ਉਸ ਉੱਚੇ ਫਲਦਾਰ ਦਰੱਖਤ ਨਾਲ ਕਰੋ ਜੋ ਹੌਲੀ-ਹੌਲੀ ਵੱਧਦਾ ਹੈ, ਲੰਮੇਂ ਅੰਤਰਾਲ ਬਾਅਦ ਫੁੱਲ ਤੇ ਫਲ ਲਾਉਂਦਾ ਹੈ, ਪਰ ਸਾਲਾਂ ਤੱਕ, ਕਈ ਵਾਰ ਸਦੀਆਂ ਤੱਕ ਜਿੰਦਾ ਰਹਿੰਦਾ ਹੈ। ਉਹ ਸਿਰਫ਼ ਜੀਉਂਦਾ ਹੀ ਨਹੀਂ, ਸਗੋਂ ਮਨੁੱਖਤਾ ਨੂੰ ਆਪਣੀ ਛਾਂ, ਸੁਗੰਧੀ ਫੁੱਲ ਅਤੇ ਮਿੱਠੇ ਫਲ ਦੇ ਕੇ ਲਾਭ ਪਹੁੰਚਾਉਂਦਾ ਰਹਿੰਦਾ ਹੈ।

ਕੁਦਰਤ ਦੀਆਂ ਇਹ ਦੋ ਮਿਸਾਲਾਂ ਰੱਬ ਦੇ ਲੁਕੇ ਹੋਏ ਸੰਕੇਤ ਹਨ। ਇਹ ਸਾਨੂੰ ਸਹੀ ਜੀਵਨ ਰਾਹ ਲਈ ਦਿਸ਼ਾ ਦਿੰਦੇ ਹਨ ਅਤੇ ਉਹਨਾਂ ਰਸਤਿਆਂ ਤੋਂ ਬਚਾਉਂਦੇ ਹਨ ਜੋ ਅਖ਼ੀਰਕਾਰ ਨਾਕਾਮੀ ਵੱਲ ਲੈ ਜਾਂਦੇ ਹਨ। ਜਦੋਂ ਕਿਸੇ ਕੌਮ ਦੇ ਨਿਰਮਾਣ ਦੀ ਗੱਲ ਆਉਂਦੀ ਹੈ, ਤਾਂ ਸਾਨੂੰ ਬੇਲ ਵਾਂਗ ਤੇਜ਼ੀ ਨਾਲ ਫੈਲਣ ਦੀ ਲਾਲਸਾ ਨਹੀਂ ਕਰਨੀ ਚਾਹੀਦੀ, ਸਗੋਂ ਉਸ ਦਰੱਖਤ ਵਾਂਗ ਬਣਨਾ ਚਾਹੀਦਾ ਹੈ ਜੋ ਧੀਰੇ-ਧੀਰੇ ਪਰ ਮਜ਼ਬੂਤੀ ਨਾਲ ਵੱਧਦਾ ਹੈ। ਉਹ ਆਪਣੀਆਂ ਜੜ੍ਹਾਂ ਮਿੱਟੀ ਵਿੱਚ ਡੂੰਘੀਆਂ ਪਾਉਂਦਾ ਹੈ (ਜਿਵੇਂ ਜਿੰਨਾਂ ਹਿੱਸਾ ਜ਼ਮੀਨ ਤੋਂ ਉੱਪਰ ਹੈ, ਉਨਾ ਹੀ ਹੇਠਾਂ ਵੀ ਹੁੰਦਾ ਹੈ) ਅਤੇ ਸਾਲਾਂ ਤਕ ਮੌਸਮਾਂ ਦੀ ਮਾਰ ਦੇ ਬਾਵਜੂਦ ਅਡੋਲ ਖੜ੍ਹਾ ਰਹਿੰਦਾ ਹੈ।

ਪੂਰੀ ਤਰ੍ਹਾਂ ਵੱਡਾ ਹੋਣ ਤੋਂ ਪਹਿਲਾਂ ਵੀ ਉਹ ਪੱਥਰ ਵਾਂਗ ਸਥਿਰ ਹੁੰਦਾ ਹੈ, ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ, ਕੋਈ ਸਮੱਸਿਆ ਨਹੀਂ ਪੈਦਾ ਕਰਦਾ, ਸਗੋਂ ਮਨੁੱਖਤਾ ਨੂੰ ਲਾਭ ਹੀ ਲਾਭ ਦਿੰਦਾ ਹੈ। ਇਸ ਲਈ ਇੱਕ ਕੌਮ ਨੂੰ ਵੀ ਇਸੇ ਧੀਰਜ, ਸਥਿਰਤਾ ਅਤੇ ਡੂੰਘੀ ਜੜ੍ਹਾਂ ਵਾਲੇ ਅਸੂਲ ਨਾਲ ਵੱਧਣਾ ਚਾਹੀਦਾ ਹੈ। ਇਨ੍ਹਾਂ ਗੁਣਾਂ ਦੇ ਬਿਨਾਂ ਵਿਕਾਸ ਕਰਨਾ, ਨੀਂਹ ਤੋਂ ਬਿਨਾਂ ਘਰ ਬਣਾਉਣ ਦੇ ਸਮਾਨ ਹੈ।

ਇਹੋ ਅਸੂਲ ਮਨੁੱਖੀ ਜੀਵਨ ’ਤੇ ਵੀ ਲਾਗੂ ਹੁੰਦਾ ਹੈ। ਜੇ ਜੀਵਨ ਨੂੰ ਮਜ਼ਬੂਤ ਅਤੇ ਲੰਮੇ ਸਮੇਂ ਤੱਕ ਟਿਕਾਊ ਬਣਾਉਣਾ ਹੈ ਤਾਂ ਸਬਰ ਅਤੇ ਮਿਹਨਤ ਦਾ ਰਾਹ ਹੀ ਅਪਣਾਉਣਾ ਪਵੇਗਾ।

ਜੀਵਨ ਬਣਾਉਣਾ ਬੱਚਿਆਂ ਦੇ ਖੇਡ-ਘਰ ਬਣਾਉਣ ਵਾਂਗ ਨਹੀਂ, ਜੋ ਕੁਝ ਘੰਟਿਆਂ ਵਿੱਚ ਤਿਆਰ ਵੀ ਹੋ ਜਾਵੇ ਅਤੇ ਕੁਝ ਮਿੰਟਾਂ ਵਿੱਚ ਢਹਿ ਵੀ ਪਏ। ਇਹ ਜੜ੍ਹਾਂ ਪਾਉਣ ਦਾ ਕੰਮ ਹੈ— ਧੀਰੇ-ਧੀਰੇ, ਪਰ ਦ੍ਰਿੜ੍ਹਤਾ ਸਹਿਤ ਉੱਚਾਈ ਵੱਲ ਵਧਣ ਦਾ ਯਤਨ ਹੈ।

ਨੈਤਿਕਤਾ ਅਤੇ ਤਕਨਾਲੋਜੀ

ਬੰਬਈ ਵਿੱਚ ਆਕਾਸ਼ਦੀਪ ਨਾਂ ਦੀ ਇਕ ਬਹੁ-ਮੰਜ਼ਿਲਾ ਇਮਾਰਤ ਤਿਆਰ ਹੋਣ ਦੇ ਕੁਝ ਹੀ ਸਮੇਂ ਬਾਅਦ ਹੀ ਢਹਿ ਗਈ। ਇੰਜੀਨੀਅਰਾਂ ਨੇ ਕਿਹਾ ਕਿ ਇਸ ਦੇ ਢਹਿਣ ਦਾ ਕਾਰਨ ਇਹ ਸੀ ਕਿ ਸੁਰੱਖਿਆ ਮਾਪਦੰਡਾਂ ਅਨੁਸਾਰ ਜਿੰਨਾਂ ਸੀਮੈਂਟ ਵਰਤਿਆ ਜਾਣਾ ਚਾਹੀਦਾ ਸੀ, ਉਸ ਤੋਂ ਘੱਟ ਵਰਤਿਆ ਗਿਆ ਸੀ।

ਇੱਕ ਤਕਨੀਕੀ ਸੰਸਥਾ ਦੇ ਡਾਇਰੈਕਟਰ ਨੇ ਕਿਹਾ, “ਆਰ.ਸੀ.ਸੀ. ਨਿਰਮਾਣ ਇੱਕ ਵਿਗਿਆਨਕ ਪ੍ਰਕਿਰਿਆ ਹੈ, ਜੇ ਇਹ ਯੋਗ ਅਤੇ ਤਜ਼ਰਬੇਕਾਰ ਲੋਕਾਂ ਦੇ ਹੱਥ ਵਿੱਚ ਹੋਵੇ ਤਾਂ ਸ਼ਾਨਦਾਰ ਹੈ, ਪਰ ਜੇ ਇਸਨੂੰ ਅਣਜਾਣ ਜਾਂ ਗੈਰ-ਕਾਬਲ ਇੰਜੀਨੀਅਰਾਂ ਅਤੇ ਠੇਕੇਦਾਰਾਂ ਦੁਆਰਾ ਸੰਭਾਲਿਆ ਜਾਵੇ ਤਾਂ ਇਹ ਖ਼ਤਰਨਾਕ ਸਾਬਤ ਹੁੰਦੀ ਹੈ।” (ਦ ਟਾਈਮਜ਼ ਆਫ਼ ਇੰਡੀਆ, 4 ਸਤੰਬਰ 1983)

ਸੁਣਨ ਵਿਚ ਉਪਰੋਕਤ ਕਥਨ ਸਹੀ ਲੱਗਦਾ ਹੈ ਅਤੇ ਮਾਮਲੇ ਦੀ ਵਾਜਬ ਵਿਆਖਿਆ ਕਰਦਾ ਹੈ, ਪਰ ਜਦੋਂ ਅਸੀਂ “ਅਕੁਸ਼ਲ” (incompetent) ਸ਼ਬਦ ਬਾਰੇ ਸੋਚਦੇ ਹਾਂ ਜੋ ਇੰਜੀਨੀਅਰਾਂ ਤੇ ਠੇਕੇਦਾਰਾਂ ਲਈ ਵਰਤਿਆ ਗਿਆ ਹੈ ਤਾਂ ਸਪੱਸ਼ਟ ਹੁੰਦਾ ਹੈ ਕਿ ਇਸ ਦੀ ਥਾਂ ‘ਭ੍ਰਸ਼ਟ’ (corrupt) ਸ਼ਬਦ ਜ਼ਿਆਦਾ ਠੀਕ ਹੈ। ਸੱਚ ਇਹ ਹੈ ਕਿ ਅਜਿਹੀਆਂ ਸਮੱਸਿਆਵਾਂ ਦਾ ਕਾਰਨ ਤਕਨੀਕੀ ਅਣਜਾਣਤਾ ਨਹੀਂ, ਸਗੋਂ ਲਾਲਚ ਅਤੇ ਭ੍ਰਸ਼ਟਾਚਾਰ ਹੈ।

ਭਾਖੜਾ ਡੈਮ ਦੇ ਨਿਰਮਾਣ ਲਈ ਸਰਕਾਰ ਨੇ ਦੇਸ਼ ਦੇ ਸਭ ਤੋਂ ਉੱਤਮ ਇੰਜੀਨੀਅਰਾਂ ਨੂੰ ਇਕੱਠਾ ਕੀਤਾ ਸੀ। ਪਰ ਜਿਵੇਂ ਹੀ ਡੈਮ ਤਿਆਰ ਹੋਇਆ, ਉਸ ਦੀਆਂ ਦਿਵਾਰਾਂ ਵਿੱਚ ਦਰਾਰਾਂ ਪੈਣ ਲੱਗੀਆਂ, ਜਿਸ ਕਾਰਨ ਸਰਕਾਰ ਨੂੰ ਦੁਬਾਰਾ ਮੁਰੰਮਤ ’ਤੇ ਕਰੋੜਾਂ ਰੁਪਏ ਖਰਚਣੇ ਪਏ।

ਅਜਿਹੀਆਂ ਘਟਨਾਵਾਂ ਇਸ ਦੇਸ਼ ਵਿੱਚ ਆਮ ਹਨ। ਤਕਨੀਕੀ ਮਾਹਿਰਾਂ ਦੀ ਨਿਗਰਾਨੀ ਦੇ ਬਾਵਜੂਦ, ਅਸੀਂ ਅਕਸਰ ਸੁਣਦੇ ਹਾਂ ਕਿ ਨਵੀਂ ਬਣੀ ਸੜਕ ਕੁਝ ਹੀ ਸਮੇਂ ਵਿੱਚ ਟੁੱਟਣ ਲੱਗਦੀ ਹੈ, ਨਵੀਆਂ ਇਮਾਰਤਾਂ ਤੁਰੰਤ ਮੁਰੰਮਤ ਦੀ ਮੰਗ ਕਰਦੀਆਂ ਹਨ ਅਤੇ ਕਈ ਪ੍ਰੋਜੈਕਟ ਪੂਰੇ ਹੋਣ ਦੇ ਬਾਵਜੂਦ ਅਧੂਰੇ ਰਹਿ ਜਾਂਦੇ ਹਨ। ਇਹ ਸਭ ਭ੍ਰਿਸ਼ਟਾਚਾਰ ਦਾ ਨਤੀਜਾ ਹੈ, ਇਸਦਾ ਤਕਨੀਕੀ ਕਮੀ ਨਾਲ ਕੋਈ ਲੈਣਾ-ਦੇਣਾ ਨਹੀਂ।

ਭ੍ਰਿਸ਼ਟਾਚਾਰ ਇੱਕ ਮਾਨਸਿਕ ਬੁਰਾਈ ਹੈ, ਜਦਕਿ ਕੁਸ਼ਲਤਾ ਦੀ ਘਾਟ ਇੱਕ ਤਕਨੀਕੀ ਕਮੀ ਹੈ। ਮਾਨਸਿਕ ਬੁਰਾਈ ਨੂੰ ਤਕਨੀਕੀ ਸੁਧਾਰ ਨਾਲ ਦੂਰ ਨਹੀਂ ਕੀਤਾ ਜਾ ਸਕਦਾ। ਜੇ ਅਸੀਂ ਵਾਸਤਵ ਵਿੱਚ ਦੇਸ਼ ਵਿੱਚ ਇੱਕ ਬਿਹਤਰ ਸਮਾਜ ਸਿਰਜਣਾ ਚਾਹੁੰਦੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਉਹਨਾਂ ਵਿਅਕਤੀਆਂ ਦੇ ਨੈਤਿਕ ਅਤੇ ਮਾਨਸਿਕ ਸੁਧਾਰ ਲਈ ਕੰਮ ਕਰਨਾ ਪਵੇਗਾ ਜੋ ਇਸ ਦੇਸ਼ ਦੀ ਰੀੜ੍ਹ ਦੀ ਹੱਡੀ ਹਨ। ਸਿਰਫ਼ ਤਕਨੀਕੀ ਕੋਰਸਾਂ ਦੀ ਗਿਣਤੀ ਵਧਾ ਦੇਣ ਨਾਲ ਉਹ ਲੋਕ ਆਪਣਾ ਚਾਲ-ਚਲਣ ਨਹੀਂ ਬਦਲਣਗੇ।

ਨੌਜਵਾਨਾਂ ਨਾਲ ਵਿਵਹਾਰ

ਕੁਝ ਮਹੀਨੇ ਪਹਿਲਾਂ ਜਾਰਜ ਮੇਨੇਜ਼ਸ ਨੂੰ ਇੱਕ ਕਾਲਜ ਦੇ ਸਮਰ ਕੈਂਪ ਦੇ ਉਦਘਾਟਨ ਸਮਾਰੋਹ ਦੀ ਅਗਵਾਈ ਕਰਨ ਲਈ ਬੁਲਾਇਆ ਗਿਆ। ਆਪਣੇ ਸੰਬੋਧਨ ਦੌਰਾਨ ਉਸ ਨੇ ਇੱਕ ਘਟਨਾ ਸਾਂਝੀ ਕੀਤੀ। ਉਸ ਨੇ ਦੱਸਿਆ ਕਿ ਇੱਕ ਦਿਨ ਉਸ ਦੇ ਪਿਤਾ ਦੇ ਕੋਲਾਬਾ ਵਾਲੇ ਘਰ ਵਿੱਚ ਇੱਕ ਅਧਿਆਪਕ ਆਇਆ ਤੇ ਕਿਹਾ ਕਿ ਉਸ ਦਾ ਭਰਾ ਮੈਟ੍ਰਿਕ ਦੇ ਗਣਿਤ ਪੇਪਰ ਵਿੱਚ ਕੁਝ ਹੀ ਅੰਕਾਂ ਨਾਲ ਫੇਲ ਹੋ ਗਿਆ ਹੈ। ਅਧਿਆਪਕ ਨੇ ਕਿਹਾ, “ਸਰ, ਮੋਡਰੇਟਰ ਤੁਹਾਡੇ ਟੈਲੀਫ਼ੋਨ ਦੀ ਉਡੀਕ ਕਰ ਰਿਹਾ ਹੈ, ਬਾਕੀ ਸਾਰਾ ਕੰਮ ਹੋ ਜਾਵੇਗਾ।” ਉਸ ਸਮੇਂ ਮੇਨੇਜ਼ਸ ਦੇ ਪਿਤਾ ਸਿੱਖਿਆ ਵਿਭਾਗ ਵਿੱਚ ਅੰਡਰ-ਸੈਕਟਰੀ ਸਨ—ਬੋਰਡ, ਕਾਲਜ ਅਤੇ ਸਕੂਲ ਸਭ ਉਨ੍ਹਾਂ ਦੇ ਅਧੀਨ ਆਉਂਦੇ ਸਨ। ਪਰ ਪਿਤਾ ਨੇ ਅਧਿਆਪਕ ਨੂੰ ਸਿੱਧਾ ਜਵਾਬ ਦਿੱਤਾ: “ਜੇ ਮੇਰਾ ਪੁੱਤਰ ਫੇਲ ਹੋਣ ਦੇ ਕਾਬਲ ਹੈ, ਤਾਂ ਉਹ ਫੇਲ ਹੋਵੇ। ਇਹ ਉਸ ਲਈ ਇੱਕ ਕੀਮਤੀ ਸਬਕ ਹੋਵੇਗਾ।”

ਇਹ ਸਿੱਖਿਆਯੋਗ ਕਥਾ ਸੁਣਾਉਣ ਤੋਂ ਬਾਅਦ ਉਹ ਬਹੁਤ ਉਮੀਦ ਨਾਲ ਆਪਣੇ ਨੌਜਵਾਨ ਦਰਸ਼ਕਾਂ ਵੱਲ ਵੇਖਣ ਲੱਗਾ। ਪਰ ਪ੍ਰਸ਼ੰਸਾ ਦੀ ਥਾਂ ਹੌਲੀ-ਹੌਲੀ ਹਾਸੇ ਦੀਆਂ ਆਵਾਜ਼ਾਂ ਗੂੰਜਣ ਲੱਗੀਆਂ, ਜੋ ਜਲਦੀ ਹੀ ਅਸਹਜ ਹੋ ਗਈਆਂ। ਫਿਰ ਇੱਕ ਨੌਜਵਾਨ ਖੜ੍ਹਾ ਹੋਇਆ ਤੇ ਚੀਕਿਆ, "ਤੁਹਾਡੇ ਪਿਤਾ ਪੂਰੇ ਮੂਰਖ ਸਨ! ਜੇ ਉਹ ਮੇਰੇ ਨਾਲ ਇਹ ਕਰਦੇ, ਮੈਂ ਉਨ੍ਹਾਂ ਨੂੰ ਮਾਰ ਦਿੰਦਾ!"

ਅੱਜ ਦੀ ਨੌਜਵਾਨ ਪੀੜ੍ਹੀ ਵਿਚ ਐਸੀ ਬੇਇਜ਼ੱਤੀ ਕਰਨਾ ਕੋਈ ਅਜੀਬ ਗੱਲ ਨਹੀਂ ਰਹੀ। ਪਰ ਸਵਾਲ ਇਹ ਹੈ ਕਿ ਦੋਸ਼ ਕਿੱਥੇ ਹੈ? ਇਸ ਰਵੱਈਏ ਦੀ ਜ਼ਿੰਮੇਵਾਰੀ ਸਪੱਸ਼ਟ ਤੌਰ 'ਤੇ ਉਹਨਾਂ ਆਗੂਆਂ 'ਤੇ ਆਉਂਦੀ ਹੈ ਜੋ ਵਿਦਿਆਰਥੀਆਂ ਨੂੰ ਭੜਕਾਉਂਦੇ ਹਨ, ਉਨ੍ਹਾਂ ਦੇ ਮਨਾਂ ਵਿੱਚ ਨਫ਼ਰਤ ਅਤੇ ਵੈਰ ਦੀ ਭਾਵਨਾ ਪੈਦਾ ਕਰਦੇ ਹਨ, ਸਿਰਫ਼ ਆਪਣੀਆਂ ਨਿੱਜੀ ਲੋੜਾਂ ਨੂੰ ਪੂਰਾ ਕਰਨ ਲਈ। ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਇਕੱਠੇ ਹੁੰਦੇ ਹਨ ਅਤੇ ਅਸਾਨੀ ਨਾਲ ਪ੍ਰਭਾਵਿਤ ਕੀਤੇ ਜਾ ਸਕਦੇ ਹਨ, ਇਸੇ ਕਰਕੇ ਉਹ ਸ਼ੋਸ਼ਣ ਦਾ ਸ਼ਿਕਾਰ ਬਣ ਜਾਂਦੇ ਹਨ।

ਇਸ ਦਾ ਨਤੀਜਾ ਇਹ ਹੈ ਕਿ ਸਦੀਆਂ ਪੁਰਾਣੀਆਂ ਸ਼ਿਸ਼ਟਤਾ ਅਤੇ ਆਦਰ ਦੀਆਂ ਪਰੰਪਰਾਵਾਂ ਗੁੰਮ ਗਈਆਂ ਹਨ। ਦਰਅਸਲ, ਹਰ ਵਾਜ਼ਬ ਮਾਪਦੰਡ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਜਦੋਂ ਹਾਲਾਤ ਕਾਬੂ ਤੋਂ ਬਾਹਰ ਹੋ ਜਾਂਦੇ ਹਨ, ਤਾਂ ਦੋਸਤ ਤੇ ਦੁਸ਼ਮਣ ਦੋਵੇਂ ਉਸ ਵਿੱਚ ਫਸ ਜਾਂਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਜ਼ਿੰਦਗੀ ਦੀ ਭੱਜ-ਦੌੜ ਵਿਚ ਥੋੜ੍ਹਾ ਰੁਕੀਏ ਅਤੇ ਗੰਭੀਰਤਾ ਨਾਲ ਵਿਚਾਰ ਕਰੀਏ ਕਿ ਸਾਡੀਆਂ ਸਮਾਜਿਕ ਜ਼ਿੰਮੇਵਾਰੀਆਂ ਕੀ ਹੋਣੀਆਂ ਚਾਹੀਦੀਆਂ ਹਨ— ਤਾਂ ਜੋ ਭਟਕੇ ਹੋਏ ਆਗੂ ਨੌਜਵਾਨ ਪੀੜ੍ਹੀ ਨੂੰ ਐਸੇ ਰਸਤੇ 'ਤੇ ਨਾ ਧੱਕ ਸਕਣ ਜੋ ਭਵਿੱਖ ਲਈ ਸਿਰਫ਼ ਵਿਰੋਧ ਦੀ ਦਿਸ਼ਾ ਵੱਲ ਲੈ ਜਾਂਦਾ ਹੈ।

ਮਿਹਨਤ ਨਾਲ ਉੱਚਾ ਮੁਕਾਮ ਪਾਉਣਾ

ਇੱਕ ਆਦਮੀ ਭਰਤੀ ਦਫ਼ਤਰ ਵਿੱਚ ਗਿਆ ਤੇ ਕਿਹਾ, "ਮੈਂ ਸਿਪਾਹੀ ਵਜੋਂ ਭਰਤੀ ਹੋਣਾ ਚਾਹੁੰਦਾ ਹਾਂ।"

ਸਾਰਜੰਟ ਨੇ ਪੁੱਛਿਆ, "ਤੇਰੀ ਉਮਰ ਕਿੰਨੀ ਹੈ?"

ਉਸ ਨੇ ਜਵਾਬ ਦਿੱਤਾ, "ਸੱਠ ਸਾਲ।"

ਸਾਰਜੰਟ ਨੇ ਕਿਹਾ, "ਤੈਨੂੰ ਪਤਾ ਹੈ ਕਿ ਸੱਠ ਸਾਲ ਦੀ ਉਮਰ ਸਿਪਾਹੀ ਬਣਨ ਲਈ ਬਹੁਤ ਜ਼ਿਆਦਾ ਹੈ।"

ਉਸ ਨੇ ਮੁੜ ਕਿਹਾ, "ਠੀਕ ਹੈ, ਜੇ ਸਿਪਾਹੀ ਬਣਨ ਲਈ ਸੱਠ ਸਾਲ ਜ਼ਿਆਦਾ ਹਨ ਤਾਂ ਕੀ ਤੁਹਾਨੂੰ ਕਿਸੇ ਜਨਰਲ ਦੀ ਲੋੜ ਨਹੀਂ?"

ਜੇ ਕੋਈ ਆਪਣਾ ਕਰੀਅਰ ਜਨਰਲ ਵਜੋਂ ਸ਼ੁਰੂ ਕਰਨਾ ਚਾਹੇ ਤਾਂ ਇਹ ਬਹੁਤ ਮੁਸ਼ਕਲ ਹੈ। ਇਹ ਬਿਲਕੁਲ ਉਸ ਦੌੜ ਵਾਂਗ ਹੈ ਜਿਸ ਵਿੱਚ ਕੋਈ ਆਰੰਭਕ ਬਿੰਦੂ ਤੋਂ ਮੰਜ਼ਿਲ ਤੱਕ ਸਿੱਧਾ ਛਾਲ ਨਹੀਂ ਮਾਰ ਸਕਦਾ। ਕਿਸੇ ਵੀ ਕੰਮ ਵਿੱਚ ਕਾਮਯਾਬੀ ਹਾਸਲ ਕਰਨ ਲਈ ਸਾਨੂੰ ਦਰੱਖਤ ਵਾਂਗ ਬਣਨਾ ਪੈਂਦਾ ਹੈ, ਜੋ ਬੀਜ ਤੋਂ ਆਰੰਭ ਕਰਦਾ ਹੈ, ਹੌਲੀ-ਹੌਲੀ ਵੱਧਦਾ ਹੈ ਅਤੇ ਜਦੋਂ ਸਮਾਂ ਆਉਂਦਾ ਹੈ ਤਾਂ ਟਾਹਣੀਆਂ, ਪੱਤੇ ਅਤੇ ਫੁੱਲ ਪੈਦਾ ਕਰਦਾ ਹੈ। ਇਸੇ ਤਰ੍ਹਾਂ ਕਾਰੋਬਾਰ ਵੀ ਪੈਸਾ ਲਗਾਉਣ ਨਾਲ ਆਰੰਭ ਹੁੰਦਾ ਹੈ, ਲਾਭ ਕਮਾਉਣ ਨਾਲ ਨਹੀਂ। ਘਰ ਦੀ ਉਸਾਰੀ ਬੁਨਿਆਦਾਂ ਤੋਂ ਸ਼ੁਰੂ ਹੁੰਦੀ ਹੈ, ਛੱਤ ਤੋਂ ਨਹੀਂ। ਭੋਜਨ ਖੇਤ ਵਿਚ ਬੀਜ ਬੀਜਣ ਨਾਲ ਸ਼ੁਰੂ ਹੁੰਦਾ ਹੈ, ਮੇਜ਼ ਉਤੇ ਭਾਂਡੇ ਸਜਾਉਣ ਨਾਲ ਨਹੀਂ। ਫੈਕਟਰੀ ਦੀ ਸ਼ੁਰੂਆਤ ਮਸ਼ੀਨਰੀ ਖਰੀਦਣ ਨਾਲ ਹੁੰਦੀ ਹੈ, ਉਤਪਾਦ ਵੇਚਣ ਨਾਲ ਨਹੀਂ।

ਧਾਰਮਿਕ ਮਾਮਲਿਆਂ ਦਾ ਵੀ ਇਹੀ ਨਿਯਮ ਹੈ। ਇਹ ਵਿਅਕਤੀਆਂ ਵਿੱਚ ਉਦੇਸ਼ ਦੀ ਭਾਵਨਾ ਪੈਦਾ ਕਰਨ ਦੇ ਨਾਲ-ਨਾਲ ਮਿਹਨਤ, ਸੱਚਾਈ, ਸਹਿਨਸ਼ੀਲਤਾ ਅਤੇ ਏਕਤਾ ਦੇ ਅਹਿਸਾਸ ਨਾਲ ਸ਼ੁਰੂ ਹੁੰਦੇ ਹਨ ।

ਜਦ ਤੱਕ ਕਿਸੇ ਕੌਮ ਦੇ ਵਿਅਕਤੀਆਂ ਵਿੱਚ ਇਹ ਮੁੱਢਲੇ ਆਦਰਸ਼ ਉੱਚ ਪੱਧਰ ਤੱਕ ਪੈਦਾ ਨਹੀਂ ਹੁੰਦੇ, ਕਿਸੇ ਵੀ ਮੁਹਿੰਮ ਦੀ ਤਰੱਕੀ ਲਈ ਕਦਮ ਚੁੱਕਣਾ ਵਿਅਰਥ ਹੈ। ਜੇ ਅਸੀਂ ਤਿਆਰੀ ਦੇ ਮਹੱਤਵ ਨੂੰ ਨਜ਼ਰਅੰਦਾਜ਼ ਕਰ ਦੇਈਏ ਤਾਂ ਸਾਡੇ ਯਤਨ ਅਸਫਲ ਹੋਣੇ ਹੀ ਹਨ। ਕਿਸੇ ਅੰਦੋਲਨ ਬਿਨਾਂ ਮਜ਼ਬੂਤ ਕੌਮੀ ਢਾਂਚੇ ਦੀ ਸ਼ੁਰੂਆਤ ਕਰਨਾ, ਬਿਨਾਂ ਕੰਧਾਂ ਦੇ ਛੱਤ ਬਣਾਉਣ ਦੀ ਕੋਸ਼ਿਸ਼ ਕਰਨਾ ਦੇ ਸਮਾਨ ਹੈ। ਅਜਿਹੀ ਛੱਤ ਆਖ਼ਰਕਾਰ ਆਪਣੇ ਹੀ ਸਿਰ ਉੱਤੇ ਢਹਿ ਪੈਂਦੀ ਹੈ। ਇਸੇ ਤਰ੍ਹਾਂ, ਜੇ ਵਿਅਕਤੀਆਂ ਨੂੰ ਢੰਗ ਨਾਲ ਤਿਆਰ ਕੀਤੇ ਬਿਨਾਂ ਕੋਈ ਕਦਮ ਚੁੱਕੇ ਜਾਣ ਤਾਂ ਉਹ ਹਮੇਸ਼ਾਂ ਅਸਫਲਤਾ, ਗੜਬੜ,

ਇੱਥੋਂ ਤੱਕ ਕਿ ਤਬਾਹੀ ਤੱਕ ਲੈ ਜਾਂਦੇ ਹਨ। ਅਜਿਹੇ ਕਦਮ ਸਾਨੂੰ ਆਪਣੇ ਅਸਲ ਮਕਸਦ ਤੋਂ ਦੂਰ ਕਰ ਦਿੰਦੇ ਹਨ।

ਦ੍ਰਿੜ੍ਹਤਾ ਤੇ ਇੱਛਾ ਸ਼ਕਤੀ

ਇੱਕ ਚਿੰਤਕ ਨੇ ਕਿਹਾ ਸੀ ਕਿ ਲੋਕਾਂ ਵਿੱਚ ਤਾਕਤ ਦੀ ਕਮੀ ਨਹੀਂ ਹੁੰਦੀ, ਕਮੀ ਹੁੰਦੀ ਹੈ ਇੱਛਾ ਸ਼ਕਤੀ ਦੀ। ਗੱਲ ਸਹੀ ਹੈ, ਆਮ ਤੌਰ 'ਤੇ ਲੋਕਾਂ ਕੋਲ ਯੋਗਤਾਵਾਂ ਤਾਂ ਹੁੰਦੀਆਂ ਹਨ, ਪਰ ਉਹਨਾਂ ਨੂੰ ਵਰਤ ਨਹੀਂ ਪਾਉਂਦੇ ਕਿਉਂਕਿ ਉਹ ਲਗਾਤਾਰ ਮਿਹਨਤ ਕਰਨ ਦੀ ਸਮਰੱਥਾ ਨਹੀਂ ਰੱਖਦੇ। ਕਿਸੇ ਵੀ ਪ੍ਰਾਪਤੀ ਲਈ ਲੰਮੇਂ ਸਮੇਂ ਦੀ ਜ਼ੱਦੋ-ਜਹਿਦ ਬਹੁਤ ਜ਼ਰੂਰੀ ਹੈ। ਜੇ ਤੁਸੀਂ ਆਪਣੀ ਮਿਹਨਤ ਦਾ ਫਲ ਦੇਖਣਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਲੰਮੇਂ ਸਮੇਂ ਤੱਕ ਮਿਹਨਤ ਕਰਨ ਲਈ ਤਿਆਰ ਰਹਿਣਾ ਪਵੇਗਾ। ਜੇ ਤੁਸੀਂ ਇਹ ਸਮਰੱਥਾ ਨਹੀਂ ਰੱਖਦੇ ਤਾਂ ਤੁਹਾਨੂੰ ਕਿਸੇ ਵੱਡੀ ਕਾਮਯਾਬੀ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਕਾਮਯਾਬ ਜੀਵਨ ਦਾ ਰਾਜ ਬਹੁਤ ਸਿੱਧਾ ਹੈ— "ਜਿੰਨਾ ਵਧੇਰੇ ਸਮਾਂ ਤੁਸੀਂ ਲਗਾਓਗੇ, ਉਨਾ ਹੀ ਅੱਗੇ ਵਧੋਗੇ।"

ਕਿਸੇ ਕੌਮ ਦੀ ਨੀਂਹ ਕਈ ਵਾਰ ਛੋਟੇ ਸਮੇਂ ਵਿੱਚ ਪੈ ਸਕਦੀ ਹੈ, ਪਰ ਕਈ ਵਾਰ ਇਸ ਲਈ ਲੰਮਾ ਸਮਾਂ ਲੱਗਦਾ ਹੈ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਹੋ ਜਿਹਾ ਰਾਸ਼ਟਰੀ ਢਾਂਚਾ ਬਣਾਉਣਾ ਚਾਹੁੰਦੇ ਹੋ। ਜੇ ਤੁਹਾਡਾ ਮਕਸਦ ਸਿਰਫ਼ ਲੋਕਾਂ ਵਿੱਚ ਕੁਝ ਸਮੇਂ ਲਈ ਜੋਸ਼ ਪੈਦਾ ਕਰਨਾ ਹੈ ਜਾਂ ਭੀੜ ਇਕੱਠੀ ਕਰਕੇ ਨਾਅਰੇਬਾਜ਼ੀ ਰਾਹੀਂ ਮਨੋਵਿਗਿਆਨਕ ਪ੍ਰਭਾਵ ਪੈਦਾ ਕਰਨਾ ਹੈ ਤਾਂ ਇਹ ਸਿਰਫ਼ ਲੀਡਰਸ਼ਿਪ ਦੀ ਸਥਾਪਨਾ ਹੋਵੇਗੀ, ਕੌਮ ਦੀ ਨਹੀਂ।

ਕੁਝ ਨੇਤਾ ਜੋਸ਼ਿਲੀ ਆਵਾਜ਼ ਵਿਚ ਆਮ ਜਨਤਾ ਨੂੰ ਪਿੱਛੇ ਲਗਾ ਕੇ ਲਾਭ ਤਾਂ ਹਾਸਲ ਕਰ ਸਕਦੇ ਹਨ, ਪਰ ਜੇ ਅਸੀਂ ਸੱਚਮੁੱਚ ਇੱਕ ਆਦਰਸ਼ਕ ਕੌਮ ਬਣਾਉਣੀ ਚਾਹੁੰਦੇ ਹਾਂ ਤਾਂ ਇਹ ਸਮਝਣਾ ਪਵੇਗਾ ਕਿ ਇਹ ਖੀਰੇ ਦੀ ਬੇਲ ਨਹੀਂ, ਸਿੰਘਾੜੇ ਦਾ ਦਰੱਖਤ ਲਗਾਉਣ ਵਰਗਾ ਕੰਮ ਹੈ। ਇਹ ਕੰਮ ਲੰਮੇਂ ਸਮੇਂ ਦੀ ਯੋਜਨਾ ਮੰਗਦਾ ਹੈ, ਜਿਸਨੂੰ ਛੋਟੇ ਸਮੇਂ ਵਿੱਚ ਪੂਰਾ ਨਹੀਂ ਕੀਤਾ ਜਾ ਸਕਦਾ। ਜੇ ਕੋਈ ਨੇਤਾ ਸਿਰਫ਼ ਨਾਅਰਿਆਂ ਵਿਚ ਵਿਸ਼ਵਾਸ ਰੱਖਦਾ ਹੈ ਤਾਂ ਇਹ ਉਸਦਾ ਭੋਲਾਪਣ ਜਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਦੀ ਇੱਛਾ ਦਰਸਾਉਂਦਾ

ਹੈ ਅਤੇ ਜੇ ਕੋਈ ਵਿਅਕਤੀ ਬਿਨਾਂ ਲੰਮੇਂ ਸਮੇਂ ਦੀ ਮਿਹਨਤ ਦੇ ਆਪਣੀ ਕੌਮ ਨੂੰ ਕਾਮਯਾਬ ਦੇਖਣਾ ਚਾਹੁੰਦਾ ਹੈ ਤਾਂ ਉਸਨੂੰ ਸਮਝਣਾ ਚਾਹੀਦਾ ਹੈ ਕਿ ਅਜਿਹੀ ਕਾਮਯਾਬੀ ਸਿਰਫ਼ ਕਲਪਨਾ ਵਿੱਚ ਹੋ ਸਕਦੀ ਹੈ, ਹਕੀਕਤ ਵਿੱਚ ਨਹੀਂ।

ਨੋਬਲ ਪੁਰਸਕਾਰ ਕਿਵੇਂ ਜਿੱਤਿਆ ਜਾ ਸਕਦਾ ਹੈ?

ਨੋਬਲ ਪੁਰਸਕਾਰ ਜੇਤੂ ਪ੍ਰੋਫੈਸਰ ਅਬਦੁਸ ਸਲਾਮ ਨੇ 1986 ਵਿੱਚ ਭਾਰਤ ਦੇ ਕਈ ਸ਼ਹਿਰਾਂ ਦਾ ਦੌਰਾ ਕੀਤਾ। ਦ ਟਾਈਮਜ਼ ਆਫ ਇੰਡੀਆ (16 ਜਨਵਰੀ 1986) ਵਿੱਚ ਛਪੇ ਇੱਕ ਭਾਸ਼ਣ ਵਿੱਚ ਉਨ੍ਹਾਂ ਨੇ ਦੱਖਣੀ ਕੋਰੀਆ ਨੂੰ ਤੀਬਰ ਰਾਸ਼ਟਰੀ ਵਿਕਾਸ ਦਾ ਅਸਾਧਾਰਣ ਉਦਾਹਰਨ ਕਿਹਾ। ਉਨ੍ਹਾਂ ਦੱਸਿਆ ਕਿ ਤਕਰੀਬਨ 15 ਸਾਲ ਪਹਿਲਾਂ ਦੱਖਣੀ ਕੋਰੀਆ ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਦੇ ਬਰਾਬਰ ਸੀ, ਪਰ ਕੋਰੀਅਨ ਲੋਕਾਂ ਦੀ ਮਿਹਨਤ ਅਤੇ ਜ਼ਜਬੇ ਕਾਰਨ ਹੁਣ ਉਹ ਕਈ ਗੁਣਾ ਵੱਧ ਗਈ ਹੈ।

ਉਨ੍ਹਾਂ ਇੱਕ ਉਦਾਹਰਨ ਦਿੱਤੀ ਕਿ ਦੱਖਣੀ ਕੋਰੀਆ ਤੋਂ ਇੱਕ ਟੀਮ ਇਟਲੀ ਦੇ ਟ੍ਰਾਇਸਟੇ ਸ਼ਹਿਰ ਗਈ, ਜਿੱਥੇ ਪ੍ਰੋਫੈਸਰ ਸਲਾਮ ਰਹਿੰਦੇ ਸਨ, ਇਹ ਜਾਣਨ ਲਈ ਕਿ ਨੋਬਲ ਪੁਰਸਕਾਰ ਕਿਵੇਂ ਜਿੱਤਿਆ ਜਾਂਦਾ ਹੈ? ਸਲਾਮ ਦਾ ਮੰਨਣਾ ਸੀ ਕਿ ਤੀਸਰੀ ਦੁਨੀਆ ਦੇ ਦੇਸ਼ਾਂ ਦੇ ਲੋਕਾਂ ਵਿੱਚ ਵੀ ਅਜਿਹੀ ਹੀ ਖੋਜੀ ਆਤਮਾ (questing spirit) ਪੈਦਾ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹੀ ਆਤਮਾ ਹਰ ਤਰ੍ਹਾਂ ਦੀ ਤਰੱਕੀ ਦਾ ਆਧਾਰ ਹੈ, ਚਾਹੇ ਉਹ ਕਿਸੇ ਵਿਅਕਤੀ ਦੀ ਹੋਵੇ ਜਾਂ ਪੂਰੀ ਕੌਮ ਦੀ ਅਤੇ ਇਹ ਗੱਲ ਦੁਨੀਆਵੀ ਤਰੱਕੀ ਤੇ ਦੂਜੀ ਦੁਨੀਆ (ਜੱਨਤ) ਦੋਹਾਂ ਲਈ ਸੱਚ ਹੈ।

ਅਕਸਰ ਕਿਸੇ ਕੌਮ ਦੇ ਮਾਮਲਿਆਂ ਵਿੱਚ ਖੜੋਤ ਆ ਜਾਂਦੀ ਹੈ। ਵਿਕਾਸ ਰੁਕ ਜਾਂਦਾ ਹੈ, ਤਰੱਕੀ ਦੀ ਥਾਂ ਈਰਖਾ ਆ ਜਾਂਦੀ ਹੈ। ਜਿੱਥੇ ਮਿਹਨਤ ਹੋਣੀ ਚਾਹੀਦੀ ਹੈ, ਉੱਥੇ ਸੁਸਤਪਣ ਆ ਜਾਂਦਾ ਹੈ। ਜਦੋਂ ਕੌਮ ਇਸ ਪੱਧਰ ’ਤੇ ਆ ਜਾਂਦੀ ਹੈ ਤਾਂ ਉਹ ਤਰੱਕੀ ਦੀ ਪਉੜੀ ਤੋਂ ਫਿਸਲ ਕੇ ਸਭ ਤੋਂ ਹੇਠਲੇ ਪੱਧਰ ’ਤੇ ਪਹੁੰਚ ਜਾਂਦੀ ਹੈ। ਇਸ ਸਥਿਤੀ ਵਿੱਚ ਸਿਰਫ਼ ਉਹੀ ਲੋਕ ਕੌਮ ਨੂੰ ਮੁੜ ਉੱਪਰ ਲੈ ਜਾ ਸਕਦੇ ਹਨ ਜਿਨ੍ਹਾਂ ਵਿੱਚ ਖੋਜੀ ਜ਼ਜਬਾ, ਮਿਹਨਤ ਅਤੇ ਸੰਘਰਸ਼ ਦੀ ਰੂਹ

ਮੌਜੂਦ ਹੋਵੇ। ਸਿਰਫ਼ ਖੋਜ ਅਤੇ ਲਗਾਤਾਰ ਕੋਸ਼ਿਸ਼ ਦੀ ਭਾਵਨਾ ਹੀ ਕਿਸੇ ਕੌਮ ਨੂੰ ਦੁਬਾਰਾ ਉੱਚੇ ਪੱਧਰ ’ਤੇ ਲੈ ਜਾ ਸਕਦੀ ਹੈ ਅਤੇ ਉਸਨੂੰ ਤਰੱਕੀ ਦੇ ਸਿਖ਼ਰ ’ਤੇ ਪਹੁੰਚਾ ਸਕਦੀ ਹੈ।

ਏਕਤਾ ਵਿਚ ਕੰਮ ਕਰਨਾ

ਅਮਰੀਕੀ ਜਹਾਜ਼-ਨਿਰਮਾਤਾ ਇੱਕ 50 ਹਜ਼ਾਰ ਟਨ ਦੇ ਟੈਂਕਰ ਨੂੰ ਤਿਆਰ ਕਰਨ ਲਈ ਸੋਲ੍ਹਾਂ ਮਹੀਨੇ ਲਗਾਉਂਦੇ ਹਨ। ਸਪੇਨੀ ਇਸੇ ਆਕਾਰ ਦੇ ਜਹਾਜ਼ ਨੂੰ ਬਣਾਉਣ ਲਈ 24 ਮਹੀਨੇ ਲਗਾਉਂਦੇ ਹਨ। ਪਰ ਜਪਾਨੀ ਇਹ ਕੰਮ ਸਿਰਫ਼ ਅੱਠ ਮਹੀਨਿਆਂ ਵਿੱਚ ਕਰ ਲੈਂਦੇ ਹਨ।

ਇਸ ਜਪਾਨੀ ਚਮਤਕਾਰ ਦਾ ਰਾਜ਼ ਕੀ ਹੈ? ਪੱਛਮੀ ਵਿਦਵਾਨਾਂ ਦੁਆਰਾ ਕੀਤੇ ਗਏ ਇਕ ਸਰਵੇਖਣ ਅਨੁਸਾਰ, ਇਸ ਦਾ ਮੁੱਖ ਕਾਰਨ ਟੀਮਵਰਕ ਜਾਂ ਸਾਂਝਾ ਸਹਿਯੋਗ ਹੈ। ਜਪਾਨੀ ਮਜ਼ਦੂਰ ਅਤੇ ਪ੍ਰਬੰਧਨ ਪੂਰੀ ਇਕਜੁਟਤਾ ਨਾਲ ਕੰਮ ਕਰਦੇ ਹਨ। ਸਾਰੀ ਪ੍ਰਕਿਰਿਆ ਦੌਰਾਨ ਇਹ ਸਾਂਝਾ ਸਹਿਯੋਗ ਕਦੇ ਵੀ ਟੁੱਟਦਾ ਨਹੀਂ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਬਹੁਤ ਥੋੜ੍ਹੇ ਸਮੇਂ ਵਿੱਚ ਉੱਚ ਗੁਣਵੱਤਾ ਵਾਲਾ ਉਤਪਾਦ ਤਿਆਰ ਕਰ ਲੈਂਦੇ ਹਨ।

ਸਮੂਹਕ ਸਹਿਕਾਰਤਾ ਜਪਾਨੀ ਸਭਿਆਚਾਰ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਢੰਗ ਦਾ ਅਟੁੱਟ ਹਿੱਸਾ ਹੈ। ਚਾਹੇ ਘਰ ਹੋਵੇ ਜਾਂ ਫੈਕਟਰੀ, ਵੱਡੀ ਸੰਸਥਾ ਹੋਵੇ ਜਾਂ ਛੋਟੀ, ਇਕ-ਦੂਜੇ ਨਾਲ ਮਿਲਜੁਲ ਕੇ ਕੰਮ ਕਰਨ ਦੀ ਇੱਛਾ ਜਪਾਨੀ ਸੁਭਾਅ ਦੀ ਸਭ ਤੋਂ ਵਿਸ਼ੇਸ਼ ਖ਼ੂਬੀ ਹੈ। ਜਪਾਨ ਵਿਗਿਆਨ ਦੇ ਮਾਹਰ ਵਿਲੀਅਮ ਔਚੀ ਲਿਖਦਾ ਹੈ: “ਜਪਾਨ ਵਿੱਚ ਹਰ ਗਤੀਵਿਧੀ ਸਮੂਹਕ ਗਤੀਵਿਧੀ ਹੈ, ਨਾ ਕਿ ਵਿਅਕਤੀਗਤ ਸ਼ੋਹਰਤ ਜਾਂ ਪ੍ਰਸਿੱਧੀ ਦਾ ਸਾਧਨ।” (ਹਿੰਦੁਸਤਾਨ ਟਾਈਮਜ਼, ਫ਼ਰਵਰੀ 1986)

ਇਹੀ ਵਿਸ਼ੇਸ਼ਤਾ ਜਪਾਨ ਦੀ ਰਾਸ਼ਟਰੀ ਤਰੱਕੀ ਦਾ ਸਭ ਤੋਂ ਵੱਡਾ ਰਾਜ਼ ਹੈ। ਵੱਡੀ ਗਿਣਤੀ ਵਿੱਚ ਲੋਕਾਂ ਦਾ ਖ਼ੁਸ਼ੀ-ਖ਼ੁਸ਼ੀ ਇਕੱਠੇ ਕੰਮ ਕਰਨਾ ਕਿਸੇ ਵੀ ਯਤਨ ਦੀ ਸਫਲਤਾ ਲਈ ਅਤਿ ਜ਼ਰੂਰੀ ਹੈ। ਸੰਯੁਕਤ ਕੋਸ਼ਿਸ਼ ਦੀ ਇਸ ਪ੍ਰਣਾਲੀ ਵਿਚ ਇਕ-ਮਾਤਰ ਦੋਸ਼ ਇਹ ਹੈ ਕਿ ਵਿਅਕਤੀਗਤ ਅਸਤਿਤਵ ਨੂੰ ਵਿਕਸਿਤ ਹੋਣ

ਦਾ ਜ਼ਿਆਦਾ ਮੌਕਾ ਨਹੀਂ ਮਿਲਦਾ। ਪਰ ਸੱਚ ਇਹ ਹੈ ਕਿ ਉਹੀ ਰਾਸ਼ਟਰ ਸਫਲ ਹੋ ਸਕਦਾ ਹੈ ਜਿਸ ਦੇ ਨਾਗਰਿਕ ਆਪਣੀ ਵਿਅਕਤੀਗਤ ਇੱਛਾਵਾਂ ਦੀ ਬਲੀ ਚਾੜ੍ਹ ਕੇ ਸਾਂਝੇ ਹਿੱਤ ਲਈ ਕੰਮ ਕਰਨ ਨੂੰ ਤਿਆਰ ਹੋਣ। ਜਿੱਥੇ ਵਿਅਕਤੀ ਵਿਪਰੀਤ ਦਿਸ਼ਾਵਾਂ ਵੱਲ ਭੱਜਦੇ ਹਨ, ਉੱਥੇ ਰਾਸ਼ਟਰ ਪੱਧਰ 'ਤੇ ਕਦੇ ਵੀ ਕੋਈ ਠੋਸ ਪ੍ਰਗਤੀ ਨਹੀਂ ਹੋ ਸਕਦੀ।

ਜਦੋਂ ਕੰਮ ਸਹਿਯੋਗੀ ਭਾਵ ਨਾਲ ਕੀਤਾ ਜਾਵੇ, ਸੰਗਠਨ ਵਿਚ ਇਸੁਰਤਾ ਹੋਵੇ ਤੇ ਸੁਹਿਰਦਤਾ ਦਾ ਵਾਤਾਵਰਣ ਬਣਿਆ ਹੋਵੇ ਤਾਂ ਗੁਣਵੱਤਾ ਤੇ ਉਤਪਾਦਨ ਦੀ ਕੋਈ ਸੀਮਾ ਨਹੀਂ ਰਹਿੰਦੀ। ਇਸੇ ਲਈ ਕਿਹਾ ਗਿਆ ਹੈ— ਏਕਤਾ ਹੀ ਸਫਲਤਾ ਦੀ ਅਸਲ ਕੁੰਜੀ ਹੈ।

ਦੇਣ ਵਿਚ ਹੀ ਪ੍ਰਾਪਤੀ ਹੈ

ਟਾਈਮ ਪੱਤਰਿਕਾ ਦੇ 17 ਅਕਤੂਬਰ 1986 ਦੇ ਅੰਕ ਅਨੁਸਾਰ, "ਮਹਿਲਾ ਰਾਣੀ ਐਲਿਜ਼ਾਬੈਥ ਕਈ ਸਮਿਆਂ ਤੋਂ ਚੀਨ ਦੇ ਲੋਕ ਗਣਰਾਜ ਦੀ ਯਾਤਰਾ ਕਰਨ ਦੀ ਇੱਛਾ ਜ਼ਾਹਰ ਕਰ ਰਹੀ ਸੀ। ਪਰ ਜਦ ਤੱਕ ਬ੍ਰਿਟੇਨ ਚੀਨ ਦੀ ਧਰਤੀ ਦਾ ਇਕ ਹਿੱਸਾ— 'ਹਾਂਗ ਕਾਂਗ' ਆਪਣੇ ਕਬਜ਼ੇ ਵਿੱਚ ਰੱਖਦਾ ਸੀ, ਅਜਿਹੀ ਯਾਤਰਾ ਸੰਭਵ ਨਹੀਂ ਸੀ। 1984 ਦੇ ਚੀਨ-ਬ੍ਰਿਟੇਨ ਸਮਝੌਤੇ ਨੇ, ਜਿਸ ਅਨੁਸਾਰ 1997 ਵਿੱਚ ਹਾਂਗ ਕਾਂਗ ਚੀਨ ਨੂੰ ਵਾਪਸ ਕੀਤਾ ਜਾਣਾ ਸੀ, ਇਸ ਯਾਤਰਾ ਦਾ ਰਾਹ ਖੋਲ੍ਹਿਆ।"

'ਹਾਂਗ ਕਾਂਗ' ਚੀਨ ਨੂੰ ਵਾਪਸ ਕਰਨਾ ਕੋਈ ਆਸਾਨ ਗੱਲ ਨਹੀਂ ਸੀ, ਕਿਉਂਕਿ ਇਹ ਬ੍ਰਿਟਿਸ਼ ਤਾਜ ਤੋਂ ਇਕ ਕੀਮਤੀ ਹੀਰਾ ਕੱਢ ਦੇਣ ਦੇ ਬਰਾਬਰ ਸੀ। ਪਰ ਇਹ ਵੀ ਸਪਸ਼ਟ ਸੀ ਕਿ ਰਾਣੀ ਦੀ ਚੀਨ ਯਾਤਰਾ ਦੀ ਇੱਛਾ ਦਾ ਸਬੰਧ ਬ੍ਰਿਟੇਨ ਦੀ ਚੀਨ ਨਾਲ ਵਪਾਰਕ ਦਿਲਚਸਪੀ ਨਾਲ ਸੀ ਅਤੇ ਇਸ ਨਾਲ ਹੋਣ ਵਾਲੇ ਲਾਭ ਬੇਅੰਤ ਹੋ ਸਕਦੇ ਸਨ। ਪਿਛਲੇ ਸੌ ਸਾਲਾਂ ਦੌਰਾਨ ਬ੍ਰਿਟੇਨ ਅਤੇ ਚੀਨ ਦੇ ਸੰਬੰਧ ਕਾਫ਼ੀ ਤਣਾਅਪੂਰਨ ਰਹੇ ਸਨ, ਪਰ ਰਾਣੀ ਦੀ ਇਹ ਇਤਿਹਾਸਕ ਯਾਤਰਾ, ਜੋ ਕਿਸੇ ਬ੍ਰਿਟਿਸ਼ ਸ਼ਾਹੀ ਪਰਿਵਾਰਕ ਮੈਂਬਰ ਦੀ ਚੀਨ ਦੀ ਪਹਿਲੀ ਯਾਤਰਾ ਸੀ; ਨੇ ਵਪਾਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਇਹ ਇਕ ਸਫਲ

ਕੂਟਨੀਤਿਕ ਕਦਮ ਸੀ, ਜਿਸ ਨਾਲ ਸਾਲਾਨਾ ਇੱਕ ਅਰਬ ਪੰਜ ਕਰੋੜ ਡਾਲਰ ਦੇ ਵਪਾਰਕ ਸਮਝੌਤੇ ਦਾ ਰਾਹ ਤੈਅ ਹੋਇਆ।

ਭਾਵੇਂ ਤਾਜ ਦਾ ਇਕ ਹੀਰਾ ਗੁਆ ਦਿੱਤਾ, ਪਰ ਇਸ ਦੇ ਬਦਲੇ ਪ੍ਰਾਪਤ ਲਾਭ ਬਹੁਤ ਵੱਡੇ ਸਾਬਤ ਹੋਏ। ਸਪਸ਼ਟ ਹੈ, ਇਸ ਸੰਸਾਰ ਦਾ ਨਿਯਮ ਹੈ ਕਿ ਦੇਣ ਨਾਲ ਹੀ ਪ੍ਰਾਪਤੀ ਹੁੰਦੀ ਹੈ।

ਰਚਨਾਤਮਕ ਆਵੇਗ

ਆਰਨਲਡ ਜੋਸਫ ਟੋਇਨਬੀ (1889–1975), ਜੋ ਵਿਸ਼ਵ ਪ੍ਰਸਿੱਧ ਇਤਿਹਾਸਕਾਰ ਅਤੇ ਇਤਿਹਾਸ ਦੇ ਦਰਸ਼ਨਸ਼ਾਸਤਰੀ ਸਨ, ਨੇ ਆਪਣੀ ਪ੍ਰਸਿੱਧ ਰਚਨਾ *A Study of History* 1934 ਤੋਂ 1961 ਦੇ ਦਰਮਿਆਨ ਪ੍ਰਕਾਸ਼ਿਤ ਕੀਤੀ। ਬਾਰਾਂ ਭਾਗਾਂ 'ਚ ਫੈਲੀ ਇਹ ਪੁਸਤਕ ਤੇਈਂ ਸਭਿਆਚਾਰਾਂ ਦਾ ਦਾਰਸ਼ਨਿਕ ਅਧਿਐਨ ਹੈ।

ਇਸ ਕਿਤਾਬ ਵਿੱਚ ਟੋਇਨਬੀ ਨੇ ਦਰਸਾਇਆ ਹੈ ਕਿ "ਕਿਸੇ ਵੀ ਸਭਿਆਚਾਰ ਦੀ ਉਨਤੀ ਕਿਸੇ ਜਾਤੀ ਦੀ ਉੱਤਮ ਗੁਣਵੱਤਾ ਜਾਂ ਭੂਗੋਲਕ ਪਰਿਸਥਿਤੀਆਂ ਦਾ ਨਤੀਜਾ ਨਹੀਂ ਹੁੰਦੀ, ਸਗੋਂ ਇਹ ਉਸ ਸਮੇਂ ਦੀ ਕਿਸੇ ਵਿਸ਼ੇਸ਼ ਚੁਣੌਤੀ ਪ੍ਰਤੀ ਲੋਕਾਂ ਦੇ ਉੱਤਰ ਦਾ ਪਰਿਣਾਮ ਹੁੰਦਾ ਹੈ, ਜੋ ਉਨ੍ਹਾਂ ਨੂੰ ਇਕ ਅਸਾਧਾਰਣ ਯਤਨ ਕਰਨ ਲਈ ਉਤੇਜਿਤ ਕਰਦੀ ਹੈ। ਆਸਾਨ ਦੀ ਥਾਂ ਔਖੀਆਂ ਸਥਿਤੀਆਂ ਨੇ ਮਨੁੱਖ ਨੂੰ ਸੱਭਿਆਚਾਰਕ ਉਪਲਬਧੀਆਂ ਵੱਲ ਪ੍ਰੇਰਿਤ ਕੀਤਾ।" (ਭਾਗ 4, ਸਫ਼ਾ 659)

ਟੋਇਨਬੀ ਦੇ ਅਨੁਸਾਰ, ਹਰ ਸਭਿਆਚਾਰ ਇਕ ਰਚਨਾਤਮਕ ਆਵੇਗ ਤੋਂ ਜਨਮ ਲੈਂਦਾ ਹੈ। ਦਰਅਸਲ, ਇਹ "ਚੁਣੌਤੀ ਅਤੇ ਪ੍ਰਤੀਕਿਰਿਆ" ਦੀ ਤਰਕਸ਼ੀਲ ਪ੍ਰਣਾਲੀ ਹੈ ਜੋ ਕਿਸੇ ਵੀ ਰਾਸ਼ਟਰ ਵਿੱਚ ਵਿਕਸਿਤ ਹੋ ਸਕਦੀ ਹੈ ਅਤੇ ਉਸ ਨੂੰ ਪੂਰੇ ਵਿਸ਼ਵ ਦਾ ਆਗੂ ਬਣਾ ਸਕਦੀ ਹੈ। ਉਹ ਮੰਨਦਾ ਹੈ ਕਿ ਇਸ ਸੰਸਾਰ ਵਿੱਚ ਕਮੀ ਜਾਂ ਨੁਕਸਾਨ ਕਿਸੇ ਤਰ੍ਹਾਂ ਦੀ ਨਿਰਰਥਕ ਚੀਜ਼ ਨਹੀਂ; ਇਹ ਹੀ ਮਨੁੱਖ ਦੇ ਅੰਦਰ ਉੱਦਮੀ ਜੋਸ਼ ਪੈਦਾ ਕਰਦੀ ਹੈ। ਇਸ ਤਰੀਕੇ ਨਾਲ ਇਹ ਸਮੂਹਾਂ ਨੂੰ ਹੋਰ ਸਰਗਰਮ ਬਣਾਉਂਦੀ ਹੈ ਅਤੇ ਵੱਡੀ ਸਫਲਤਾ ਦੀ

ਸੰਭਾਵਨਾ ਪੈਦਾ ਕਰਦੀ ਹੈ। ਮੁਸ਼ਕਲ ਹਾਲਾਤਾਂ ਵਿੱਚ ਜੇ ਕਿਸੇ ਰਾਸ਼ਟਰ ਨੂੰ "ਪ੍ਰਤੀਕਿਰਿਆ ਦੀ ਮਨੋਬਿਰਤੀ" ਘੇਰ ਲੈਂਦੀ ਹੈ ਤਾਂ ਉਹ ਸ਼ਿਕਾਇਤਾਂ ਅਤੇ ਵਿਰੋਧਾਂ ਦੇ ਜਾਲ ਵਿੱਚ ਫਸ ਜਾਂਦਾ ਹੈ। ਪਰ ਜੇ ਉਹ ਮਾੜੇ ਹਾਲਤਾਂ ਤੋਂ ਉੱਪਰ ਉੱਠ ਕੇ ਸਕਾਰਾਤਮਕ ਸੋਚਦਾ ਹੈ ਤਾਂ ਉਹ ਵੇਖ ਸਕਦਾ ਹੈ ਕਿ ਇਹ ਔਖੀਆਂ ਸਥਿਤੀਆਂ ਹੀ ਉਸ ਦੀ ਅੰਤਿਮ ਸਫਲਤਾ ਦੀ ਪਉੜੀ ਬਣ ਰਹੀਆਂ ਹਨ।

ਦ੍ਰਿਸ਼ਟੀਕੋਣ ਦੀ ਲਚਕਤਾ

ਇੱਕ ਵਾਰ ਇੱਕ ਯਾਤਰੀ ਜਦੋਂ ਰੇਲਵੇ ਸਟੇਸ਼ਨ 'ਤੇ ਪਹੁੰਚਿਆ ਤਾਂ ਇਕ ਕੁਲੀ ਨੇ ਦੱਸਿਆ ਕਿ ਜਿਸ ਗੱਡੀ ਵਿੱਚ ਉਹ ਬੈਠਣਾ ਚਾਹੁੰਦਾ ਸੀ, ਉਹ ਜਾ ਚੁੱਕੀ ਹੈ। ਕੁਲੀ ਨੇ ਕਿਹਾ, "ਸਾਹਿਬ, ਚਿੰਤਾ ਨਾ ਕਰੋ। ਦੋ ਘੰਟਿਆਂ ਬਾਅਦ ਇਸੇ ਪਲੇਟਫਾਰਮ ਤੋਂ ਹੋਰ ਗੱਡੀ ਮਿਲ ਜਾਏਗੀ। ਤਦ ਤਕ ਤੁਸੀਂ ਇੱਥੇ ਆਰਾਮ ਕਰ ਸਕਦੇ ਹੋ।" ਯਾਤਰੀ ਨੇ ਉਸਦੀ ਸਲਾਹ ਮੰਨੀ ਤੇ ਦੋ ਘੰਟਿਆਂ ਬਾਅਦ ਦੂਜੀ ਗੱਡੀ ਵਿੱਚ ਬੈਠ ਕੇ ਆਪਣੀ ਮੰਜ਼ਿਲ ਵੱਲ ਚੱਲ ਪਿਆ।

ਹਰ ਯਾਤਰੀ ਜਾਣਦਾ ਹੈ ਕਿ ਜੇ ਉਹਦੀ ਇਕ ਟ੍ਰੇਨ ਛੁੱਟ ਜਾਂਦੀ ਹੈ ਤਾਂ ਜਲਦੀ ਹੀ ਕੋਈ ਦੂਜੀ ਟ੍ਰੇਨ ਆ ਜਾਏਗੀ। ਇਹ ਪਲੇਟਫਾਰਮ ਦੁਆਰਾ ਦੁਨੀਆ ਨੂੰ ਇਕ ਸਿੱਖਿਆ ਹੈ। ਪਰ ਆਮ ਤੌਰ 'ਤੇ ਲੋਕ ਇਹ ਸਧਾਰਣ ਸਿੱਖਿਆ ਉਸ ਵੇਲੇ ਭੁੱਲ ਜਾਂਦੇ ਹਨ ਜਦੋਂ ਜ਼ਿੰਦਗੀ ਦੀ ਭੀੜ-ਭਾੜ ਵਿੱਚ ਕੋਈ ਮੌਕਾ ਹੱਥੋਂ ਨਿਕਲ ਜਾਂਦਾ ਹੈ। ਜਦੋਂ ਕਿਸੇ ਨੂੰ ਪਹਿਲੀ ਵਾਰ ਨਾਕਾਮੀ ਮਿਲਦੀ ਹੈ, ਉਹ ਜਾਂ ਤਾਂ ਨਿਰਾਸ਼ ਹੋ ਜਾਂਦਾ ਹੈ ਜਾਂ ਸ਼ਿਕਾਇਤਾਂ ਤੇ ਵਿਰੋਧਾਂ ਵਿੱਚ ਫਸ ਜਾਂਦਾ ਹੈ। ਸਹੀ ਤਰੀਕਾ ਇਹ ਹੈ ਕਿ ਆਪਣੇ ਟੀਚੇ ਨੂੰ ਹਾਸਲ ਕਰਨ ਲਈ ਨਵਾਂ ਰਾਹ ਲੱਭਿਆ ਜਾਵੇ, ਅਰਥਾਤ ਹੋਰ "ਟ੍ਰੇਨ" ਫੜੀ ਜਾਵੇ।

ਜਦੋਂ ਤੁਸੀਂ ਕਿਸੇ ਵਿਰੋਧੀ ਨਾਲ ਕਰੋਧ ਵਿਚ ਟਕਰਾਉਂਦੇ ਹੋ ਤੇ ਉਸ ਦਾ ਕੋਈ ਚੰਗਾ ਨਤੀਜਾ ਨਹੀਂ ਨਿਕਲਦਾ ਤਾਂ ਆਪਣਾ ਵਤੀਰਾ ਬਦਲੋ ਅਤੇ ਨਰਮੀ ਨਾਲ ਸਮੱਸਿਆ ਦਾ ਹੱਲ ਲੱਭੋ। ਬਹੁਤ ਹੱਦ ਤਕ ਸੰਭਵ ਹੈ ਕਿ ਜੋ ਵਿਅਕਤੀ ਤੁਹਾਡੇ ਕਰੋਧ ਜਾਂ ਸਖ਼ਤੀ ਕਾਰਨ ਵਿਰੋਧੀ ਬਣ ਗਿਆ ਸੀ, ਉਹ ਤੁਹਾਡੀ ਨਰਮੀ ਨਾਲ ਦੋਸਤ ਬਣ ਜਾਵੇ। ਇਸੇ ਤਰ੍ਹਾਂ, ਜੇ ਤੁਹਾਡੀ ਨੌਕਰੀ ਚਲੀ ਜਾਵੇ ਤਾਂ ਦੁਖੀ ਹੋ ਕੇ ਬੈਠੇ ਨਾ ਰਹੋ, ਸਗੋਂ ਕਿਸੇ ਹੋਰ ਖੇਤਰ ਵਿੱਚ ਨਵਾਂ ਸਰੋਤ ਲੱਭੋ। ਸੰਭਵ ਹੈ

ਕਿ ਉਹ ਨਵਾਂ ਕੰਮ ਪੁਰਾਣੇ ਨਾਲੋਂ ਵਧੇਰੇ ਲਾਭਦਾਇਕ ਸਾਬਤ ਹੋਵੇ। ਜੇ ਕੋਈ ਤੁਹਾਡੇ ਅਧਿਕਾਰ ਖੋਹ ਲੈਂਦਾ ਹੈ ਅਤੇ ਕਈ ਸਾਲਾਂ ਦੀ ਲੜਾਈ ਦੇ ਬਾਵਜੂਦ ਉਹ ਅਧਿਕਾਰ ਵਾਪਸ ਨਹੀਂ ਮਿਲਦੇ ਤਾਂ ਆਪਣੀ ਰਣਨੀਤੀ ਬਦਲੋ। ਮਿਹਨਤ ’ਤੇ ਭਰੋਸਾ ਕਰੋ। ਸੰਭਵ ਹੈ ਕਿ ਜੋ ਤੁਸੀਂ ਦੂਜਿਆਂ ਦੀ ਮਦਦ ਨਾਲ ਨਾ ਹਾਸਲ ਕਰ ਸਕੇ, ਉਹ ਆਪਣੀ ਮਿਹਨਤ ਨਾਲ ਪਾ ਲਓ।

ਜ਼ਿੰਦਗੀ ਦੀਆਂ ਕਈ ਸਮੱਸਿਆਵਾਂ ਤੰਗ (ਸੰਕੁਚਿਤ) ਮਾਨਸਿਕਤਾ ਕਾਰਨ ਪੈਦਾ ਹੁੰਦੀਆਂ ਹਨ। ਜੇ ਮਨੁੱਖ ਵਿਸ਼ਾਲ ਦ੍ਰਿਸ਼ਟੀ ਵਾਲਾ ਹੋਵੇ ਤਾਂ ਉਹ ਜਾਣੇਗਾ ਕਿ “ਯਾਤਰਾ” ਲਈ ਸਵਾਰੀ ਦੇ ਕਈ ਸਾਧਨ ਉਪਲਬਧ ਹਨ। ਜੋ ਚੀਜ਼ ਮੰਗਣ ਨਾਲ ਨਾ ਮਿਲੀ, ਉਹ ਚੰਗੇ ਸੰਬੰਧਾਂ ਰਾਹੀਂ ਮਿਲ ਸਕਦੀ ਸੀ। ਜਿੱਥੇ ਮੰਗਾਂ ਤੇ ਵਿਰੋਧਾਂ ਰਾਹੀਂ ਹੱਕ ਨਹੀਂ ਮਿਲ ਸਕੇ, ਉੱਥੇ ਲਗਾਤਾਰ ਯਤਨ ਨਾਲ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਸੀ।

ਜਿੱਥੇ ਗੁੱਸੇ ਅਤੇ ਉਤੇਜਨਾ ਨਾਲ ਕਿਸੇ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ, ਉੱਥੇ ਧੀਰਜ ਨਾਲ ਦਿਲ ਜਿੱਤੇ ਜਾ ਸਕਦੇ ਸਨ।

ਮਨੁੱਖਤਾ ਲਈ ਸਵੈ ਦਾ ਤਿਆਗ

4 ਨਵੰਬਰ 1847 ਦਾ ਦਿਨ ਸੀ, ਜਦੋਂ ਇੱਕ ਨੌਕਰ ਆਪਣੇ ਮਾਲਕ ਦੇ ਕਮਰੇ ਵਿੱਚ ਦਾਖਲ ਹੋਇਆ ਅਤੇ ਵੇਖਿਆ ਕਿ ਉਹ ਆਪਣੇ ਦੋ ਸਾਥੀਆਂ ਸਮੇਤ ਫਰਸ਼ ’ਤੇ ਮੂੰਹ ਦੇ ਬਲ ਡਿਗਿਆ ਹੋਇਆ ਸੀ। ਇਉਂ ਲੱਗ ਰਿਹਾ ਸੀ ਜਿਵੇਂ ਉਹ ਕੁਰਸੀ ਤੋਂ ਤਿਲਕ ਕੇ ਡਿੱਗ ਗਏ ਹੋਣ। ਨੌਕਰ ਨੇ ਸੋਚਿਆ ਸ਼ਾਇਦ ਉਹਨਾਂ ਨੇ ਬਹੁਤ ਸ਼ਰਾਬ ਪੀ ਲਈ ਹੋਵੇਗੀ, ਇਸ ਲਈ ਉਸ ਨੇ ਉਨ੍ਹਾਂ ਨੂੰ ਚਾਦਰ ਨਾਲ ਢੱਕ ਦਿੱਤਾ ਅਤੇ ਚੁੱਪਚਾਪ ਬਾਹਰ ਨਿਕਲ ਗਿਆ। ਪਰ ਹਕੀਕਤ ਕੁਝ ਹੋਰ ਸੀ। ਹੇਠਾਂ ਬੇਹੋਸ਼ ਪਏ ਵਿਅਕਤੀ— ਸਰ ਜੇਮਜ਼ ਸਿੰਪਸਨ (1811–1870) ਅਤੇ ਉਸਦੇ ਦੋ ਸਹਾਇਕ ਸਨ, ਜਿਨ੍ਹਾਂ ਨੇ ਪਹਿਲੀ ਵਾਰ ਕਲੋਰੋਫਾਰਮ ਸੁੰਘਿਆ ਸੀ ਤਾਂ ਜੋ ਮਨੁੱਖੀ ਸਰੀਰ ਇਸ ਦੀ ਜਾਂਚ ਹੋ ਸਕੇ।

ਸਿੰਪਸਨ ਇੱਕ ਗਰੀਬ ਬੇਕਰ ਦਾ ਸਭ ਤੋਂ ਛੋਟਾ ਪੁੱਤਰ ਸੀ। ਚਾਰ ਸਾਲ ਦੀ ਉਮਰ ਵਿੱਚ ਉਸਨੇ ਪਿੰਡ ਦੇ ਸਕੂਲ ਵਿੱਚ ਪੜ੍ਹਾਈ ਸ਼ੁਰੂ ਕੀਤੀ। ਸਮਾਂ ਬੀਤਦਾ

ਗਿਆ ਤੇ ਉਸਦਾ ਰੁਝਾਨ ਪੜ੍ਹਾਈ ਵੱਲ ਵੱਧਦਾ ਗਿਆ। ਆਖਿਰ ਉਸਦੇ ਪਿਤਾ ਅਤੇ ਛੇ ਭਰਾਵਾਂ ਨੇ ਫੈਸਲਾ ਕੀਤਾ ਕਿ ਉਸ ਦੀ ਸਿੱਖਿਆ ਲਈ ਕੁਝ ਕੁਰਬਾਨੀ ਦੇਣੀ ਪਵੇਗੀ। ਉਹਨਾਂ ਨੇ ਆਪਣੇ ਖਰਚੇ ਘਟਾ ਕੇ ਉਸਨੂੰ ਉੱਚ-ਸਿੱਖਿਆ ਲਈ ਸ਼ਹਿਰ ਭੇਜਿਆ। ਇਸ ਤਰ੍ਹਾਂ ਉਹ ਐਡਿਨਬਰਗ ਯੂਨੀਵਰਸਿਟੀ ਪਹੁੰਚਿਆ, ਜਿੱਥੇ ਉਸਨੇ ਡਾਕਟਰੀ ਦੀ ਸਭ ਤੋਂ ਉੱਚੀ ਡਿਗਰੀ M.D. ਪ੍ਰਾਪਤ ਕੀਤੀ, ਜੋ ਉਸ ਵੇਲੇ ਵੱਡੀ ਉਪਲਬਧੀ ਮੰਨੀ ਜਾਂਦੀ ਸੀ ਅਤੇ ਇਸ ਤਰ੍ਹਾਂ ਉਸਨੇ ਆਪਣੇ ਪਰਿਵਾਰ ਦੇ ਤਿਆਗ ਨੂੰ ਸਫਲ ਬਣਾਇਆ।

ਆਪਣੀ ਪੜ੍ਹਾਈ ਦੌਰਾਨ ਡਾ. ਸਿੰਪਸਨ ਨੂੰ ਪਤਾ ਲੱਗਿਆ ਕਿ ਕਲੋਰੋਫਾਰਮ ਵਿੱਚ ਕੁਝ ਐਸੀਆਂ ਵਿਸ਼ੇਸ਼ਤਾਵਾਂ ਹਨ ਜੋ ਅਸਥਾਈ ਤੌਰ 'ਤੇ ਇੰਦ੍ਰੀਆਂ ਨੂੰ ਸੁੰਨ ਕਰ ਸਕਦੀਆਂ ਹਨ। ਇਸ ਲਈ ਉਸਨੇ ਇਸ 'ਤੇ ਖੋਜ ਸ਼ੁਰੂ ਕੀਤੀ ਅਤੇ ਅੰਤ ਵਿੱਚ ਇਸ ਨਤੀਜੇ 'ਤੇ ਪਹੁੰਚਿਆ ਕਿ ਜੇ ਮਰੀਜ਼ਾਂ ਨੂੰ ਕਲੋਰੋਫਾਰਮ ਰਾਹੀਂ ਬੇਹੋਸ਼ ਕੀਤਾ ਜਾਵੇ ਤਾਂ ਸਰਜਰੀ ਦੌਰਾਨ ਉਹਨਾਂ ਨੂੰ ਦਰਦ ਤੋਂ ਰਾਹਤ ਮਿਲ ਸਕਦੀ ਹੈ। ਉਸਨੇ ਆਪਣੀ ਖੋਜ ਜਾਰੀ ਰੱਖੀ ਅਤੇ ਆਪਣੇ ਆਪ 'ਤੇ ਪ੍ਰਯੋਗ ਕਰਕੇ ਸਾਬਤ ਕੀਤਾ ਕਿ ਕਲੋਰੋਫਾਰਮ ਰਾਹੀਂ ਬਿਨਾਂ ਕਿਸੇ ਨੁਕਸਾਨ ਦੇ ਬੇਹੋਸ਼ੀ ਦੀ ਅਵਸਥਾ ਵਿਚ ਜਾਇਆ ਜਾ ਸਕਦਾ ਹੈ। ਇਕ ਗਰੀਬ ਬੇਕਰ ਦੇ ਪੁੱਤਰ ਨੇ ਇਸ ਤਰ੍ਹਾਂ ਮਨੁੱਖਤਾ ਨੂੰ, ਡਾ. ਬ੍ਰਾਊਨ ਦੇ ਸ਼ਬਦਾਂ ਵਿਚ, "ਪ੍ਰਭੂ ਵੱਲੋਂ ਆਪਣੇ ਪੀੜਤ ਬੱਚਿਆਂ ਲਈ ਦਿੱਤੇ ਸਭ ਤੋਂ ਵੱਡੇ ਤੋਹਫ਼ਿਆਂ ਵਿੱਚੋਂ ਇੱਕ" ਬਖ਼ਸ਼ਿਆ।

ਪੱਛਮੀ ਰਾਸ਼ਟਰਾਂ ਦੀ ਵਿਸ਼ਵ-ਅਗਵਾਈ ਦਾ ਰਾਜ ਇਸ ਗੱਲ ਵਿੱਚ ਲੁਕਿਆ ਹੈ ਕਿ ਉਨ੍ਹਾਂ ਕੋਲ ਐਸੇ ਲੋਕ ਮੌਜੂਦ ਹਨ ਜੋ ਦੂਜਿਆਂ ਨੂੰ ਖ਼ਤਰੇ ਤੋਂ ਬਚਾਉਣ ਲਈ ਆਪਣੀ ਜ਼ਿੰਦਗੀ ਦਾ ਜੋਖਿਮ ਮੋਲ ਲੈਂਦੇ ਹਨ, ਜਿਨ੍ਹਾਂ ਵਿੱਚ ਮਨੁੱਖਤਾ ਲਈ ਆਪਣੇ ਸਵੈ-ਤਿਆਗ ਦਾ ਸਾਹਸ ਹੁੰਦਾ ਹੈ।

ਰਾਸ਼ਟਰ ਦੀ ਤਰੱਕੀ

ਇੱਕ ਦਰੱਖਤ ਵਰਗੀ ਚਮਤਕਾਰੀ ਚੀਜ਼ ਕਿਵੇਂ ਪੈਦਾ ਹੁੰਦੀ ਹੈ? ਇਹ ਸੰਭਵ ਹੁੰਦਾ ਹੈ ਜਦੋਂ ਇੱਕ ਛੋਟਾ ਬੀਜ ਆਪਣੇ ਆਪ ਨੂੰ ਮਿੱਟੀ ਵਿੱਚ ਸਮਰਪਿਤ ਕਰ ਦਿੰਦਾ ਹੈ, ਆਪਣੇ ਆਪ ਨੂੰ ਕੁਰਬਾਨ ਕਰਦਾ ਹੈ ਤਾਂ ਜੋ ਧਰਤੀ ਵਿੱਚੋਂ ਇੱਕ ਹਰਾ-ਭਰਾ ਦਰੱਖਤ ਉੱਗ ਸਕੇ। ਇੱਕ ਘਰ ਕਿਵੇਂ ਬਣਦਾ ਹੈ? ਜੇ ਤੁਸੀਂ ਉਹਨਾਂ

ਇੱਟਾਂ ਨੂੰ ਪੁੱਛੋ ਜਿਨ੍ਹਾਂ ਨਾਲ ਉਹ ਬਣਿਆ ਹੈ, ਤਾਂ ਉਹ ਕਹਿਣਗੀਆਂ— "ਸਾਡੇ ਵਿਚੋਂ ਕੁਝ ਨੇ ਆਪਣੇ ਆਪ ਨੂੰ ਮਿੱਟੀ ਵਿੱਚ ਦੱਬਾ ਦਿੱਤਾ, ਤਦ ਹੀ ਇਹ ਇਮਾਰਤ ਖੜੀ ਹੋਈ।

ਇਸੇ ਤਰ੍ਹਾਂ ਮਨੁੱਖ ਨੂੰ ਆਪਣੀ ਜ਼ਿੰਦਗੀ ਵੀ ਕੁਰਬਾਨੀ ਜਾਂ ਤਿਆਗ ਰਾਹੀਂ ਬਣਾਉਣੀ ਚਾਹੀਦੀ ਹੈ। ਸਮਾਜ ਤਦੋਂ ਹੀ ਵਿਕਸਤ ਹੁੰਦਾ ਹੈ ਜਦੋਂ ਉਸਦੇ ਕੁਝ ਵਿਅਕਤੀ ਆਪਣਾ ਭਵਿੱਖ ਕੁਰਬਾਨ ਕਰਨ ਲਈ ਤਿਆਰ ਹੁੰਦੇ ਹਨ, ਤਾਂ ਜੋ ਮਨੁੱਖਤਾ ਦਾ ਭਵਿੱਖ ਸੁਧਰ ਸਕੇ। ਕੋਈ ਵੀ ਕੌਮ ਤਰੱਕੀ ਨਹੀਂ ਕਰ ਸਕਦੀ ਜੇ ਉਸਦੇ ਕੁਝ ਮੈਂਬਰ ਮੁਸੀਬਤਾਂ ਤੇ ਤਬਾਹੀ ਨੂੰ ਆਪਣੀ ਕਿਸਮਤ ਮੰਨਣ ਲਈ ਤਿਆਰ ਨਾ ਹੋਣ। ਮਜ਼ਬੂਤ ਇਮਾਰਤ ਹਮੇਸ਼ਾ ਕੁਰਬਾਨੀ ਦੀ ਨੀਂਹ 'ਤੇ ਖੜ੍ਹੀ ਹੁੰਦੀ ਹੈ। ਇਹ ਕੁਦਰਤ ਦਾ ਅਟੱਲ ਨਿਯਮ ਹੈ ਜੋ ਮਨੁੱਖੀ ਜਗਤ ਤੇ ਪ੍ਰਕਿਰਤੀ ਵਿੱਚ 'ਤੇ ਲਾਗੂ ਹੁੰਦਾ ਹੈ।

ਹਰ ਇਮਾਰਤ ਦੀ ਇੱਕ ਛੱਤ ਹੁੰਦੀ ਹੈ, ਜਿਸਨੂੰ ਅਸੀਂ ਸਭ ਵੇਖ ਸਕਦੇ ਹਾਂ। ਪਰ ਅਸੀਂ ਅਕਸਰ ਇਸਦੀ ਨੀਂਹ ਨੂੰ ਭੁੱਲ ਜਾਂਦੇ ਹਾਂ, ਕਿਉਂਕਿ ਉਹ ਧਰਤੀ ਦੇ ਹੇਠਾਂ ਦੱਬੀ ਹੁੰਦੀ ਹੈ। ਫਿਰ ਵੀ, ਸਾਰੀ ਇਮਾਰਤ ਉਸੀ ਅਦ੍ਰਿਸ਼ ਨੀਂਹ 'ਤੇ ਟਿਕੀ ਹੁੰਦੀ ਹੈ। ਇਹ ਨੀਂਹ ਹੋਣੀ ਲਾਜ਼ਮੀ ਹੈ ਅਤੇ ਇਸਨੂੰ ਰੱਖਣ ਲਈ ਕੁਝ ਲੋਕਾਂ ਨੂੰ ਆਪਣੇ ਆਪ ਨੂੰ ਮਿੱਟੀ ਵਿੱਚ ਦੱਬਾਉਣ ਲਈ ਤਿਆਰ ਹੋਣਾ ਪੈਂਦਾ ਹੈ।

ਕਈ ਵਾਰ ਕੋਈ ਵਿਅਕਤੀ ਜੋਸ਼ ਵਿੱਚ ਆ ਕੇ ਕਿਸੇ ਕਾਰਨ ਲਈ ਆਪਣੀ ਜਾਨ ਵੀ ਦੇ ਸਕਦਾ ਹੈ, ਪਰ ਇਹ ਕੁਰਬਾਨੀ ਜਾਂ ਤਿਆਗ ਨਹੀਂ ਹੈ। ਅਸਲ ਕੁਰਬਾਨੀ ਉਹ ਹੈ ਜਦੋਂ ਕੋਈ ਵਿਅਕਤੀ ਰਚਨਾਤਮਕ ਕੰਮ ਵਿੱਚ ਇੰਨਾ ਛੋਟਾ ਅਤੇ ਅਣਦਿੱਸਦਾ ਯੋਗਦਾਨ ਪਾਉਂਦਾ ਹੈ ਕਿ ਉਸਦੀ ਮੌਜੂਦਗੀ ਲਗਭਗ ਅਦ੍ਰਿਸ਼ਟ ਹੋ ਜਾਂਦੀ ਹੈ— ਭਾਵੇਂ ਇਹ ਕੰਮ ਕਿੰਨਾ ਹੀ ਲੰਮਾਂ ਕਿਉਂ ਨਾ ਹੋਵੇ ਜਾਂ ਸਫਲਤਾ ਕਿੰਨੀ ਹੀ ਦੂਰ ਕਿਉਂ ਨਾ ਲੱਗੇ। ਇਹ ਇਕ ਅਜਿਹਾ ਸੰਘਰਸ਼ ਹੈ ਜਿਸ ਵਿਚ ਨਾ ਪ੍ਰਸਿੱਧੀ ਮਿਲਦੀ ਹੈ ਨਾ ਹੀ ਦੌਲਤ; ਇਹ ਵਰਤਮਾਨ ਵਿਚ ਸਵੈ-ਤਿਆਗ ਭਾਵ ਖੁਦ ਨੂੰ ਮਿੱਟੀ ਵਿਚ ਦਫਨ ਕਰਕੇ ਭਵਿੱਖ ਸਿਰਜਣ ਦੀ ਪ੍ਰਕਿਰਿਆ ਹੈ।

ਕਿਸੇ ਵੀ ਕੌਮ ਦੀ ਤਰੱਕੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਸ ਵਿਚ ਕੁਝ ਐਸੇ ਲੋਕ ਮੌਜੂਦ ਹੋਣ ਜੋ ਐਸੀ ਕੁਰਬਾਨੀਆਂ ਦੇਣ ਲਈ ਤਿਆਰ

ਹੋਣ। ਉਹ ਬੀਜ ਹਨ ਜੋ ਮਿੱਟੀ ਵਿਚ ਦੱਬ ਕੇ ਮਨੁੱਖਤਾ ਨੂੰ ਜ਼ਿੰਦਗੀ ਦਿੰਦੇ ਹਨ; ਉਹ ਇੱਟਾਂ ਹਨ ਜਿਨ੍ਹਾਂ ਦੀ ਨੀਂਹ 'ਤੇ ਮਨੁੱਖਤਾ ਦਾ ਨਵਾਂ ਭਵਿੱਖ ਤਿਆਰ ਹੁੰਦਾ ਹੈ।

ਮਹਾਨ ਉਦੇਸ਼ ਪ੍ਰਤੀ ਸਮਰਪਣ

ਸਵਾਮੀ ਵਿਵੇਕਾਨੰਦ (1863-1902) ਨੇ ਸੱਚ ਦੀ ਖੋਜ ਲਈ ਉਦੋਂ ਤਕ ਲੰਮੀਆਂ ਯਾਤਰਾਵਾਂ ਕੀਤੀਆਂ, ਜਦੋਂ ਤੱਕ ਉਹ ਕੰਨਿਆਕੁਮਾਰੀ ਦੇ ਤਟ ਤੱਕ ਨਹੀਂ ਪਹੁੰਚੇ। ਉੱਥੇ ਉਨ੍ਹਾਂ ਨੇ ਸਮੁੰਦਰ ਦੇ ਕੰਢੇ ਤੋਂ ਕੁਝ ਹੀ ਦੂਰੀ 'ਤੇ ਇੱਕ ਛੋਟਾ ਟਾਪੂ ਵੇਖਿਆ ਅਤੇ ਤਰ ਕੇ ਉੱਥੇ ਪਹੁੰਚੇ। ਉਸ ਟਾਪੂ 'ਤੇ ਬੈਠ ਕੇ ਉਨ੍ਹਾਂ ਨੇ ਗਹਿਰੀ ਧਿਆਨ-ਸਾਧਨਾ ਕੀਤੀ। ਕੁਝ ਸਮੇਂ ਬਾਅਦ, ਉਹ ਮੁੜ ਤਟ 'ਤੇ ਵਾਪਸ ਆਏ ਅਤੇ ਹਿੰਦੂ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ।

ਇਸ ਟਾਪੂ 'ਤੇ ਹੁਣ ਇੱਕ ਵੱਡਾ ਕੇਂਦਰ ਸਥਾਪਤ ਕੀਤਾ ਗਿਆ ਹੈ ਜਿਸ 'ਤੇ ਲਗਭਗ ਦੋ ਕਰੋੜ ਰੁਪਏ ਦੀ ਲਾਗਤ ਆਈ। ਇਸ ਦਾ ਨਿਰਮਾਣ ਆਜ਼ਾਦੀ ਤੋਂ ਬਾਅਦ ਸ਼ੁਰੂ ਹੋਇਆ ਸੀ ਅਤੇ 1970 ਵਿੱਚ ਪੂਰਾ ਹੋਇਆ। ਇਸ ਕੇਂਦਰ ਦਾ ਮੁੱਖ ਉਦੇਸ਼ "ਮਨੁੱਖ-ਨਿਰਮਾਣ" ਹੈ। ਜਦੋਂ ਇਸ ਨੇ ਸੇਵਾਦਾਰਾਂ ਦੀ ਭਰਤੀ ਲਈ ਅਪੀਲ ਕੀਤੀ, ਤਦ ਦਰਜਨਾਂ ਉੱਚ-ਸਿੱਖਿਆ ਪ੍ਰਾਪਤ ਔਰਤਾਂ ਤੇ ਮਰਦਾਂ ਦੇ ਨਾਲ ਸੈਂਕੜਿਆਂ ਜਵਾਨਾਂ ਨੇ ਇਸ ਸੱਦੇ ਨੂੰ ਸਵੀਕਾਰਿਆ ਅਤੇ ਆਪਣੀ ਜ਼ਿੰਦਗੀ ਵਿਵੇਕਾਨੰਦ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਸਮਰਪਿਤ ਕਰ ਦਿੱਤੀ। ਉਹ ਇਸ ਕਾਰਜ ਲਈ ਜੀਵਨ ਭਰ ਲਈ ਸੇਵਕ ਬਣ ਗਏ।

ਡਾ. ਐਚ.ਆਰ. ਨਿਗੇਂਦਰ ਵੀ ਇਨ੍ਹਾਂ ਸਮਰਪਿਤ ਸੇਵਾਦਾਰਾਂ ਵਿੱਚੋਂ ਇੱਕ ਹਨ। ਪਹਿਲਾਂ ਉਹ ਅਮਰੀਕਾ ਦੇ ਸਪੇਸ ਫਲਾਈਟ ਸੈਂਟਰ ਵਿੱਚ ਉੱਚ ਅਹੁਦੇ 'ਤੇ ਸਨ, ਪਰ ਹੁਣ ਉਹ ਕੇਂਦਰ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਸਾਦੀ ਜ਼ਿੰਦਗੀ ਨਾਲ ਸੰਤੁਸ਼ਟ ਹਨ। ਉਹ ਕਹਿੰਦੇ ਹਨ, "ਵਿਗਿਆਨੀ ਦਾ ਕੰਮ ਸੱਚ ਦੀ ਖੋਜ ਕਰਨਾ ਹੁੰਦਾ ਹੈ ਅਤੇ ਮੇਰੀ ਖੋਜ ਅਜੇ ਵੀ ਜਾਰੀ ਹੈ। ਪਹਿਲਾਂ ਇਹ ਮਕੈਨਿਕਲ ਇੰਜੀਨੀਅਰਿੰਗ ਵਿੱਚ ਸੀ, ਹੁਣ ਇਹ ਮਨੁੱਖੀ ਇੰਜੀਨੀਅਰਿੰਗ ਵਿੱਚ ਹੈ।"

ਇਸ ਵੇਲੇ ਵਿਵੇਕਾਨੰਦ ਕੇਂਦਰ ਚਾਰ ਖੇਤਰਾਂ ਵਿੱਚ ਆਪਣਾ ਕੰਮ ਕੇਂਦਰਿਤ ਕਰ ਰਿਹਾ ਹੈ— ਸਿੱਖਿਆ, ਪੇਂਡੂ ਵਿਕਾਸ, ਯੋਗਾ ਖੋਜ ਅਤੇ ਸਾਹਿਤ ਪ੍ਰਕਾਸ਼ਨ। ਸੈਂਕੜੇ ਲੋਕ ਸੁਖੀ ਜ਼ਿੰਦਗੀ ਅਤੇ ਉੱਚੇ ਅਹੁਦੇ ਛੱਡ ਕੇ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਚੱਲ ਰਹੇ ਕੇਂਦਰਾਂ ਦੇ ਸ਼ਾਂਤ, ਰਚਨਾਤਮਕ ਕਾਰਜਾਂ ਵਿੱਚ ਜੁਟੇ ਹੋਏ ਹਨ। ਡਾ. ਨਿਗੇਂਦਰ ਦੇ ਸ਼ਬਦਾਂ ਵਿੱਚ, "ਇਹ ਕੰਮ ਦੀ ਸੰਤੁਸ਼ਟੀ ਨਾਲ ਭਰੀ ਹੋਈ ਇਕ ਬਹੁਤ ਹੀ ਵੱਡਮੁਲੀ ਜ਼ਿੰਦਗੀ ਹੈ।"

ਇਕ ਜੀਵੰਤ ਕੌਮ ਹੀ ਐਸੇ ਮਹਾਨ ਪ੍ਰਤਿਭਾਸ਼ਾਲੀ ਵਿਅਕਤੀਆਂ ਨੂੰ ਜਨਮ ਦੇ ਸਕਦੀ ਹੈ, ਜਿਨ੍ਹਾਂ ਦੀ ਬੌਧਿਕ ਸਮਰੱਥਾ ਉਨ੍ਹਾਂ ਨੂੰ ਉੱਚੇ ਆਦਰਸ਼ਾਂ ਲਈ ਜਾਗਰੂਕ ਕਰਦੀ ਹੈ ਅਤੇ ਜੋ ਆਪਣੀ ਜ਼ਿੰਦਗੀ ਕਿਸੇ ਉੱਚੇ ਮਕਸਦ ਲਈ ਸਮਰਪਿਤ ਕਰਨ ਲਈ ਤਿਆਰ ਹੁੰਦੇ ਹਨ। ਜੇ ਉੱਚ ਬੁੱਧੀ ਵਾਲੇ ਲੋਕ ਉੱਚ ਆਦਰਸ਼ਾਂ ਲਈ ਆਪਣੀ ਜ਼ਿੰਦਗੀ ਸਮਰਪਿਤ ਕਰਨ ਲਈ ਤਿਆਰ ਨਹੀਂ ਹੁੰਦੇ ਅਤੇ ਇਸਦੀ ਬਜਾਏ ਨੀਚ ਕਾਰਜਾਂ ਵਿੱਚ ਲੱਗ ਜਾਂਦੇ ਹਨ ਤਾਂ ਫਿਰ ਇਹੀ ਕਿਹਾ ਜਾ ਸਕਦਾ ਹੈ ਕਿ ਅਜਿਹੀ ਕੌਮ ਨੇ ਆਪਣੀ ਦੂਰਦ੍ਰਿਸ਼ਟੀ ਤੇ ਜੀਵਨ-ਸ਼ਕਤੀ ਦੋਵੇਂ ਗੁਆ ਦਿੱਤੇ ਹਨ।

ਅਪ੍ਰਤੱਖ ਪਰਿਸਥਿਤੀਆਂ ਨੂੰ ਧਿਆਨ ਵਿਚ ਰੱਖਣਾ

ਦੱਖਣੀ ਅਮਰੀਕਾ ਦੇ ਸ਼ਹਿਰ ਲੀਮਾ ਦੀ ਇੱਕ ਔਰਤ ਨੇ ਪਸੰਦੀਦਾ ਨੌਕਰੀ ਨਾ ਮਿਲਣ ਕਰਕੇ, ਉੱਤਰੀ ਅਮਰੀਕਾ (ਇੱਕ ਖੁਸ਼ਹਾਲ ਦੇਸ਼) ਵਿਚ ਆਪਣੀ ਕਿਸਮਤ ਅਜ਼ਮਾਉਣ ਦਾ ਫੈਸਲਾ ਕੀਤਾ। ਹਵਾਈ ਯਾਤਰਾ ਦਾ ਖ਼ਰਚਾ ਝੱਲਣ ਦੇ ਯੋਗ ਨਾ ਹੋਣ ਕਾਰਨ, ਉਸ ਨੇ ਖੁਦ ਨੂੰ ਇੱਕ ਸੂਟਕੇਸ ਵਿੱਚ ਬੰਦ ਕਰ ਕੇ ਸਮਾਨ ਵਜੋਂ ਭੇਜਣ ਦੀ ਇੱਕ ਅਜੀਬ ਯੋਜਨਾ ਬਣਾਈ। ਇਹ ਯੋਜਨਾ ਅਮਲ ਵਿੱਚ ਲਿਆਈ ਗਈ।

ਜਹਾਜ਼ ਜਿਸ ਵਿੱਚ ਉਹ ਸਫ਼ਰ ਕਰ ਰਹੀ ਸੀ, ਲੌਸ ਐਂਜਲਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਿਆ। ਸਾਰੇ ਯਾਤਰੀਆਂ ਦੇ ਸੂਟਕੇਸ ਇਕੱਠੇ ਕਰਨ ਲਈ ਜਹਾਜ਼ ਤੋਂ ਉਤਾਰੇ ਗਏ। ਪਰ ਇੱਕ ਸੂਟਕੇਸ ਐਸਾ ਸੀ ਜੋ ਕਿਸੇ ਨੇ ਨਹੀਂ ਲਿਆ। ਪੁਲਿਸ ਨੇ ਹਸਤਖੇਪ ਕਰਦੇ ਹੋਏ ਉਹ ਸੂਟਕੇਸ ਖੋਲ੍ਹਿਆ ਤਾਂ

ਕਿ ਅੰਦਰਲਾ ਸਮਾਨ ਸੁਰੱਖਿਅਤ ਕੀਤਾ ਜਾ ਸਕੇ ਅਤੇ ਮਾਲਕ ਦੇ ਆਉਣ ’ਤੇ ਉਸ ਨੂੰ ਸੌਂਪਿਆ ਜਾ ਸਕੇ। ਪਰ ਜਦੋਂ ਉਹ ਸੂਟਕੇਸ ਖੋਲ੍ਹਿਆ ਗਿਆ ਤਾਂ ਉਨ੍ਹਾਂ ਦੇ ਸਾਹਮਣੇ ਇੱਕ ਔਰਤ ਦੀ ਲਾਸ਼ ਸੀ। ਜਾਂਚ ਅਧਿਕਾਰੀਆਂ ਨੂੰ ਬੁਲਾਇਆ ਗਿਆ। ਉਨ੍ਹਾਂ ਦਾ ਕਹਿਣਾ ਸੀ, “ਇਹ ਔਰਤ ਸ਼ਾਇਦ ਹੋਰ ਸੂਟਕੇਸਾਂ ਦੇ ਭਾਰ ਥੱਲੇ ਦੱਬੀ ਗਈ ਹੋਵੇਗੀ।” (UPI)

ਇਹ ਘਟਨਾ ਜੀਵਨ ਦੇ ਇੱਕ ਸਚ ਨੂੰ ਉਜਾਗਰ ਕਰਦੀ ਹੈ ਕਿ ਕੇਵਲ ਜ਼ਰੂਰੀ ਕਦਮ ਚੁੱਕਣਾ ਹੀ ਸਫ਼ਲਤਾ ਦੀ ਗਾਰੰਟੀ ਨਹੀਂ ਦਿੰਦਾ ਕਿਉਂਕਿ ਜੀਵਨ ਵਿੱਚ ਕਈ ਬਾਹਰੀ ਅਤੇ ਅਪ੍ਰਤੱਖ ਤੱਤ ਹੁੰਦੇ ਹਨ ਜੋ ਸਾਡੇ ਕਰਮਾਂ ਦੇ ਨਤੀਜਿਆਂ ’ਤੇ ਪ੍ਰਭਾਵ ਪਾਉਂਦੇ ਹਨ। ਕਿਸੇ ਵੀ ਕਾਰਵਾਈ ਤੋਂ ਪਹਿਲਾਂ ਇਨ੍ਹਾਂ ਤੱਤਾਂ ਨੂੰ ਧਿਆਨ ਵਿੱਚ ਰੱਖਣਾ ਲਾਜ਼ਮੀ ਹੈ। ਸਿਰਫ਼ ਜਦੋਂ ਇਹ ਸਾਰੇ ਤੱਤ ਸਾਡੇ ਕਦਮਾਂ ਨਾਲ ਸੰਗਤੀ ਵਿੱਚ ਹੁੰਦੇ ਹਨ, ਤਦ ਹੀ ਅਸੀਂ ਆਪਣੀ ਮੰਜ਼ਿਲ ਤੱਕ ਪਹੁੰਚਣ ਦੀ ਆਸ ਕਰ ਸਕਦੇ ਹਾਂ।

ਇਹ ਗੱਲ ਹੋਰ ਵੀ ਗੰਭੀਰ ਹੋ ਜਾਂਦੀ ਹੈ ਜਦੋਂ ਗੱਲ ਕਿਸੇ ਆਗੂ ਦੀ ਹੋਵੇ। ਜੇਕਰ ਉਹ ਕੋਈ ਐਸੀ ਨੀਤੀ ਬਣਾਉਣ ਵਿੱਚ ਗਲਤੀ ਕਰਦਾ ਹੈ ਜੋ ਪੂਰੇ ਦੇਸ਼ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਨਤੀਜਾ ਅਸਹਿ ਪੀੜ੍ਹਾ ਜਾਂ ਮੁਕੰਮਲ ਨਾਸ਼ ਵੀ ਹੋ ਸਕਦਾ ਹੈ। ਇਸ ਲਈ ਆਗੂ ਲਈ ਬਹੁਤ ਜ਼ਰੂਰੀ ਹੈ ਕਿ ਉਹ ਹਰ ਫੈਸਲੇ ਵਿੱਚ ਸੰਵੇਦਨਸ਼ੀਲਤਾ ਅਤੇ ਸਾਵਧਾਨੀ ਵਰਤੇ। ਉਸ ਨੂੰ ਹਰ ਸੰਭਵ ਪੱਖ ’ਤੇ ਵਿਚਾਰ ਕਰਨਾ ਚਾਹੀਦਾ ਹੈ। ਕਦਮ ਚੁੱਕਣ ਤੋਂ ਪਹਿਲਾਂ ਸੋਚਣਾ ਲਾਜ਼ਮੀ ਹੈ। ਜੇਕਰ ਉਹ ਇਸ ਤਰ੍ਹਾਂ ਨਾ ਕਰੇ ਤਾਂ ਇਹ ਇਕ ਨਾਬਖਸ਼ਣਯੋਗ ਭੁੱਲ ਹੋਵੇਗੀ। ਅਸਲ ਵਿੱਚ ਜੇਕਰ ਕੋਈ ਗਲਤ ਫੈਸਲਾ ਪੂਰੇ ਦੇਸ਼ ਨੂੰ ਮੁਸੀਬਤ ਵਲ ਧੱਕ ਸਕਦਾ ਹੈ ਤਾਂ ਬਿਹਤਰ ਹੈ ਕਿ ਉਹ ਕੁਝ ਨਾ ਹੀ ਕਰੇ ਬਜਾਏ ਇਸਦੇ ਕਿ ਗਲਤ ਦਿਸ਼ਾ ਵਿੱਚ ਕਦਮ ਚੁੱਕੇ।

ਚੇਤਨਾ ਦੀ ਜਾਗ੍ਰਤੀ

ਮਸਜਿਦ ਦੇ ਇਮਾਮ ਫਜਰ ਦੀ ਨਮਾਜ਼ ਤੋਂ ਕੁਝ ਸਮਾਂ ਪਹਿਲਾਂ ਜਾਗ ਪਏ। ਉਹ ਕਿਸੇ ਕੰਮ ਲਈ ਮਸਜਿਦ ਤੋਂ ਬਾਹਰ ਨਿਕਲੇ ਤਾਂ ਦੇਖਿਆ ਕਿ ਇੱਕ ਆਦਮੀ ਆਪਣੀ ਦੁਕਾਨ ਖੋਲ੍ਹ ਰਿਹਾ ਹੈ। ਅਜੇ ਹਨੇਰਾ ਸੀ ਅਤੇ ਇੰਨੀ ਸਵੇਰੇ ਦੁਕਾਨ

ਖੋਲ੍ਹਣਾ ਬਹੁਤ ਅਜੀਬ ਸੀ। ਇਮਾਮ ਠਹਿਰ ਗਏ ਤੇ ਉਸ ਵੱਲ ਧਿਆਨ ਨਾਲ ਦੇਖਣ ਲੱਗੇ। ਉਨ੍ਹਾਂ ਦੇ ਮਨ ਵਿੱਚ ਆਇਆ, "ਇਹ ਆਦਮੀ ਇਸ ਦੁਕਾਨ ਵਿੱਚ ਦਾਖ਼ਲ ਹੋ ਕੇ ਸਭ ਤੋਂ ਪਹਿਲਾਂ ਕੀ ਕਰੇਗਾ?" ਕੁਝ ਸੋਚਣ ਤੋਂ ਬਾਅਦ ਉਨ੍ਹਾਂ ਨੇ ਅੰਦਾਜ਼ਾ ਲਾਇਆ ਕਿ ਉਹ ਸਭ ਤੋਂ ਪਹਿਲਾਂ ਬੱਤੀ ਜਲਾਏਗਾ ਕਿਉਂਕਿ ਬਿਨਾਂ ਰੋਸ਼ਨੀ ਦੇ ਉਹ ਕੁਝ ਕਰ ਨਹੀਂ ਸਕੇਗਾ। ਹੁਣ ਇਮਾਮ ਉਸ ਦੁਕਾਨਦਾਰ ਨੂੰ ਦੇਖਦੇ ਰਹੇ ਕਿ ਉਨ੍ਹਾਂ ਦਾ ਅੰਦਾਜ਼ਾ ਸਹੀ ਹੈ ਜਾਂ ਨਹੀਂ। ਉਨ੍ਹਾਂ ਦਾ ਅੰਦਾਜ਼ਾ ਬਿਲਕੁਲ ਠੀਕ ਸੀ। ਦੁਕਾਨ ਦਾ ਦਰਵਾਜ਼ਾ ਖੋਲ੍ਹਣ ਤੋਂ ਬਾਅਦ, ਦੁਕਾਨਦਾਰ ਨੇ ਸਭ ਤੋਂ ਪਹਿਲਾਂ ਬੱਤੀ ਦਾ ਸਵਿੱਚ ਦਬਾਇਆ। ਹੁਣ ਦੁਕਾਨ ਅੰਦਰ ਰੋਸ਼ਨੀ ਹੋ ਗਈ। ਫਿਰ ਉਹ ਅੰਦਰ ਗਿਆ ਤੇ ਆਪਣਾ ਕੰਮ ਸ਼ੁਰੂ ਕਰ ਦਿੱਤਾ।

ਇਸ ਛੋਟੀ ਜਿਹੀ ਘਟਨਾ ਤੋਂ ਅਸੀਂ ਧਰਮ ਅਤੇ ਕੌਮ ਦੀ ਅਸਲੀ ਲੋੜ ਨੂੰ ਵੀ ਸਮਝ ਸਕਦੇ ਹਾਂ। ਕਿਸੇ ਧਾਰਮਿਕ ਜਾਂ ਸਮਾਜਿਕ ਕੰਮ ਦੀ ਸ਼ੁਰੂਆਤ ਤੋਂ ਪਹਿਲਾਂ ਵੀ ਇੱਕ "ਰੋਸ਼ਨੀ" ਜਲਾਉਣੀ ਪੈਂਦੀ ਹੈ, ਅਰਥਾਤ ਚੇਤਨਾ ਜਗਾਉਣੀ ਪੈਂਦੀ ਹੈ। ਜਿਵੇਂ ਇੱਕ ਹਨੇਰ ਭਰੇ ਘਰ ਜਾਂ ਦੁਕਾਨ ਨੂੰ ਰੋਸ਼ਨ ਕਰਨ ਲਈ ਬੱਤੀ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਕਿਸੇ ਕੌਮ ਜਾਂ ਸਮਾਜ ਵਿੱਚ ਸੱਚਾ ਤੇ ਲਾਭਕਾਰੀ ਕੰਮ ਕਰਨ ਲਈ ਸਭ ਤੋਂ ਪਹਿਲੀ ਲੋੜ ਹੈ ਲੋਕਾਂ ਦੇ ਅੰਦਰ ਚੇਤਨਾ ਦੀ ਰੋਸ਼ਨੀ ਜਗਾਉਣ ਦੀ। ਜਦ ਤਕ ਵਿਅਕਤੀ ਦੇ ਅੰਦਰ ਸੋਚਣ ਤੇ ਸਮਝਣ ਦੀ ਸਮਰੱਥਾ ਭਾਵ ਚੇਤਨਾ ਦੀ ਰੋਸ਼ਨੀ ਉਜਾਗਰ ਨਹੀਂ ਹੁੰਦੀ, ਤਦ ਤਕ ਕੋਈ ਵੀ ਵੱਡਮੁਲਾ ਕਾਰਜ ਸੰਭਵ ਨਹੀਂ।

ਰਾਸ਼ਟਰ ਦਾ ਰੁੱਖ ਲਗਾਉਣਾ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਨ ਐਫ਼ ਕੇਨੇਡੀ ਨੇ ਇੱਕ ਵਾਰ ਲਿਆਤੀ ਬਾਰੇ ਕਿਹਾ ਸੀ:

> "ਮੈਂ ਇੱਕ ਵਾਰ ਆਪਣੇ ਮਾਲੀ ਨੂੰ ਰੁੱਖ ਲਗਾਉਣ ਲਈ ਕਿਹਾ। ਮਾਲੀ ਨੇ ਕਿਹਾ ਕਿ ਇਹ ਰੁੱਖ ਬਹੁਤ ਹੌਲੀ ਗਤੀ ਨਾਲ ਵੱਧਦਾ ਹੈ ਅਤੇ ਪੂਰੀ ਤਰ੍ਹਾਂ ਤਿਆਰ ਹੋਣ ਵਿੱਚ ਸੌ ਸਾਲ ਲੱਗ ਜਾਣਗੇ। ਮੈਂ ਜਵਾਬ ਦਿੱਤਾ— 'ਜੇ ਐਸਾ ਹੈ, ਤਾਂ ਇੱਕ ਪਲ ਵੀ ਗੁਆਉਣਾ ਠੀਕ ਨਹੀਂ, ਇਸਨੂੰ ਦੁਪਹਿਰ

ਤੱਕ ਲਗਾ ਦਿਓ।'" (Chartered Accountant Supplement, New Delhi, 1979)

ਇਸੇ ਤਰ੍ਹਾਂ ਕਿਸੇ ਰਾਸ਼ਟਰ ਦਾ ਵਿਕਾਸ ਤੇ ਪ੍ਰਗਟੀ ਵੀ ਇੱਕ ਲੰਮੀ ਤੇ ਸਬਰ ਭਰੀ ਪ੍ਰਕਿਰਿਆ ਹੈ। ਰਾਸ਼ਟਰ ਨੂੰ ਵਿਸ਼ਵ ਪੱਧਰ 'ਤੇ ਸਨਮਾਨ ਹਾਸਲ ਕਰਨ ਲਈ ਵਿਅਕਤੀਗਤ ਅਤੇ ਰਾਸ਼ਟਰੀ ਪੱਧਰ 'ਤੇ ਅਣਥੱਕ ਮਿਹਨਤ ਕਰਨ ਅਤੇ ਯੋਗਦਾਨ ਪਾਉਣ ਦੀ ਲੋੜ ਹੁੰਦੀ ਹੈ। ਪਰ ਜਦੋਂ ਵੀ ਲੋਕਾਂ ਨੂੰ ਇਸ ਤਰ੍ਹਾਂ ਦੀ ਲੰਮੀ ਸਮੇਂ ਵਾਲੀ ਯੋਜਨਾ ਦੀ ਗੱਲ ਦੱਸੀ ਜਾਂਦੀ ਹੈ, ਉਹ ਤੁਰੰਤ ਕਹਿੰਦੇ ਹਨ— "ਕੌਣ ਸੌ ਸਾਲ ਤਕ ਉਡੀਕ ਕਰੇਗਾ?" ਇਸਦਾ ਇੱਕੋ ਜਵਾਬ ਹੈ— "ਜੇ ਐਸਾ ਹੈ, ਤਾਂ ਅਸੀਂ ਇੱਕ ਪਲ ਵੀ ਗਵਾਉਣ ਦਾ ਜੋਖਮ ਨਹੀਂ ਲੈ ਸਕਦੇ। ਸਾਨੂੰ ਆਪਣਾ 'ਰੁੱਖ' ਹੁਣੇ ਇਸੇ ਸਮੇਂ ਲਗਾਉਣਾ ਚਾਹੀਦਾ ਹੈ।"

ਜੇ ਕਿਸੇ ਵੱਡੇ ਰੁੱਖ ਨੂੰ ਪੂਰੀ ਉਚਾਈ ਤੇ ਪਹੁੰਚਣ ਵਿੱਚ ਸੌ ਸਾਲ ਲੱਗਦੇ ਹਨ ਤਾਂ ਜਿਸ ਨੂੰ ਉਹ ਰੁੱਖ ਚਾਹੀਦਾ ਹੈ, ਉਸ ਕੋਲ ਇਸ ਸਮੇਂ ਤਕ ਉਸ ਦੀ ਸੇਵਾ ਤੇ ਦੇਖਭਾਲ ਕਰਨ ਤੋਂ ਬਿਨਾਂ ਹੋਰ ਕੋਈ ਚੋਣ ਨਹੀਂ। ਜੇ ਲੋਕ ਇਸ ਦੀ ਦੇਖਭਾਲ ਕਰਨ ਦੀ ਥਾਂ ਸੜਕਾਂ 'ਤੇ ਆ ਕੇ ਹੜਤਾਲਾਂ ਕਰਨ, ਰੁੱਖਾਂ ਦੇ ਨਾਂ 'ਤੇ ਨਾਰੇ ਲਗਾਉਣ ਜਾਂ ਮੀਟਿੰਗਾਂ ਕਰਦੇ ਫਿਰਣ ਤਾਂ ਉਹਨਾਂ ਨੂੰ ਨਾ ਕੋਈ ਰੁੱਖ ਮਿਲੇਗਾ ਤੇ ਨਾ ਹੀ ਉਹ ਕਦੇ ਬਾਗ ਦੇ ਮਾਲਕ ਬਣ ਸਕਣਗੇ।

ਇਸੇ ਤਰ੍ਹਾਂ, ਤੁਸੀਂ ਕੇਵਲ ਘਰ ਦੀ ਲੋੜ ਬਾਰੇ ਭਾਸ਼ਣ ਦੇ ਕੇ ਘਰ ਨਹੀਂ ਬਣਾ ਸਕਦੇ। ਇਹ ਸਭ ਤੋਂ ਵੱਡੀ ਮੂਰਖਤਾ ਹੋਵੇਗੀ। ਨਾ ਹੀ ਕੋਈ ਰਾਸ਼ਟਰ ਕੇਵਲ ਰਾਜਨੀਤਿਕ ਚਮਤਕਾਰਾਂ ਦੇ ਸਹਾਰੇ ਮਜ਼ਬੂਤ ਬਣ ਸਕਦਾ ਹੈ। ਕਵਿਤਾ ਦੀ ਦੁਨੀਆ ਵਿੱਚ ਸਿਰਫ਼ ਸ਼ਬਦਾਂ ਦੇ ਖੇਡ ਨਾਲ ਇਨਕਲਾਬ ਆ ਸਕਦਾ ਹੈ ਤੇ ਕੋਈ ਭਾਸ਼ਣਕਾਰੀ ਆਪਣੇ ਜੋਸ਼ੀਲੇ ਬੋਲਾਂ ਨਾਲ ਭੀੜ ਇਕੱਠੀ ਕਰ ਸਕਦਾ ਹੈ। ਪਰ ਅਸਲੀ ਨਤੀਜੇ ਤਾਂ ਲੰਮੀ ਯੋਜਨਾ, ਨਿਰੰਤਰ ਮਿਹਨਤ ਤੇ ਸਮਰਪਿਤ ਯਤਨਾਂ ਨਾਲ ਹੀ ਮਿਲਦੇ ਹਨ। ਇਹ ਗੱਲ ਸਪੱਸ਼ਟ ਹੈ ਕਿ ਇਸ ਯਾਤਰਾ ਵਿੱਚ ਦੋ ਗੁਣ ਅਤਿ ਲੋੜੀਂਦੇ ਹਨ— ਪਹਿਲਾ ਸਬਰ ਤੇ ਦੂਜਾ ਹਿੰਮਤ।



ਮੌਲਾਨਾ ਵਹੀਦੁਦੀਨ ਖ਼ਾਨ (1925–2021) ਇਕ ਇਸਲਾਮੀ ਵਿਦਵਾਨ, ਆਧਿਆਤਮਿਕ ਆਗੂ ਅਤੇ ਅਮਨ ਪਸੰਦ ਸਨ। ਵਿਸ਼ਵ ਸ਼ਾਂਤੀ ਹਿੱਤ ਕੀਤੇ ਬੇਅੰਤ ਕਾਰਜਾਂ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਲਈ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਸਿੱਧੀ ਮਿਲੀ। ਮੌਲਾਨਾ ਜੀ ਨੇ 200 ਤੋਂ ਵੱਧ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿੱਚ ਇਸਲਾਮ ਦੀ ਆਤਮਕ ਸਿਆਣਪ, ਪੈਗ਼ੰਬਰ ਮੁਹੰਮਦ ਦੇ ਅਹਿੰਸਕ ਰੁਖ, ਆਧੁਨਿਕਤਾ ਨਾਲ ਇਸਲਾਮ ਦੇ ਸੰਬੰਧ ਅਤੇ ਹੋਰ ਸਮਕਾਲੀ ਵਿਸ਼ਿਆਂ ’ਤੇ ਵਿਚਾਰ ਪ੍ਰਗਟ ਕੀਤੇ ਗਏ ਹਨ। ਉਨ੍ਹਾਂ ਵੱਲੋਂ ਕੀਤਾ ਕੁਰਾਨ ਦਾ ਅੰਗਰੇਜ਼ੀ ਅਨੁਵਾਦ ਆਪਣੀ ਸਧਾਰਣਤਾ, ਸਪਸ਼ਟਤਾ ਅਤੇ ਆਸਾਨ ਸਮਝ ਲਈ ਵਿਸ਼ੇਸ਼ ਤੌਰ ’ਤੇ ਸਰਾਹਿਆ ਗਿਆ ਹੈ। ਉਨ੍ਹਾਂ ਨੇ 2001 ਵਿੱਚ ਸੈਂਟਰ ਫ਼ੋਰ ਪੀਸ ਐਂਡ ਸਪਿਰਿਚੁਐਲਿਟੀ ਇੰਟਰਨੈਸ਼ਨਲ ਦੀ ਸਥਾਪਨਾ ਕੀਤੀ ਸੀ ਤਾਂ ਜੋ ਅਮਨ-ਸ਼ਾਂਤੀ ਦੇ ਸਭਿਆਚਾਰ ਨੂੰ ਪ੍ਰਸਿੱਧ ਕੀਤਾ ਜਾ ਸਕੇ ਅਤੇ ਇਸਲਾਮ ਦਾ ਆਧਿਆਤਮਿਕ ਸੁਨੇਹਾ ਲੋਕਾਂ ਤੱਕ ਪਹੁੰਚਾਇਆ ਜਾ ਸਕੇ।

www.quran.me www.goodwordquran.com
www.mwkhan.com www.cpsglobal.org













www.goodwordbooks.com   www.cpsglobal.org

ਇਸ ਕਿਤਾਬ ਵਿੱਚ ਲੇਖਕ ਵੱਲੋਂ ਦਿੱਤੇ ਗਏ ਵੱਖ-ਵੱਖ ਉਦਾਹਰਨ ਮਨੁੱਖ ਦੇ ਅੰਦਰ ਲੁਕੀ ਹੋਈ ਸਮਰੱਥਾ ਅਤੇ ਸੰਭਾਵਨਾਵਾਂ ਨੂੰ ਰੌਸ਼ਨ ਕਰਦੇ ਹਨ। ਆਮ ਅਤੇ ਸਧਾਰਣ ਹਾਲਾਤਾਂ ਵਿੱਚ ਮਨੁੱਖ ਦੀਆਂ ਤਾਕਤਾਂ ਸੁੱਤੀਆਂ ਰਹਿੰਦੀਆਂ ਹਨ, ਪਰ ਜਿਵੇਂ ਹੀ ਉਹ ਕਿਸੇ ਚੁਣੌਤੀ ਜਾਂ ਆਪਦਾ ਦਾ ਸਾਹਮਣਾ ਕਰਦਾ ਹੈ, ਉਸਦਾ ਮਨ ਅਦਭੁਤ ਢੰਗ ਨਾਲ ਚੇਤਨ ਹੋ ਜਾਂਦਾ ਹੈ। ਸੋਚ ਨਵੇਂ ਰਸਤੇ ਲੱਭਦੀ ਹੈ ਅਤੇ ਉਹ ਰੁਕਾਵਟਾਂ ਪਾਰ ਕਰ ਜਾਂਦਾ ਹੈ ਜਿਨ੍ਹਾਂ ਬਾਰੇ ਉਸਨੇ ਕਦੇ ਸੋਚਿਆ ਵੀ ਨਹੀਂ ਹੁੰਦਾ ਕਿ ਉਹ ਕਰ ਸਕਦਾ ਹੈ। ਇਹ ਕਿਤਾਬ ਤਜ਼ਰਬਿਆਂ ਰਾਹੀਂ ਵਿਅਕਤੀ ਨੂੰ ਇਹ ਸਮਝ ਦਿੰਦੀ ਹੈ ਕਿ ਉਸਦੇ ਅੰਦਰ ਅਣਗਿਣਤ ਸ਼ਕਤੀਆਂ ਅਤੇ ਸਮਰੱਥਾਵਾਂ ਮੌਜੂਦ ਹਨ। ਇਸ ਲਈ ਹਾਰ ਮੰਨਣ ਜਾਂ ਨਿਰਾਸ਼ ਹੋਣ ਦੀ ਬਜਾਏ, ਮਨੁੱਖ ਨੂੰ ਸੋਚਣਾ ਚਾਹੀਦਾ ਹੈ ਅਤੇ ਰਚਨਾਤਮਕ ਢੰਗ ਨਾਲ ਇਹ ਵੇਖਣਾ ਚਾਹੀਦਾ ਹੈ ਕਿ ਉਹ ਆਪਣੇ ਅੰਦਰਲੇ ਸਰੋਤਾਂ ਨੂੰ ਕਿਵੇਂ ਵਰਤ ਸਕਦਾ ਹੈ।

ISBN 978-93-49952-27-0

9 789349 952270

Goodword Books
CPS International